ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
# SADE LOK


sadelok.com

4-10 ਫਰਵਰੀ 2026


ਸਾਲ 17ਵਾਂ - ਅੰਕ 6



email : info@sadelok.com

Ph. : 510-706-1300
Fax : 925-373-1300


## ਭਾਰਤ-ਅਮਰੀਕਾ ਟਰੇਡ ਡੀਲ
## ਪੰਜਾਬ ਦੇ ਖੇਤਾਂ 'ਚ ਗੂੰਜੀ ਵਿਦਰੋਹ ਦੀ ਆਵਾਜ਼




(ਦੇਖੋ ਸਫ਼ਾ 32 'ਤੇ)

## ਅਮਰੀਕਾ ਭਾਰਤ ਵਪਾਰ ਸਮਝੌਤੇ ਦਾ ਐਲਾਨ



ਭਾਰਤ ਨੇ ਅਮਰੀਕੀ ਉਤਪਾਦਾਂ 'ਤੇ ਮਾਮੂਲੀ ਟੈਕਸ ਲਗਾਉਣ ਦੀ ਵੀ ਹਿੰਮਤ ਨਾ ਦਿਖਾਈ

ਨਵੀਂ ਦਿੱਲੀ : ਭਾਰਤ ਅਤੇ ਅਮਰੀਕਾ ਇਕ ਵਪਾਰ ਸਮਝੌਤੇ 'ਤੇ ਸਹਿਮਤ ਹੋਏ ਹਨ ਜਿਸ ਤਹਿਤ ਵਾਸ਼ਿੰਗਟਨ ਭਾਰਤੀ ਵਸਤੂਆਂ 'ਤੇ ਪਰਸਪਰ ਟੈਰਿਫ ਨੂੰ ਮੌਜੂਦਾ 25 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰੇਗਾ। ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲਬਾਤ ਤੋਂ ਬਾਅਦ ਇਹ

(ਦੇਖੋ ਸਫ਼ਾ 33 'ਤੇ)

## ਸ਼੍ਰੋਮਣੀ ਕਮੇਟੀ 'ਚ 'ਘਪਲਿਆਂ ਦੀ ਲਹਿਰ'- 35 ਕਰੋੜ ਦੀ ਜ਼ਮੀਨ ਕੌਡੀਆਂ ਦੇ ਭਾਅ ਵੇਚੀ : ਜਥੇਦਾਰ ਰਣਜੀਤ ਸਿੰਘ



ਅੰਮ੍ਰਿਤਸਰ/ਚੰਡੀਗੜ੍ਹ: ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਇੱਕ ਵਾਰ ਫਿਰ ਵੱਡੇ ਵਿਵਾਦਾਂ ਦੇ ਘੇਰੇ ਵਿੱਚ ਹੈ। 328 ਪਾਵਨ ਸਰੂਪਾਂ ਦੇ ਮਾਮਲੇ ਤੋਂ ਬਾਅਦ ਹੁਣ ਗੁਰਦੁਆਰਾ ਅੰਬ ਸਾਹਿਬ ਦੀ ਕਰੋੜਾਂ ਰੁਪਏ ਦੀ ਜ਼ਮੀਨ ਨੂੰ ਜਾਅਲੀ ਦਸਤਾਵੇਜ਼ਾਂ

(ਦੇਖੋ ਸਫ਼ਾ 28 'ਤੇ)

## ਸਾਕਾ ਨਕੋਦਰ
# 4 ਸ਼ਹੀਦ, 40 ਸਾਲ ਅਤੇ 0 ਇਨਸਾਫ਼: ਕਾਤਲਾਂ ਨੂੰ 'ਤਰੱਕੀਆਂ' ਤੇ ਵਾਰਿਸਾਂ ਨੂੰ 'ਤਾਰੀਖਾਂ'!

ਨਕੋਦਰ/ਜਲੰਧਰ : ਪੰਜਾਬ ਦੇ ਇਤਿਹਾਸ ਵਿੱਚ 4 ਫਰਵਰੀ 1986 ਦਾ ਦਿਨ ਅੱਜ ਵੀ ਉਸ ਰਿਸਦੇ ਹੋਏ ਜ਼ਖ਼ਮ ਵਾਂਗ ਹੈ, ਜਿਸ ਨੂੰ ਇਨਸਾਫ਼ ਦੀ ਮਲ੍ਹਮ ਦੀ ਉਡੀਕ ਕਰਦਿਆਂ ਅੱਜ ਪੂਰੀਆਂ ਚਾਰ ਸਦੀਆਂ (40 ਸਾਲ) ਬੀਤ ਚੁੱਕੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਰੋਸ ਪ੍ਰਗਟਾ ਰਹੀ ਸੰਗਤ 'ਤੇ ਚੱਲੀਆਂ ਪੁਲਿਸ ਦੀਆਂ ਗੋਲੀਆਂ ਨੇ ਚਾਰ ਮਾਵਾਂ ਦੀਆਂ ਗੋਦੀਆਂ ਉਜਾੜ ਦਿੱਤੀਆਂ ਸਨ। ਅੱਜ ਜਦੋਂ ਅਸੀਂ 40ਵੀਂ ਬਰਸੀ ਮਨਾ ਰਹੇ ਹਾਂ, ਤਾਂ ਸਵਾਲ ਉਹੀ ਖੜ੍ਹਾ ਹੈ: ਕੀ ਲੋਕਤੰਤਰ ਵਿੱਚ ਇਨਸਾਫ਼ ਸਿਰਫ਼ ਤਾਕਤਵਰਾਂ ਲਈ ਹੈ?



## ਇਨਸਾਫ਼ ਦੀ ਉਡੀਕ 'ਚ ਪੱਥਰ ਹੋਈਆਂ ਅੱਖਾਂ ਅਤੇ ਸਿਸਟਮ ਦੀ ਹਿੱਕ 'ਤੇ ਦਫ਼ਨ ਹੋਇਆ ਸੱਚ

1. ਸ਼ਹਾਦਤ ਅਤੇ ਸਿਸਟਮ ਦਾ 'ਲਾਵਾਰਿਸ' ਸੱਚ

ਸ਼ਹੀਦ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ, ਭਾਈ ਝਿਲਮਣ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਦੇ ਪਰਿਵਾਰ ਅੱਜ ਵੀ ਉਸ ਦਰਦ ਨੂੰ ਸੀਨੇ ਨਾਲ ਲਾਈ ਬੈਠੇ ਹਨ। ਸਭ ਤੋਂ ਦਰਦਨਾਕ ਪਹਿਲੂ ਇਹ ਰਿਹਾ ਕਿ ਪੁਲਿਸ ਨੇ

(ਦੇਖੋ ਸਫ਼ਾ 26 'ਤੇ)

# ਵਿਸ਼ਵ ਬੈਂਕ ਦੇ ਮੁਖੀ ਸ੍ਰ. ਅਜੇਪਾਲ ਸਿੰਘ ਬੰਗਾ ਦਾ ਪਾਕਿਸਤਾਨ ਦਾ ਅਹਿਮ ਦੌਰਾ
## ਹੜ੍ਹ ਪ੍ਰਭਾਵਿਤ ਪਾਕਿਸਤਾਨ ਦੇ ਗਰੀਬ ਲੋਕਾਂ ਲਈ 20 ਲੱਖ ਤੋਂ ਵੱਧ ਘਰ ਬਣਾ ਕੇ ਦੇਣ ਵਿੱਚ ਸ. ਬੰਗਾ ਦਾ ਰਿਹਾ ਅਹਿਮ ਰੋਲ



ਇਸਲਾਮਾਬਾਦ/ਪੰਜਾ ਸਾਹਿਬ : ਵੇਖਣ ਨੂੰ ਇਹ ਵਿਸ਼ਵ ਬੈਂਕ ਦੇ ਪ੍ਰਧਾਨ ਦਾ ਇੱਕ ਸਿਆਸੀ ਦੌਰਾ ਸੀ, ਪਰ ਰੈੱਡਕਲਿਫ ਲਾਈਨ (ਸਰਹੱਦ) ਦੇ ਦੋਵੇਂ ਪਾਸੇ ਵੱਸਦੇ ਪੰਜਾਬੀਆਂ ਲਈ, ਸਰਦਾਰ ਅਜੇਪਾਲ ਸਿੰਘ ਬੰਗਾ ਦਾ ਇਹ ਚਾਰ ਰੋਜ਼ਾ ਦੌਰਾ ਕਿਸੇ ਇਤਿਹਾਸਕ ਘਟਨਾ ਤੋਂ ਘੱਟ ਨਹੀਂ ਸੀ। ਇਹ ਦੌਰਾ ਸਿਰਫ 20 ਬਿਲੀਅਨ ਡਾਲਰ ਦੀ ਆਰਥਿਕ ਮਦਦ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ 'ਉਮੀਦ ਦੀ ਤੀਰਥ ਯਾਤਰਾ' ਬਣ ਗਿਆ। ਬੁੱਧੀਜੀਵੀ ਇਸ ਮਾਹੌਲ ਦੀ ਤੁਲਨਾ ਪੂਰਬੀ ਅਤੇ ਪੱਛਮੀ ਜਰਮਨੀ ਦੀ ਕੰਧ ਡਿੱਗਣ ਤੋਂ ਪਹਿਲਾਂ ਵਾਲੇ ਹਾਲਾਤਾਂ ਨਾਲ ਕਰ ਰਹੇ ਹਨ।

(ਦੇਖੋ ਸਫ਼ਾ 35 'ਤੇ)

## ਮਜੀਠੀਆ ਨਾਭਾ ਜੇਲ੍ਹ ਤੋਂ ਰਿਹਾਅ
### ਅਕਾਲੀ ਆਗੂ ਨੇ ਲੋਕਾਂ ਦੀ ਆਵਾਜ਼ ਚੁੱਕਣ ਕਾਰਨ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ

ਨਾਭਾ/ਮੁਹਾਲੀ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਨੇ ਬੀਤੇ ਦਿਨ ਰਾਹਤ ਦੇ ਦਿੱਤੀ ਸੀ ਤੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਜ਼ਮਾਨਤ ਮਿਲਣ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਜੇਲ੍ਹ ਵਿਚੋਂ ਰਿਹਾਅ ਹੋ ਗਏ। ਇਹ ਪਤਾ ਲੱਗਿਆ ਹੈ ਕਿ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਬਿਕਰਮ ਪਹਿਲੇ ਗੇਟ ਤੋਂ ਮੁੱਖ



ਗੇਟ ਤਕ ਪੈਦਲ ਹੀ ਆਏ ਤੇ ਉਸ ਤੋਂ ਬਾਅਦ ਉਨ੍ਹਾਂ ਦੇ ਜੇਲ੍ਹ ਵਿਚੋਂ ਬਾਹਰ ਆਉਣ 'ਤੇ ਅਕਾਲੀ ਆਗੂਆਂ ਨੇ ਉਨ੍ਹਾਂ ਦੇ ਹੱਕ ਵਿਚ ਨਾਅਰੇ ਲਾਏ। ਇਸ ਮੌਕੇ ਗੇਟ ਦੇ ਬਾਹਰ ਵੱਡੀ ਗਿਣਤੀ ਸਮਰਥਕ ਆਏ ਤੇ ਇਸ ਦੌਰਾਨ ਬਿਕਰਮ ਮੁੱਛਾਂ ਨੂੰ ਤਾਅ ਦਿੰਦੇ ਨਜ਼ਰ ਆਏ। ਬਿਕਰਮ ਸਿੰਘ ਮਜੀਠੀਆ ਨੇ ਜੇਲ੍ਹ ਵਿਚੋਂ ਬਾਹਰ ਆਉਂਦਿਆਂ ਕਿਹਾ ਕਿ ਸਰਕਾਰਾਂ ਤਾਂ ਚਾਹੁੰਦੀਆਂ ਸਨ ਕਿ ਇਹ

(ਦੇਖੋ ਸਫ਼ਾ 20 'ਤੇ)


Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law

ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844


Padam Builders

ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com


ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਭਿਆਨਕ ਸੜਕ ਹਾਦਸੇ ’ਚ 3 ਜੂਨੀਅਰ ਹਾਕੀ ਖਿਡਾਰੀਆਂ ਦੀ ਮੌਤ, ਖੇਡ ਜਗਤ ’ਚ ਛਾਇਆ ਮਾਤਮ



ਵੈਨਕੂਵਰ : ਕੈਨੇਡਾ ਦੇ ਸੂਬੇ ਅਲਬਰਟਾ ਵਿੱਚ ਵਾਪਰੇ ਇੱਕ ਰੂਹ ਕੰਬਾਊ ਸੜਕ ਹਾਦਸੇ ਨੇ ਪੂਰੇ ਹਾਕੀ ਜਗਤ ਨੂੰ ਡੂੰਘੇ ਸਦਮੇ ਵਿੱਚ ਪਾ ਦਿੱਤਾ ਹੈ। ਇਸ ਦਰਦਨਾਕ ਹਾਦਸੇ ਵਿੱਚ 3 ਉਭਰਦੇ ਜੂਨੀਅਰ ਹਾਕੀ ਖਿਡਾਰੀਆਂ ਦੀ ਮੌਤ ਹੋ ਗਈ ਹੈ। ਇਸ ਖ਼ਬਰ ਦੇ ਸਾਹਮਣੇ ਆਉਂਦਿਆਂ ਹੀ ਖੇਡ ਪ੍ਰੇਮੀਆਂ ਅਤੇ ਹਾਕੀ ਭਾਈਚਾਰੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਮ੍ਰਿਤਕ ਖਿਡਾਰੀਆਂ ਦੀ ਪਛਾਣ 18 ਸਾਲਾ ਜੇ.ਜੇ. ਰਾਈਟ, 18 ਸਾਲਾ ਕੈਮਰਨ ਕੈਸੋਰਸੋ, 17 ਸਾਲਾ ਕੇਡਨ ਫਾਈਨ ਵਜੋਂ ਹੋਈ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਇਹ ਹਾਦਸਾ ਸੋਮਵਾਰ ਸਵੇਰੇ ਕਰੀਬ 11 ਵਜੇ ਹਾਈਵੇਅ 2 ਅਤੇ 55 ਐਵੇਨਿਊ ਦੀ ਇੰਟਰਸੈਕਸ਼ਨ ’ਤੇ ਵਾਪਰਿਆ। ਰਾਇਲ ਕੈਨੇਡੀਅਨ ਮਾਊਂਟਿਡ ਪੁਲਸ (RCMP) ਮੁਤਾਬਕ, ਖਿਡਾਰੀਆਂ ਦੀ ਕਾਰ ਅਤੇ ਬਜਰੀ ਨਾਲ ਲੱਦੇ ਇਕ ਸੈਮੀ-ਟਰੱਕ ਵਿਚਾਲੇ ਜ਼ਬਰਦਸਤ ਟੱਕਰ ਹੋ ਗਈ। ਖਿਡਾਰੀ ਆਪਣੀ ਟੀਮ ਦੇ ਪ੍ਰੈਕਟਿਸ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸਨ। ਟੱਕਰ ਇੰਨੀ ਭਿਆਨਕ ਸੀ ਕਿ ਕਾਰ ਵਿੱਚ ਸਵਾਰ ਤਿੰਨੋਂ ਨੌਜਵਾਨਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਮ੍ਰਿਤਕ ਖਿਡਾਰੀ ਅਲਬਰਟਾ ਦੀ ਇੱਕ ਨਾਮਵਰ ਜੂਨੀਅਰ ਹਾਕੀ ਟੀਮ ਨਾਲ ਸਬੰਧਿਤ ਸਨ ਅਤੇ ਉਹ ਹਾਕੀ ਦੇ ਭਵਿੱਖ ਦੇ ਸਿਤਾਰੇ ਮੰਨੇ ਜਾਂਦੇ ਸਨ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਦੁਖਦਾਈ ਘਟਨਾ ’ਤੇ ਵੱਖ-ਵੱਖ ਹਾਕੀ ਸੰਸਥਾਵਾਂ, ਕੋਚਾਂ ਅਤੇ ਖਿਡਾਰੀਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਕਈ ਖੇਡ ਕਲੱਬਾਂ ਨੇ ਇਸ ਨੂੰ ‘ਹਾਕੀ ਪਰਿਵਾਰ ਲਈ ਕਾਲਾ ਦਿਨ’ ਕਰਾਰ ਦਿੱਤਾ ਹੈ। ਸੋਸ਼ਲ ਮੀਡੀਆ ’ਤੇ ਵੀ ਪ੍ਰਸ਼ੰਸਕਾਂ ਵੱਲੋਂ ਮ੍ਰਿਤਕ ਖਿਡਾਰੀਆਂ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਤਾਈ ਜਾ ਰਹੀ ਹੈ। ਸੂਬੇ ਭਰ ਵਿੱਚ ਮ੍ਰਿਤਕ ਖਿਡਾਰੀਆਂ ਦੀ ਯਾਦ ਵਿੱਚ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਉਲੀਕੇ ਜਾ ਰਹੇ ਹਨ। ਕਈ ਆਉਣ ਵਾਲੇ ਮੈਚਾਂ ਤੋਂ ਪਹਿਲਾਂ ਇਨ੍ਹਾਂ ਨੌਜਵਾਨ ਖਿਡਾਰੀਆਂ ਦੇ ਸਨਮਾਨ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਨ ਦਾ ਫੈਸਲਾ ਵੀ ਲਿਆ ਗਿਆ ਹੈ।

# ਕੈਨੇਡਾ ’ਚ ਮੋਗਾ ਦੇ ਨੌਜਵਾਨ ਦੀ ਮੌਤ, 5 ਫਰਵਰੀ ਨੂੰ ਆਉਣਾ ਸੀ ਪੰਜਾਬ



ਮੋਗਾ : ਮੋਗਾ ਦੇ ਪਿੰਡ ਤਖਾਨਵਦ ਦੇ ਰਹਿਣ ਵਾਲੇ ਇਕ ਨੌਜਵਾਨ ਦੀ ਕੈਨੇਡਾ ਦੇ ਬਰੈਂਪਟਨ ’ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕ ਦੀ ਪਛਾਣ ਸੁਖਜਿੰਦਰ ਸਿੰਘ (26) ਵਾਸੀ ਪਿੰਡ ਤਖਾਨਵਦ ਵਜੋਂ ਹੋਈ ਹੈ। ਸੁਖਜਿੰਦਰ ਸਿੰਘ ਤਿੰਨ ਸਾਲ ਪਹਿਲਾਂ ਸਟੱਡੀ ਵੀਜ਼ਾ ’ਤੇ ਕੈਨੇਡਾ ਗਿਆ ਸੀ। 5 ਫਰਵਰੀ ਨੂੰ ਉਸ ਨੇ ਪਿੰਡ ਆਉਣਾ ਸੀ ਪਰ ਹੁਣ ਸੁਖਜਿੰਦਰ ਸਿੰਘ ਦੀ ਲਾਸ਼ ਹੀ ਪਿੰਡ ਵਾਪਸ ਆ ਰਹੀ ਹੈ। ਤ ਦੀ ਖ਼ਬਰ ਸੁਣ ਕੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਪਈ ਹੈ। ਪਰਿਵਾਰ ਵਾਲਿਆਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਕੁਝ ਦਿਨ ਪਹਿਲਾਂ ਹੀ ਸੁਖਜਿੰਦਰ ਨੂੰ ਵਰਕ ਪਰਮਿਟ ਮਿਲਿਆ ਸੀ। ਬੀਤੇ ਦਿਨ ਉਕਤ ਨੌਜਵਾਨ ਦੀ ਦਿਲ ਦਾ ਦੌਰਾ ਕਾਰਨ ਮੌਤ ਹੋ ਗਈ। ਉੱਥੇ ਹੀ ਸੁਖਜਿੰਦਰ ਦੇ ਪਿਤਾ ਸਾਬਕਾ ਫ਼ੌਜੀ ਕੈਪਟਨ ਰੇਸ਼ਮ ਸਿੰਘ ਨੇ ਰੋਂਦਿਆਂ ਦੱਸਿਆ ਕਿ ਉਹ ਤਿੰਨ ਸਾਲ ਪਹਿਲਾਂ ਕੈਨੇਡਾ ਗਿਆ ਸੀ ਅਤੇ ਹੁਣ 5 ਫਰਵਰੀ ਨੂੰ ਵਾਪਸ ਆ ਰਿਹਾ ਸੀ। ਕੁਝ ਦਿਨ ਪਹਿਲਾਂ ਹੀ ਉਸ ਨੂੰ ਵਰਕ ਪਰਮਿਟ ਮਿਲਿਆ ਸੀ। ਬੀਤੇ ਦਿਨ ਅਚਾਨਕ ਉਸ ਨੂੰ ਦਰਦ ਹੋਇਆ ਅਤੇ ਉਹ ਦਵਾਈ ਲੈਣ ਲਈ ਹਸਪਤਾਲ ਗਿਆ, ਜਿੱਥੇ ਇਹ ਭਾਣਾ ਵਾਪਰ ਗਿਆ।







# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਭਾਰਤ-ਅਮਰੀਕਾ ਸਬੰਧਾਂ ਦੀ ਮਜ਼ਬੂਤੀ 'ਤੇ ਜ਼ੋਰ

## ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਜਨਰਲ 'ਚ ਗਣਤੰਤਰ ਦਿਵਸ ਸਮਾਗਮ




ਨਿਊਯਾਰਕ : ਅਮਰੀਕਾ ਦੀਆਂ ਦੋਵਾਂ ਸਿਆਸੀ ਪਾਰਟੀਆਂ ਦੇ ਸੰਸਦ ਮੈਂਬਰਾਂ ਤੇ ਆਗੂਆਂ ਨੇ ਭਾਰਤ-ਅਮਰੀਕਾ ਸਬੰਧਾਂ ਅਤੇ ਪਰਵਾਸੀ ਭਾਰਤੀ ਭਾਈਚਾਰੇ ਵੱਲੋਂ ਪਾਏ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਭਾਈਵਾਲੀ ਦੁਨੀਆ ਭਰ ਵਿੱਚ ਸ਼ਾਂਤੀ ਅਤੇ ਸਥਿਰਤਾ ਲਈ ਕਾਫੀ ਅਹਿਮ ਹੈ। ਉਨ੍ਹਾਂ ਦੋਵਾਂ ਦੇਸ਼ਾਂ ਦਰਮਿਆਨ ਦੁਵੱਲੇ ਸਬੰਧ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਜਨਰਲ ਨੇ ਭਾਰਤ ਦੇ 77ਵੇਂ ਗਣਤੰਤਰ ਦਿਵਸ ਮੌਕੇ ਇੱਥੇ ਵਿਸ਼ੇਸ਼ ਸਵਾਗਤ ਸਮਾਰੋਹ ਕਰਵਾਇਆ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਬਿਨੈ ਸ੍ਰੀਕਾਂਤ ਪ੍ਰਧਾਨ ਅਤੇ ਡਿਪਟੀ ਕੌਂਸਲੇਟ ਜਨਰਲ ਵਿਸ਼ਾਲ ਹਰਸ਼ ਨੇ ਸਮਾਰੋਹ ਵਿੱਚ ਮੌਜੂਦ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ। ਇਸ ਸਮਾਰੋਹ ਵਿੱਚ ਸਰਕਾਰੀ ਅਧਿਕਾਰੀਆਂ, ਕਾਰੋਬਾਰੀਆਂ, ਸਿੱਖਿਆ ਅਤੇ ਸਭਿਆਚਾਰ ਜਗਤ ਨਾਲ ਜੁੜੇ ਆਗੂਆਂ, ਭਾਰਤੀ-ਅਮਰੀਕੀ ਭਾਈਚਾਰੇ ਦੇ ਕਈ ਅਹਿਮ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਡੈਲਾਵੇਅਰ ਦੇ ਗਵਰਨਰ ਮੈਟ ਮੇਅਰ ਨੇ ਕਿਹਾ ਕਿ ਭਾਰਤੀ ਭਾਈਚਾਰਾ ਉਨ੍ਹਾਂ ਦੇ ਸੂਬੇ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਪਰਵਾਸੀ ਭਾਈਚਾਰਾ ਹੈ। ਉਹ ਮਾਰਚ ਮਹੀਨੇ ਭਾਰਤ ਦਾ ਦੌਰਾ ਕਰਨਗੇ। ਇਸ ਦੌਰਾਨ ਉਹ ਮੁੰਬਈ, ਦਿੱਲੀ ਅਤੇ ਹੈਦਰਾਬਾਦ ਵਿੱਚ ਵਪਾਰਕ ਵਫ਼ਦ ਦੀ ਅਗਵਾਈ ਕਰਨਗੇ। ਸਫ਼ੋਲਕ ਕਾਊਂਟੀ ਤੋਂ ਰਿਪਬਲਿਕਨ ਅਮਰੀਕੀ ਪ੍ਰਤੀਨਿਧੀ ਨਿਕ ਲਾਲੋਟਾ ਨੇ ਨਿਊਯਾਰਕ ਦੇ ਲਾਂਗ ਆਇਲੈਂਡ ਵਿੱਚ ਇਤਾਲਵੀ ਅਤੇ ਆਇਰਿਸ਼ ਭਾਈਚਾਰਿਆਂ ਤੋਂ ਬਾਅਦ ਵਧ-ਫੁੱਲ ਰਹੇ ਭਾਰਤੀ ਭਾਈਚਾਰੇ ਨੂੰ 'ਤੀਜਾ ਭਾਈਚਾਰਾ' ਕਰਾਰ ਦਿੱਤਾ।

# ਲਾਸ ਏਂਜਲਸ ਵਿੱਚ ਭਾਰਤੀ ਕੌਂਸਲੇਟ ਜਨਰਲ ਵੱਲੋਂ ਸ਼ਾਨਦਾਰ ਗਣਤੰਤਰ ਦਿਵਸ ਸਮਰੋਹ ਦਾ ਆਯੋਜਨ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਡਾਊਨ ਟਾਊਨ ਲਾਸ ਏਂਜਲਸ ਵਿੱਚ ਕੈਲੀਫੋਰਨੀਆ ਕਲੱਬ ਵਿੱਚ ਭਾਰਤ ਦਾ 77 ਵਾਂ ਗਣਤੰਤਰ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਭਾਰਤ ਦੇ ਕੌਂਸਲੇਟ ਜਨਰਲ ਵੱਲੋਂ ਸ਼ਾਨਦਾਰ ਸਮਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਚੁਣੇ ਹੋਏ ਪ੍ਰਤੀਨਿਧੀਆਂ, ਕੂਟਨੀਤਿਕਾਂ, ਭਾਈਚਾਰੇ ਦੇ ਆਗੂਆਂ ਤੇ ਕਲਾ ਅਤੇ ਸਭਿਆਚਾਰ ਨਾਲ ਜੁੜੀਆਂ ਸਖਸ਼ੀਅਤਾਂ ਨੇ ਹਿੱਸਾ ਲਿਆ। ਕਾਂਗਰਸ ਮੈਂਬਰ ਬਰਾਡ ਸ਼ੇਰਮੈਨ, ਲਾਸ ਏਂਜਲਸ ਸਿਟੀ ਕੌਂਸਲ ਮੈਂਬਰ ਨਿਥੀਆ ਰਮਨ, ਬੈਵਰਲੀ ਹਿਲਜ ਮੇਅਰ ਡਾ. ਸ਼ਰੋਨਾ ਨਾਜ਼ਰੀਅਨ, ਸਾਂਤਾ ਮੋਨਿਕਾ ਮੇਅਰ, ਡਿਪਟੀ ਮੇਅਰ ਲਾਸ ਏਂਜਲਸ, ਰਿਵਰ ਸਾਈਡ ਕੌਂਸਲ ਮੈਂਬਰ ਸਟੀਵਨ ਰੋਬਿਲਾਰਡ, ਲੈਫਟੀਨੈਂਟ ਗਵਰਨਰ ਕੈਲੀਫੋਰਨੀਆ ਤੇ ਕੈਲੀਫੋਰਨੀਆ ਸਟੇਟ ਸੈਨਟ ਦੇ ਪ੍ਰਤੀਨਿਧੀ ਤੇ ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਤੀਨਿਧ ਸਮਰੋਹ ਵਿੱਚ ਸ਼ਾਮਿਲ ਹੋਏ। ਇਸ ਮੌਕੇ ਆਪਣੇ ਸੰਬੋਧਨ ਵਿੱਚ ਭਾਰਤੀ ਕੌਂਸਲ ਜਨਰਲ ਡਾ. ਕੇ ਜੇ ਸ੍ਰੀਨਿਵਾਸਾ ਨੇ ਭਾਰਤ ਦੇ ਸੰਵਿਧਾਨ ਵਿੱਚ ਸ਼ਾਮਿਲ ਜਮਹੂਰੀ ਕਦਰਾਂ ਕੀਮਤਾਂ ਉਪਰ ਰੋਸ਼ਨੀ ਪਾਈ। ਉਨਾਂ ਕਿਹਾ ਕਿ ਭਾਰਤ ਇੱਕ ਕੌਮਾਂਤਰੀ ਆਗੂ ਵਜੋਂ ਉਭਰਿਆ ਹੈ ਤੇ ਹਾਲ ਹੀ ਵਿੱਚ ਭਾਰਤ ਵਿਸ਼ਵ ਦੀ ਚੌਥੀ ਸਭ ਤੋਂ ਵੱਡੀ ਅਰਥ ਵਿਵਸਥਾ ਬਣੀ ਹੈ। ਉਨਾਂ ਕਿਹਾ ਕਿ ਭਾਰਤ ਵਿਸ਼ਵ ਵਿਕਾਸ ਵਿੱਚ ਇਕ ਪ੍ਰਮੁੱਖ ਇੰਜਣ, ਤਕਨੀਕ ਤੇ ਖੋਜ ਹੱਬ ਅਤੇ ਵਿਸ਼ਵ ਸ਼ਾਸ਼ਨ ਵਿਵਸਥਾ ਵਿੱਚ ਇੱਕ ਜ਼ਿੰਮੇਵਾਰ ਭਾਈਵਾਲ ਦੀ ਭੂਮਿਕਾ ਨਿਭਾਅ ਰਿਹਾ ਹੈ। ਸ੍ਰੀਨਿਵਾਸਾ ਨੇ ਕਿਹਾ ਕਿ ਕੈਲੀਫੋਰਨੀਆ ਤੇ ਵਿਸ਼ੇਸ਼ ਕਰਕੇ ਲਾਸ ਏਂਜਲਸ ਏਸ਼ੀਆ ਅਤੇ ਅਮਰੀਕਾ ਵਿਚਾਲੇ ਪੁਲ ਦਾ ਕੰਮ ਕਰਦਾ ਹੈ। ਸਮਰੋਹ ਨੂੰ ਕੌਂਸਲ ਮੈਂਬਰ ਰਮਨ, ਮੇਅਰ ਡਾ ਸ਼ਰੋਨਾ ਨਾਜ਼ਰੀਅਨ, ਕਾਂਗਰਸ ਮੈਂਬਰ ਸ਼ੇਰਮੈਨ ਨੇ ਵੀ ਸੰਬੋਧਨ ਕੀਤਾ। ਭਾਰਤੀ ਕਲਾਸੀਕਲ ਤੇ ਲੋਕ ਨਾਚ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਾਇੰਸ ਤੇ ਸਭਿਆਚਾਰ ਖੇਤਰ ਵਿਚ ਯੋਗਦਾਨ ਪਾਉਣ ਲਈ ਦੋ ਸਖਸ਼ੀਅਤਾਂ ਡਾ ਮਨੀ ਭਉਮਿਕ ਤੇ ਤਬਲਾ ਵਾਦਕ ਪੰਡਿਤ ਅਭੀਜੀਤ ਬੈਨਰਜੀ ਦਾ ਸਨਮਾਨ ਕੀਤਾ ਗਿਆ।

### ਅਮਰੀਕਾ 'ਚ ਬੈਂਕਿੰਗ ਸੰਕਟ !

# ਸ਼ਿਕਾਗੋ ਦਾ ਮੈਟਰੋਪੋਲੀਟਨ ਕੈਪੀਟਲ ਬੈਂਕ ਬੰਦ; ਫਸਟ ਇੰਡੀਪੈਂਡੈਂਸ ਨੇ ਸੰਭਾਲੀ ਕਮਾਨ

ਸ਼ਿਕਾਗੋ : ਅਮਰੀਕਾ ਵਿੱਚ ਇਸ ਸਾਲ ਬੈਂਕ ਫੇਲ੍ਹ ਹੋਣ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਇਲੀਨੋਇਸ ਡਿਪਾਰਟਮੈਂਟ ਆਫ ਫਾਈਨੈਂਸ਼ੀਅਲ ਐਂਡ ਪ੍ਰੋਫੈਸ਼ਨਲ ਰੈਗੂਲੇਸ਼ਨ (IDFPR) ਨੇ ਸ਼ਿਕਾਗੋ ਸਥਿਤ 'ਮੈਟਰੋਪੋਲੀਟਨ ਕੈਪੀਟਲ ਬੈਂਕ ਐਂਡ ਟਰਸਟ' ਨੂੰ ਅਸੁਰੱਖਿਅਤ ਸਥਿਤੀਆਂ ਅਤੇ ਪੂੰਜੀ ਦੀ ਕਮੀ ਕਾਰਨ ਬੰਦ ਕਰ ਦਿੱਤਾ ਹੈ। ਇਸ ਬੈਂਕ ਦੇ ਸਾਰੇ ਖਾਤਿਆਂ ਅਤੇ ਸੰਪਤੀਆਂ ਨੂੰ ਹੁਣ ਡੈਟਰਾਇਟ ਦੇ 'ਫਸਟ ਇੰਡੀਪੈਂਡੈਂਸ ਬੈਂਕ' ਵੱਲੋਂ ਸੰਭਾਲਿਆ ਜਾਵੇਗਾ।




ਬੈਂਕ ਦੇ ਬੰਦ ਹੋਣ ਨਾਲ ਗਾਹਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। FDIC ਨੇ ਪੁਸ਼ਟੀ ਕੀਤੀ ਹੈ ਕਿ ਸਾਰੀਆਂ ਜਮ੍ਹਾਂ ਰਾਸ਼ੀਆਂ (Deposits) ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਬੀਮਾ ਅਧੀਨ ਹਨ। ਮੈਟਰੋਪੋਲੀਟਨ ਕੈਪੀਟਲ ਬੈਂਕ ਦਾ ਮੁੱਖ ਦਫਤਰ ਸੋਮਵਾਰ ਨੂੰ 'ਫਸਟ ਇੰਡੀਪੈਂਡੈਂਸ ਬੈਂਕ' ਦੀ ਸ਼ਾਖਾ ਵਜੋਂ ਆਮ ਕੰਮਕਾਜੀ ਘੰਟਿਆਂ ਦੌਰਾਨ ਖੁੱਲ੍ਹੇਗਾ। ਗਾਹਕਾਂ ਦੇ ਅਕਾਊਂਟ ਨੰਬਰ ਅਤੇ ਰਾਊਟਿੰਗ ਨੰਬਰ ਫਿਲਹਾਲ ਉਹੀ ਰਹਿਣਗੇ ਜਦੋਂ ਤੱਕ ਬੈਂਕ ਵੱਲੋਂ ਲਿਖਤੀ ਸੂਚਨਾ ਨਹੀਂ ਮਿਲਦੀ। ਗਾਹਕ ਆਪਣੇ ਚੈੱਕ, ATM ਕਾਰਡ ਅਤੇ ਡੈਬਿਟ ਕਾਰਡ ਦੀ ਵਰਤੋਂ ਪਹਿਲਾਂ ਵਾਂਗ ਹੀ ਕਰ ਸਕਦੇ ਹਨ। ਪੇ-ਚੈੱਕ ਅਤੇ ਸੋਸ਼ਲ ਸਿਕਿਉਰਿਟੀ ਲਾਭਾਂ ਦੀ ਪ੍ਰੋਸੈਸਿੰਗ ਵੀ ਜਾਰੀ ਰਹੇਗੀ।

**ਕਰਜ਼ਾ ਲੈਣ ਵਾਲਿਆਂ ਲਈ ਨਿਰਦੇਸ਼**

ਜਿਨ੍ਹਾਂ ਗਾਹਕਾਂ ਨੇ ਬੈਂਕ ਤੋਂ ਕਰਜ਼ਾ ਲਿਆ ਹੋਇਆ ਹੈ, ਉਨ੍ਹਾਂ ਨੂੰ ਆਪਣੀਆਂ ਕਿਸ਼ਤਾਂ (Payments) ਪਹਿਲਾਂ ਵਾਂਗ ਹੀ ਜਮ੍ਹਾਂ ਕਰਵਾਉਣੀਆਂ ਪੈਣਗੀਆਂ। ਕਰਜ਼ੇ ਦੀਆਂ ਸ਼ਰਤਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਜੇਕਰ ਕਿਸੇ ਗਾਹਕ ਦਾ ਲੋਨ ਪ੍ਰੋਸੈਸ ਵਿੱਚ ਹੈ, ਤਾਂ ਉਹ ਆਪਣੇ ਲੋਨ ਅਫਸਰ ਨਾਲ ਸੰਪਰਕ ਕਰ ਸਕਦੇ ਹਨ।

30 ਸਤੰਬਰ ਤੱਕ ਦੀ ਰਿਪੋਰਟ ਅਨੁਸਾਰ, ਮੈਟਰੋਪੋਲੀਟਨ ਕੈਪੀਟਲ ਬੈਂਕ ਕੋਲ ਲਗਭਗ 261.1 ਮਿਲੀਅਨ ਡਾਲਰ ਦੀ ਕੁੱਲ ਜਾਇਦਾਦ ਸੀ। 'ਫਸਟ ਇੰਡੀਪੈਂਡੈਂਸ ਬੈਂਕ' ਨੇ ਇਸ ਵਿੱਚੋਂ 251 ਮਿਲੀਅਨ ਡਾਲਰ ਦੀ ਜਾਇਦਾਦ ਖਰੀਦਣ ਦਾ ਸਮਝੌਤਾ ਕੀਤਾ ਹੈ। ਇਸ ਬੈਂਕ ਦੇ ਫੇਲ੍ਹ ਹੋਣ ਨਾਲ ਡਿਪਾਜ਼ਿਟ ਇੰਸ਼ੋਰੈਂਸ ਫੰਡ (496) ਨੂੰ ਲਗਭਗ 19.7 ਮਿਲੀਅਨ ਡਾਲਰ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ।

IDFPR ਦੀ ਐਕਟਿੰਗ ਡਾਇਰੈਕਟਰ ਸੂਜ਼ਨ ਸੋਰਿਆਨੋ ਨੇ ਭਰੋਸਾ ਦਿਵਾਇਆ ਕਿ ਕਿਸੇ ਵੀ ਜਮ੍ਹਾਂਕਰਤਾ ਦਾ ਪੈਸਾ ਨਹੀਂ ਡੁੱਬੇਗਾ। ਵਿਭਾਗ ਦੇ ਸਕੱਤਰ ਮਾਰੀਓ ਟਰੇਟੋ ਜੂਨੀਅਰ ਨੇ ਕਿਹਾ ਕਿ ਉਨ੍ਹਾਂ ਦੀ ਤਰਜੀਹ ਜਮ੍ਹਾਂਕਰਤਾਵਾਂ ਦੀ ਰੱਖਿਆ ਕਰਨਾ ਅਤੇ ਬੈਂਕਿੰਗ ਪ੍ਰਣਾਲੀ ਨੂੰ ਸੁਰੱਖਿਅਤ ਰੱਖਣਾ ਹੈ। ਗਾਹਕ ਕਿਸੇ ਵੀ ਪੁੱਛਗਿੱਛ ਲਈ 6493 ਦੇ ਟੋਲ-ਫ੍ਰੀ ਨੰਬਰ 1-866-314-1744 'ਤੇ ਸੰਪਰਕ ਕਰ ਸਕਦੇ ਹਨ।




ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਤਾਮਿਲਨਾਡੂ ਵਿੱਚ ਸਿੱਖ ਵਿਰਸੇ ਦੀ ਜਿੱਤ !

**• ਆਨੰਦ ਮੈਰਿਜ ਐਕਟ ਨੂੰ ਦਿੱਤੀ ਮਾਨਤਾ • ਸਿੱਖਾਂ ਦੀ ਪਛਾਣ ਅਤੇ ਆਜ਼ਾਦੀ ਦੀ ਵੱਡੀ ਜਿੱਤ • ਹੁਣ ਦੱਖਣ ਵਿੱਚ ਵੀ ਗੂੰਜੇਗਾ ਸਿੱਖੀ ਦਾ ਗੌਰਵ**

*ਤਾਮਿਲਨਾਡੂ ਵਿੱਚ ਸਿੱਖ ਵਿਰਸੇ ਦੀ ਜਿੱਤ! ਸਟਾਲਿਨ ਸਰਕਾਰ ਨੇ ਸਿੱਖਾਂ ਦੀ ਚਿਰੋਕਣੀ ਮੰਗ ਪ੍ਰਵਾਨ ਕਰਦਿਆਂ 'ਆਨੰਦ ਮੈਰਿਜ ਐਕਟ' ਨੂੰ ਅਧਿਕਾਰਕ ਤੌਰ 'ਤੇ ਲਾਗੂ ਕਰ ਦਿੱਤਾ ਹੈ। ਇਹ ਫੈਸਲਾ ਸੂਬੇ ਵਿੱਚ ਸਿੱਖਾਂ ਦੀ ਵੱਖਰੀ ਪਛਾਣ ਅਤੇ ਗੌਰਵ ਨੂੰ ਕਾਨੂੰਨੀ ਮਾਨਤਾ ਦਿੰਦਾ ਹੈ। ਤਾਮਿਲਨਾਡੂ ਹੁਣ ਸਰਬੱਤ ਦੇ ਭਲੇ ਦੀ ਸੋਚ ਨਾਲ ਸਿੱਖੀ ਪ੍ਰਚਾਰ ਅਤੇ ਸਤਿਕਾਰ ਦਾ ਨਵਾਂ ਕੇਂਦਰ ਬਣ ਕੇ ਉੱਭਰ ਰਿਹਾ ਹੈ। 'ਸਰਕਾਰ ਨੇ ਸਿੱਖਾਂ ਦੀਆਂ ਮੰਗਾਂ ਅੱਗੇ ਸਿਰ ਨਿਵਾਉਂਦਿਆਂ ਆਨੰਦ ਮੈਰਿਜ ਐਕਟ ਨੂੰ ਹਰੀ ਝੰਡੀ ਦੇ ਦਿੱਤੀ ਹੈ। ਦਿਨ-ਬ-ਦਿਨ ਤਾਮਿਲਨਾਡੂ ਵਿੱਚ ਵੱਧ ਰਿਹਾ ਸਿੱਖੀ ਦਾ ਸਤਿਕਾਰ ਇਹ ਸਾਬਿਤ ਕਰ ਰਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ 'ਸਰਬੱਤ ਦਾ ਭਲਾ' ਵਾਲਾ ਫਲਸਫਾ ਹਰ ਕੋਨੇ ਵਿੱਚ ਮਹਿਕ ਰਿਹਾ ਹੈ। ਸੈਲਵਾ ਸਿੰਘ ਅਤੇ ਤਾਮਿਲ ਸਿੱਖ ਸੰਗਤ ਦੀਆਂ ਕੋਸ਼ਿਸ਼ਾਂ ਨੂੰ ਸਲਾਮ!'*

ਚੇਨਈ/ਲਿਵਰਮੋਰ: (ਸਾਡੇ ਲੋਕ) ਤਾਮਿਲਨਾਡੂ ਦੀ ਮੁੱਖ ਮੰਤਰੀ ਐਮ.ਕੇ. ਸਟਾਲਿਨ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਵਿੱਚ ਵਸਦੇ ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ 'ਤਾਮਿਲਨਾਡੂ ਆਨੰਦ ਮੈਰਿਜ ਰਜਿਸਟ੍ਰੇਸ਼ਨ ਨਿਯਮ, 2026' ਨੂੰ ਨੋਟੀਫਾਈ ਕਰ ਦਿੱਤਾ ਹੈ। ਇਹ ਫੈਸਲਾ ਸੁਪਰੀਮ ਕੋਰਟ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਤੋਂ ਬਾਅਦ ਲਿਆ ਗਿਆ ਹੈ, ਜਿਸ ਵਿੱਚ ਸਾਰੇ ਰਾਜਾਂ ਨੂੰ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾਉਣ ਦਾ ਹੁਕਮ ਦਿੱਤਾ ਗਿਆ ਸੀ।



ਕਾਨੂੰਨੀ ਮਾਨਤਾ: ਹੁਣ ਤਾਮਿਲਨਾਡੂ ਵਿੱਚ ਹੋਣ ਵਾਲੇ ਸਿੱਖ ਵਿਆਹ (ਆਨੰਦ ਕਾਰਜ) ਹਿੰਦੂ ਮੈਰਿਜ ਐਕਟ ਦੀ ਬਜਾਏ ਵਿਸ਼ੇਸ਼ ਤੌਰ 'ਤੇ ਆਨੰਦ ਮੈਰਿਜ ਐਕਟ ਅਧੀਨ ਰਜਿਸਟਰ ਕੀਤੇ ਜਾ ਸਕਣਗੇ।

ਰਜਿਸਟ੍ਰੇਸ਼ਨ ਪ੍ਰਕਿਰਿਆ: ਨਵੇਂ ਨਿਯਮਾਂ ਅਨੁਸਾਰ, ਜ਼ਿਲ੍ਹਾ ਰਜਿਸਟਰਾਰ ਨੂੰ 'ਆਨੰਦ ਮੈਰਿਜ ਰਜਿਸਟਰਾਰ' ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਹ ਸਿੱਖ ਜੋੜਿਆਂ ਨੂੰ ਉਨ੍ਹਾਂ ਦੀ ਧਾਰਮਿਕ ਪਛਾਣ ਅਨੁਸਾਰ ਵਿਆਹ ਦਾ ਸਰਟੀਫਿਕੇਟ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।

ਤਾਮਿਲ ਸਿੱਖ ਸੰਗਤ ਦਾ ਧੰਨਵਾਦ: ਤਾਮਿਲ ਸਿੱਖ ਸੰਗਤ ਦੇ ਚੇਅਰਮੈਨ ਸੈਲਵਾ ਸਿੰਘ (ਜਿਨ੍ਹਾਂ ਨੂੰ ਸੈਲਵਾਕੁਮਾਰ ਵਜੋਂ ਵੀ ਜਾਣਿਆ ਜਾਂਦਾ ਹੈ) ਨੇ ਇਸ ਫੈਸਲੇ ਦਾ ਭਰਵਾਂ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੂਬੇ ਵਿੱਚ ਸਿੱਖਾਂ ਦੀ ਵੱਖਰੀ ਪਛਾਣ, ਆਜ਼ਾਦੀ ਅਤੇ ਗੌਰਵ ਦੀ ਰੱਖਿਆ ਕਰਦਾ ਹੈ।

ਮਹੱਤਤਾ: ਇਹ ਕਦਮ ਖਾਸ ਕਰਕੇ ਉਨ੍ਹਾਂ ਤਾਮਿਲ ਲੋਕਾਂ ਲਈ ਮਹੱਤਵਪੂਰਨ ਹੈ ਜੋ ਸਿੱਖ ਧਰਮ ਅਪਣਾ ਰਹੇ ਹਨ ਅਤੇ ਆਪਣੀ ਧਾਰਮਿਕ ਪਛਾਣ ਨੂੰ ਕਾਨੂੰਨੀ ਦਸਤਾਵੇਜ਼ਾਂ ਵਿੱਚ ਦਰਜ ਕਰਵਾਉਣਾ ਚਾਹੁੰਦੇ ਹਨ।

ਇਸ ਫੈਸਲੇ ਦੇ ਫਾਇਦੇ:

1. ਧਾਰਮਿਕ ਪਛਾਣ: ਸਿੱਖਾਂ ਨੂੰ ਆਪਣੀ ਵੱਖਰੀ ਧਾਰਮਿਕ ਪਛਾਣ ਨਾਲ ਵਿਆਹ ਰਜਿਸਟਰ ਕਰਵਾਉਣ ਦਾ ਹੱਕ ਮਿਲਿਆ ਹੈ।
2. ਸਹੂਲਤ: ਪਾਸਪੋਰਟ, ਵਿਰਾਸਤ ਅਤੇ ਹੋਰ ਕਾਨੂੰਨੀ ਕੰਮਾਂ ਲਈ ਹੁਣ ਸਿੱਖ ਜੋੜਿਆਂ ਨੂੰ ਦੂਜੇ ਕਾਨੂੰਨਾਂ 'ਤੇ ਨਿਰਭਰ ਨਹੀਂ ਰਹਿਣਾ ਪਵੇਗਾ।
3. ਸੁਪਰੀਮ ਕੋਰਟ ਦਾ ਹੁਕਮ: ਇਹ ਕਾਰਵਾਈ ਸੁਪਰੀਮ ਕੋਰਟ ਦੇ ਉਸ ਫੈਸਲੇ ਦੀ ਪਾਲਣਾ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਰਾਜ ਸਰਕਾਰਾਂ ਸਿੱਖਾਂ ਦੀ ਆਸਥਾ ਨੂੰ ਪ੍ਰਸ਼ਾਸਨਿਕ ਕਮੀਆਂ ਕਾਰਨ ਅਣਗੌਲਿਆ ਨਹੀਂ ਕਰ ਸਕਦੀਆਂ।



**ਸੈਲਵਾ ਸਿੰਘ**
**ਚੇਅਰਮੈਨ, ਤਾਮਿਲ ਸਿੱਖ ਸੰਗਤ**

ਇਹ ਤਾਮਿਲਨਾਡੂ ਵਿੱਚ ਰਹਿਣ ਵਾਲੇ ਸਿੱਖਾਂ ਲਈ ਇੱਕ ਇਤਿਹਾਸਕ ਪਲ ਹੈ, ਜੋ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਲਈ ਕਾਨੂੰਨੀ ਅਤੇ ਧਾਰਮਿਕ ਸਥਿਰਤਾ ਯਕੀਨੀ ਬਣਾਏਗਾ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਹੈਦਰਾਬਾਦ ਵਿੱਚ ਹਿੰਦੀ ਪੁਸਤਕ 'ਕੈਪਟੀਵੇਟਿੰਗ ਦ ਸਿੰਪਲ-ਹਾਰਟਿਡ' ਲੋਕ-ਅਰਪਿਤ

ਹੈਦਰਾਬਾਦ: ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਅਵਸਰ 'ਤੇ ਤੇਲੰਗਾਨਾ ਦੀ ਸਿੱਖ ਸੰਗਤ ਵੱਲੋਂ ਹੈਦਰਾਬਾਦ ਵਿੱਚ ਇੱਕ ਨਿਵੇਕਲੀ ਹਿੰਦੀ ਪੁਸਤਕ 'ਕੈਪਟੀਵੇਟਿੰਗ ਦ ਸਿੰਪਲ-ਹਾਰਟਿਡ' (Captivating the Simple-Hearted) ਰਿਲੀਜ਼ ਕੀਤੀ ਗਈ।

ਪੁਸਤਕ ਬਾਰੇ ਮੁੱਖ ਜਾਣਕਾਰੀ:

ਲੇਖਕ: ਇਹ ਪੁਸਤਕ ਸ੍ਰੀ ਭਜਨ ਸਿੰਘ ਜੀ ਦੁਆਰਾ ਲਿਖੀ ਗਈ ਹੈ।

ਵਿਸ਼ਾ-ਵਸਤੂ: ਪੁਸਤਕ ਵਿੱਚ ਸਿੱਖ ਇਤਿਹਾਸ, ਗੁਰਮਤਿ ਫਲਸਫੇ ਅਤੇ ਸਿੱਖ ਜੀਵਨ ਜਾਚ ਦੀਆਂ ਕਦਰਾਂ-ਕੀਮਤਾਂ ਨੂੰ ਬਹੁਤ ਹੀ ਸਰਲ, ਪ੍ਰਭਾਵਸ਼ਾਲੀ ਅਤੇ ਦਿਲ ਨੂੰ ਛੂਹ ਲੈਣ ਵਾਲੀ ਭਾਸ਼ਾ ਵਿੱਚ ਪੇਸ਼ ਕੀਤਾ ਗਿਆ ਹੈ।

ਮਨੋਰਥ: ਇਹ ਕਿਤਾਬ ਉਹਨਾਂ ਜਗਿਆਸੂਆਂ, ਵਿਦਿਆਰਥੀਆਂ ਅਤੇ ਆਮ ਪਾਠਕਾਂ ਲਈ ਤਿਆਰ ਕੀਤੀ ਗਈ ਹੈ ਜੋ ਸਿੱਖੀ ਦੀ ਅਧਿਆਤਮਿਕ ਡੂੰਘਾਈ ਅਤੇ ਸਮਾਜਿਕ ਸੇਵਾ ਦੀ ਭਾਵਨਾ ਨੂੰ ਸੌਖੇ ਤਰੀਕੇ ਨਾਲ ਸਮਝਣਾ ਚਾਹੁੰਦੇ ਹਨ।



ਸਮਾਗਮ ਦੀਆਂ ਵਿਸ਼ੇਸ਼ਤਾਵਾਂ:

ਇਸ ਪੁਸਤਕ ਦੀ ਘੁੰਡ-ਚੁਕਾਈ ਮੌਕੇ ਸੰਗਤ ਦੇ ਆਗੂ, ਵਿਦਵਾਨ ਅਤੇ ਭਾਈਚਾਰੇ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਬੁਲਾਰਿਆਂ ਨੇ ਕਿਹਾ ਕਿ ਇਹ ਕਾਰਜ ਸਿੱਖ ਵਿਰਸੇ ਅਤੇ ਅਜੋਕੀ ਜੀਵਨ ਸ਼ੈਲੀ ਵਿਚਾਲੇ ਇੱਕ ਮਜ਼ਬੂਤ ਪੁਲ ਦਾ ਕੰਮ ਕਰੇਗਾ।

ਇਹ ਪੁਸਤਕ ਹਿੰਦੀ ਭਾਸ਼ੀ ਪਾਠਕਾਂ ਲਈ ਸਿੱਖ ਇਤਿਹਾਸ ਦੇ ਅਣਗੌਲੇ ਪੱਖਾਂ ਅਤੇ ਮਨੁੱਖੀ ਸਵੈ-ਮਾਣ ਦੇ ਸੰਘਰਸ਼ ਨੂੰ ਸਮਝਣ ਵਿੱਚ ਕਾਫੀ ਮਦਦਗਾਰ ਸਾਬਿਤ ਹੋਵੇਗੀ।

# ਅਮਰੀਕਾ-ਭਾਰਤ ਵਪਾਰ ਸਮਝੌਤਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੁਨੀਆ ਭਰ ਤੋਂ ਆਪਣੇ ਦੇਸ਼ ਵਿਚ ਆਉਣ ਵਾਲੇ ਮਾਲ 'ਤੇ ਅਜਿਹੇ ਕਰ (ਟੈਰਿਫ) ਲਗਾਉਣ ਦਾ ਐਲਾਨ ਕੀਤਾ ਹੈ, ਜਿਨ੍ਹਾਂ ਨਾਲ ਦੁਨੀਆ ਭਰ ਵਿਚ ਇਕ ਤਰ੍ਹਾਂ ਨਾਲ ਹੜਕੰਪ ਮਚਿਆ ਨਜ਼ਰ ਆਉਂਦਾ ਹੈ। ਅਮਰੀਕਾ ਅੱਜ ਮਹਾਸ਼ਕਤੀ ਹੈ, ਉਸ ਵਲੋਂ ਉਠਾਏ ਗਏ ਨਵੇਂ ਕਦਮਾਂ ਦਾ ਤੁਰੰਤ ਅਸਰ ਛੋਟੇ ਦੇਸ਼ਾਂ 'ਤੇ ਪੈਂਦਾ ਹੈ। ਸਾਲ ਭਰ ਤੋਂ ਰਾਸ਼ਟਰਪਤੀ ਦੇ ਅਹੁਦੇ 'ਤੇ ਬੈਠੇ ਟਰੰਪ ਦੀਆਂ ਨੀਤੀਆਂ ਦਾ ਅਮਰੀਕੀ ਲੋਕਾਂ 'ਤੇ ਵੀ ਵੱਡਾ ਅਸਰ ਪਿਆ ਹੈ। ਇਨ੍ਹਾਂ 'ਚੋਂ ਬਹੁਗਿਣਤੀ ਲੋਕ ਟਰੰਪ ਦੀਆਂ ਇਨ੍ਹਾਂ ਨੀਤੀਆਂ ਦੇ ਖ਼ਿਲਾਫ਼ ਭੁਗਤਦੇ ਦਿਖਾਈ ਦੇ ਰਹੇ ਹਨ। ਅਮਲੀ ਰੂਪ ਵਿਚ ਇਸ ਦਾ ਅਸਰ ਇਹ ਪਿਆ ਹੈ ਕਿ ਉੱਥੇ ਬਹੁਤ ਸਾਰੀਆਂ ਵਸਤਾਂ ਦੀਆਂ ਕੀਮਤਾਂ ਵਧ ਰਹੀਆਂ ਹਨ। ਆਮ ਲੋਕ ਇਸ ਸਥਿਤੀ ਨੂੰ ਇਕ ਜਕੜਨ ਵਾਂਗ ਮਹਿਸੂਸ ਕਰ ਰਹੇ ਹਨ। ਭਾਰਤ ਬਾਰੇ ਡੋਨਾਲਡ ਟਰੰਪ ਨੇ ਹੁਣ ਤੱਕ ਅਨੇਕਾਂ ਵਾਰ ਬਿਆਨ ਦਿੱਤੇ ਹਨ। ਇੱਥੋਂ ਤੱਕ ਕਿ ਉਸ ਨੇ ਭਾਰਤ-ਪਾਕਿਸਤਾਨ ਵਿਚਕਾਰ ਹੋਈ ਸੰਖੇਪ ਜੰਗ ਨੂੰ ਰੁਕਵਾਉਣ ਵਿਚ ਵੀ ਆਪਣਾ ਵੱਡਾ ਯੋਗਦਾਨ ਹੋਣ ਦਾ ਦਾਅਵਾ ਕੀਤਾ ਹੈ।

ਆਪਣੇ ਦੇਸ਼ ਨੂੰ ਹੋਣ ਵਾਲੇ ਨਿਰਯਾਤ 'ਤੇ ਉਸ ਨੇ ਅਜਿਹੇ ਟੈਰਿਫ਼ (ਟੈਕਸ) ਲਗਾਏ ਕਿ ਬਹੁਤ ਸਾਰੇ ਦੇਸ਼ਾਂ ਲਈ ਅਮਰੀਕਾ ਨਾਲ ਵਪਾਰ ਕਰਨਾ ਹੀ ਮੁਸ਼ਕਿਲ ਹੋ ਗਿਆ। ਉਸ ਨੇ ਰੂਸ 'ਤੇ 50 ਫ਼ੀਸਦੀ, ਬ੍ਰਾਜ਼ੀਲ 'ਤੇ 50 ਫ਼ੀਸਦੀ, ਦੱਖਣੀ ਅਫਰੀਕਾ 'ਤੇ 30 ਫ਼ੀਸਦੀ ਅਤੇ ਚੀਨ 'ਤੇ 34 ਫ਼ੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਸੀ। ਇਸੇ ਕੜੀ ਵਿਚ ਉਸ ਨੇ ਭਾਰਤ 'ਤੇ 25 ਫ਼ੀਸਦੀ ਟੈਕਸ ਲਾਉਣ ਦਾ ਐਲਾਨ ਕੀਤਾ ਸੀ, ਪਰ ਬਾਅਦ ਵਿਚ ਭਾਰਤ ਵਲੋਂ ਰੂਸ ਤੋਂ ਵੱਧ ਤੋਂ ਵੱਧ ਕੱਚਾ ਤੇਲ ਖ਼ਰੀਦਣ ਦੀ ਨੀਤੀ ਕਾਰਨ ਉਸ ਨੇ ਇਹ ਟੈਰਿਫ਼ 25 ਤੋਂ ਵਧਾ ਕੇ ਪੈਨਲਟੀ ਵਜੋਂ 50 ਫ਼ੀਸਦੀ ਕਰ ਦਿੱਤਾ ਸੀ। ਇਸ ਨਾਲ ਪਿਛਲੇ 10 ਮਹੀਨਿਆਂ ਤੋਂ ਦੋਹਾਂ ਦੇਸ਼ਾਂ ਵਿਚ ਆਪਸੀ ਵਪਾਰ ਕਾਫੀ ਹੱਦ ਤੱਕ ਘਟ ਗਿਆ ਸੀ। ਇਸ ਟੈਰਿਫ਼ ਯੁੱਧ ਤੋਂ ਪਹਿਲਾਂ ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਸਾਥੀ ਰਿਹਾ ਹੈ। ਇਸ ਲਈ ਭਾਰਤ ਲਈ ਵੀ ਇਸ ਕਦਰ ਵਧੇ ਟੈਰਿਫ ਨਾਲ ਬੇਹੱਦ ਮੁਸ਼ਕਿਲਾਂ ਖੜ੍ਹੀਆਂ ਹੋ ਜਾਣੀਆਂ ਕੁਦਰਤੀ ਸਨ, ਪਰ ਮਹੀਨਿਆਂ ਦੀ



ਲੰਮੀ ਕਸ਼ਮਕਸ਼ ਤੋਂ ਬਾਅਦ ਪਿਛਲੇ ਦਿਨੀਂ ਅਮਰੀਕੀ ਰਾਸ਼ਟਰਪਤੀ ਵਲੋਂ ਇਸ ਟੈਰਿਫ ਨੂੰ ਘਟਾਉਣ ਦੇ ਕੀਤੇ ਐਲਾਨ ਨੇ ਦੋਹਾਂ ਦੇਸ਼ਾਂ ਦੇ ਆਪਸੀ ਵਪਾਰ ਵਿਚ ਮੁੜ ਵੱਡੀ ਉਮੀਦ ਪੈਦਾ ਕੀਤੀ ਹੈ। ਚਾਹੇ ਹੁਣ ਐਲਾਨੇ ਇਸ ਸਮਝੌਤੇ ਦੇ ਮਸੌਦੇ ਦਾ ਪੂਰਾ ਵੇਰਵਾ ਤਾਂ ਅਜੇ ਸਾਹਮਣੇ ਨਹੀਂ ਆਇਆ, ਪਰ ਟਰੰਪ ਦੇ ਦਾਅਵੇ ਅਨੁਸਾਰ ਹੁਣ ਭਾਰਤ ਰੂਸ ਤੋਂ ਤੇਲ ਨਹੀਂ ਖ਼ਰੀਦੇਗਾ ਅਤੇ ਅਮਰੀਕਾ ਵਲੋਂ ਆਪਣੇ ਅਧੀਨ ਕੀਤੇ ਦੇਸ਼ ਵੈਨੇਜ਼ੁਏਲਾ ਤੋਂ ਭਾਰਤ ਇਸ ਦੀ ਪੂਰਤੀ ਕਰੇਗਾ। ਅਜਿਹੀ ਸਥਿਤੀ ਵਿਚ ਉਸ ਨੇ ਪੈਨਲਟੀ ਵਜੋਂ ਭਾਰਤ 'ਤੇ ਲਾਏ 25 ਫ਼ੀਸਦੀ ਵਾਧੂ ਟੈਰਿਫ ਤੋਂ ਭਾਰਤ ਨੂੰ ਛੋਟ ਦੇ ਦਿੱਤੀ ਹੈ ਅਤੇ ਨਵੇਂ ਸਮਝੌਤੇ ਅਨੁਸਾਰ ਹੁਣ ਇਹ ਟੈਰਿਫ 25 ਫ਼ੀਸਦੀ ਤੋਂ ਵੀ ਘਟਾ ਕੇ 18 ਫ਼ੀਸਦੀ ਕਰਨ ਦਾ ਐਲਾਨ ਕੀਤਾ ਗਿਆ ਹੈ। ਅਮਰੀਕਾ ਨੇ ਦੱਖਣੀ ਕੋਰੀਆ 'ਤੇ 25 ਫ਼ੀਸਦੀ, ਬੰਗਲਾਦੇਸ਼ 'ਤੇ 20 ਫ਼ੀਸਦੀ ਅਤੇ ਪਾਕਿਸਤਾਨ 'ਤੇ 19 ਫ਼ੀਸਦੀ ਟੈਰਿਫ ਲਾਉਣ ਦਾ ਐਲਾਨ ਕੀਤਾ ਹੋਇਆ ਹੈ।

ਹੁਣ ਭਾਰਤ 'ਤੇ 18 ਫ਼ੀਸਦੀ ਦੇ ਐਲਾਨ ਨਾਲ ਦੋਹਾਂ ਦਾ ਵਪਾਰ ਹੋਰ ਵੀ ਵਧ ਜਾਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਇਹ ਵੀ ਕਿਹਾ ਗਿਆ ਹੈ ਕਿ ਇਸ ਨੀਤੀ ਨਾਲ ਇਹ ਵਪਾਰ ਵਰਤਮਾਨ 191 ਬਿਲੀਅਨ ਡਾਲਰ (17,23,775 ਕਰੋੜ ਰੁਪਏ) ਤੋਂ ਵਧ ਕੇ ਸਾਲ 2030 ਤੱਕ 500 ਬਿਲੀਅਨ ਡਾਲਰ (45,12,500 ਕਰੋੜ ਰੁਪਏ) ਹੋ ਜਾਏਗਾ। ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਚ ਖੇਤੀਬਾੜੀ ਦੇ ਖੇਤਰ ਵਿਚ ਆਯਾਤ-ਨਿਰਯਾਤ ਵੀ ਵੱਡਾ ਅੜਿੱਕਾ ਬਣਿਆ ਰਿਹਾ ਹੈ। ਹੁਣ ਪਹਿਲੀਆਂ ਰਿਪੋਰਟਾਂ ਅਨੁਸਾਰ ਭਾਰਤ ਅਮਰੀਕਾ ਤੋਂ 46 ਲੱਖ ਕਰੋੜ ਦੀਆਂ ਚੀਜ਼ਾਂ ਲਵੇਗਾ, ਜਿਸ ਵਿਚ ਊਰਜਾ ਅਤੇ ਖੇਤੀ ਉਤਪਾਦ ਵੀ ਸ਼ਾਮਿਲ ਹੋਣਗੇ। ਇਹ ਵੀ ਕਿ ਭਾਰਤ ਇਸ ਸਮਝੌਤੇ ਅਧੀਨ ਆਪਣੇ ਪੁਰਾਣੇ ਮਿੱਤਰ ਰੂਸ ਨਾਲ ਤੇਲ ਵਪਾਰ ਬੰਦ ਕਰ ਦੇਵੇਗਾ। ਚਾਹੇ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਇਸ ਨੂੰ ਇਤਿਹਾਸਕ ਸਮਝੌਤਾ ਕਿਹਾ ਹੈ ਅਤੇ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਸਮਝੌਤੇ ਨਾਲ ਕਿਸਾਨਾਂ, ਛੋਟੇ ਅਤੇ ਦਰਮਿਆਨੇ ਉੱਦਮੀਆਂ ਤੇ ਹੁਨਰਮੰਦ ਕਾਮਿਆਂ ਲਈ ਨਵੇਂ ਮੌਕੇ ਖੁੱਲ੍ਹਣਗੇ, ਪਰ ਇਸ ਸਮਝੌਤੇ ਦਾ ਸਮੁੱਚਾ ਵਿਸਥਾਰ ਸਾਹਮਣੇ ਆਉਣ ਤੋਂ ਬਾਅਦ ਹੀ ਇਸ ਦਾ ਪੂਰਾ-ਪੂਰਾ ਲੇਖਾ-ਜੋਖਾ ਕੀਤਾ ਜਾ ਸਕੇਗਾ। ਫਿਲਹਾਲ ਇਸ ਨੂੰ ਭਾਰਤ ਲਈ ਇਕ ਵੱਡੀ ਰਾਹਤ ਮੰਨਿਆ ਜਾ ਰਿਹਾ ਹੈ।

ਪਿਛਲੇ ਇਕ ਸਾਲ ਵਿਚ ਭਾਰਤ ਨੇ 5 ਵੱਡੇ ਵਪਾਰ ਸਮਝੌਤੇ ਕੀਤੇ ਹਨ, ਜਿਨ੍ਹਾਂ ਵਿਚ ਅਮਰੀਕਾ ਤੋਂ ਇਲਾਵਾ ਇੰਗਲੈਂਡ, ਯੂਰਪੀਅਨ ਸੰਘ, ਓਮਾਨ ਅਤੇ ਨਿਊਜ਼ੀਲੈਂਡ ਆਦਿ ਦੇਸ਼ਾਂ ਨਾਲ ਹੋਏ ਵਪਾਰ ਸਮਝੌਤੇ ਸ਼ਾਮਿਲ ਹਨ। ਭਾਰਤ ਸਰਕਾਰ ਦਾ ਮੁੱਖ ਟੀਚਾ 'ਮੇਕ ਇਨ ਇੰਡੀਆ' ਹੀ ਬਣਿਆ ਰਿਹਾ ਹੈ। ਬਿਨਾਂ ਸ਼ੱਕ ਇਹ ਸਮਝੌਤੇ ਇਸ ਨੀਤੀ ਅਧੀਨ ਭਾਰਤ ਲਈ ਵੱਡੇ ਰਾਹ ਖੋਲ੍ਹ ਸਕਦੇ ਹਨ, ਜਿਨ੍ਹਾਂ ਨਾਲ ਵਿਕਸਿਤ ਭਾਰਤ ਦੇ ਟੀਚੇ ਵੱਲ ਤੇਜ਼ੀ ਨਾਲ ਵਧਿਆ ਜਾ ਸਕਦਾ ਹੈ। ਇਸ ਸਮਝੌਤੇ ਦਾ ਪੂਰਾ ਲੇਖਾ-ਜੋਖਾ ਤਾਂ ਕੀਤਾ ਜਾਣਾ ਬਾਕੀ ਹੈ, ਪਰ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਸਮਝੌਤੇ ਭਾਰਤ ਦੀ ਵਧਦੀ ਸ਼ਕਤੀ ਦਾ ਪ੍ਰਮਾਣ ਬਣਨ ਦੇ ਸਮਰੱਥ ਹੋ ਸਕਦੇ ਹਨ।

# ਡਾਲਰ ਦੇ ਦਬਦਬੇ ਤੋਂ ਸੁਚੇਤ ਹੁੰਦੀ ਦੁਨੀਆ

## ਸੋਨਾ ਜਾਂ ਕੋਈ ਹੋਰ ਕਰੰਸੀ ਫ਼ਿਲਹਾਲ ਤਾਂ ਡਾਲਰ ਦੀ ਜਗ੍ਹਾ ਲੈਣ ਦੀ ਹਾਲਤ ਵਿਚ ਨਹੀਂ ਦਿਸਦੀ ਪਰ ਬਚਾਅ ਦੀ ਢਾਲ ਜ਼ਰੂਰ ਬਣ ਸਕਦੀ ਹੈ।

**-ਸ਼ਿਵਕਾਂਤ ਸ਼ਰਮਾ**



ਸੋਨੇ ਅਤੇ ਚਾਂਦੀ ਦੇ ਵਧ-ਘਟ ਰਹੇ ਭਾਅ ਇਨ੍ਹੀਂ ਦਿਨੀਂ ਸੁਰਖ਼ੀਆਂ ਵਿਚ ਬਣੇ ਹੋਏ ਹਨ। ਵਰਲਡ ਗੋਲਡ ਕੌਂਸਲ ਮੁਤਾਬਕ ਪਿਛਲੇ ਸਾਲ ਦੁਨੀਆ ਵਿਚ 3,670 ਟਨ ਸੋਨੇ ਦਾ ਰਿਕਾਰਡ ਉਤਪਾਦਨ ਹੋਇਆ ਸੀ। ਆਲਮੀ ਉਤਪਾਦਨ ਦੇ ਲਗਪਗ 40 ਪ੍ਰਤੀਸ਼ਤ ਸੋਨੇ ਦੀ ਖਪਤ ਸਿਰਫ਼ ਚੀਨ ਅਤੇ ਭਾਰਤ ਵਿਚ ਹੁੰਦੀ ਹੈ।

ਹਾਲਾਂਕਿ, ਅਸਮਾਨ ਛੂਹ ਰਹੀਆਂ ਕੀਮਤਾਂ ਕਾਰਨ ਉੱਥੇ ਵੀ ਸੋਨੇ ਦੀ ਮੰਗ ਵਿਚ ਉਛਾਲ ਦੀ ਜਗ੍ਹਾ ਲਗਪਗ 10-11 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ ਹੈ। ਅਜਿਹੀ ਸਥਿਤੀ ਵਿਚ ਸਵਾਲ ਉੱਠਦਾ ਹੈ ਕਿ ਅਜਿਹੀ ਖਪਤ ਵਿਚ ਹਾਲੀਆ 10 ਪ੍ਰਤੀਸ਼ਤ ਦੀ ਗਿਰਾਵਟ ਦੇ ਬਾਵਜੂਦ ਸੋਨੇ ਦੇ ਭਾਅ ਵਿਚ ਇਹ ਉਛਾਲ ਕਿਉਂ ਆਇਆ ਹੈ? ਇਸ ਦੀ ਸਭ ਤੋਂ ਵੱਡੀ ਵਜ੍ਹਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਨ।

ਡਾਲਰ ਅਤੇ ਇਸ ਵਿਚ ਭੁਗਤਾਨ ਲਈ ਜਾਰੀ ਕੀਤੇ ਜਾਣ ਵਾਲੇ ਅਮਰੀਕੀ ਰਿਣ-ਪੱਤਰ ਜਾਂ ਬਾਂਡ ਆਪਣੀ ਸਾਖ਼ ਕਾਰਨ ਲਗਪਗ ਸੌ ਸਾਲਾਂ ਤੋਂ ਅੰਤਰਰਾਸ਼ਟਰੀ ਲੈਣ-ਦੇਣ ਅਤੇ ਰਾਜਕੋਸ਼ਾਂ ਦੇ ਰਿਜ਼ਰਵ ਦਾ ਮੁੱਖ ਮਾਧਿਅਮ ਬਣੇ ਹੋਏ ਹਨ। ਅਮਰੀਕਾ ਨੇ ਇਨ੍ਹਾਂ ਨੂੰ ਹਥਿਆਰ ਬਣਾ ਕੇ ਰੂਸ ਨੂੰ ਯੂਕਰੇਨ ਤੋਂ ਖਦੇੜਨ ਦੀ ਕੋਸ਼ਿਸ਼ ਕੀਤੀ। ਰੂਸ ਅਤੇ ਉਸ ਦੇ ਸਮਰਥਕਾਂ ਨੂੰ ਡਾਲਰ ਵਿਚ ਹੋ ਰਹੇ ਲੈਣ-ਦੇਣ ਦੀ ਅੰਤਰਰਾਸ਼ਟਰੀ ਪ੍ਰਣਾਲੀ ਤੋਂ ਬਾਹਰ ਕਰ ਦਿੱਤਾ ਗਿਆ ਅਤੇ ਯੂਰਪੀ ਬੈਂਕਾਂ ਵਿਚ ਅਮਰੀਕੀ ਬਾਂਡ ਅਤੇ ਡਾਲਰ ਦੇ ਰੂਪ ਵਿਚ ਜਮ੍ਹਾਂ ਰੂਸੀ ਸੰਪਤੀ ਨੂੰ ਫਰੀਜ਼ ਕਰ ਦਿੱਤਾ ਗਿਆ।

ਟਰੰਪ ਨੇ ਸੱਤਾ ਸੰਭਾਲਦੇ ਹੀ ਉਨ੍ਹਾਂ ਦਾ ਹੋਰ ਖੁੱਲ੍ਹਮ-ਖੁੱਲ੍ਹਾ ਇਸਤੇਮਾਲ ਕਰਨਾ ਅਤੇ ਵਪਾਰ ਨੂੰ ਹਥਿਆਰ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਕਾਰਨ ਦੁਨੀਆ ਨੂੰ ਅਮਰੀਕਾ ਦੀ ਨੀਅਤ 'ਤੇ ਸ਼ੱਕ ਹੋਣ ਲੱਗਾ ਅਤੇ ਉਸ ਦੀ ਮੁਦਰਾ ਅਤੇ ਬਾਂਡ ਦੀ ਸਾਖ਼ ਡਿੱਗਣ ਲੱਗੀ। ਟਰੰਪ ਦੇ ਲਿਬਰੇਸ਼ਨ-ਡੇ-ਟੈਰਿਫ ਦੇ ਐਲਾਨ ਸਮੇਂ ਵੀ ਅਮਰੀਕੀ ਬਾਂਡਾਂ ਅਤੇ ਡਾਲਰ ਦੀਆਂ ਕੀਮਤਾਂ ਡਿੱਗੀਆਂ ਸਨ ਅਤੇ ਸੋਨੇ ਦੀ ਕੀਮਤਾਂ ਵਿਚ ਉਛਾਲ ਆਇਆ ਸੀ।

ਕ੍ਰੈਡਿਟ ਸੰਕਟ ਦੇ ਸਮੇਂ ਸੋਨੇ ਨੇ ਹਮੇਸ਼ਾ ਲੈਣ-ਦੇਣ ਦੇ ਸਰਬਸੰਮਤ ਅਤੇ ਸਭ ਤੋਂ ਵੱਧ ਭਰੋਸੇਮੰਦ ਮਾਧਿਅਮ ਵਜੋਂ ਭੂਮਿਕਾ ਨਿਭਾਈ ਹੈ। ਉਸ ਦੀ ਸੀਮਤ ਮਾਤਰਾ ਅਤੇ ਸਰਵ-ਪ੍ਰਵਾਨਤ ਹੋਣ ਕਾਰਨ ਉਸ ਦੇ ਭਾਅ ਵੀ ਸੰਕਟਕਾਲ ਨੂੰ ਛੱਡ ਕੇ ਔਸਤਨ ਸਥਿਰ ਹੀ ਰਹੇ ਹਨ। ਇਸ ਲਈ ਇਸ ਸਮੇਂ ਵਿਸ਼ਵ ਭਰ ਦੇ ਕੇਂਦਰੀ ਬੈਂਕ ਅਤੇ ਬਹੁ-ਰਾਸ਼ਟਰੀ ਨਿਵੇਸ਼ ਕੰਪਨੀਆਂ ਨੇ ਆਪੋ-ਆਪਣੇ ਕੋਸ਼ਾਂ ਵਿਚ ਅਮਰੀਕੀ ਬਾਂਡ ਅਤੇ ਡਾਲਰਾਂ ਨੂੰ ਘਟਾ ਕੇ ਉਨ੍ਹਾਂ ਦੀ ਜਗ ?ਹਾ ਸੋਨਾ ਰੱਖਣਾ ਸ਼ੁਰੂ ਕਰ ਦਿੱਤਾ ਹੈ।

ਪਿਛਲੇ ਪੰਜ ਸਾਲਾਂ ਵਿਚ ਚੀਨ ਨੇ ਆਪਣੇ ਸੋਨੇ ਦੇ ਭੰਡਾਰ ਨੂੰ ਵਧਾਉਣ ਲਈ 351 ਟਨ, ਭਾਰਤ ਨੇ 218 ਟਨ ਅਤੇ ਜਾਪਾਨ ਨੇ 81 ਟਨ ਸੋਨਾ ਖ਼ਰੀਦਿਆ ਹੈ। ਭਾਰਤ ਨੇ 51 ਅਰਬ ਡਾਲਰ ਦੇ ਅਮਰੀਕੀ ਬਾਂਡ ਵੇਚ ਕੇ ਉਨ੍ਹਾਂ ਦੇ ਭੰਡਾਰ ਵਿਚ 21 ਪ੍ਰਤੀਸ਼ਤ ਦੀ ਕਟੌਤੀ ਕੀਤੀ ਹੈ ਅਤੇ ਉਨ੍ਹਾਂ ਦੀ ਜਗ੍ਹਾ ਸੋਨੇ ਦਾ ਭੰਡਾਰ ਵਧਾ ਕੇ 880 ਟਨ ਕਰ ਲਿਆ ਹੈ ਜੋ ਉਸ ਦੇ ਵਿਦੇਸ਼ੀ ਮੁਦਰਾ ਭੰਡਾਰ ਦਾ 16 ਪ੍ਰਤੀਸ਼ਤ ਹੈ। ਸੋਨੇ ਦੀਆਂ ਕੀਮਤਾਂ ਵਿਚ ਨਿਰੰਤਰ ਉਛਾਲ ਦਾ ਮੁੱਖ ਕਾਰਨ ਇਹੀ ਹੈ। ਕੁਝ ਬਾਜ਼ਾਰ ਵਿਸ਼ਲੇਸ਼ਕਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਸੋਨੇ ਦੇ ਭਾਅ ਅਗਲੇ ਦੋ-ਤਿੰਨ ਸਾਲਾਂ ਵਿਚ 30,000 ਰੁਪਏ ਪ੍ਰਤੀ ਗ੍ਰਾਮ 'ਤੇ ਵੀ ਪਹੁੰਚ ਸਕਦੇ ਹਨ।

ਅਮਰੀਕੀ ਬਾਂਡ ਦੀ ਸਾਖ਼ ਲੰਬੇ ਸਮੇਂ ਦੇ ਮਾਲੀਆ ਅਨੁਸ਼ਾਸਨ, ਰਾਜਨੀਤਕ ਸਥਿਰਤਾ ਨਾਲ ਮਿਲਣ ਵਾਲੀ ਨਿਸ਼ਚਿਤ ਆਮਦਨ ਤੋਂ ਬਣੀ ਹੈ। ਉਹ ਕਰਜ਼ੇ ਦੀ ਰਕਮ ਡਾਲਰਾਂ ਵਿਚ ਅਦਾ ਕਰਨ ਦੇ ਨਾਲ-ਨਾਲ ਵਿਆਜ ਵੀ ਅਦਾ ਕਰਦਾ ਹੈ ਜਿਸ ਦੀਆਂ ਦਰਾਂ ਬਾਂਡ ਦੀ ਮਿਆਦ ਅਤੇ ਤਤਕਾਲੀ ਵਿਆਜ ਦਰਾਂ ਦੇ ਰੁਝਾਨ 'ਤੇ ਨਿਰਭਰ ਕਰਦੀਆਂ ਹਨ। ਆਮ ਤੌਰ 'ਤੇ ਅਮਰੀਕੀ ਬਾਂਡ 'ਤੇ ਮਿਲਣ ਵਾਲੇ ਵਿਆਜ ਦੀਆਂ ਦਰਾਂ ਮਹਿੰਗਾਈ ਦੀ ਦਰ ਤੋਂ ਵੱਧ ਹੀ ਰਹਿੰਦੀਆਂ ਹਨ।

ਇਸ ਲਈ ਆਪਣੇ ਫੰਡ ਵਿਚ ਅਮਰੀਕੀ ਬਾਂਡ ਰੱਖਣ ਵਾਲੇ ਦੇਸ਼ ਜਾਂ ਕੰਪਨੀ ਨੂੰ ਫੰਡ ਦੀ ਖ਼ਰੀਦ ਸ਼ਕਤੀ ਦੀ ਸੁਰੱਖਿਆ ਦੇ ਨਾਲ-ਨਾਲ ਵਿਆਜ ਦੇ ਰੂਪ ਵਿਚ ਕੁਝ ਲਾਭ ਵੀ ਮਿਲਦਾ ਰਹਿੰਦਾ ਹੈ। ਇਹ ਲਾਭ ਡਾਲਰ ਜਾਂ ਸੋਨਾ ਰੱਖਣ ਨਾਲ ਨਹੀਂ ਮਿਲ ਸਕਦਾ। ਇਹੀ ਕਾਰਨ ਹੈ ਕਿ ਵਿਦੇਸ਼ੀ ਮੁਦਰਾ ਭੰਡਾਰਾਂ ਵਿਚ ਅਮਰੀਕੀ ਬਾਂਡ ਦਾ ਅਨੁਪਾਤ ਨਕਦ ਡਾਲਰ ਅਤੇ ਸੋਨੇ ਨਾਲੋਂ ਵੱਧ ਰਹਿੰਦਾ ਹੈ। ਜੋ ਦੇਸ਼ ਅਮਰੀਕਾ ਨਾਲ ਵਪਾਰ ਵਿਚ ਸਾਲ-ਦਰ-ਸਾਲ ਲਾਭ ਕਮਾਉਂਦੇ ਰਹੇ ਹਨ, ਉਨ੍ਹਾਂ ਕੋਲ ਅਮਰੀਕੀ ਡਾਲਰ ਜਮ੍ਹਾ ਹੋ ਜਾਂਦੇ ਹਨ। ਇਹ ਦੇਸ਼ ਡਾਲਰਾਂ ਨਾਲ ਅਮਰੀਕੀ ਬਾਂਡ ਖ਼ਰੀਦ ਲੈਂਦੇ ਹਨ। ਵਪਾਰ ਦੇ ਇਸ ਚੱਕਰ ਕਾਰਨ ਅਮਰੀਕਾ ਦਾ ਰਾਸ਼ਟਰੀ ਕਰਜ਼ਾ ਵਧ ਕੇ ਉਸ ਦੀ ਜੀਡੀਪੀ ਦਾ 126 ਪ੍ਰਤੀਸ਼ਤ, ਯਾਨੀ ਸਵਾ ਗੁਣਾ ਹੋ ਚੁੱਕਾ ਹੈ, ਜਿਸ ਦਾ 25 ਪ੍ਰਤੀਸ਼ਤ ਦੂਜੇ ਦੇਸ਼ਾਂ ਕੋਲ ਹੈ ਜਿਨ੍ਹਾਂ ਵਿਚ ਯੂਰਪ, ਜਾਪਾਨ, ਚੀਨ ਅਤੇ ਭਾਰਤ ਪ੍ਰਮੁੱਖ ਹਨ।

ਜਦ ਤੱਕ ਅਮਰੀਕਾ ਦੇ ਡਾਲਰ ਅਤੇ ਬਾਂਡ ਦੀ ਸਾਖ਼ ਬਰਕਰਾਰ ਹੈ, ਤਦ ਤੱਕ ਅਮਰੀਕਾ ਨੂੰ ਕਰਜ਼ੇ ਦੇ ਵਧਦੇ ਪਹਾੜ ਦੀ ਖ਼ਾਸ ਚਿੰਤਾ ਨਹੀਂ ਹੈ ਕਿਉਂਕਿ 2000 ਦੇ ਡਾਟ-ਕਾਮ ਅਤੇ 2008 ਦੇ ਵਿੱਤੀ ਸੰਕਟ ਦੇ ਬਾਅਦ ਪਹਿਲਾਂ ਤੋਂ ਘੱਟ ਹੋ ਜਾਣ ਦੇ ਬਾਵਜੂਦ ਦੁਨੀਆ ਭਰ ਦੇ ਵਿਦੇਸ਼ੀ ਮੁਦਰਾ ਭੰਡਾਰਾਂ ਦਾ 57 ਪ੍ਰਤੀਸ਼ਤ ਅੱਜ ਵੀ ਅਮਰੀਕੀ ਬਾਂਡ ਅਤੇ ਡਾਲਰਾਂ ਵਿਚ ਹੈ। ਹਾਲਾਂਕਿ ਭਾਰਤ ਇਸ ਸਾਲ ਬ੍ਰਿਕਸ ਦੇਸ਼ਾਂ ਦੇ ਆਪਸੀ ਵਪਾਰ ਲਈ ਕੇਂਦਰੀ ਬੈਂਕਾਂ ਦੀਆਂ ਡਿਜੀਟਲ ਕਰੰਸੀਆਂ ਦੇ ਵਟਾਂਦਰਾ ਲਿੰਕ ਦੀ ਸਥਾਪਨਾ ਦਾ ਪ੍ਰਸਤਾਵ ਰੱਖਣ ਵਾਲਾ ਹੈ ਪਰ ਵਿਸ਼ਵ ਵਪਾਰ ਵਿਚ ਬ੍ਰਿਕਸ ਦੇਸ਼ਾਂ ਦੀ ਹਿੱਸੇਦਾਰੀ 25 ਪ੍ਰਤੀਸ਼ਤ ਹੀ ਹੈ ਅਤੇ ਇਸ ਦਾ ਸਿਹਰਾ ਵੀ ਚੀਨ ਨੂੰ ਜ਼ਿਆਦਾ ਜਾਂਦਾ ਹੈ।

ਅੰਤਰਰਾਸ਼ਟਰੀ ਮੁਦਰਾ ਕੋਸ਼ ਦੀ ਹਾਲੀਆ ਰਿਪੋਰਟ ਮੁਤਾਬਕ ਅਮਰੀਕਾ ਅਤੇ ਯੂਰਪ ਨੂੰ ਛੱਡ ਕੇ ਅੱਧੇ ਤੋਂ ਵੱਧ ਵਪਾਰ ਅੱਜ ਵੀ ਡਾਲਰ ਵਿਚ ਹੁੰਦਾ ਹੈ। ਭਾਵੇਂ ਰੂਸ, ਚੀਨ, ਭਾਰਤ ਅਤੇ ਦੱਖਣੀ ਅਮਰੀਕੀ ਦੇਸ਼ ਆਪਸੀ ਵਪਾਰ ਆਪਣੀਆਂ ਕਰੰਸੀਆਂ ਵਿਚ ਕਰਨ ਲੱਗੇ ਹਨ ਪਰ ਛੋਟੀਆਂ ਕਰੰਸੀਆਂ ਦੀ ਆਪਸੀ ਵਟਾਂਦਰਾ ਦਰ ਅਤੇ ਤੇਲ, ਗੈਸ ਅਤੇ ਸੋਨੇ ਵਰਗੀਆਂ ਮਹੱਤਵਪੂਰਨ ਚੀਜ਼ਾਂ ਦਾ ਮੁੱਲ ਨਿਰਧਾਰਨ ਡਾਲਰ ਵਿਚ ਹੀ ਹੁੰਦਾ ਹੈ। ਦੂਜੀਆਂ ਕਰੰਸੀਆਂ ਵਿਚ ਲੈਣ-ਦੇਣ ਤੋਂ ਬਾਅਦ ਵੀ ਬਹੁ-ਰਾਸ਼ਟਰੀ ਕੰਪਨੀਆਂ ਅਤੇ ਦੇਸ਼ਾਂ ਨੂੰ ਬਾਜ਼ਾਰ ਦੇ ਉਤਰਾਅ-ਚੜ੍ਹਾਅ ਤੋਂ ਬਚਣ ਲਈ ਸਵੈਪ ਜਾਂ ਹੇਜਿੰਗ ਡਾਲਰ ਵਿਚ ਹੀ ਕਰਨੀ ਪੈਂਦੀ ਹੈ। ਇੰਨਾ ਜ਼ਰੂਰ ਹੈ ਕਿ ਟਰੰਪ ਦੀਆਂ ਵਪਾਰ ਨੂੰ ਹਥਿਆਰ ਵਜੋਂ ਵਰਤਣ ਦੀਆਂ ਨੀਤੀਆਂ ਕਾਰਨ ਦੁਨੀਆ ਅਮਰੀਕੀ ਬਾਂਡ ਅਤੇ ਡਾਲਰ 'ਤੇ ਬਣੀ ਨਿਰਭਰਤਾ ਪ੍ਰਤੀ ਸੁਚੇਤ ਹੋ ਗਈ ਹੈ। ਉਸ ਤੋਂ ਬਚਣ ਲਈ ਵਪਾਰ ਅਤੇ ਰਾਜਕੋਸ਼ੀ ਸੰਗ੍ਰਹਿ ਵਿਚ ਅਮਰੀਕੀ ਬਾਂਡ ਅਤੇ ਡਾਲਰ ਦੇ ਨਾਲ-ਨਾਲ ਸੋਨਾ-ਚਾਂਦੀ ਵਰਗੀਆਂ ਬੇਸ਼ਕੀਮਤੀ ਧਾਤਾਂ ਅਤੇ ਦੂਜੀਆਂ ਮੁਦਰਾਵਾਂ ਨੂੰ ਸ਼ਾਮਲ ਕਰਨ ਦੇ ਸਰਗਰਮ ਯਤਨ ਹੋ ਰਹੇ ਹਨ। ਅਮਰੀਕਾ ਦੀ ਮਨਮਾਨੀ 'ਤੇ ਲਗਾਮ ਕੱਸਣ ਲਈ ਅਮਰੀਕੀ ਬਾਂਡ ਦੀ ਗਿਣੀ-ਮਿੱਥੀ ਬਿਕਵਾਲੀ ਦਾ ਬਦਲ ਵੀ ਹੈ। ਅਜਿਹੀ ਬਿਕਵਾਲੀ ਨਾਲ ਅਮਰੀਕਾ ਨੂੰ ਮਿਲਣ ਵਾਲੇ ਕਰਜ਼ੇ ਦੀਆਂ ਦਰਾਂ ਵਿਚ ਉਛਾਲ ਆ ਸਕਦਾ ਹੈ ਜਿਸ ਨਾਲ ਮਨਮਾਨੀ ਕਰਨ ਵਾਲੀ ਸਰਕਾਰ ਨੂੰ ਪਿੱਛੇ ਹਟਣਾ ਪੈ ਸਕਦਾ ਹੈ।

ਗ੍ਰੀਨਲੈਂਡ ਵਿਵਾਦ ਵਿਚ ਡੈਨਮਾਰਕ ਦੀ ਪੈਨਸ਼ਨ ਕੰਪਨੀ ਅਕੈਡੇਮਿਕਰ ਨੇ ਆਪਣੇ ਸਾਰੇ ਅਮਰੀਕੀ ਬਾਂਡ ਵੇਚ ਕੇ ਇਹੀ ਸੰਕੇਤ ਦਿੱਤਾ ਜਿਸ ਨੇ ਟਰੰਪ ਨੂੰ ਨਰਮ ਪੈਣ ਲਈ ਮਜਬੂਰ ਕੀਤਾ। ਯੂਰਪ ਦੇ ਜਿਸ ਬ੍ਰਹਮ ਅਸਤਰ ਦੀ ਗੱਲ ਹੋ ਰਹੀ ਸੀ, ਉਸ ਵਿਚ ਇਹ ਬਦਲ ਵੀ ਸ਼ਾਮਲ ਸੀ, ਕਿਉਂਕਿ ਅਮਰੀਕੀ ਕਰਜ਼ੇ ਦਾ ਕਰੀਬ 20 ਪ੍ਰਤੀਸ਼ਤ ਯੂਰਪ ਅਤੇ ਉਸ ਦੀਆਂ ਕੰਪਨੀਆਂ ਕੋਲ ਹੀ ਹੈ। ਕੁੱਲ ਮਿਲਾ ਕੇ, ਸੋਨਾ ਜਾਂ ਕੋਈ ਹੋਰ ਮੁਦਰਾ ਡਾਲਰ ਦਾ ਸਥਾਨ ਲੈਣ ਦੀ ਸਥਿਤੀ ਵਿਚ ਤਾਂ ਨਹੀਂ ਦਿਖਾਈ ਦਿੰਦੀ, ਪਰ ਬਚਾਅ ਦੀ ਢਾਲ ਜ਼ਰੂਰ ਬਣ ਸਕਦੀ ਹੈ।

-(ਲੇਖਕ ਬੀਬੀਸੀ ਹਿੰਦੀ ਦਾ ਸਾਬਕਾ ਸੰਪਾਦਕ ਹੈ)।

ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# 'ਵਿਸ਼ਵ ਸ਼ਾਂਤੀ ਲਈ ਭਾਰਤ-ਅਮਰੀਕਾ ਸਬੰਧਾਂ ਦੀ ਮਜ਼ਬੂਤੀ ਮਹੱਤਵਪੂਰਨ'



ਨਿਊਯਾਰਕ : ਅਮਰੀਕਾ ਦੀਆਂ ਦੋਵਾਂ ਪਾਰਟੀਆਂ ਦੇ ਚੋਟੀ ਦੇ ਸੰਸਦ ਮੈਂਬਰਾਂ ਅਤੇ ਨੇਤਾਵਾਂ ਨੇ ਭਾਰਤ-ਅਮਰੀਕਾ ਸਬੰਧਾਂ ਅਤੇ ਪ੍ਰਵਾਸੀ ਭਾਰਤੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਭਾਈਵਾਲੀ ਵਿਸ਼ਵ ਭਰ ਵਿਚ ਸ਼ਾਂਤੀ ਅਤੇ ਸਥਿਰਤਾ ਲਈ 'ਬਹੁਤ ਮਹੱਤਵਪੂਰਨ' ਹੈ। ਉਨ੍ਹਾਂ ਨੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਵੀ ਦਿੱਤਾ।

ਨਿਊਯਾਰਕ ਸਥਿਤ ਭਾਰਤੀ ਵਣਜ ਦੂਤਘਰ ਨੇ ਭਾਰਤ ਦੇ 77ਵੇਂ ਗਣਤੰਤਰ ਦਿਵਸ ਦੇ ਮੌਕੇ 'ਤੇ ਸ਼ਨੀਵਾਰ ਨੂੰ ਇੱਥੇ ਇਕ ਵਿਸ਼ੇਸ਼ ਸਵਾਗਤੀ ਸਮਾਗਮ ਦਾ ਆਯੋਜਨ ਕੀਤਾ। ਨਿਊਯਾਰਕ ਵਿਚ ਭਾਰਤ ਦੇ ਕੌਂਸਲ ਜਨਰਲ ਬਿਨੇ ਸ਼੍ਰੀਕਾਂਤ ਪ੍ਰਧਾਨ ਅਤੇ ਡਿਪਟੀ ਕੌਂਸਲ ਜਨਰਲ ਵਿਸ਼ਾਲ ਹਰਸ਼ ਨੇ ਸਮਾਗਮ ਵਿਚ ਮੌਜੂਦ ਪਤਵੰਤਿਆਂ ਦਾ ਸਵਾਗਤ ਕੀਤਾ।

ਇਸ ਸਮਾਗਮ ਵਿਚ ਸਰਕਾਰੀ ਅਧਿਕਾਰੀ, ਕਾਰੋਬਾਰੀ ਨੇਤਾ, ਸਿੱਖਿਆ ਅਤੇ ਸੱਭਿਆਚਾਰ ਜਗਤ ਦੀਆਂ ਹਸਤੀਆਂ, ਭਾਰਤੀ-ਅਮਰੀਕੀ ਭਾਈਚਾਰੇ ਦੇ ਕਈ ਪ੍ਰਮੁੱਖ ਮੈਂਬਰ, ਰਾਜਦੂਤ ਅਤੇ ਵੱਖ-ਵੱਖ ਖੇਤਰਾਂ ਤੋਂ ਮਹਿਮਾਨ ਸ਼ਾਮਲ ਹੋਏ। ਸਭਾ ਨੂੰ ਸੰਬੋਧਨ ਕਰਦਿਆਂ ਡੇਲਵੇਅਰ ਦੇ ਗਵਰਨਰ ਮੈਟ ਮੇਅਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੇ ਸੂਬੇ 'ਚ ਭਾਰਤੀ ਭਾਈਚਾਰਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਪ੍ਰਵਾਸੀ ਭਾਈਚਾਰਾ ਹੈ।

# ਡੈਮੋਕ੍ਰੇਟਿਕ ਸ਼ਾਸਿਤ ਸ਼ਹਿਰਾਂ 'ਚ ਪ੍ਰਦਰਸ਼ਨਾਂ ਦੌਰਾਨ ਮਦਦ ਨਾ ਮੰਗੇ ਤੱਕ ਦਖਲ ਨਹੀਂ ਦੇਵਾਂਗੇ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਹੋਮਲੈਂਡ ਸਿਕਿਓਰਿਟੀ ਸੈਕਟਰੀ ਕ੍ਰਿਸਟੀ ਨੋਏਮ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਡੈਮੋਕ੍ਰੇਟਿਕ ਪਾਰਟੀ ਸ਼ਾਸਿਤ ਸ਼ਹਿਰਾਂ 'ਚ ਹੋਣ ਵਾਲੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਉਦੋਂ ਤੱਕ ਦਖਲ ਨਾ ਦੇਣ ਜਦੋਂ ਤੱਕ ਸਥਾਨਕ ਅਧਿਕਾਰੀ ਸੰਘੀ ਸਹਾਇਤਾ ਦੀ ਬੇਨਤੀ ਨਹੀਂ ਕਰਦੇ। ਟਰੰਪ ਦਾ ਇਹ ਬਿਆਨ ਉਦੋਂ ਆਇਆ ਹੈ, ਜਦੋਂ ਉਨ੍ਹਾਂ ਦੇ ਪ੍ਰਸ਼ਾਸਨ ਨੂੰ ਆਪਣੀ ਇਮੀਗ੍ਰੇਸ਼ਨ ਨੀਤੀ 'ਤੇ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਕਿ ਅਸੀਂ ਖਰਾਬ ਤਰੀਕੇ ਨਾਲ ਚਲਾਏ ਜਾ ਰਹੇ ਡੈਮੋਕ੍ਰੇਟਿਕ ਸ਼ਹਿਰਾਂ 'ਚ ਹੋਣ ਵਾਲੇ ਕਿਸੇ ਵੀ ਵਿਰੋਧ ਪ੍ਰਦਰਸ਼ਨ ਜਾਂ ਦੰਗਿਆਂ ਵਿਚ ਉਦੋਂ ਤੱਕ ਦਖਲ ਨਹੀਂ ਦੇਵਾਂਗੇ, ਜਦੋਂ ਤੱਕ ਉਹ ਸਾਡੀ ਸਹਾਇਤਾ ਨਹੀਂ ਮੰਗਦੇ। ਹਾਲਾਂਕਿ, ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਦਾ ਹੁਕਮ ਦਾ ਅਮਰੀਕੀ ਕਸਟਮਜ਼ ਅਤੇ ਇਮੀਗ੍ਰੇਸ਼ਨ ਇਨਫੋਰਸਮੈਂਟ (ਆਈ. ਸੀ. ਈ.) ਅਤੇ ਗ੍ਰਹਿ ਸੁਰੱਖਿਆ ਵਿਭਾਗ ਦੇ ਕਰਮਚਾਰੀਆਂ ਜਾਂ ਹੋਰ ਸੰਘੀ ਏਜੰਸੀਆਂ ਵਲੋਂ ਕੀਤੀਆਂ ਗਈਆਂ ਕਾਰਵਾਈਆਂ 'ਤੇ ਕੀ ਅਸਰ ਪਵੇਗਾ।

ਟਰੰਪ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਸੰਘੀ ਇਮਾਰਤਾਂ ਦੀ ਰੱਖਿਆ ਕਰੇਗਾ, ਜੋ ਪ੍ਰਦਰਸ਼ਨਕਾਰੀਆਂ ਕਾਰਨ ਖਤਰੇ 'ਚ ਹੋਣਗੀਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਨੋਏਮ ਨੂੰ ਸੰਘੀ ਜਾਇਦਾਦ ਦੀ ਰੱਖਿਆ ਕਰਦੇ ਸਮੇਂ ਆਈ. ਸੀ. ਈ. ਅਤੇ ਯੂ. ਐਸ. ਬਾਰਡਰ ਪੈਟ ੍ਰੋਲ 'ਤੇ ਸਖ਼ਤ ਰੁਖ਼ ਅਪਣਾਉਣ ਦਾ ਹੁਕਮ ਦਿੱਤਾ ਹੈ।

ਟਰੰਪ ਪ੍ਰਸ਼ਾਸਨ ਨੇ ਵਾਸ਼ਿੰਗਟਨ, ਲਾਸ ਏਂਜਲਸ, ਸ਼ਿਕਾਗੋ ਅਤੇ ਪੋਰਟਲੈਂਡ ਵਰਗੇ ਡੈਮੋਕ੍ਰੇਟਿਕ-ਸੰਚਾਲਿਤ ਸ਼ਹਿਰਾਂ 'ਚ ਨੈਸ਼ਨਲ ਗਾਰਡ ਜਾਂ ਸੰਘੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਹੈ, ਜਿਸ ਕਾਰਨ ਆਲੋਚਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਟਰੰਪ ਨੇ ਇਕ ਸਾਲ 'ਚ ਕਮਾਏ 12,000 ਕਰੋੜ

ਅਮਰੀਕਾ ਦੇ ਰਾਸ਼ਟਰਪਤੀ ਵਜੋਂ ਦੂਜੀ ਵਾਰ ਚੁਣੇ ਜਾਣ ਤੋਂ ਬਾਅਦ ਡੋਨਾਲਡ ਟਰੰਪ ਦੀ ਨਿੱਜੀ ਕਮਾਈ ਦੇ ਅੰਕੜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਕ ਰਿਪੋਰਟ ਅਨੁਸਾਰ, ਟਰੰਪ ਨੇ ਪਿਛਲੇ ਇਕ ਸਾਲ ਦੌਰਾਨ ਲਗਭਗ 12,000 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਇਹ ਕਮਾਈ ਅਮਰੀਕਾ ਦੇ ਇਕ ਆਮ ਮੱਧਵਰਗੀ ਪਰਿਵਾਰ ਦੀ ਆਮਦਨ ਨਾਲੋਂ 16,822 ਗੁਣਾ ਜ਼ਿਆਦਾ ਹੈ। ਟਰੰਪ ਪਰਿਵਾਰ ਲਈ 'ਫੈਮਿਲੀ ਫਸਟ' ਦਾ ਫਾਰਮੂਲਾ ਕਾਫੀ ਫਾਇਦੇਮੰਦ ਸਾਬਤ ਹੋ ਰਿਹਾ ਹੈ।

**ਮੇਲਾਨੀਆ ਦੀ ਫਿਲਮ ਅਤੇ ਐਮਾਜ਼ਾਨ ਦੀ ਡੀਲ**

ਟਰੰਪ ਦੀ ਪਤਨੀ ਮੇਲਾਨੀਆ ਟਰੰਪ ਦੀ ਇਕ ਡਾਕੂਮੈਂਟਰੀ ਫਿਲਮ ਲਈ ਐਮਾਜ਼ਾਨ ਵੱਲੋਂ 256 ਕਰੋੜ ਰੁਪਏ ਦਿੱਤੇ ਜਾ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਐਮਾਜ਼ਾਨ ਦੇ ਜੇਫ ਬੇਜੋਸ ਨੇ ਹੋਰ ਪ੍ਰੋਜੈਕਟਾਂ ਦੇ ਮੁਕਾਬਲੇ ਇਸ ਫਿਲਮ ਲਈ ਬਹੁਤ ਵੱਡੀ ਰਕਮ ਦਿੱਤੀ ਹੈ, ਜਿਸ ਦੇ ਪਿੱਛੇ ਸਪੇਸ, ਡਿਫੈਂਸ ਪ੍ਰੋਜੈਕਟ ਅਤੇ ਐਂਟੀ-ਟਰਸਟ ਕਾਨੂੰਨਾਂ ਵਰਗੇ ਕਾਰਨ ਹੋ ਸਕਦੇ ਹਨ।

**ਕੰਪਨੀਆਂ ਨਾਲ ਸਮਝੌਤੇ ਅਤੇ ਮਸਕ ਦਾ ਯੋਗਦਾਨ** : ਟਰੰਪ ਨੂੰ ਵੱਖ-ਵੱਖ ਕੰਪਨੀਆਂ ਵਿਰੁੱਧ ਕੀਤੇ ਮੁਕਦਮਿਆਂ ਤੋਂ ਵੀ ਭਾਰੀ ਆਮਦਨ ਹੋ ਰਹੀ ਹੈ। ਏਬੀਸੀ ਨਿਊਜ਼, ਮੈਟਾ,



ਪੈਰਾਮਾਊਂਟ ਅਤੇ ਯੂਟਿਊਬ ਵਰਗੀਆਂ ਕੰਪਨੀਆਂ ਨੇ ਟਰੰਪ ਨਾਲ ਸਮਝੌਤਾ ਕਰਕੇ ਅਰਬਾਂ ਰੁਪਏ ਦੇਣ ਦੀ ਸਹਿਮਤੀ ਜਤਾਈ ਹੈ। ਟੇਸਲਾ ਦੇ ਮਾਲਕ ਐਲਨ ਮਸਕ ਵੀ ਲਗਭਗ 90 ਕਰੋੜ ਰੁਪਏ ਦੇ ਰਹੇ ਹਨ। ਅਦਾਲਤੀ ਲੜਾਈ ਲੜਨ ਦੀ ਬਜਾਏ, ਇਨ੍ਹਾਂ ਕੰਪਨੀਆਂ ਨੇ 823 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕਰਕੇ ਸਮਝੌਤਾ ਕਰਨਾ ਬਿਹਤਰ ਸਮਝਿਆ ਹੈ।

**ਕ੍ਰਿਪਟੋਕਰੰਸੀ ਅਤੇ ਵਿਦੇਸ਼ੀ ਡੀਲ** : ਟਰੰਪ ਦੀ ਆਮਦਨ ਦਾ ਸਭ ਤੋਂ ਵੱਡਾ ਸਰੋਤ ਕ੍ਰਿਪਟੋਕਰੰਸੀ ਰਿਹਾ ਹੈ, ਜਿਸ ਤੋਂ ਉਨ੍ਹਾਂ ਨੇ 7,029 ਕਰੋੜ ਰੁਪਏ ਕਮਾਏ ਹਨ। ਰਿਪੋਰਟਾਂ ਅਨੁਸਾਰ, ਸਰਕਾਰੀ ਨੀਤੀਆਂ ਨੂੰ ਪ੍ਰਭਾਵਿਤ ਕਰਨ ਦੀ ਇੱਛਾ ਰੱਖਣ ਵਾਲੇ ਲੋਕ ਟਰੰਪ ਪਰਿਵਾਰ ਦੇ 'ਕੋਇਨ' ਖਰੀਦ ਕੇ ਪੈਸਾ ਟਰਾਂਸਫਰ ਕਰ ਸਕਦੇ ਹਨ। ਇਸ ਤੋਂ ਇਲਾਵਾ, ਸੰਯੁਕਤ ਅਰਬ ਅਮੀਰਾਤ (UAE) ਦੀ ਇੱਕ ਨਿਵੇਸ਼ ਕੰਪਨੀ ਨਾਲ ਟਰੰਪ ਦੀ ਕੰਪਨੀ ਨੇ 18,000 ਕਰੋੜ ਰੁਪਏ ਦੀ ਡੀਲ ਕੀਤੀ, ਜਿਸ ਦੇ ਦੋ ਹਫ਼ਤਿਆਂ ਬਾਅਦ ਹੀ ਰਾਸ਼ਟਰਪਤੀ ਨੇ UAE ਨੂੰ ਐਡਵਾਂਸਡ ਕੰਪਿਊਟਰ ਚਿੱਪਸ ਮੁਹੱਈਆ ਕਰਵਾ ਦਿੱਤੀਆਂ।

**ਕਤਰ ਤੋਂ ਮਿਲਿਆ ਕੀਮਤੀ ਤੋਹਫ਼ਾ** : ਅਮਰੀਕੀ ਰੱਖਿਆ ਵਿਭਾਗ (ਪੈਂਟਾਗਨ) ਅਨੁਸਾਰ, ਕਤਰ ਨੇ ਟਰੰਪ ਨੂੰ ਇਕ ਬੋਇੰਗ 747 ਜੈੱਟ ਜਹਾਜ਼ ਮੁਫ਼ਤ ਤੋਹਫ਼ੇ ਵਜੋਂ ਦਿੱਤਾ ਹੈ। ਇਸ ਬੇਸ਼ਕੀਮਤੀ ਤੋਹਫ਼ੇ ਦੀ ਕੀਮਤ ਲਗਭਗ 3,660 ਕਰੋੜ ਰੁਪਏ ਦੱਸੀ ਜਾ ਰਹੀ ਹੈ ਅਤੇ ਟਰੰਪ ਇਸ ਨੂੰ ਆਪਣੇ ਨਾਲ ਲੈ ਜਾਣ ਬਾਰੇ ਵਿਚਾਰ ਕਰ ਰਹੇ ਹਨ।

ਇਹ ਸਾਰੇ ਅੰਕੜੇ ਜਨਤਕ ਰਿਕਾਰਡਾਂ 'ਤੇ ਅਧਾਰਤ ਹਨ, ਜਿਸ ਕਾਰਨ ਅਸਲ ਕਮਾਈ ਇਸ ਤੋਂ ਵੀ ਕਿਤੇ ਵੱਧ ਹੋ ਸਕਦੀ ਹੈ। ਜੌਨ ਐੱਫ. ਕੈਨੇਡੀ ਦੇ ਉਲਟ, ਜਿਨ੍ਹਾਂ ਨੇ ਕਿਹਾ ਸੀ ਕਿ 'ਇਹ ਨਾ ਪੁੱਛੋ ਕਿ ਦੇਸ਼ ਤੁਹਾਡੇ ਲਈ ਕੀ ਕਰ ਸਕਦਾ ਹੈ', ਇੱਥੇ ਸਥਿਤੀ ਬਿਲਕੁਲ ਵੱਖਰੀ ਨਜ਼ਰ ਆ ਰਹੀ ਹੈ।

# ਅਮਰੀਕਾ 'ਚ ਪਰੇਡ ਦੌਰਾਨ ਗੋਲੀਬਾਰੀ: 6 ਲੋਕ ਜ਼ਖਮੀ, ਸ਼ੱਕੀ ਵਿਅਕਤੀ ਨੂੰ ਹਿਰਾਸਤ 'ਚ ਲਿਆ

ਲੁਈਸਿਆਨਾ ਦੇ ਇੱਕ ਛੋਟੇ ਜਿਹੇ ਕਸਬੇ ਵਿੱਚ ਮਾਰਡੀ ਗ੍ਰਾਸ ਪਰੇਡ ਦੌਰਾਨ ਹੋਈ ਗੋਲੀਬਾਰੀ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਸ਼ਨੀਵਾਰ ਨੂੰ ਕਲਿੰਟਨ ਵਿੱਚ 'ਮਾਰਡੀ ਗ੍ਰਾਸ ਇਨ ਦ ਕੰਟਰੀ' ਪ੍ਰੋਗਰਾਮ ਦੌਰਾਨ ਗੋਲੀਬਾਰੀ ਹੋਣ ਨਾਲ ਇੱਕ ਬੱਚੇ ਸਮੇਤ 6 ਲੋਕ ਜ਼ਖਮੀ ਹੋ ਗਏ। ਇਹ ਘਟਨਾ ਕੋਰਟ ਹਾਊਸ ਦੇ ਨੇੜੇ ਵਾਪਰੀ। ਲੋਕ ਪਰੇਡ ਦੇਖ ਰਹੇ ਸਨ, ਪਰ ਕੁਝ ਹੀ ਪਲਾਂ ਵਿੱਚ ਸਥਿਤੀ ਦਹਿਸ਼ਤ ਵਿੱਚ ਬਦਲ ਗਈ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ। ਪਰੇਡ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ ਗੋਲੀਬਾਰੀ ਹੋਈ। ਸਥਾਨਕ ਸ਼ੈਰਿਫ ਜੈਫ ਟਰੈਵਿਸ ਨੇ ਕਿਹਾ ਕਿ ਪਰੇਡ ਦੁਪਹਿਰ 12:00 ਵਜੇ ਦੇ ਕਰੀਬ ਸ਼ੁਰੂ ਹੋਈ ਅਤੇ ਇਹ ਘਟਨਾ ਮੁੱਖ ਸੜਕ 'ਤੇ ਪਹੁੰਚਣ ਤੋਂ ਪਹਿਲਾਂ ਹੀ ਵਾਪਰੀ।

ਗੋਲੀਆਂ ਚੱਲਦੇ ਹੀ ਲੋਕ ਭੱਜਣ ਲੱਗ ਪਏ ਅਤੇ ਪਰੇਡ ਨੂੰ ਤੁਰੰਤ ਰੋਕ ਦਿੱਤਾ ਗਿਆ। ਜ਼ਖਮੀਆਂ ਵਿੱਚ ਇੱਕ 6 ਸਾਲ ਦਾ ਬੱਚਾ ਵੀ ਹੈ, ਜੋ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਹੈ। ਇੱਕ ਹੋਰ ਬਾਲਗ ਵੀ ਗੰਭੀਰ ਹਾਲਤ ਵਿੱਚ ਹੈ, ਜਦੋਂਕਿ ਦੂਜੇ ਜ਼ਖਮੀਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

**ਹਾਦਸੇ ਦੀ ਪੁਲਸ ਕਰ ਰਹੀ ਹੈ ਜਾਂਚ**




ਪੂਰਬੀ ਫੇਲੀਸੀਆਨਾ ਪੈਰਿਸ਼ ਸ਼ੈਰਿਫ ਦਾ ਦਫਤਰ ਘਟਨਾ ਸਥਾਨ 'ਤੇ ਪਹੁੰਚਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ। ਸ਼ੈਰਿਫ ਅਨੁਸਾਰ, ਤਿੰਨ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਹਾਲਾਂਕਿ ਉਨ੍ਹਾਂ ਨੂੰ ਅਜੇ ਤੱਕ ਮੁੱਖ ਸ਼ੱਕੀ ਨਹੀਂ ਮੰਨਿਆ ਗਿਆ ਹੈ। ਪੁਲਸ ਇੱਕ ਵਾਹਨ ਦੀ ਭਾਲ ਕਰ ਰਹੀ ਹੈ ਜੋ ਘਟਨਾ ਨਾਲ ਜੁੜਿਆ ਹੋ ਸਕਦਾ ਹੈ। ਲੁਈਸਿਆਨਾ ਸਟੇਟ ਪੁਲਸ ਨੇ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਹੈ ਅਤੇ ਨੇੜਲੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਹੈ। ਹਾਲਾਂਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ, ਜ਼ਖਮੀਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਅਧਿਕਾਰੀ ਲੋਕਾਂ ਨੂੰ ਜਾਂਚ ਵਿੱਚ ਰੁਕਾਵਟ ਪਾਉਣ ਤੋਂ ਬਚਣ ਲਈ ਇਲਾਕੇ ਤੋਂ ਦੂਰ ਰਹਿਣ ਦੀ ਅਪੀਲ ਕਰ ਰਹੇ ਹਨ।

ਕਲਿੰਟਨ ਲੁਈਸਿਆਨਾ ਦਾ ਇੱਕ ਛੋਟਾ ਜਿਹਾ ਸ਼ਹਿਰ ਹੈ ਜਿਸਦੀ ਆਬਾਦੀ ਸਿਰਫ 1,300 ਹੈ। ਇਹ ਬੈਟਨ ਰੂਜ ਮੈਟਰੋਪੋਲੀਟਨ ਖੇਤਰ ਦਾ ਹਿੱਸਾ ਹੈ। 'ਦੇਸ਼ ਵਿੱਚ ਮਾਰਡੀ ਗ੍ਰਾਸ' ਇੱਥੇ ਇੱਕ ਸਾਲਾਨਾ ਸਮਾਗਮ ਹੈ। ਇਹ ਇਸ ਪੇਂਡੂ ਖੇਤਰ ਵਿੱਚ ਮਾਰਡੀ ਗ੍ਰਾਸ ਮਨਾਉਣ ਲਈ ਆਯੋਜਿਤ ਕੀਤਾ ਜਾਂਦਾ ਹੈ। ਲੋਕ ਪਰਿਵਾਰਾਂ ਨਾਲ ਆਉਂਦੇ ਹਨ, ਪਰੇਡ ਦੇਖਦੇ ਹਨ ਅਤੇ ਤਿਉਹਾਰਾਂ ਦਾ ਆਨੰਦ ਮਾਣਦੇ ਹਨ, ਪਰ ਇਸ ਵਾਰ ਖੁਸ਼ੀ ਦਰਦ ਵਿੱਚ ਬਦਲ ਗਈ।

# ਨੈਵ ਗੁਰਮ ਨੂੰ ਫਰਿਜ਼ਨੋ ਸਿਟੀ ਕੌਂਸਲ ਦੇ ਮੈਂਬਰ ਦੀ ਚੋਣ ਲਈ ਪੰਜਾਬੀ ਅਤੇ ਅਮੈਰੀਕਨ ਭਾਈਚਾਰੇ ਵੱਲੋਂ ਮਿਲਿਆ ਭਰਵਾਂ ਹੁੰਗਾਰਾ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਵਿਦੇਸ਼ਾਂ ਵੱਲ ਨੂੰ ਜਿਸ ਤਰ੍ਹਾਂ ਪੰਜਾਬੀ ਭਾਈਚਾਰੇ ਦਾ ਦਿਨ ਪ੍ਰਤੀ ਦਿਨ ਰੁਝਾਨ ਵਧਿਆ, ਉੱਥੇ ਰਾਜਨੀਤੀ ਵਿੱਚ ਵੀ ਮੱਲਾਂ ਮਾਰ ਰਹੇ ਹਨ। ਸਮੁੱਚੇ ਪੰਜਾਬੀ ਭਾਈਚਾਰੇ ਦੇ ਬੱਚੇ ਹੁਣ ਉੱਚ ਵਿੱਦਿਆ ਪ੍ਰਾਪਤ ਕਰ ਚੰਗੇ ਅਹੁਦਿਆਂ ਤੇ ਪੰਜਾਬੀਅਤ ਦਾ ਮਾਣ ਵਧਾ ਰਹੇ ਹਨ। ਇਸ ਦੇ ਨਾਲ-ਨਾਲ ਵਿਦੇਸ਼ੀ ਰਾਜਨੀਤੀ ਵਿੱਚ ਹਿੱਸਾ ਲੈਣਾ ਵੀ ਮਾਣ ਵਾਲੀ ਗੱਲ ਹੈ।

ਇਸੇ ਲੜੀ ਅਧੀਨ ਫਰਿਜ਼ਨੋ ਦੇ ਵਸਨੀਕ ਅਮਰੀਕਾ ਦੇ ਜਨਮੇਂ ਨੌਜਵਾਨ ਗੱਭਰੂ ਨਵਕਰਨ ਸਿੰਘ ਗੁਰਮ, ਜਿਸ ਨੂੰ ਸਮੁੱਚੇ ਭਾਈਚਾਰੇ ਵਿੱਚ "ਨੈਵ ਗੁਰਮ" ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜੋ ਇੱਥੋਂ ਦੀ ਕਾਨੂੰਨੀ ਵਿਦਿਆ ਵਿੱਚ ਗਰੈਜੂਏਟ ਹਨ ਅਤੇ ਭਾਈਚਾਰਕ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਆ ਰਹੇ ਹਨ। ਇਨ੍ਹਾਂ ਨੇ ਹੁਣ ਫਰਿਜ਼ਨੋ ਸਿਟੀ ਵਿੱਚ ਜੂਨ ਮਹੀਨੇ ਹੋਣ ਜਾ ਰਹੀ ਸਿਟੀ




ਕੌਂਸਲ ਦੀ ਚੋਣ ਲੜਨੀ ਹੈ। ਜਿਸ ਲਈ ਸਮੁੱਚੇ ਭਾਈਚਾਰੇ ਨੇ ਰਲ ਇਕ ਫੰਡ ਇਕੱਤਰਤਾ ਕਲੋਵਸ ਸ਼ਹਿਰ ਵਿਖੇ ਕੀਤੀ। ਜਿਸ ਵਿੱਚ ਵੱਖ-ਵੱਖ ਸੰਸਥਾਵਾਂ ਅਤੇ ਅਦਾਰਿਆਂ ਨਾਲ ਸਬੰਧਤ ਪੰਜਾਬੀ ਭਾਈਚਾਰੇ ਅਤੇ ਅਮੈਰੀਕਨ ਭਾਈਚਾਰੇ ਦੇ ਨੁਮਾਇੰਦਿਆਂ ਅਤੇ ਹੋਰ ਸਹਿਯੋਗੀਆਂ ਨੇ ਸ਼ਿਰਕਤ ਕੀਤੀ। ਇਸ ਫੰਡ ਇਕੱਤਰਤਾ ਦੀ ਖਾਸ ਗੱਲ ਇਹ ਵੀ ਰਹੀ ਇਸ ਸਮੇਂ ਖਾਸ ਤੌਰ ਤੇ ਆਪਣੇ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਉਣ ਲਈ ਫਰਿਜ਼ਨੋ ਸ਼ਹਿਰ ਦੇ ਮੇਅਰ ਜੈਰੀ ਡਾਇਰ ਅਤੇ ਸਿਟੀ ਕੌਂਸਲ ਦੇ ਮੈਂਬਰ ਹਾਜ਼ਰ ਸਨ। ਇਸ ਮੌਕੇ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਨੈਵ ਗੁਰਮ ਦੀਆਂ ਸੇਵਾਵਾਂ ਦਾ ਜ਼ਿਕਰ ਕਰਦੇ ਹੋਏ ਪੂਰਾ ਸਮਰਥਨ ਦੇਣ ਦਾ ਵਾਅਦਾ ਕੀਤਾ।

ਇਸ ਸਮੇਂ ਬੋਲਦੇ ਹੋਏ ਨੈਵ ਗੁਰਮ ਨੇ ਭਾਈਚਾਰੇ ਲਈਂ ਆਪਣੀਆ ਸੇਵਾਵਾਂ ਅਤੇ ਫਰਿਜ਼ਨੋ ਸ਼ਹਿਰ ਲਈ ਭਵਿੱਖ ਸਿਟੀ ਕੌਂਸਲ ਦੇ ਮੈਂਬਰ ਬਣਨ ਉਪਰੰਤ ਭਾਈਚਾਰਕ ਕਾਰਜਾਂ ਦਾ ਜ਼ਿਕਰ ਕੀਤਾ। ਅੰਤ ਇਸ ਫੰਡ ਇਕੱਤਰਤਾ ਵਿੱਚ ਵੱਧ ਚੜ ਕੇ ਆਰਥਿਕ ਮਦਦ ਕਰਨ ਵਾਲੇ ਸਭ ਹਾਜ਼ਰੀਨ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦੇ ਹੋਏ, ਸ਼ੁਰੂ ਹੋਣ ਜਾ ਰਹੀ ਚੋਣ ਮਹਿੰਮ ਵਿੱਚ ਸਹਿਯੋਗ ਦੀ ਮੰਗ ਕੀਤੀ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਫਰਿਜ਼ਨੋ ਸਿਟੀ ਪਲੈਨਿੰਗ ਬੋਰਡ ਮੈਂਬਰ ਗੁਰਦੀਪ ਸਿੰਘ ਸ਼ੇਰਗਿੱਲ ਨੇ ਬਾਖ਼ੂਬੀ ਕੀਤਾ। ਅੰਤ ਮੇਲ-ਮਿਲਾਪ ਅਤੇ ਚੋਣਾਂ ਲਈ ਸਹਿਯੋਗ ਦੇ ਵਾਅਦਿਆਂ ਦੇ ਨਾਲ-ਨਾਲ, ਚਾਹ-ਪਾਣੀ ਤੋਂ ਇਲਾਵਾ ਰਾਤਰੀ ਦੇ ਖਾਣੇ ਨਾਲ ਯਾਦਗਾਰੀ ਹੋ ਨਿਬੜਿਆ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# 'ਰੂਸ ਤੋਂ ਤੇਲ ਖ਼ਰੀਦਣਾ ਬੰਦ ਕਰੇਗਾ ਭਾਰਤ', ਟੈਰਿਫ ਘਟਾਉਣ ਦੇ ਐਲਾਨ ਮਗਰੋਂ ਡੋਨਾਲਡ ਟਰੰਪ ਦਾ ਵੱਡਾ ਦਾਅਵਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਵੇਗਾ। ਇਹ ਦਾਅਵਾ ਅਜਿਹੇ ਸਮੇਂ ਆਇਆ ਹੈ, ਜਦੋਂ ਰਾਸ਼ਟਰਪਤੀ ਨੇ ਭਾਰਤ ਲਈ ਟੈਰਿਫ ਘਟਾਉਣ ਦਾ ਐਲਾਨ ਕੀਤਾ ਹੈ। ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਕਿਹਾ ਕਿ ਭਾਰਤ 'ਤੇ ਲਗਾਇਆ ਗਿਆ ਰੈਸੀਪ੍ਰੋਕਲ ਟੈਰਿਫ 18 ਫੀਸਦੀ ਤੱਕ ਘਟਾ ਦਿੱਤਾ ਜਾਵੇਗਾ।

ਟਰੰਪ ਦੇ ਦਾਅਵੇ ਨੂੰ ਭਾਰਤ ਦੀ ਊਰਜਾ ਨੀਤੀ ਅਤੇ ਮਜ਼ਬੂਤ ਭਾਰਤ-ਰੂਸ ਸਬੰਧਾਂ ਦੇ ਸੰਦਰਭ ਵਿੱਚ ਮਹੱਤਵਪੂਰਨ ਮੰਨਿਆ ਜਾਂਦਾ ਹੈ। ਕੁਝ ਸਮੇਂ ਤੋਂ ਭਾਰਤ ਅਤੇ ਰੂਸ ਤੇਲ ਅਤੇ ਊਰਜਾ ਖੇਤਰਾਂ ਵਿੱਚ ਸਹਿਯੋਗ ਕਰ ਰਹੇ ਹਨ, ਜੋ ਕਿ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਦਾ ਹਿੱਸਾ ਹੈ। ਹਾਲਾਂਕਿ, ਟਰੰਪ ਨੇ ਆਪਣੇ ਦਾਅਵੇ ਲਈ ਕੋਈ ਠੋਸ ਕਾਰਨ ਜਾਂ ਸਮਾਂ-ਸੀਮਾ ਨਹੀਂ ਦਿੱਤੀ। ਇਹ ਬਿਆਨ ਸੁਭਾਵਿਕ ਤੌਰ 'ਤੇ ਇਹ ਸਵਾਲ ਉਠਾਉਂਦਾ ਹੈ ਕਿ ਕੀ ਭਾਰਤ ਆਪਣੀ ਊਰਜਾ ਰਣਨੀਤੀ ਵਿੱਚ ਕੋਈ ਵੱਡਾ ਬਦਲਾਅ ਕਰਨ ਦੀ ਯੋਜਨਾ ਬਣਾ ਰਿਹਾ ਹੈ। ਭਾਰਤ ਸਰਕਾਰ ਨੇ ਅਜੇ ਤੱਕ ਰਾਸ਼ਟਰਪਤੀ ਟਰੰਪ ਦੇ ਰੂਸ ਤੋਂ ਤੇਲ ਖਰੀਦਣਾ ਬੰਦ ਕਰਨ ਦੇ ਦਾਅਵੇ 'ਤੇ ਅਧਿਕਾਰਤ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ, ਜਿਸ ਨਾਲ ਸਥਿਤੀ ਅਸਪੱਸ਼ਟ ਹੋ ਗਈ ਹੈ।

**ਮੋਦੀ-ਟਰੰਪ ਗੱਲਬਾਤ ਅਤੇ ਸੰਕੇਤ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਸ਼ਾਮ ਨੂੰ ਗੱਲਬਾਤ ਕੀਤੀ। ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕੀਤਾ ਕਿ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਫੋਨ 'ਤੇ ਗੱਲ ਕੀਤੀ ਅਤੇ ਜਲਦੀ ਹੀ ਇੱਕ ਵੱਡਾ ਐਲਾਨ ਕੀਤਾ ਜਾਵੇਗਾ। ਲਗਭਗ ਡੇਢ ਘੰਟੇ ਬਾਅਦ ਅਮਰੀਕਾ ਨੇ ਭਾਰਤ 'ਤੇ ਆਯਾਤ ਡਿਊਟੀਆਂ ਵਿੱਚ ਕਟੌਤੀ ਦਾ ਐਲਾਨ ਕੀਤਾ।

**ਅਮਰੀਕਾ ਤੋਂ ਟੈਰਿਫ ਘੱਟ ਹੋਣ 'ਤੇ ਪੀਐੱਮ ਮੋਦੀ ਦੀ ਪੋਸਟ :** ਪੀਐੱਮ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਆਪਣੀ ਗੱਲਬਾਤ ਨੂੰ ਸ਼ਾਨਦਾਰ ਦੱਸਿਆ। ਉਨ੍ਹਾਂ ਖੁਸ਼ੀ ਪ੍ਰਗਟ ਕੀਤੀ ਕਿ ਭਾਰਤ ਵਿੱਚ ਬਣੇ ਉਤਪਾਦਾਂ 'ਤੇ ਹੁਣ 18% ਦੀ ਘੱਟ ਦਰ 'ਤੇ ਟੈਕਸ ਲਗਾਇਆ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਮਹੱਤਵਪੂਰਨ ਐਲਾਨ ਲਈ ਭਾਰਤ ਦੇ 1.4 ਅਰਬ ਲੋਕਾਂ ਵੱਲੋਂ ਰਾਸ਼ਟਰਪਤੀ ਟਰੰਪ ਦਾ ਧੰਨਵਾਦ ਕੀਤਾ। ਦੋ ਵੱਡੀਆਂ ਆਰਥਿਕ ਸ਼ਕਤੀਆਂ ਅਤੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰਾਂ ਵਿਚਕਾਰ ਇਹ ਸਹਿਯੋਗ ਸਾਡੇ ਲੋਕਾਂ ਲਈ ਲਾਭਦਾਇਕ ਹੈ ਅਤੇ ਨਵੇਂ ਮੌਕੇ ਖੋਲ੍ਹਦਾ ਹੈ। ਨਰਿੰਦਰ ਮੋਦੀ ਨੇ ਕਿਹਾ ਕਿ ਜਦੋਂ ਭਾਰਤ ਅਤੇ ਅਮਰੀਕਾ ਇਕੱਠੇ ਕੰਮ ਕਰਦੇ ਹਨ, ਤਾਂ ਇਹ ਦੋਵਾਂ ਦੇਸ਼ਾਂ ਵਿਚਕਾਰ ਆਪਸੀ ਸਮਝ ਅਤੇ ਤਾਕਤ ਨੂੰ ਵਧਾਉਂਦਾ ਹੈ, ਜੋ ਵਿਸ਼ਵਵਿਆਪੀ ਸਥਿਰਤਾ ਅਤੇ ਖੁਸ਼ਹਾਲੀ ਨੂੰ ਵੀ ਉਤਸ਼ਾਹਿਤ ਕਰਦਾ ਹੈ।

**ਵਪਾਰ ਗੱਲਬਾਤ ਦੌਰਾਨ ਟੈਰਿਫ 'ਚ ਰਾਹਤ :** ਟੈਰਿਫ ਵਿੱਚ ਇਹ ਕਟੌਤੀ ਉਸ ਸਮੇਂ ਹੋਈ ਹੈ, ਜਦੋਂ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਅਤੇ ਆਰਥਿਕ ਸਹਿਯੋਗ ਨੂੰ ਲੈ ਕੇ ਲਗਾਤਾਰ ਗੱਲਬਾਤ ਚੱਲ ਰਹੀ ਸੀ। ਭਾਰਤ ਲੰਬੇ ਸਮੇਂ ਤੋਂ ਅਮਰੀਕੀ ਟੈਰਿਫ ਤੋਂ ਰਾਹਤ ਦੀ ਮੰਗ ਕਰ ਰਿਹਾ



ਹੈ। ਹੁਣ, ਟੈਰਿਫ ਵਿੱਚ ਕਟੌਤੀ ਨਾਲ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਭਾਰਤ ਦਾ ਨਿਰਯਾਤ ਖੇਤਰ ਮਜ਼ਬੂਤ ਹੋਵੇਗਾ। ਹਾਲਾਂਕਿ, ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਰਜੀਓ ਗੋਰ ਨੇ ਕਿਹਾ ਕਿ ਜਿਵੇਂ-ਜਿਵੇਂ ਭਾਰਤ ਰੂਸ ਤੋਂ ਤੇਲ ਦੀ ਖਰੀਦ ਘਟਾਉਂਦਾ ਹੈ, ਉਸੇ ਤਰ੍ਹਾਂ ਟੈਰਿਫ ਵੀ ਘਟਾਏ ਜਾਣਗੇ।

**ਰੂਸ ਤੋਂ ਕਿੰਨਾ ਤੇਲ ਆਯਾਤ ਕਰਦਾ ਹੈ ਭਾਰਤ ?**
2020-21 ਵਿੱਚ ਰੂਸ ਤੋਂ 0.419 MMT (ਮਿਲੀਅਨ ਮੀਟ੍ਰਿਕ ਟਨ) ਤੇਲ ਆਯਾਤ ਕੀਤਾ ਗਿਆ ਸੀ। ਇਹ ਭਾਰਤ ਦੇ ਕੁੱਲ ਆਯਾਤ ਦਾ 1.59 ਫੀਸਦੀ ਸੀ। 2021-22 ਵਿੱਚ ਇਹ ਲਗਭਗ 4 MMT ਸੀ ਅਤੇ ਇਹ 2.02 ਫੀਸਦੀ ਸੀ। 2022-23 ਵਿੱਚ ਇਹ 52 MMT (13 ਗੁਣਾ ਵਾਧਾ) ਤੋਂ ਵੱਧ ਹੋਵੇਗਾ, ਜੋ ਕਿ 19.13 ਫੀਸਦੀ ਹੈ। 2023-24 ਵਿੱਚ ਇਹ ਲਗਭਗ 70-75 MMT ਸੀ ਅਤੇ ਇਹ 33.38 ਫੀਸਦੀ ਸੀ। 2024-25 ਵਿੱਚ 87 MMT ਤੋਂ ਵੱਧ ਤੇਲ ਆਯਾਤ ਕੀਤਾ ਗਿਆ ਸੀ ਅਤੇ ਇਹ ਭਾਰਤ ਦੇ ਕੁੱਲ ਆਯਾਤ ਦਾ 35.14 ਫੀਸਦੀ ਸੀ।

**ਵਿਦੇਸ਼ ਜਾਣਕਾਰੀ ਦੇ ਮਾਮਲਿਆਂ ਦੇ ਜਾਣਕਾਰ ਰੌਬਿੰਦਰ ਸਚਦੇਵ ਨੇ ਕੀ ਕਿਹਾ ? :** ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਦੇਸ਼ੀ ਮਾਮਲਿਆਂ ਦੇ ਮਾਹਰ ਰੌਬਿੰਦਰ ਸਚਦੇਵ ਨੇ ਕਿਹਾ ਕਿ ਰੂਸ ਤੋਂ ਇਸ ਸਮੇਂ ਖਰੀਦਿਆ ਜਾ ਰਿਹਾ ਤੇਲ ਅੰਤਰਰਾਸ਼ਟਰੀ ਬਾਜ਼ਾਰ ਦੇ ਮੁਕਾਬਲੇ ਪ੍ਰਤੀ ਬੈਰਲ ਲਗਭਗ ਰੁ. 5-ਰੁ. 6 ਦੀ ਛੋਟ ਦੇ ਰਿਹਾ ਸੀ। ਇਸ ਤੋਂ ਇਲਾਵਾ ਰੂਸੀ ਤੇਲ ਖਰੀਦਣ ਵਿੱਚ ਕਈ ਵਿਹਾਰਕ ਮੁਸ਼ਕਲਾਂ ਸਨ। ਸ਼ੈਡੋ ਫਲੀਟਾਂ ਕਾਰਨ ਬੀਮਾ ਉਪਲਬਧ ਨਹੀਂ ਸੀ ਅਤੇ ਖਰੀਦਦਾਰੀ ਅਸਿੱਧੇ ਤੌਰ 'ਤੇ ਵਿਚੋਲਿਆਂ ਰਾਹੀਂ ਕਰਨੀ ਪੈਂਦੀ ਸੀ, ਜਿਸ ਨਾਲ ਅਸਲ ਬੱਚਤ ਸੀਮਤ ਹੋ ਜਾਂਦੀ ਸੀ। ਇਸਦਾ ਮਤਲਬ ਸੀ ਕਿ ਰੂਸ ਤੋਂ ਤੇਲ ਖਰੀਦਣ ਦੇ ਆਰਥਿਕ ਲਾਭ ਹੁਣ ਲਗਭਗ ਅਲੋਪ ਹੋ ਗਏ ਸਨ। ਦੂਜਾ ਅਤੇ ਸਭ ਤੋਂ ਮਹੱਤਵਪੂਰਨ ਕਾਰਨ ਵਪਾਰ ਸੌਦੇ ਨਾਲ ਸਬੰਧਤ ਸੀ। ਭਾਰਤ 'ਤੇ 25 ਪ੍ਰਤੀਸ਼ਤ ਤੱਕ ਟੈਰਿਫ ਲਗਾਉਣ ਦੀ ਗੱਲ ਹੋ ਰਹੀ ਸੀ। ਇਸ ਵਪਾਰ ਸੌਦੇ ਵਿੱਚ ਖੇਤੀਬਾੜੀ ਖੇਤਰ, ਡੇਅਰੀ ਅਤੇ ਭਾਰਤ ਦੀਆਂ ਲਾਲ ਰੇਖਾਵਾਂ ਵਰਗੇ ਮੁੱਦੇ ਪਹਿਲਾਂ ਹੀ ਵੱਡੇ ਪੱਧਰ 'ਤੇ ਹੱਲ ਹੋ ਚੁੱਕੇ ਸਨ। ਹਾਲਾਂਕਿ, ਇੱਕ ਸ਼ਰਤ ਜੋ ਲਗਾਤਾਰ ਆਉਂਦੀ ਰਹੀ, ਉਹ ਇਹ ਸੀ ਕਿ ਭਾਰਤ ਨੂੰ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਣਾ ਚਾਹੀਦਾ ਹੈ। ਜਿਵੇਂ ਹੀ ਭਾਰਤ ਨੇ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦਿੱਤਾ, ਵਪਾਰ ਸੌਦਾ ਦੁਬਾਰਾ ਸਰਗਰਮ ਹੋ ਗਿਆ।

## ਚੋਣਾਂ ਦਾ ਕੌਮੀਕਰਨ ਕਰ ਦੇਣਾ ਚਾਹੀਦਾ : ਟਰੰਪ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਿਪਬਲੀਕਨਾਂ ਨੂੰ ਕਿਹਾ ਹੈ ਕਿ ਵੋਟਿੰਗ ਪ੍ਰਕ੍ਰਿਆ ਦਾ ਸੰਘੀਕਰਨ ਕਰ ਦੇਣਾ ਚਾਹੀਦਾ ਹੈ ਤੇ ਰਾਜਾਂ ਕੋਲ ਕੰਟਰੋਲ ਨਹੀਂ ਹੋਣਾ ਚਾਹੀਦਾ। ਟਰੰਪ ਨੇ 2020 'ਚ ਚੋਣ ਧਾਂਦਲੀ ਤੇ ਪ੍ਰਵਾਸੀਆਂ ਦੀਆਂ ਗੈਰ ਕਾਨੂੰਨੀ ਵੋਟਾਂ ਦਾ ਮੁੱਦਾ ਫਿਰ ਉਠਾਇਆ ਹੈ। 2020 'ਚ ਉਹ ਜੋਅ ਬਾਇਡਨ ਕੋਲੋਂ ਚੋਣ ਹਾਰ ਗਏ ਸਨ। ਟਰੰਪ ਡੈਨ ਬੋਨਗਿਨੋ ਦੇ ਪੌਡਕਾਸਟ ਉਪਰ ਗੱਲ ਕਰ ਰਹੇ ਸਨ। ਟਰੰਪ ਦਾ ਇਹ ਬਿਆਨ ਐਫ.ਬੀ.ਆਈ. ਵੱਲੋਂ 2020 ਦੀਆਂ ਆਮ ਚੋਣਾਂ ਸਬੰਧੀ ਜਾਂਚ ਦੇ ਹਿੱਸੇ ਵਜੋਂ ਜਾਰਜੀਆ 'ਚ ਐਟਲਾਂਟਾ ਨੇੜੇ ਫਲਟੋਨ ਕਾਊਂਟੀ ਇਲੈਕਸ਼ਨ ਸੈਂਟਰ ਵਿਖੇ ਸਰਚ ਵਾਰੰਟਾਂ ਤਹਿਤ ਮਾਰੇ ਛਾਪੇ ਤੋਂ ਬਾਅਦ ਆਇਆ ਹੈ। ਜਾਰਜੀਆ ਉਨਾਂ ਰਾਜਾਂ ਵਿਚ ਸ਼ਾਮਿਲ ਹੈ ਜਿਨ੍ਹਾਂ 'ਚ ਜੋ ਬਾਇਡਨ ਦੀ ਜਿੱਤ ਹੋਈ ਸੀ। ਟਰੰਪ ਨੇ ਕਿਹਾ ਕਿ ਕੁਝ ਰਾਜ ਹਨ ਜਿਥੋਂ ਮੈ ਜਿੱਤਿਆ ਸੀ ਬਾਈਡਨ ਨਹੀਂ ਜਿੱਤਿਆ ਸੀ। ਹੁਣ ਤੁਸੀਂ ਵੇਖੋਗੇ ਕਿ ਜਾਰਜੀਆ 'ਚ ਕੁਝ ਦਿਲਚਸਪ ਚੀਜ਼ਾਂ ਸਾਹਮਣੇ ਆਉਣਗੀਆਂ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜੋ ਚਿਟੇ ਚੁਣਾਏ, ਸੋ ਤਨਖਾਹੀਆ।
ਜੋ ਕੇਸਾਧਾਰੀ ਕਲਫ਼ ਲਾਏ,
ਸੋ ਤਨਖਾਹੀਆ।
(ਰਹਿਤਨਾਮਾ ਭਾਈ ਚਉਪਾ ਸਿੰਘ ਛਿੱਬਰ, ਪੰਨਾ ੧੦੮)

ਨਾਂ ਕੇਵਲ ਦਾਹੜਾ ਰੰਗਣ ਬਲਕਿ ਕਿਸੇ ਵੀ ਢੰਗ ਨਾਲ ਕੇਸਾਂ ਦੀ ਬੇਅਦਬੀ ਕਰਨੀ ਬਹੁਤ ਵੱਡੀ ਕੁਰਹਿਤ ਹੈ।

ਜੋ ਕੇਸਾਧਾਰੀ ਹੋਇ ਕੇ ਬੇਟੇ ਕਤਰੂ (ਕੇਸ ਕਟਣ ਵਾਲੇ) ਰਖੇ, ਸੋ ਤਨਖਾਹੀਆ।
ਜੋ ਕੇਸਾਧਾਰੀ ਦੰਦਾਂ ਨਾਲ ਦਾੜ੍ਹੀ ਟੁਕੇ ਅਥਵਾ ਕੈਂਚੀ ਮੋਚਨਾ ਲਵਾਏ ਸੋ ਤਨਖਾਹੀਆ॥
(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੧੧੧)

ਕੇਸਾਂ ਦਾ ਸ਼ਿੰਗਾਰ ਰਹਿਤ ਹੈ, ਨਾ ਕਿ ਕੋਈ ਵਸਮਾ, ਕਲਫ਼ ਜਾਂ ਰੰਗ। ਨਾਲੇ ਕੇਸਾਂ ਦੇ ਸੰਭਾਲ ਦਾ ਹੁਕਮ ਹੈ ਨਾ ਕਿ ਸਿੰਗਾਰ ਦਾ। ਭਾਈ ਦੇਸਾ ਸਿੰਘ ਜੀ ਨੇ ਰਹਿਤਨਾਮੇ ਵਿਚ ਅੰਕਤ ਕੀਤਾ ਹੈ ਕਿ ਜਿਵੇਂ ਵੇਦ ਹੀਣ ਬ੍ਰਾਹਮਣ, ਸ਼ੀਲ ਬਿਨਾਂ ਨਾਰੀ ਅਤੇ ਰਫ਼ਤਾਰ ਬਿਨਾਂ ਘੋੜਾ ਹੈ ਇਸ ਤਰ੍ਹਾਂ ਰਹਿਤ ਦੇ ਬਿਨਾਂ ਇਹ ਕੇਸ ਮਲੀਨ ਹਨ।

ਬੇਦ ਰਹਤ ਜਿਮ ਦਿਸ ਨ ਸੁਹਾਵਤ।
ਸੀਲ ਰਹਤ ਕੁਲ ਨਾਰਿ ਨਾ ਭਾਵਤ।
ਬੇਗ ਰਹਤ ਜਿਮ ਬਾਜ਼ੀ ਹੀਨ।
ਰਹਤ ਬਿਨਾ ਇਹ ਕੇਸ ਮਲੀਨ॥੯੩॥
(ਰਹਿਤਨਾਮਾ ਭਾਈ ਦੇਸਾ ਸਿੰਘ)

ਭਾਈ ਸਾਹਿਬ ਜੀ ਹਵਾਲਾ ਦਿੰਦੇ ਹਨ ਕਿ ਜੇਕਰ ਕਿਸੇ ਖੋਤੇ ਨੂੰ ਨੁਹਾ ਧਵਾ ਕੇ ਉਸਦੇ ਸਿਰ 'ਤੇ ਫੁਲਾਂ ਦੀ ਮਾਲਾ ਸਜਾ ਦਿੱਤੀ ਜਾਏ ਤਾਂ ਇਸ ਨਾਲ ਉਸਦੀ ਇੱਜ਼ਤ ਨਹੀਂ ਵਧ ਜਾਂਦੀ ਬਲਕਿ ਇਹ ਲੋਕਾਂ ਦੇ ਹਾਸੇ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ ਕੁਰਹਿਤੀਏ ਦੇ ਸਿਰ 'ਤੇ ਕੇਸ ਹਨ। ਕੇਸਾਂ ਦਾ ਸ਼ਿੰਗਾਰ ਰਹਿਤ ਹੈ। ਇਸ ਦੇ ਨਾਲ ਹੀ ਉਹ ਬਹੁਤ ਵੱਡੀ ਗੱਲ ਕਰਦੇ ਹਨ ਕਿ ਜੇਕਰ ਸਿੱਖ ਦੀ ਰਹਿਤ ਨਹੀਂ ਹੈ ਤਾਂ ਉਸ ਨੂੰ ਕੇਸ ਵੀ ਭਾਰੇ ਲੱਗਣਗੇ ਅਤੇ ਸਿਰ ਵੀ ਦੁੱਖੇਗਾ।


ਜਿਉਂ ਕਾਹੂ ਲੇ ਗਧਾ ਨੁਵਾਇਓ।
ਫੂਲਮਾਲ ਤਿਹ ਮੂੰਡ ਧਰਾਇਓ।
ਤਿਹ ਕਰ ਤਾਂ ਕੀ ਸ਼ੋਭਾ ਨਾਹੀ।
ਹਾਸੀ ਜੋਗ ਹੋਇ ਜਗ ਮਾਹੀ॥੯੪॥
ਤਿਮ ਕੁਰਹਿਤੀਏ ਕੇਸ ਰਖਾਏ।
ਕਹਹੁ ਸੋ ਕੈਸੇ ਸ਼ੋਭਾ ਪਾਏ।
ਰਹਤ ਸੁ ਕੇਸਨ ਕੋ ਅਤਿ ਭੂਖਨ।
ਰਹਤ ਬਿਨਾ ਸਿਰ ਕੇਸ ਭੀ ਦੂਖਨ॥੯੫॥
(ਰਹਿਤਨਾਮਾ ਭਾਈ ਦੇਸਾ ਸਿੰਘ)

ਉਰਦੂ ਦੇ ਨਾਮਵਰ ਸ਼ਾਇਰ ਜ਼ੌਕ ਨੇ ਵੀ ਵਾਲ ਰੰਗਣ ਬਾਰੇ ਚੋਟ ਕੀਤੀ ਹੈ ਕਿ ਜਾਪਦਾ ਹੈ ਸ਼ੇਖ ਸਾਹਿਬ ਦੇ ਮਨ ਵਿਚ ਹਾਲੇ ਵੀ ਗੁਨਾਹ ਦੀ ਕੋਈ ਹਸਰਤ ਬਾਕੀ ਹੈ। ਤਾਹੀਓਂ ਦਾੜ੍ਹੀ ਕਾਲੀ ਕਰਵਾਈ ਹੈ ਕਿਉਂਕਿ ਹੁਣ ਜਾਪਦਾ ਹੈ ਮੂੰਹ ਕਾਲਾ ਕਰਵਾਉਣਾ ਬਾਕੀ ਹੈ।

ਬਾਕੀ ਹੈ ਦਿਲ ਮੇ ਸ਼ੈਖ ਕੇ ਹਸਰਤ ਗੁਨਾਹ ਕੂ
ਕਾਲਾ ਕਰੇਗਾ ਮੂੰਹ ਭੀ ਜੋ ਦਾੜ੍ਹੀ ਸਯਾਹ ਕੀ

4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ

ਸਿੱਖ ਰਹਿਤ ਮਰਯਾਦਾ ਦੇ ਅਨੰਦ ਕਾਰਜ ਵਾਲੇ ਅਧਿਆਇ ਦੀ ਮੱਦ (ਛ) ਵਿਚ ਵੀ ਇਸ ਬਾਰੇ ਅੰਕਤ ਹੈ ਕਿ ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਕਰੇ। ਇਥੇ ਇਸ ਅੰਕ ਵਿਚ ਐਸਾ ਕਰਨ ਵਾਲਾ ਤਨਖਾਹੀਆ ਕਰਾਰ ਦਿੱਤਾ ਗਿਆ ਹੈ।




5. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ

ਗੁਰਮਤਿ ਦੀ ਰਹਿਣੀ ਦੀ ਮੱਦ (ਙ)ਵਿਚ ਵੀ ਅੰਕਤ ਹੈ, 'ਸਿੱਖ ਭੰਗ, ਅਫ਼ੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।' ਇਹੀ ਮੱਦ ਇਥੇ ਦੁਬਾਰਾ ਦੁਹਰਾਈ ਗਈ ਹੈ ਪਰ ਐਸਾ ਕਰਨ ਵਾਲੇ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ, ਜੋ ਕਿ ਧਾਰਮਿਕ ਦੰਡ ਦਾ ਅਧਿਕਾਰ ਹੈ। ਇਥੇ ਨਸ਼ਿਆਂ ਦੀ ਸੂਚੀ ਵਿਚ 'ਆਦਿ' ਲਫ਼ਜ਼ ਜੋੜਿਆ ਗਿਆ ਹੈ। ਇਸ ਕਾਰਨ ਹੈ ਕਿ ਨਿਤ ਨਵੇਂ ਕਿਸਮ ਦੇ ਨਸ਼ੇ ਈਜਾਦ ਹੋ ਰਹੇ ਹਨ। ਇਸ ਲਈ ਉਨ੍ਹਾਂ ਸਾਰਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਨਸ਼ਾ ਜੇਕਰ ਕਰਨਾ ਹੀ ਹੈ ਤਾਂ ਉਹ ਹੈ ਪ੍ਰਸ਼ਾਦੇ ਦਾ। ਇਸ ਬਾਰੇ ਨਿਹੰਗ ਸਿੰਘ ਗਿਆਨੀ ਸ਼ੇਰ ਸਿੰਘ ਜੀ ਨੇ ਸਪਸ਼ਟ ਕੀਤਾ ਹੈ ਕਿ ਆਮ ਧਾਰਨਾ ਦੇ ਵਿਪਰੀਤ ਨਿਹੰਗ ਸਿੰਘ ਕਿਸੇ ਵੀ ਕਿਸਮ ਦਾ ਨਾ ਤਾਂ ਨਸ਼ਾ ਹੀ ਵਰਤਦੇ ਹਨ ਅਤੇ ਨਾ ਹੀ ਇਸ ਦੀ ਆਗਿਆ ਹੀ ਦਿੰਦੇ ਹਨ। ਅਲਬੱਤਾ ਪੁਰਾਤਨ ਇਤਿਹਾਸਕ ਪ੍ਰੰਪਰਾ ਮੁਤਾਬਕ ਸ਼ਹੀਦੀ ਦੇਗ਼ ਜੋ ਬਦਾਮ, ਲਾਚੀਆਂ, ਕਾਲੀ ਮਿਰਚ, ਮਗਜ਼ ਆਦਿ ਨਾਲ ਤਿਆਰ ਹੁੰਦੀ ਹੈ ਉਸ ਵਿਚ ਕੇਵਲ ਪੰਚ ਪੱਤੇ ਸੁੱਖੇ ਦੇ ਪਾਂਦੇ ਹਨ।

ਸਤਿਗੁਰੂ ਜੀ ਸ਼ਰਾਬ ਬਾਰੇ ਸੁਚੇਤ ਕਰਦੇ ਹਨ ਕਿ ਇਨਸਾਨ ਇਸ ਨਾਲ ਦੋਹੀਂ ਜਹਾਨੀ ਧੱਕੇ ਹੀ ਸਹੇੜਦਾ ਹੈ,

ਮਾਣਸੁ ਭਰਿਆ ਅਣਿਆ ਮਾਣਸੁ ਭਰਿਆ ਆਇ॥
ਆਪਣਾ ਪਰਾਇਆ ਨਾ ਪਛਾਣਈ ਖਸਮਹੁ ਧਕੇ ਖਾਇ॥
(ਮ. ੪, ੫੫੫)

ਇਹ ਨਸ਼ੇ ਨਾਲ ਇਨਸਾਨ ਦੁਰਲਭ ਜਨਮੁ ਵੀ ਗਵਾ ਲੈਂਦਾ ਹੈ :

ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ॥੧॥
ਰੇ ਨਰ ਐਸੀ ਕਰਹਿ ਇਆਨਥ॥
(ਮਾਰੂ ਮ. ੫, ਅੰਗ ੧੦੦੧)

ਪਾਂਚ ਕਰਮ ਨ ਕਰੇ, ਜੋ ਜੀਵਨ-ਮੁਕਤ ਹੈ-
ਪਰਧਨ, ਪਰ ਇਸਤ੍ਰੀ, ਪਰਨਿੰਦਾ ਜੂਆ, ਮਦਰਾ।
(ਰਹਿਤਨਾਮਾ ਭਾਈ ਦਯਾ ਸਿੰਘ ਜੀ, ਪੰਨਾ ੭੧)

**(ਚਲਦਾ)**

# ਮੈਸਾਚੂਸੇਟਸ ਤੱਟ ਨੇੜੇ ਮੱਛੀ ਫੜਨ ਵਾਲੀ ਕਿਸ਼ਤੀ ਲਾਪਤਾ, 7 ਲੋਕ ਸਨ ਸਵਾਰ




ਬੋਸਟਨ : ਅਮਰੀਕਾ ਦੇ ਮੈਸਾਚੂਸੇਟਸ ਤੱਟ ਤੋਂ ਇੱਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇੱਥੇ ਕੇਪ ਐਨ (Cape Ann) ਤੋਂ ਲਗਭਗ 25 ਮੀਲ ਦੂਰ ਅਟਲਾਂਟਿਕ ਮਹਾਸਾਗਰ ਵਿੱਚ ਮੱਛੀ ਫੜਨ ਵਾਲੀ ਇੱਕ 72 ਫੁੱਟ ਲੰਬੀ ਕਿਸ਼ਤੀ 'ਲਿਲੀ ਜੀਨ' (Lily Jean) ਦੇ ਲਾਪਤਾ ਹੋਣ ਤੋਂ ਬਾਅਦ ਹੜਕੰਪ ਮਚ ਗਿਆ ਹੈ। ਇਸ ਕਿਸ਼ਤੀ ਵਿੱਚ ਕੁੱਲ 7 ਲੋਕ ਸਵਾਰ ਸਨ।

### ਮਲਬਾ ਮਿਲਿਆ, ਜਾਰੀ ਹੈ ਤਲਾਸ਼ੀ ਮੁਹਿੰਮ

ਤਟ ਰੱਖਿਅਕ ਬਲ (Coast Guard) ਨੂੰ ਸ਼ੁੱਕਰਵਾਰ ਤੜਕੇ ਕਿਸ਼ਤੀ ਦੇ ਸੰਕਟ ਵਿੱਚ ਹੋਣ ਦਾ ਸਿਗਨਲ ਮਿਲਿਆ ਸੀ। ਜਦੋਂ ਬਚਾਅ ਟੀਮਾਂ ਮੌਕੇ 'ਤੇ ਪਹੁੰਚੀਆਂ, ਤਾਂ ਉਨ੍ਹਾਂ ਨੂੰ ਪਾਣੀ ਵਿੱਚ ਕਿਸ਼ਤੀ ਦਾ ਮਲਬਾ ਅਤੇ ਇੱਕ ਵਿਅਕਤੀ ਦੀ ਲਾਸ਼ ਬਰਾਮਦ ਹੋਈ। ਸੂਬਾਈ ਸੀਨੇਟਰ ਬਰੂਸ ਟਾਰ (Bruce Tarr) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਸ਼ਟੀ ਕੀਤੀ ਕਿ ਕਿਸ਼ਤੀ 'ਤੇ 7 ਲੋਕ ਸਵਾਰ ਸਨ। ਕੋਸਟ ਗਾਰਡ ਵੱਲੋਂ ਖੋਜ ਅਤੇ ਬਚਾਅ ਕਾਰਜ ਜਾਰੀ ਹਨ।

# ਮੰਗਲ ਗ੍ਰਹਿ 'ਤੇ ਮਿਲਿਆ 3.5 ਅਰਬ ਸਾਲ ਪੁਰਾਣਾ 'ਬੀਚ'! ਨਾਸਾ ਨੂੰ ਮਿਲੇ ਜੀਵਨ ਦੇ ਪੁਖ਼ਤਾ ਸਬੂਤ

ਵਿਗਿਆਨੀਆਂ ਨੇ ਗਾਲ ਗ੍ਰਹਿ 'ਤੇ ਜੀਵਨ ਦੇ ਪ੍ਰਾਚੀਨ ਸੰਕੇਤਾਂ ਦੀ ਖੋਜ ਵਿੱਚ ਇੱਕ ਵੱਡੀ ਅਤੇ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ ਹੈ। ਨਾਸਾ ਦੇ ਪਰਸੀਵੀਅਰੈਂਸ ਰੋਵਰ ਨੇ ਮੰਗਲ ਗ੍ਰਹਿ ਦੇ ਜੇਜੇਰੋ ਕ੍ਰੇਟਰ (Jezero Crater) ਵਿੱਚ ਲਗਭਗ 3.5 ਅਰਬ ਸਾਲ ਪੁਰਾਣੇ ਸਮੁੰਦਰੀ ਤੱਟ (beach) ਅਤੇ ਇੱਕ ਵਿਸ਼ਾਲ ਝੀਲ ਦੇ ਸਬੂਤ ਲੱਭੇ ਹਨ। ਇਹ ਖੋਜ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਮੰਗਲ 'ਤੇ ਬਹੁਤ ਲੰਬੇ ਸਮੇਂ ਤੱਕ ਪਾਣੀ ਮੌਜੂਦ ਰਿਹਾ ਸੀ। ਵਿਗਿਆਨੀਆਂ ਅਨੁਸਾਰ, ਇਹ ਉਹ ਥਾਂ ਹੈ, ਜਿੱਥੇ ਕਦੇ ਪਾਣੀ ਦੀਆਂ ਲਹਿਰਾਂ ਕਿਨਾਰਿਆਂ ਨਾਲ ਟਕਰਾਉਂਦੀਆਂ ਸਨ, ਜਿਸ ਕਾਰਨ ਇਹ ਖੋਜ ਮੰਗਲ ਦੇ ਇਤਿਹਾਸ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਮੰਨੀ ਜਾ ਰਹੀ ਹੈ।

ਇਹ ਅਧਿਐਨ ਬ੍ਰਿਟੇਨ ਦੇ ਇੰਪੀਰੀਅਲ ਕਾਲਜ ਲੰਡਨ ਦੇ ਵਿਗਿਆਨੀਆਂ ਦੀ ਟੀਮ ਦੁਆਰਾ ਕੀਤਾ ਗਿਆ ਹੈ ਅਤੇ ਇਸ ਦੇ ਨਤੀਜੇ 'ਜਰਨਲ ਆਫ ਜੀਓਫਿਜ਼ੀਕਲ ਰਿਸਰਚ: ਪਲੈਨੇਟਸ' ਵਿੱਚ ਪ੍ਰਕਾਸ਼ਿਤ ਹੋਏ ਹਨ। ਰੋਵਰ ਦੁਆਰਾ ਲਈਆਂ ਗਈਆਂ ਉੱਚ-ਰੈਜ਼ੋਲੂਸ਼ਨ ਤਸਵੀਰਾਂ ਦੇ ਵਿਸ਼ਲੇਸ਼ਣ ਤੋਂ ਪਤਾ



ਲੱਗਾ ਹੈ ਕਿ ਜੇਜੇਰੋ ਕ੍ਰੇਟਰ ਦੇ 'ਮਾਰਜਿਨ ਯੂਨਿਟ' (Margin Unit) ਨਾਮਕ ਖੇਤਰ ਵਿੱਚ ਅਜਿਹੀਆਂ ਚੱਟਾਨਾਂ ਅਤੇ ਸੰਰਚਨਾਵਾਂ ਮਿਲੀਆਂ ਹਨ ਜੋ ਆਮ ਤੌਰ 'ਤੇ ਝੀਲ ਜਾਂ ਸਮੁੰਦਰ ਦੇ ਕੰਢੇ ਬਣਦੀਆਂ ਹਨ। ਖੋਜਕਰਤਾਵਾਂ ਨੂੰ ਉੱਥੇ ਓਲੀਵਿਨ ਅਤੇ ਕਾਰਬੋਨੇਟ ਖਣਿਜਾਂ ਦੇ ਬਣੇ ਗੋਲ ਰੇਤ ਦੇ ਦਾਣੇ ਮਿਲੇ ਹਨ, ਜੋ ਲਹਿਰਾਂ ਦੀ ਹਰਕਤ ਕਾਰਨ ਘਿਸੇ ਹੋਏ ਜਾਪਦੇ ਹਨ।

ਖੋਜ ਦੀ ਮੁੱਖ ਲੇਖਕ ਐਲੇਕਸ ਜੋਨਸ ਅਨੁਸਾਰ, ਧਰਤੀ 'ਤੇ ਸਮੁੰਦਰੀ ਤੱਟ ਜੀਵਨ ਲਈ ਅਨੁਕੂਲ ਵਾਤਾਵਰਣ ਹੁੰਦੇ ਹਨ ਅਤੇ ਇੱਥੇ ਮਿਲੇ ਕਾਰਬੋਨੇਟ ਖਣਿਜ ਪੁਰਾਣੇ ਵਾਤਾਵਰਣ ਦੀ ਜਾਣਕਾਰੀ ਨੂੰ ਸੁਰੱਖਿਅਤ ਰੱਖ ਸਕਦੇ ਹਨ। ਪ੍ਰੋਫੈਸਰ ਸੰਜੀਵ ਗੁਪਤਾ ਨੇ ਦੱਸਿਆ ਕਿ ਮੰਗਲ 'ਤੇ ਜ਼ਮੀਨ ਦੇ ਹੇਠਾਂ ਵੀ ਪਾਣੀ ਦਾ ਵਹਾਅ ਲੰਬੇ ਸਮੇਂ ਤੱਕ ਰਿਹਾ ਹੋਵੇਗਾ, ਜਿਸ ਨੇ ਚੱਟਾਨਾਂ ਨੂੰ ਅੰਦਰੋਂ ਬਦਲ ਦਿੱਤਾ ਸੀ। ਧਰਤੀ 'ਤੇ ਅਜਿਹੇ ਵਾਤਾਵਰਣ ਸੂਖਮ ਜੀਵਾਂ ਦੇ ਜੀਵਨ ਦਾ ਸਮਰਥਨ ਕਰਦੇ ਹਨ, ਜਿਸ ਕਾਰਨ ਇਹ ਸੰਭਾਵਨਾ ਵੱਧ ਗਈ ਹੈ ਕਿ ਮੰਗਲ 'ਤੇ ਵੀ ਕਦੇ ਸਾਧਾਰਨ ਜੀਵਨ ਪਨਪਣ ਦੀਆਂ ਸਥਿਤੀਆਂ ਮੌਜੂਦ ਰਹੀਆਂ ਹੋਣਗੀਆਂ।

ਪਰਸੀਵੀਅਰੈਂਸ ਰੋਵਰ ਸਾਲ 2021 ਤੋਂ ਜੇਜੇਰੋ ਕ੍ਰੇਟਰ ਵਿੱਚ ਖੋਜ ਕਰ ਰਿਹਾ ਹੈ ਅਤੇ ਚੱਟਾਨਾਂ ਦੇ ਨਮੂਨੇ ਇਕੱਠੇ ਕਰ ਰਿਹਾ ਹੈ। ਇਨ੍ਹਾਂ ਨਮੂਨਿਆਂ ਨੂੰ ਭਵਿੱਖ ਵਿੱਚ ਇੱਕ ਵੱਖਰੇ ਮਿਸ਼ਨ ਰਾਹੀਂ ਧਰਤੀ 'ਤੇ ਲਿਆਂਦਾ ਜਾਵੇਗਾ ਤਾਂ ਜੋ ਵਿਗਿਆਨਕ ਪ੍ਰਯੋਗਸ਼ਾਲਾਵਾਂ ਵਿੱਚ ਇਹਨਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਸਕੇ। ਇਹ ਨਵੀਂ ਖੋਜ ਸਾਬਤ ਕਰਦੀ ਹੈ ਕਿ ਮੰਗਲ ਦਾ ਅਤੀਤ ਅੱਜ ਦੇ ਸੁੱਕੇ ਅਤੇ ਠੰਡੇ ਗ੍ਰਹਿ ਨਾਲੋਂ ਬਿਲਕੁਲ ਵੱਖਰਾ ਅਤੇ ਧਰਤੀ ਵਰਗਾ ਸੀ।

# BASRA

## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**


ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਡਾ: ਕਰਤਾਰ ਸਿੰਘ ਹੋਰਾਂ ਨਾਲ ਮਿਲਾਪ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਥੋੜ੍ਹਾ ਸਮਾਂ ਵੀ ਜੇ ਮਨ ਨੂੰ ਟਿਕਾਉ ਵਿੱਚ ਲੈ ਆਈਏ ਉਹ ਹਾਜ਼ਰ ਹਜ਼ੂਰ ਪਰਮਾਤਮਾ ਪ੍ਰਤੱਖ ਦਿਸ ਪਵੇਗਾ :

ਟੂਕੁ੪ ਦਮੁਪ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ॥੧॥

(ਬਾਣੀ ਕਬੀਰ ਜੀ, ਅੰਗ ੭੨੭)

ਡਾਕਟਰ ਸਾਹਿਬ! ਜਿਹਨਾਂ ਨੇ ਰੱਬ ਨੂੰ ਪ੍ਰਤੱਖ ਵੇਖਿਆ ਹੈ, ਉਹ ਸਾਨੂੰ ਇਸ ਨਾਲੋਂ ਵੱਧ ਗ੍ਰੰਟੀ ਕੀ ਦੇ ਸਕਦੇ ਹਨ?

ਆਜੁ ਮਿਲਾਵਾ ਸੇਖ ਫਰੀਦ

ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥੧॥ ਰਹਾਉ॥ (ਆਸਾ ਸੇਖ ਫਰੀਦ, ਅੰਗ ੪੮੮)

ਤਥਾ :

ਦੂੰਦਰ ਬਾਧਹੁ ਸੁੰਦਰ ਪਾਵਹੁ॥

(ਬਾਣੀ ਕਬੀਰ ਜੀ, ਅੰਗ ੧੧੬੦)

ਡਾਕਟਰ ਸਾਹਿਬ! ਲੋੜ ਹੈ, ਉਸ ਦੱਸੇ ਮਾਰਗ ਤੇ ਚੱਲਣ ਦੀ ਜਿਸ ਮਾਰਗ ਤੇ ਚੱਲਣ ਨਾਲ ਪਰਮੇਸ਼ਰ ਨੂੰ ਵੇਖਿਆ ਜਾ ਸਕਦਾ ਹੈ। ਸੂਹੀ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਭੂ ਮਿਲਾਪ ਦਾ ਸਾਧਨ ਦੱਸਦੇ ਹਨ ਕਿ :

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥

ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥੧॥

ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥੧॥ ਰਹਾਉ॥

ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥੨॥

ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ॥

ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ॥

ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ॥

ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ॥੪॥੧॥

(ਸੂਹੀ ਮ: ੧, ਅੰਗ-੭੨੮)

ਡਾਕਟਰ ਸਾਹਿਬ! ਹੋਰ ਸੁਣੋ, ਜੇਕਰ ਦੇਖਣ ਦੀ ਹੀ ਗੱਲ ਹੈ ਤਾਂ ਸਾਰੀ ਦੁਨੀਆ ਨੂੰ ਨੀਂਦ ਵੀ ਆਉਂਦੀ ਹੈ, ਭੁੱਖ ਵੀ ਲੱਗਦੀ ਹੈ, ਖ਼ੁਸ਼ੀ-ਗ਼ਮੀ ਵੀ ਵਿਆਪਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਤਿਆਦਿਕ ਵੀ ਹਰ ਮਨੁੱਖ ਨੂੰ ਵਿਆਪਦੇ ਹਨ। ਪਰ ਜੇਕਰ ਆਪਾਂ ਉਸ ਮਨੁੱਖ ਨੂੰ, ਜਿਸ ਨੂੰ ਨੀਂਦ ਆਈ ਹੋਵੇ, ਪੁੱਛੀਏ ਕਿ ਵਿਖਾ ਖਾਂ ਭਾਈ! ਤੈਨੂੰ ਕਿੰਨੀ ਕੁ ਨੀਂਦ ਆਈ ਹੈ ਜਾਂ ਭੁੱਖੇ ਨੂੰ ਪੁੱਛੀਏ ਕਿ ਦਿਖਾ ਤੇਰੀ ਭੁੱਖ ਕਿੱਥੇ ਹੈ? ਉਹ ਸਾਡੇ ਪ੍ਰਥਾਇ ਕੀ ਅੰਦਾਜ਼ਾ ਲਗਾਏਗਾ ਕਿ ਇਹ ਪੁੱਛਣ ਵਾਲਾ ਵਿਅਕਤੀ ਕਿੰਨੀ ਕੁ ਅਕਲ ਦਾ ਮਾਲਕ ਹੈ? ਹਰ ਮਨੁੱਖ ਸੌਂਦਾ ਵੀ ਹੈ ਅਤੇ ਭੁੱਖ ਦੇ ਦੁੱਖ ਨੂੰ ਵੀ ਮਹਿਸੂਸ ਕਰਦਾ ਹੈ। ਖ਼ੁਸ਼ੀ-ਗ਼ਮੀ ਵਿੱਚ ਵੀ ਵਿਚਰਦਾ ਹੈ ਪਰ ਸੰਸਾਰ ਦਾ ਕੋਈ ਵੀ ਸਿਆਣੇ ਤੋਂ ਸਿਆਣਾ ਖੋਜੀ ਮਨੁੱਖ ਵੀ ਇਹ ਨਹੀਂ ਦੱਸ ਸਕਿਆ ਕਿ ਨੀਂਦ ਦਾ ਕੀ ਸਰੂਪ ਹੈ, ਉਸ ਦਾ ਕੱਦ-ਕਾਠ, ਰੂਪ-ਰੰਗ ਕਿਹੋ ਜਿਹਾ ਹੈ? ਇਸੇ ਪ੍ਰਕਾਰ ਖ਼ੁਸ਼ੀ-ਗ਼ਮੀ ਅਤੇ ਭੁੱਖ ਇਤਿਆਦਿਕ ਵੀ ਕੇਵਲ ਅਨੁਭਵ ਹੀ ਕੀਤੇ ਜਾ ਸਕਦੇ ਹਨ ਜਾਂ ਉਸ ਅਨੁਭਵ ਦਾ ਥੋੜ੍ਹਾ ਬਹੁਤਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ। ਇਸ ਅਨੁਭਵ ਦਾ ਪ੍ਰਗਟਾਵਾ ਵੀ ਉਹੋ ਹੀ ਕਰ ਸਕਦਾ ਹੈ ਜਿਹੜਾ ਇਹਨਾਂ ਵਿੱਚ ਵਿਚਰ ਰਿਹਾ ਹੋਵੇ।




ਡਾਕਟਰ ਸਾਹਿਬ, ਵੇਖੋ! ਸਾਇੰਸ ਕਿੰਨੀ ਤਰੱਕੀ ਕਰ ਗਈ ਹੈ। ਸਾਇੰਸਦਾਨਾਂ ਨੇ ਖ਼ੂਨ ਦੇ ਦੌਰੇ ਨੂੰ ਮਾਪਣ ਦੇ ਅਤੇ ਗਰਮੀ ਸਰਦੀ ਨੂੰ ਨਾਪਣ ਦੇ ਯੰਤਰ ਬਣਾ ਲਏ ਹਨ ਪਰ ਅੱਜ ਤੱਕ ਕੋਈ ਵੀ ਸਾਇੰਸਦਾਨ ਪਰਮੇਸ਼ਰ ਦੀਆਂ ਸੂਖਸ਼ਮ ਹੋਂਦਾਂ ਨੂੰ ਨਾਪਣ ਦਾ ਕੋਈ ਵੀ ਯੰਤਰ ਨਹੀਂ ਬਣਾ ਸਕਿਆ। ਨਾ ਤਾਂ ਭੁੱਖ ਨੂੰ ਨਾਪਿਆ ਜਾ ਸਕਦਾ ਹੈ, ਨਾ ਨੀਂਦ ਨੂੰ ਅਤੇ ਨਾ ਹੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਤਿਆਦਿਕ ਨੂੰ। ਕਦੀ ਕਿਸੇ ਨੇ ਇਨ੍ਹਾਂ ਦਾ ਸਰੂਪ ਨਹੀਂ ਵੇਖਿਆ ਅਤੇ ਨਾ ਹੀ ਇਨ੍ਹਾਂ ਦੀ ਕਿਸੇ ਜੀਵ ਵਿੱਚ ਕਿੰਨੀ ਕੁ ਹੋਂਦ ਹੈ, ਨੂੰ ਮਾਪਿਆ ਜਾ ਸਕਦਾ ਹੈ। ਭਾਵੇਂ ਇਹ ਸਾਰੀਆਂ ਹੀ ਜੂਨਾਂ ਨੂੰ ਵਿਆਪਦੇ ਹਨ। ਕੇਵਲ ਤੇ ਕੇਵਲ ਉਹ ਮਨੁੱਖ ਜਾਂ ਜੀਵ ਜਿਸ ਨੂੰ ਇਹ ਵਿਆਪਦੇ ਹਨ, ਅਨੁਭਵ ਹੀ ਕਰ ਸਕਦਾ ਹੈ। ਡਾਕਟਰ ਹੁਰੀਂ ਬਾਬਾ ਜੀ ਦੀ ਵਿਚਾਰ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ।

ਬਾਬਾ ਜੀ ਨੇ ਹੋਰ ਫ਼ੁਰਮਾਇਆ ਕਿ ਡਾਕਟਰ ਸਾਹਿਬ, ਵੇਖੋ! ਸਾਡੇ ਦੇਖਦਿਆਂ-ਦੇਖਦਿਆਂ ਸਿਆਣੇ ਲੋਕਾਂ ਨੇ ਬਿਜਲੀ ਨੂੰ ਪ੍ਰਗਟ ਕਰ ਲਿਆ ਅਤੇ ਇਸ ਬਿਜਲੀ ਤੋਂ ਕਿੰਨੇ ਸੁੱਖ ਅਰਾਮ ਲਏ ਜਾ ਰਹੇ ਹਨ। ਬਿਜਲੀ ਦੀ ਹੋਂਦ ਤਾਂ ਪਹਿਲਾਂ ਵੀ ਸੀ ਪਰ ਕੇਵਲ ਅਗਿਆਨਤਾ ਕਾਰਨ ਅਸੀਂ ਇਸ ਅਥਾਹ ਸ਼ਕਤੀ ਤੋਂ ਲਾਭ ਨਹੀਂ ਲੈ ਸਕੇ। ਕੁਝ ਸਾਇੰਸਦਾਨਾਂ ਨੇ ਇਹ ਸੂਖਮ ਬਿਜਲੀ ਜੋ ਅੱਖਾਂ ਨਾਲ ਅਸੀਂ ਵੇਖ ਨਹੀਂ ਸਕਦੇ, ਨੂੰ ਪ੍ਰਗਟ ਕਰਨ ਦਾ ਸਾਧਨ ਸਾਡੇ ਸਾਹਮਣੇ ਰੱਖਿਆ। ਸਰਕਾਰ ਨੇ ਉਨ੍ਹਾਂ ਵਿਗਿਆਨੀਆਂ ਦੀਆਂ ਹਦਾਇਤਾਂ ਅਨੁਸਾਰ ਵੱਡੇ-ਵੱਡੇ ਪਲਾਂਟ ਲਾ ਦਿੱਤੇ। ਉਨ੍ਹਾਂ ਨੂੰ ਚਲਾਉਣ ਵਾਸਤੇ ਡੈਮਾਂ ਰਾਹੀਂ ਪਾਣੀ ਦੀ ਵਰਤੋਂ ਕੀਤੀ ਗਈ। ਜਦ ਪਾਣੀ ਦੀ ਤਾਕਤ ਨਾਲ ਉਹ ਪਲਾਂਟ ਚੱਲੇ ਤਾਂ ਬਿਜਲੀ ਪ੍ਰਗਟ ਹੋ ਗਈ। ਜੇ ਭਲਾ ਉਨ੍ਹਾਂ ਸਾਇੰਸਦਾਨਾਂ, ਜਿਨ੍ਹਾਂ ਨੇ ਅਨੇਕਾਂ ਤਜਰਬੇ ਕਰਕੇ ਬਿਜਲੀ ਪੈਦਾ ਕਰਨ ਦੀਆਂ ਕਾਢਾਂ ਕੱਢੀਆਂ, ਦੀਆਂ ਹਦਾਇਤਾਂ ਨੂੰ ਅਣਗੌਲਿਆ ਹੀ ਕਰ ਦਿੱਤਾ ਜਾਂਦਾ, ਉਨ੍ਹਾਂ ਦੇ ਦੱਸੇ ਅਨੁਸਾਰ ਅਮਲ ਨਾ ਕੀਤਾ ਜਾਂਦਾ ਤਾਂ ਬਿਜਲੀ ਦੀ ਸ਼ਕਤੀ ਪ੍ਰਤੱਖ ਰੂਪ ਵਿੱਚ ਕਦੇ ਵੀ ਸਾਹਮਣੇ ਨਾ ਆਉਂਦੀ। ਇਸੇ ਤਰ੍ਹਾਂ ਜੇ ਅਸੀਂ ਪਰਮੇਸ਼ਰ, ਜੋ ਸ਼ਕਤੀ ਰੂਪ ਹੋ ਕੇ ਸਾਰਿਆਂ ਵਿੱਚ ਵਰਤ ਰਿਹਾ ਹੈ, ਉਸ ਦੀ ਹੋਂਦ ਨੂੰ ਪ੍ਰਗਟ ਕਰਨਾ ਲੋਚਦੇ ਹਾਂ ਅਤੇ ਉਸ ਪਰਮ ਸ਼ਕਤੀ ਪਾਸੋਂ ਜੇਕਰ ਸੁੱਖ ਮਾਨਣਾ ਚਾਹੁੰਦੇ ਹਾਂ ਤਾਂ ਸਾਨੂੰ ਉਨ੍ਹਾਂ ਦੀ ਅਗਵਾਈ ਅਨੁਸਾਰ ਚਲਣਾ ਪਵੇਗਾ, ਜਿਨ੍ਹਾਂ ਨੇ ਮਿਹਨਤਾਂ-ਮੁਸ਼ੱਕਤਾਂ ਝਾਗ ਕੇ ਉਸ ਨੂੰ ਪ੍ਰਗਟ ਕੀਤਾ ਹੈ।

ਸਤਿਗੁਰੂ ਜੀ ਤਾਂ, ਜਿਵੇਂ ਤੁਸੀਂ ਕਹਿੰਦੇ ਹੋ ਕਿ ਰੱਬ ਦਿਸਦਾ ਨਹੀਂ, ਖ਼ੁਦ ਆਪ ਕਹਿੰਦੇ ਹਨ ਕਿ ਹੇ ਮਨੁੱਖ! ਤੇਰੇ ਪਾਸ ਰੱਬ ਨੂੰ ਵੇਖਣ ਵਾਲੀ ਅੱਖ ਹੀ ਨਹੀਂ ਹੈ। ਉਹ ਤਾਂ ਹੋਰ ਹੀ ਅੱਖਾਂ ਹਨ, ਜਿਨ੍ਹਾਂ ਨਾਲ ਪਿਆਰੇ ਪ੍ਰਭੂ ਜੀ ਦੇ ਦੀਦਾਰ ਹੋਣੇ ਹਨ :

ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥੩॥ (ਮ: ੫, ਅੰਗ ੧੧੦੦)

(ਚਲਦਾ)

## ਭਾਰਤ-ਅਮਰੀਕਾ ਵਿਚਾਲੇ ਇਤਿਹਾਸਕ ਵਪਾਰ ਸਮਝੌਤਾ

# ਦੋਵਾਂ ਦੇਸ਼ਾਂ ਲਈ ਖੁੱਲ੍ਹਣਗੇ ਤਰੱਕੀ ਅਤੇ ਤਕਨਾਲੋਜੀ ਦੇ ਨਵੇਂ ਰਾਹ

ਨਵੀਂ ਦਿੱਲੀ : ਰੇਲ, ਇਲੈਕਟ੍ਰਾਨਿਕ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰ ਸਮਝੌਤੇ ਨੂੰ ਦੋਵਾਂ ਦੇਸ਼ਾਂ ਦੇ ਹੱਕ 'ਚ ਦੱਸਦੇ ਹੋਏ ਕਿਹਾ ਹੈ ਕਿ ਦੋਵੇਂ ਦੇਸ਼ ਤਕਨਾਲੋਜੀ ਦੇ ਖੇਤਰ 'ਚ ਵਿਆਪਕ ਸਹਿਯੋਗ ਕਰਨ ਦੀ ਸਥਿਤੀ 'ਚ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਸੋਮਵਾਰ ਨੂੰ ਹੋਈ ਗੱਲਬਾਤ ਤੋਂ ਬਾਅਦ ਐਲਾਨ ਇਸ ਸਮਝਤੇ 'ਤੇ ਸ਼੍ਰੀ ਵੈਸ਼ਨਵ ਨੇ ਮੰਗਲਵਾਰ ਨੂੰ ਕਿਹਾ, "ਭਾਰਤ-ਅਮਰੀਕਾ ਵਪਾਰ ਸਮਝੌਤਾ ਦੋਵੇਂ ਦੇਸ਼ਾਂ ਲਈ ਲਾਭਕਾਰੀ ਹੈ। ਇਸ ਸਮਝੌਤੇ ਨਾਲ ਦੋਵੇਂ ਦੇਸ਼ਾਂ ਦੇ ਨਾਗਰਿਕਾਂ ਅਤੇ ਉਦਯੋਗਾਂ ਨੂੰ ਵਿਆਪਕ ਲਾਭ ਹੋਵੇਗਾ।"



ਉਨ੍ਹਾਂ ਕਿਹਾ, "ਅਮਰੀਕਾ ਅਤੇ ਭਾਰਤ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਹਨ। ਦੋਵੇਂ ਦੇਸ਼ ਸਹਿਯੋਗੀ ਹਨ। ਭਾਰਤ ਅਤੇ ਅਮਰੀਕਾ ਕੋਲ ਸ਼ਾਂਤੀ ਅਤੇ ਵਿਕਾਸ ਲਈ ਮਿਲ ਕੇ ਕੰਮ ਕਰਨ ਦੀ ਅਥਾਹ ਸਮਰੱਥਾ ਹੈ।" ਅਮਰੀਕਾ ਅਤੇ ਭਾਰਤ ਦੀ ਸ਼ਕਤੀ ਨੂੰ ਇਕ-ਦੂਜੇ ਦੇ ਪੂਰਕ ਦੱਸਦੇ ਹੋਏ ਸ਼੍ਰੀ ਵੈਸ਼ਨਵ ਨੇ ਕਿਹਾ ਕਿ ਦੋਵੇਂ ਦੇਸ਼ ਮਿਲ ਕੇ ਅਜਿਹੀਆਂ ਤਕਨਾਲੋਜੀਆਂ ਵਿਕਸਿਤ ਕਰ ਸਕਦੇ ਹਨ ਅਤੇ ਅਜਿਹੇ ਹੱਲ ਤਿਆਰ ਕਰ ਸਕਦੇ ਹਨ, ਜਿਨ੍ਹਾਂ ਨੂੰ ਵਿਸ਼ਵ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ, "ਅਮਰੀਕਾ ਅਤੇ ਭਾਰਤ ਵਿਚਾਲੇ ਵਪਾਰ ਸਮਝੌਤਾ ਦੋਵੇਂ ਦੇਸ਼ਾਂ ਦੇ ਉੱਜਵਲ ਭਵਿੱਖ ਵੱਲ ਲੈ ਜਾਵੇਗਾ।" ਸ਼੍ਰੀ ਵੈਸ਼ਨਵ ਕੋਲ ਸੂਚਨਾ ਪ੍ਰਸਾਰਣ ਮੰਤਰਾਲਾ ਦੇ ਵੀ ਚਾਰਜ ਹੈ। ਵਣਜ ਸਕੱਤਰ ਰਾਜੇਸ਼ ਅਗਰਵਾਲ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰ ਸਮਝੌਤਾ ਇਤਿਹਾਸਕ ਹੈ, ਇਸ ਨਾਲ ਦੋਵੇਂ ਲੋਕਤੰਤਰੀ ਦੇਸ਼ਾਂ ਵਿਚਾਲੇ ਖ਼ੁਸ਼ਹਾਲੀ ਅਤੇ ਵਿਕਾਸ ਦੇ ਨਵੇਂ ਰਾਹ ਖੁੱਲ੍ਹਣਗੇ।

# ਭਾਰਤ ਨੇ ਤੇਲ ਖਰੀਦ ਬੰਦ ਕਰਨ ਬਾਰੇ ਸਾਨੂੰ ਕੁਝ ਨਹੀਂ ਕਿਹਾ : ਰੂਸ

## ਟਰੰਪ ਦੇ ਦਾਅਵੇ ਤੋਂ ਤੋੜੀ ਚੁੱਪ; ਭਾਰਤ ਨਾਲ ਰਿਸ਼ਤੇ ਮਜ਼ਬੂਤ ਰੱਖਣ ਦਾ ਦਿੱਤਾ ਭਰੋਸਾ

ਮਾਸਕੋ : ਰੂਸ ਨੇ ਉਨ੍ਹਾਂ ਰਿਪੋਰਟਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਜਿਨ੍ਹਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਸੀ ਕਿ ਭਾਰਤ ਰੂਸੀ ਤੇਲ ਦੀ ਖਰੀਦ ਬੰਦ ਕਰਨ ਜਾ ਰਿਹਾ ਹੈ। ਕ੍ਰੈਮਲਿਨ ਦੇ ਬੁਲਾਰੇ ਡਮਿਟਰੀ ਪੇਸਕੋਵ ਨੇ ਮੰਗਲਵਾਰ ਨੂੰ ਸਪੱਸ਼ਟ ਕੀਤਾ ਕਿ ਰੂਸ ਨੂੰ ਨਵੀਂ ਦਿੱਲੀ ਵੱਲੋਂ ਅਜਿਹਾ ਕੋਈ ਵੀ ਸੁਨੇਹਾ ਜਾਂ ਅਧਿਕਾਰਤ ਬਿਆਨ ਨਹੀਂ ਮਿਲਿਆ ਹੈ। ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਦਾਅਵੇ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪ੍ਰਧਾਨ ਮੰਤਰੀ ਮੋਦੀ ਰੂਸੀ ਤੇਲ ਛੱਡ ਕੇ ਅਮਰੀਕਾ ਅਤੇ ਵੈਨੇਜ਼ੁਏਲਾ ਤੋਂ ਤੇਲ ਖਰੀਦਣ ਲਈ ਸਹਿਮਤ ਹੋ ਗਏ ਹਨ। ਰੂਸ ਦੇ ਊਰਜਾ ਮੰਤਰਾਲੇ ਨੇ ਵੀ ਪੁਸ਼ਟੀ ਕੀਤੀ ਹੈ ਕਿ ਭਾਰਤੀ ਰਿਫਾਇਨਰੀਆਂ ਵੱਲੋਂ ਕਿਸੇ ਵੀ ਇਕਰਾਰਨਾਮੇ ਨੂੰ ਰੱਦ ਕਰਨ ਦਾ ਕੋਈ ਨੋਟਿਸ ਨਹੀਂ ਮਿਲਿਆ।



ਪਿਛਲੇ ਕੁਝ ਸਾਲਾਂ ਵਿੱਚ ਭਾਰਤ ਰੂਸੀ ਤੇਲ ਦਾ ਇੱਕ ਵੱਡਾ ਖਰੀਦਦਾਰ ਬਣ ਕੇ ਉੱਭਰਿਆ ਹੈ, ਖਾਸ ਕਰਕੇ 2022 ਵਿੱਚ ਯੂਕਰੇਨ ਜੰਗ ਤੋਂ ਬਾਅਦ ਜਦੋਂ ਪੱਛਮੀ ਦੇਸ਼ਾਂ ਨੇ ਰੂਸ 'ਤੇ ਪਾਬੰਦੀਆਂ ਲਗਾਈਆਂ ਸਨ। ਹਾਲਾਂਕਿ, ਅੰਕੜੇ ਦੱਸਦੇ ਹਨ ਕਿ ਜਨਵਰੀ ਦੇ ਪਹਿਲੇ ਤਿੰਨ ਹਫ਼ਤਿਆਂ ਵਿੱਚ ਰੂਸੀ ਤੇਲ ਦੀ ਦਰਾਮਦ ਵਿੱਚ ਕੁਝ ਗਿਰਾਵਟ ਆਈ ਹੈ ਅਤੇ ਇਰਾਕ ਤੇ ਸਊਦੀ ਅਰਬ ਤੋਂ ਸਪਲਾਈ ਵਧੀ ਹੈ। ਟਰੰਪ ਨੇ 'ਟਰੂਥ ਸੋਸ਼ਲ' 'ਤੇ ਪੋਸਟ ਕਰਦਿਆਂ ਕਿਹਾ ਸੀ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਇੱਕ ਵਪਾਰਕ ਸਮਝੌਤਾ ਹੋਇਆ ਹੈ, ਜਿਸ ਤਹਿਤ ਅਮਰੀਕਾ ਭਾਰਤ 'ਤੇ ਲਗਾਈ ਟੈਰਿਫ ਦਰ 25 ਫੀਸਦੀ ਤੋਂ ਘਟਾ ਕੇ 18 ਫੀਸਦੀ ਕਰੇਗਾ। ਇਸ ਸਿਆਸੀ ਖਿੱਚੋਤਾਣ ਦੇ ਵਿਚਕਾਰ, ਰੂਸ ਨੇ ਭਾਰਤ ਨਾਲ ਆਪਣੇ ਸਬੰਧਾਂ ਨੂੰ ਹਰ ਸੰਭਵ ਤਰੀਕੇ ਨਾਲ ਵਿਕਸਤ ਕਰਨ ਦੀ ਗੱਲ ਦੁਹਰਾਈ ਹੈ।

# ਇਰਾਨ ਸੰਕਟ ਦੇ ਚੱਲਦਿਆਂ ਇੰਡੀਗੋ ਨੇ ਰੱਦ ਕੀਤੀਆਂ ਉਡਾਣਾਂ

## ਤਬਿਲਿਸੀ, ਅਲਮਾਟੀ ਸਮੇਤ ਕਈ ਕੌਮਾਂਤਰੀ ਰੂਟਾਂ 'ਤੇ 28 ਫਰਵਰੀ ਤੱਕ ਲੱਗੀ ਰੋਕ

ਨਵੀਂ ਦਿੱਲੀ : ਇਰਾਨ ਵਿੱਚ ਲਗਾਤਾਰ ਵਿਗੜ ਰਹੇ ਹਾਲਾਤਾਂ ਅਤੇ ਵਧਦੇ ਤਣਾਅ ਦੇ ਮੱਦੇਨਜ਼ਰ, ਭਾਰਤੀ ਏਅਰਲਾਈਨ ਇੰਡੀਗੋ ਨੇ ਇੱਕ ਵੱਡੀ ਟਰੈਵਲ ਐਡਵਾਈਜ਼ਰੀ ਜਾਰੀ ਕੀਤੀ ਹੈ। ਕੰਪਨੀ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਤਬਿਲਿਸੀ, ਅਲਮਾਟੀ, ਬਾਕੂ ਅਤੇ ਤਾਸ਼ਕੰਦ ਜਾਣ ਵਾਲੀਆਂ ਆਪਣੀਆਂ ਸਾਰੀਆਂ ਉਡਾਣਾਂ ਨੂੰ 28 ਫਰਵਰੀ, 2026 ਤੱਕ ਰੱਦ ਕਰਨ ਦਾ ਫੈਸਲਾ ਕੀਤਾ ਹੈ। ਇੰਡੀਗੋ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਕਿ ਯਾਤਰੀਆਂ ਅਤੇ ਕਰੂ ਮੈਂਬਰਾਂ ਦੀ ਸੁਰੱਖਿਆ ਉਨ੍ਹਾਂ ਦੀ ਪਹਿਲੀ ਤਰਜੀਹ ਹੈ, ਜਿਸ ਕਾਰਨ ਇਹ ਅਗਾਊਂ ਕਦਮ ਚੁੱਕੇ ਗਏ ਹਨ। ਪ੍ਰਭਾਵਿਤ ਯਾਤਰੀਆਂ ਨੂੰ ਪੂਰਾ ਰਿਫੰਡ ਲੈਣ ਜਾਂ ਵਿਕਲਪਿਕ ਯਾਤਰਾ ਪ੍ਰਬੰਧ ਚੁਣਨ ਦੀ ਸਹੂਲਤ ਦਿੱਤੀ ਗਈ ਹੈ।

ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਅਤੇ ਇਰਾਨ ਵਿਚਾਲੇ ਟਕਰਾਅ ਤੇਜ਼ ਹੋ ਗਿਆ ਹੈ। ਖ਼ਬਰਾਂ ਅਨੁਸਾਰ, ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਮੱਧ ਪੂਰਬ ਵਿੱਚ ਜੰਗੀ ਬੇੜੇ ਭੇਜਣ ਅਤੇ ਇਰਾਨ ਵੱਲੋਂ ਖੇਤਰੀ ਜੰਗ ਦੀ ਚੇਤਾਵਨੀ ਦਿੱਤੇ ਜਾਣ ਕਾਰਨ ਹਵਾਈ ਖੇਤਰ ਵਿੱਚ ਅਸੁਰੱਖਿਆ ਵਧ ਗਈ ਹੈ।

ਇੰਡੀਗੋ ਨੇ ਸਪੱਸ਼ਟ ਕੀਤਾ ਹੈ ਕਿ ਉਹ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ ਅਤੇ ਲੋੜ ਪੈਣ 'ਤੇ ਸ਼ਡਿਊਲ ਵਿੱਚ ਹੋਰ ਬਦਲਾਅ ਕੀਤੇ ਜਾ ਸਕਦੇ ਹਨ। ਦਿੱਲੀ ਅਤੇ ਮੁੰਬਈ ਤੋਂ ਜਾਣ ਵਾਲੀਆਂ ਕੁਝ ਅਹਿਮ ਉਡਾਣਾਂ ਪਹਿਲਾਂ ਹੀ ਰੱਦ ਕੀਤੀਆਂ ਜਾ ਚੁੱਕੀਆਂ ਹਨ, ਜਿਸ ਕਾਰਨ ਕੌਮਾਂਤਰੀ ਮੁਸਾਫਰਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਚੌਰ ਸਾਹਿਬ ਕਰਵਾਉਣ ਦਾ ਮਾਮਲਾ: ਗੋਬਿੰਦ ਸਿੰਘ ਸੰਧੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼, ਸੌਂਪਿਆ ਖ਼ਿਮਾ ਯਾਚਨਾ ਪੱਤਰ

## ਵਿਆਹ ਵੇਲੇ ਛਤਰ ਝੁਲਾਉਣ ਅਤੇ ਚੌਰ ਸਾਹਿਬ ਕਰਵਾਉਣ 'ਤੇ ਹੋਈ ਸੀ ਨਿੰਦਾ; ਹੁਣ ਪੰਜ ਸਿੰਘ ਸਾਹਿਬਾਨ ਕਰਨਗੇ ਫੈਸਲਾ



ਅੰਮ੍ਰਿਤਸਰ : ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਗੋਬਿੰਦ ਸਿੰਘ ਸੰਧੂ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਪਹੁੰਚ ਕੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਆਪਣੀ ਗਲਤੀ ਦਾ ਪਛਤਾਵਾ ਕਰਦਿਆਂ ਖ਼ ?ਮਾ ਯਾਚਨਾ ਪੱਤਰ ਸੌਂਪਿਆ।


ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਗੋਬਿੰਦ ਸਿੰਘ ਦੇ ਵਿਆਹ ਸਮਾਗਮ ਦੌਰਾਨ ਉਨ੍ਹਾਂ ਦੇ ਸਿਰ ਉੱਪਰ ਛਤਰ ਝੁਲਾਇਆ ਗਿਆ ਸੀ ਅਤੇ ਚੌਰ ਸਾਹਿਬ ਕੀਤਾ ਗਿਆ ਸੀ, ਜਿਸ ਨੂੰ ਗੁਰੂ ਮਰਿਆਦਾ ਦੀ ਉਲੰਘਣਾ ਮੰਨਦਿਆਂ ਸਿੱਖ ਸੰਗਤ ਅਤੇ ਆਗੂਆਂ ਵੱਲੋਂ ਤਿੱਖੀ ਨਿੰਦਾ ਕੀਤੀ ਗਈ ਸੀ।

ਇਸ ਮਾਮਲੇ ਨੂੰ ਲੈ ਕੇ ਗੋਬਿੰਦ ਸਿੰਘ ਸੰਧੂ ਇੱਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਪੁੱਜੇ ਹਨ ਅਤੇ ਉਨ੍ਹਾਂ ਨੇ ਆਪਣੀ ਗਲਤੀ ਸਬੰਧੀ ਇੱਕ ਪੱਤਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੌਂਪਿਆ ਹੈ। ਇਸ ਤੋਂ ਪਹਿਲਾਂ ਉਹਨਾ ਸੋਸ਼ਲ ਮੀਡੀਆ ਤੇ ਇੱਕ ਪੋਸਟ ਪਾ ਕੇ ਇਸ ਗਲਤੀ ਦੀ ਜਿੰਮੇਵਾਰੀ ਲਈ ਸੀ ਅਤੇ ਖਿਮਾ ਯਾਚਨਾ ਕੀਤੀ ਸੀ।

ਗੋਬਿੰਦ ਸਿੰਘ ਸੰਧੂ ਨੇ ਆਪਣੀ ਸਫਾਈ ਵਿੱਚ ਕਿਹਾ ਕਿ ਉਹ ਸ਼ਹਿਜ਼ਾਦਪੁਰ ਰਿਆਸਤ ਦੇ ਵੰਸ਼ਜ ਹਨ ਅਤੇ ਇਹ ਉਨ੍ਹਾਂ ਦੀ ਪੁਰਾਣੀ ਰਿਆਸਤੀ ਪਰੰਪਰਾ ਸੀ। ਹਾਲਾਂਕਿ, ਉਨ੍ਹਾਂ ਕਬੂਲ ਕੀਤਾ ਕਿ ਰਿਆਸਤਾਂ ਦਾ ਦੌਰ ਖ਼ਤਮ ਹੋਣ ਤੋਂ ਬਾਅਦ ਇਹ ਸਤਿਕਾਰ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਰਾਖਵਾਂ ਹੈ। ਦੂਜੇ ਪਾਸੇ, ਸਿੱਖ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਇਸ ਨੂੰ ਸਿੱਧੇ ਤੌਰ 'ਤੇ ਗੁਰੂ ਸਾਹਿਬ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਦੱਸਦਿਆਂ ਦੋਸ਼ੀਆਂ ਖਿਲਾਫ਼ ਸਖ਼ਤ ਧਾਰਮਿਕ ਕਾਰਵਾਈ ਦੀ ਮੰਗ ਕੀਤੀ ਹੈ। ਹੁਣ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ।

# ਗੋਵਿੰਦ ਸਿੰਘ ਦੇ ਵਿਆਹ ਸਮੇਂ ਪਰਿਵਾਰ ਤੋਂ ਹੋਈ ਬੱਜਰ ਗੁਸਤਾਖ਼ੀ ਲਈ ਸਮੁੱਚੇ ਖ਼ਾਲਸਾ ਪੰਥ ਤੋਂ ਸਿਮਰਨਜੀਤ ਸਿੰਘ ਮਾਨ ਮੰਗੀ ਮਾਫ਼ੀ

ਫ਼ਤਹਿਗੜ੍ਹ ਸਾਹਿਬ : "ਮੇਰੇ ਦੋਹਤੇ ਸ. ਗੋਵਿੰਦ ਸਿੰਘ ਦਾ ਬੀਤੇ ਦਿਨੀਂ ਵਿਆਹ ਪ੍ਰੋਗਰਾਮ ਹੋਇਆ ਹੈ। ਬੇਸ਼ੱਕ ਮੈਂ ਉਸ ਦਿਨ ਚੰਡੀਗੜ੍ਹ ਵਿਚ ਹੀ ਸੀ ਪਰ ਜਦੋਂ ਬੱਚਿਆਂ ਤੇ ਪਰਿਵਾਰ ਨੇ ਵਿਆਹ ਮੌਕੇ ਛੱਤਰ ਦੇ ਨਾਲ ਚੌਰ ਸਾਹਿਬ ਝੁਲਾਉਣ ਦੀ ਰਸਮ ਕੀਤੀ ਗਈ, ਉਸ ਕਾਰਜ ਸਮੇਂ ਮੈਂ ਉੱਥੇ ਨਹੀ ਸੀ। ਮੈਨੂੰ ਤਾਂ ਸਿੱਖ ਰਹਿਤ ਮਰਿਯਾਦਾ ਦੀ ਪੂਰੀ ਜਾਣਕਾਰੀ ਵੀ ਹੈ ਅਤੇ ਛੱਤਰ ਤੇ ਚੌਰ ਸਾਹਿਬ ਦੀ ਵੱਡੀ ਮਹਾਨਤਾ ਬਾਰੇ ਵੀ ਸਮਝ ਹੈ। ਜੇਕਰ ਮੈਂ ਮੌਕੇ 'ਤੇ ਹੁੰਦਾ ਤਾਂ ਮੈਂ ਬੱਚਿਆਂ ਨੂੰ ਅਜਿਹਾ ਕਰਨ ਤੋਂ ਹਰ ਕੀਮਤ 'ਤੇ ਵਰਜ ਦੇਣਾ ਸੀ। ਕਿਉਂਕਿ ਮੈਂ ਗੋਵਿੰਦ ਸਿੰਘ ਦੇ ਨਾਨਾ ਹੋਣ ਦੇ ਨਾਲ-ਨਾਲ ਖ਼ਾਲਸਾ ਪੰਥ ਦੀ ਆਜ਼ਾਦੀ ਲਈ ਸੰਘਰਸ਼ ਕਰਦੀ ਆ ਰਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਮੁੱਖ ਸੇਵਾਦਾਰ ਵੀ ਹਾਂ। ਇਸ ਲਈ ਮੈਂ ਇਸ ਹੋਈ ਗੁਸਤਾਖੀ ਲਈ ਆਪਣੇ ਅਤੇ ਆਪਣੇ ਪਰਿਵਾਰ ਵੱਲੋਂ ਮੀਰੀ-ਪੀਰੀ ਦੇ ਮਹਾਨ ਤਖ਼ਤ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਮੁੱਚੇ ਖ਼ਾਲਸਾ ਪੰਥ ਤੋਂ ਆਤਮਿਕ ਤੌਰ 'ਤੇ ਮਾਫ਼ੀ ਮੰਗਦਾ ਹਾਂ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਪਣੇ ਦੋਹਤੇ ਸ. ਗੋਵਿੰਦ ਸਿੰਘ ਦੀ ਸ਼ਾਦੀ ਸਮੇਂ ਹੋਈਆਂ ਰਸਮਾਂ ਵਿਚ ਹੋਈ ਬਜਰ ਗੁਸਤਾਖੀ



ਲਈ ਸਮੁੱਚੇ ਖਾਲਸਾ ਪੰਥ ਤੋਂ ਹਾਰਦਿਕ ਮਾਫ਼ੀ ਮੰਗਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੋ ਸੋਸ਼ਲ ਮੀਡੀਆ ਦੇ ਸਾਧਨਾਂ ਉਤੇ ਮੇਰੇ ਅਤੇ ਮੇਰੇ ਪਰਿਵਾਰ ਵਿਰੁੱਧ ਨਫ਼ਰਤ ਭਰਿਆ ਪ੍ਰਚਾਰ ਕੀਤਾ ਜਾ ਰਿਹਾ ਹੈ, ਉਨ੍ਹਾਂ ਵਿਚ ਉਹ ਲੋਕ ਹੀ ਹਨ ਜੋ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆ ਦੀ ਕੌਮੀ ਸੋਚ ਖ਼ਾਲਿਸਤਾਨ ਦੇ ਨਿਸ਼ਾਨੇ ਨੂੰ ਪੂਰਨ ਰੂਪ ਵਿਚ ਪਿੱਠ ਦੇ ਗਏ ਹਨ ਅਤੇ ਸਮੇਂ-ਸਮੇਂ 'ਤੇ ਦਾਸ ਨੂੰ ਵੀ ਖ਼ਾਲਿਸਤਾਨ ਦੇ ਨਿਸ਼ਾਨੇ ਤੋਂ ਥਿੜਕਾਉਣ ਦੀ ਕਾਰਵਾਈ ਕਰਦੇ ਆ ਰਹੇ ਹਨ। ਉਹ ਤਾਕਤਾਂ ਤੇ ਲੋਕ ਮੇਰੇ ਨਾਮ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਨਾਮ ਵਿਰੁੱਧ ਈਰਖਾਵਾਦੀ ਸੋਚ ਅਧੀਨ ਹੀ ਅਜਿਹਾ ਪ੍ਰਚਾਰ ਕਰ ਰਹੇ ਹਨ । ਪਰ ਉਹ ਕਦੀ ਵੀ ਦਾਸ ਨੂੰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜਥੇਬੰਦੀ ਨੂੰ ਆਪਣੇ ਕੌਮੀ ਨਿਸ਼ਾਨੇ ਤੋਂ ਥਿੜਕਾਉਣ ਵਿਚ ਕਾਮਯਾਬ ਨਹੀਂ ਹੋ ਸਕਣਗੇ। ਬੇਸ਼ੱਕ ਵੱਡੇ ਕੌਮੀ ਸੰਘਰਸ਼ਾਂ ਵਿਚ ਕਿਤੇ ਨਾ ਕਿਤੇ ਕੋਈ ਗਲਤੀ ਜਾਂ ਕਮੀ ਰਹਿ ਜਾਂਦੀ ਹੈ। ਪਰ ਅਸੀ ਉਨ੍ਹਾਂ ਕਮੀਆਂ ਉਣਤਾਈਆ ਨੂੰ ਦੂਰ ਕਰਦੇ ਹੋਏ ਆਪਣੀ ਕੌਮੀ ਮੰਜ਼ਿਲ ਦੀ ਪ੍ਰਾਪਤੀ ਹੋਣ ਤੱਕ ਅਡੋਲ ਵੱਧਦੇ ਰਹਾਂਗੇ ਅਤੇ ਸੰਘਰਸ਼ ਕਰਦੇ ਰਹਾਂਗੇ।

ਇਸੇ ਲੜੀ ਵਿਚ ਅਸੀਂ 12 ਫਰਵਰੀ ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਮਿਥੇ ਨਿਸ਼ਾਨੇ ਦੀ ਪ੍ਰਾਪਤੀ ਲਈ ਦ੍ਰਿੜ੍ਹ ਹੋਣ ਲਈ ਹਰ ਸਾਲ ਫਤਹਿਗੜ੍ਹ ਸਾਹਿਬ ਵਿਖੇ ਉਨ੍ਹਾਂ ਦਾ ਜਨਮ ਦਿਨ ਸਮਾਗਮ ਮਨਾਉਦੇ ਹਾਂ। ਸਮੁੱਚੇ ਖਾਲਸਾ ਪੰਥ ਤੋਂ ਉਮੀਦ ਕਰਦੇ ਹਾਂ ਕਿ ਜਿਥੇ ਉਹ ਮੇਰੇ ਪਰਿਵਾਰਿਕ ਬੱਚਿਆਂ ਤੋ ਹੋਈ ਬਜਰ ਗੁਸਤਾਖੀ ਲਈ ਉਹ ਮਾਫ਼ ਕਰ ਦੇਣਗੇ, ਉਥੇ ਉਹ ਆਪਣੇ ਕੌਮੀ ਨਿਸ਼ਾਨੇ ਲਈ ਹੋਰ ਸੁਹਿਰਦ ਹੁੰਦੇ ਹੋਏ 12 ਫਰਵਰੀ ਨੂੰ ਫਤਹਿਗੜ੍ਹ ਸਾਹਿਬ ਵਿਖੇ ਹੁੰਮ ਹੁਮਾਕੇ ਪਹੁੰਚਣ ਦੀ ਕੌਮੀ ਜ਼ਿੰਮੇਵਾਰੀ ਵੀ ਪੂਰਨ ਕਰਨਗੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਣ-ਸਤਿਕਾਰ ਦਾ ਹਮੇਸ਼ਾ ਧਿਆਨ ਰੱਖੋ : ਜਥੇਦਾਰ ਕੁਲਦੀਪ ਸਿੰਘ

ਅੰਮ੍ਰਿਤਸਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇੱਕ ਆਦੇਸ਼ ਜਾਰੀ ਕਰਕੇ ਇਸ ਮਾਮਲੇ ਨਾਲ ਸਬੰਧਤ ਸਮੂਹ ਧਿਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ।

ਜਾਰੀ ਕੀਤੀ ਗਏ ਆਦੇਸ਼ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਜਿਨ੍ਹਾਂ ਨਾਲ ਹਰ ਗੁਰੂ ਨਾਨਕ ਨਾਮ ਲੇਵਾ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਮਾਮਲੇ ਵਿੱਚ ਕਿਸੇ ਵੀ ਧਿਰ ਵੱਲੋਂ ਸਿਆਸਤ, ਦੂਸ਼ਣਬਾਜ਼ੀ, ਕਾਹਲੀ ਅਤੇ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਕੀਤੀ ਗਈ ਹਦਾਇਤ ਦੇ ਬਾਵਜੂਦ ਵੀ ਇਸ ਮਾਮਲੇ ਵਿੱਚ ਕੁਝ ਸਬੰਧਤ ਧਿਰਾਂ ਵੱਲੋਂ ਲਗਾਤਾਰ ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਅਤੇ ਮੀਡੀਆ, ਸੋਸ਼ਲ ਮੀਡੀਆ ਉੱਪਰ ਵੀ ਟਰਾਇਲ ਚਲਾਇਆ ਜਾ ਰਿਹਾ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਹਦਾਇਤ ਦੀ ਭਾਵਨਾ ਦਾ ਸਤਿਕਾਰ ਨਹੀਂ।

ਆਦੇਸ਼ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੜਤਾਲ ਮੁਕੰਮਲ ਨਹੀਂ ਹੁੰਦੀ ਅਤੇ ਸੱਚ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕਿਸੇ ਵੀ



ਧਿਰ ਜਾਂ ਮੀਡੀਆ ਵੱਲੋਂ ਇਸ ਮਾਮਲੇ ਵਿੱਚ ਬੋਲਣਾ ਅਤੇ ਆਪੋ-ਆਪਣੇ ਹਿਸਾਬ ਨਾਲ ਤੱਥ ਪੇਸ਼ ਕਰਨੇ ਜਾਂ ਬਿਰਤਾਂਤ ਖੜ੍ਹਾ ਕਰਨਾ ਬਿਲਕੁਲ ਵੀ ਵਾਜਬ ਨਹੀਂ, ਕਿਉਂਕਿ ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਸੰਗਤਾਂ ਵਿੱਚ ਦੁਵਿਧਾ ਪੈਦਾ ਹੁੰਦੀ ਹੈ। ਜਾਂਚ ਮੁਕੰਮਲ ਹੋਣ ਤੱਕ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਜਾਂ ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਵੀ ਇਹ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ ਉੱਤੇ ਕੋਈ ਪ੍ਰੈੱਸ ਵਾਰਤਾ ਕਰਨ ਜਾਂ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਮੀਡੀਆ ਟਰਾਇਲ ਨੂੰ ਉਤਸ਼ਾਹਿਤ ਕਰਨ ਜਾਂ ਆਪਣੇ ਪੱਧਰ ਉੱਤੇ ਫ਼ੈਸਲੇ ਦੇਣ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਬੰਧਤ ਧਿਰਾਂ ਨੂੰ ਇੱਕ ਵਾਰ ਫਿਰ ਸਖ਼ਤੀ ਨਾਲ ਹਦਾਇਤ ਕੀਤੀ ਕਿ ਜਦੋਂ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਇਸ ਮਾਮਲੇ ਵਿੱਚ ਪੂਰਾ ਸੰਜਮ ਤੇ ਸ਼ਬਦਾਂ ਦੀ ਮਰਯਾਦਾ ਰੱਖਣ ਅਤੇ ਕੀਤੇ ਆਦੇਸ਼ ਦੀ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਪੁਲਿਸ ਦੀ ਜਾਂਚ ਟੀਮ ਜਦੋਂ ਵੀ ਕਿਤੇ ਜਾਂਚ ਪੜਤਾਲ ਦੀ ਕਾਰਵਾਈ ਲਈ ਜਾ ਰਹੀ ਹੈ ਤਾਂ ਉਸ ਦੀ ਜਾਣਕਾਰੀ ਮੀਡੀਆ ਨੂੰ ਲੀਕ ਕਰਕੇ ਖ਼ਬਰਾਂ ਚਲਵਾਈਆਂ ਜਾ ਰਹੀਆਂ ਹਨ ਜੋ ਕਿ ਜ਼ਿੰਮੇਵਾਰੀ ਵਾਲੀ ਅਤੇ ਸੰਜੀਦਾ ਪਹੁੰਚ ਨਹੀਂ ਹੈ।

ਉਨ੍ਹਾਂ ਕਿਹਾ ਕਿ ਜਾਂਚ ਦੇ ਚੱਲਦਿਆਂ ਇਹ ਵੀ ਸਾਹਮਣੇ ਆਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਦਰਸ਼ਨ ਕਰਨ ਲਈ ਪੁਲਿਸ ਵੱਲੋਂ ਬਹੁਤ ਕਾਹਲੀ ਕੀਤੀ ਜਾਂਦੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਵੀ ਤੱਥਾਂ ਰਹਿਤ ਜਾਣਕਾਰੀ ਜਨਤਕ ਕਰਨ ਵਿੱਚ ਵੀ ਕਾਹਲੀ ਕੀਤੀ ਗਈ ਹੈ, ਜਿਸ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਅਤੇ ਪੰਜਾਬ ਅੰਦਰ ਅਮਨ ਕਾਨੂੰਨ ਭੰਗ ਹੋਣ ਜਿਹੀ ਸਥਿਤੀ ਬਨਣ ਦੇ ਹਾਲਾਤ ਵੀ ਪੈਦਾ ਹੋਏ। ਭਾਵੇਂ ਕਿ ਮੌਜੂਦਾ ਵਿਸ਼ੇਸ਼ ਜਾਂਚ ਟੀਮ ਦੀ ਯੋਗਤਾ ਉੱਤੇ ਕੋਈ ਸ਼ੰਕਾ ਨਹੀਂ, ਪਰੰਤੂ ਚੰਗਾ ਹੋਵੇ ਪੰਜਾਬ ਪੁਲਿਸ ਦੀ ਜਾਂਚ ਟੀਮ ਉਹ ਹੋਵੇ ਜਿਸ ਨੂੰ ਗੁਰਮਤਿ ਅਤੇ ਸਿੱਖ ਮਰਯਾਦਾ ਦੀ ਪੂਰਨ ਸਮਝ ਹੋਵੇ ਅਤੇ ਅੰਮ੍ਰਿਤਧਾਰੀ ਸਿੱਖਾਂ ਅਧਾਰਤ ਟੀਮ ਹੋਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੰਜੀਦਗੀ, ਸਹਿਣਸ਼ੀਲਤਾ, ਗੁਰੂ ਸਾਹਿਬ ਦੀ ਬਖ਼ਸ਼ੀ ਬਿਬੇਕ ਬੁੱਧ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ, ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਅਤੇ ਸਤਿਕਾਰ ਨੂੰ ਹਮੇਸ਼ਾ ਧਿਆਨ ਵਿੱਚ ਰੱਖਿਆ ਜਾਵੇ।

# ਪੀਣ ਵਾਲੇ ਸਾਫ਼ ਪਾਣੀ ਲਈ ਅੰਦੋਲਨ ਕਰਾਂਗੇ: ਬਲਬੀਰ ਸਿੰਘ ਰਾਜੇਵਾਲ

## ਸਿਆਸੀ ਪਾਰਟੀਆਂ ਉੱਤੇ ਪਾਣੀ ਮਸਲੇ 'ਤੇ ਧਿਆਨ ਨਾ ਦੇਣ ਦੇ ਦੋਸ਼



ਚੰਡੀਗੜ੍ਹ : ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਪੰਜਾਬ ਦਾ ਪਾਣੀ ਜ਼ਹਿਰੀਲਾ ਹੋਣ ਕਾਰਨ ਸੂਬੇ ਵਿੱਚ ਕੈਂਸਰ ਤੇਜ਼ੀ ਨਾਲ ਵਧ ਰਿਹਾ ਹੈ, ਜੇ ਅਜਿਹੇ ਹਾਲਾਤ ਰਹੇ ਤਾਂ ਅਗਲੇ 4-5 ਸਾਲਾਂ ਵਿੱਚ ਪੰਜਾਬ ਦੇ ਹਰੇਕ ਘਰ ਵਿੱਚ ਕੈਂਸਰ ਪਹੁੰਚ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੀਆਂ ਰਾਜਸੀ ਪਾਰਟੀਆਂ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਅਤੇ ਹੋਰ ਲੋਕ ਮੁੱਦਿਆਂ ਵੱਲ ਧਿਆਨ ਨਹੀਂ ਦੇ ਰਹੀਆਂ। ਆਗੂਆਂ ਨੇ ਐਲਾਨ ਕੀਤਾ ਕਿ ਪੰਜਾਬ ਦੇ ਹਰੇਕ ਘਰ ਤੱਕ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਛੇਤੀ ਅੰਦੋਲਨ ਸ਼ੁਰੂ ਕੀਤਾ ਜਾਵੇਗਾ।

ਸ੍ਰੀ ਰਾਜੇਵਾਲ ਨੇ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀ ਵੀ ਪ੍ਰਦੂਸ਼ਿਤ ਹੁੰਦੇ ਜਾ ਰਹੇ ਹਨ ਜਾਂ ਦੂਜੇ ਸੂਬੇ ਜ਼ਬਰੀ ਪੰਜਾਬ ਦਾ ਪਾਣੀ ਖੋਹਣ ਲੱਗੇ ਹੋਏ ਹਨ। ਇਨ੍ਹਾਂ ਮੁੱਦਿਆਂ ਨੂੰ ਲੈ ਕੇ 6 ਫਰਵਰੀ ਨੂੰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਦਰਬਾਰ ਸਾਹਿਬ ਵਿੱਚ ਨਤਮਸਤਕ ਹੋ ਕੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਲਾਮਬੰਦੀ ਸ਼ੁਰੂ ਕੀਤੀ ਜਾਵੇਗੀ। ਇਸ ਲਈ 6 ਫਰਵਰੀ ਤੋਂ ਪੰਜਾਬ ਦੇ ਪਿੰਡਾਂ ਤੇ ਕਸਬਿਆਂ ਵਿੱਚ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਲੋਕਾਂ ਨੂੰ ਪਾਣੀਆਂ ਦੀ ਰਾਖੀ ਲਈ ਜਾਗਰੂਕ ਕੀਤਾ ਜਾਵੇਗਾ। ਮਾਰਚ ਮਹੀਨੇ ਦੇ ਅੰਤ ਵਿੱਚ ਸੂਬਾਈ ਰੈਲੀ ਕਰ ਕੇ ਪਾਣੀਆਂ ਦੀ ਰਾਖੀ ਲਈ ਅੰਦੋਲਨ ਨੂੰ ਹੋਰ ਤੇਜ਼ ਜਾਵੇਗਾ। ਸ੍ਰੀ ਲੱਖੋਵਾਲ ਨੇ ਕਿਹਾ ਕਿ ਜਾਗਰੂਕਤਾ ਮੁਹਿੰਮ ਦੌਰਾਨ ਪਾਣੀਆਂ ਦੇ ਨਾਲ-ਨਾਲ ਕਿਸਾਨਾਂ ਤੇ ਮਜ਼ਦੂਰਾਂ ਦੇ ਮੁੱਦਿਆਂ ਨੂੰ ਵੀ ਉਭਾਰਿਆ ਜਾਵੇਗਾ।

# ਕੋਈ ਵੀ ਆਮ ਨਾਗਰਿਕ, ਕੋਈ ਵੀ ਨੇਤਾ ਪ੍ਰਧਾਨ ਮੰਤਰੀ ਨੂੰ ਸਵਾਲ ਨਹੀਂ ਕਰ ਸਕਦਾ : ਔਜਲਾ

ਨਵੀਂ ਦਿੱਲੀ : ਲੋਕ ਸਭਾ ਤੋਂ ਮੁਅੱਤਲ ਕੀਤੇ ਗਏ ਅੱਠ ਵਿਰੋਧੀ ਸੰਸਦ ਮੈਂਬਰਾਂ ਨੇ ਸੰਸਦ ਦੇ ਗੇਟ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਇਸ ਮੌਕੇ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ, 'ਭਾਜਪਾ ਸਰਕਾਰ ਅਤੇ ਪ੍ਰਧਾਨ ਮੰਤਰੀ ਪੂਰੇ ਦੇਸ਼ ਨਾਲ ਮਨਮਾਨੇ ਢੰਗ ਨਾਲ ਵਿਵਹਾਰ ਕਰ ਰਹੇ ਹਨ। ਉਹ ਇਸ ਬਾਰੇ ਚਰਚਾ ਨਹੀਂ ਕਰਨਾ ਚਾਹੁੰਦੇ ਕਿ ਅਮਰੀਕਾ ਨਾਲ ਸਮਝੌਤਾ ਕਿਵੇਂ ਹੋਇਆ ਅਤੇ ਚੀਨ ਦੇਸ਼ ਵਿਚ ਕਿਵੇਂ ਘੁਸਪੈਠ ਕਰ ਚੁੱਕਾ ਹੈ... ਕੋਈ ਵੀ ਆਮ ਨਾਗਰਿਕ, ਕੋਈ ਵੀ ਨੇਤਾ ਪ੍ਰਧਾਨ ਮੰਤਰੀ ਨੂੰ ਸਵਾਲ ਨਹੀਂ ਕਰ ਸਕਦਾ। ਅਜਿਹੀ ਕੋਈ ਜਗ੍ਹਾ ਨਹੀਂ ਹੈ ਜਿੱਥੇ ਅਸੀਂ ਜਾ ਸਕਦੇ ਹਾਂ। ਸਾਨੂੰ



ਸਿਰਫ਼ ਸੰਸਦ ਹੀ ਸ਼ਕਤੀ ਦਿੱਤੀ ਗਈ ਹੈ। ਇਸ ਲਈ, ਅਸੀਂ ਸੰਸਦ ਵਿਚ ਇਹ ਸਵਾਲ ਪੁੱਛ ਸਕਦੇ ਹਾਂ... ਕੀ ਸਾਨੂੰ ਉਨ੍ਹਾਂ ਨਾਲ ਸਮਝੌਤਾ ਕਰਨਾ ਚਾਹੀਦਾ ਹੈ, ਜਿਵੇਂ ਉਨ੍ਹਾਂ ਨੇ ਟਰੰਪ ਨਾਲ ਕੀਤਾ ਸੀ?...'


CALL US: 209-637-0210 | 612-578-8078
925-495-0207
SAN RAMON
Lathrop & Main Street Manteca
URGENT CARE & CLINIC
CITIZENSHIP ELIGIBILITY AND GREEN CARD APPLICATION
DR. RAJESH MAHESHWARI, MD
VISIT US NOW!
SAN RAMON
San Ramon
URGENT CARE & CLINIC
LATHROP
Lathrop
URGENT CARE
MAIN STREET
Main Street
URGENT CARE
9140 Alcosta Boulevard Ste D
San Ramon, CA 94583
(925) 361-5959
15810 Harlan Road #A
Lathrop, CA 95330
(209) 983-9000
1040 North Main Street
Manteca, CA 95336
(209) 825-5155
https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਂਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਮੇਰਠ : ਭਾਈ ਮਾਨ ਸਿੰਘ ਜੀ ਬਿਹਾਰੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 1-1-37 ਨੂੰ ਪਿੰਡ ਅਨੂਪ ਨਗਰ ਵਿਚ ਅੰਮ੍ਰਿਤ ਪ੍ਰਚਾਰ ਹੋਇਆ, ਜਿਸ ਵਿਚ 63 ਪ੍ਰਾਣੀਆਂ ਸਮੇਤ ਪਰਿਵਾਰ ਅੰਮ੍ਰਿਤ ਪਾਨ ਕੀਤਾ। ਇਹ ਸਭ ਲੋਕ ਖਟੀਕ ਜਾਤੀ ਵਿਚੋਂ ਸਨ। ਇਸ ਕਾਮਯਾਬੀ ਦਾ ਸਿਹਰਾ ਭਾਈ ਨਿਰੰਜਨ ਸਿੰਘ ਜੀ ਗ੍ਰੰਥੀ ਅਨੂਪ ਨਗਰ ਦੇ ਸਿਰ ਹੈ।

ਮੁਰਾਦਾਬਾਦ : ਭਾਈ ਕਰਤਾਰ ਸਿੰਘ ਜੀ ਢੁੱਡੀਕੇ ਖ਼ਬਰ ਦਿੰਦੇ ਹਨ ਕਿ ਮਚਕੌਰ ਜ਼ਿਲ੍ਹਾ ਮੁਰਾਦਾਬਾਦ ਵਿਚ ਸਰਬ ਹਿੰਦ ਸਿੱਖ ਮਿਸ਼ਨ ਦੇ ਮਾਤਹਿਤ 19 ਮਾਰਚ ਨੂੰ ਭਾਰੀ ਦੀਵਾਨ ਸਜਿਆ। ਆਸਾ ਦੀ ਵਾਰ ਤੋਂ ਬਾਅਦ ਗਿਆਨੀ ਬਾਦਿਲ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਦਵਤਾ ਭਰੀ ਕਥਾ ਕੀਤੀ। ਇਸ ਤੋਂ ਬਾਅਦ ਅੰਮ੍ਰਿਤ ਅਭਿਲਾਸ਼ੀਆਂ ਨੂੰ ਕਕਾਰ ਦਿੱਤੇ ਗਏ। 7 ਵਜੇ ਸ਼ਾਮ ਨੂੰ ਅੰਮ੍ਰਿਤ ਪ੍ਰਚਾਰ ਹੋਇਆ। ਜਟੀਆ ਕੌਮ ਦੇ 250 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਇਸ ਮੌਕੇ 'ਤੇ ਗਿਆਨੀ ਸਾਧੂ ਸਿੰਘ ਜੀ ਨੇ ਬੜਾ ਤੇਜੱਸਵੀ ਭਾਸ਼ਣ ਦਿੱਤਾ। ਇਸ ਇਲਾਕੇ ਵਿਚ ਗੁਰਮਤ ਪ੍ਰਚਾਰ ਬੜੇ ਜੋਸ਼ ਖਰੋਸ਼ ਨਾਲ ਹੋ ਰਿਹਾ ਹੈ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (47) ਅਪ੍ਰੈਲ 1937

ਅਬੋਹਰ : ਸਵਾਮੀ ਕੇਸ਼ਵਾ ਨੰਦ ਜੀ ਕਾਰਯਾਲਯ ਸਾਹਿਤ ਸਦਨ ਅਬੋਹਰ ਹਿੰਦ ਸਿੱਖ ਮਿਸ਼ਨ ਦਾ ਧੰਨਵਾਦ ਕਰਦੇ ਹਨ ਕਿ ਮਿਸ਼ਨ ਨੇ ਉਨ੍ਹਾਂ ਨੂੰ ਆਪਣੇ ਹਿੰਦੀ ਪੁਸਤਕਾਂ ਦੇ ਸਟਾਕ ਵਿਚੋਂ ਹਰੇਕ ਪੁਸਤਕ ਦੀ ਇਕ ਇਕ ਕਾਪੀ ਭੇਜੀ ਹੈ।

ਅਲੀਗੜ੍ਹ : ਭਾਈ ਬਾਦਿਲ ਸਿੰਘ ਜੀ ਪ੍ਰਚਾਰਕ ਇੰਚਾਰਜ ਸਿੰਘ ਯੂ.ਪੀ. ਖ਼ਬਰ ਦਿੰਦੇ ਹਨ ਕਿ ਪਿੰਡ ਕੌਲਾ ਜ਼ਿਲ੍ਹਾ ਮੇਰਠ ਵਿਚ 35 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ ਹੈ।

ਸ਼ੇਖੂਪੁਰਾ : ਭਾਈ ਪ੍ਰੀਤਮ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ ਨੰਗਲ ਪਿੰਡ ਵਿਚ 26-3-37 ਨੂੰ ਅੰਮ੍ਰਿਤ ਪ੍ਰਚਾਰ ਹੋਇਆ, 27 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।

ਬਰੇਲੀ : ਭਾਈ ਜੰਗ ਸਿੰਘ ਜੀ ਪ੍ਰਚਾਰਕ ਬਰੇਲੀ ਦੀ ਆਈ ਚਿੱਠੀ ਤੋਂ ਲਗਦਾ ਏ ਕਿ ਪਿੰਡ ਪੰਦਰੇਈ ਬਦਾਯੂੰ ਵਿਚ ਭਾਈ ਕੇਸਰਿ ਸੰਘ ਜੀ ਜੋ ਕਿ ਸਿੰਘ ਸਜੇ ਸਨ, ਉਨ੍ਹਾਂ ਨੂੰ ਕੁਝ ਬਦਮਾਸ਼ਾਂ ਨੇ ਪਿੰਡ ਦੇ ਮੁਖੀਏ ਸਿਰੀ ਰਾਮ ਦੇ ਮਗਰ ਲੱਗ ਕੇ ਮਾਰਿਆ ਤੇ ਨਾਲੇ ਉਸ ਦੇ ਕੇਸ ਜ਼ਬਰਦਸਤੀ ਕਤਲ ਕਰ ਦਿੱਤੇ। ਪ੍ਰਤਿਕਾਰੀ ਲਈ ਸਰਬ-ਹਿੰਦ ਸਿੱਖ ਮਿਸ਼ਨ ਸੋਚ ਰਿਹਾ ਹੈ। ਧਿਆਨ ਰਹੇ ਕਿ ਯੂ.ਪੀ. ਵਿਚ ਇਸ ਤਰ੍ਹਾਂ ਨਵੇਂ ਸਜੇ ਸਿੰਘਾਂ ਨੂੰ ਤੰਗ ਕਰਕੇ ਸਿੱਖੀਓਂ ਡੇਗਣ ਦੀ ਹੋਰ ਕਈ ਥਾਈਂ ਕੋਸ਼ਿਸ਼ਾਂ ਹੋਈਆਂ ਹਨ ਤੇ ਪ੍ਰਚਾਰ ਵਿਚ ਰੋਕਾਂ ਪਾਈਆਂ ਜਾ ਰਹੀਆਂ ਹਨ। ਖ਼ਾਲਸਾ ਪੰਥ ਤੇ ਗੁਰੂ ਦਾ ਹੱਥ ਹੈ, ਆਸ਼ਾ ਹੈ ਕਿ ਸਿੱਖੀ ਪ੍ਰਚਾਰ ਇਨ੍ਹਾਂ ਔਕੜਾਂ ਦੇ ਹੁੰਦਿਆਂ ਹੋਇਆਂ ਵੀ, ਗੁਰੂ ਤੇ ਸੰਗਤਾਂ ਦੀ ਕਿਰਪਾ ਨਾਲ ਦਿਨੋਂ-ਦਿਨ ਤਰੱਕੀ 'ਤੇ ਹੀ ਜਾਵੇਗਾ।




ਸ਼ੇਖੂਪੁਰਾ : ਭਾਈ ਭਾਗ ਸਿੰਘ ਜੀ ਪ੍ਰਚਾਰਕ ਖ਼ਬਰਜ ਦਿੰਦੇ ਹਨ ਕਿ ਪਿਛੇ ਜਿਹੇ ਚੱਕ ਨੰ. 21 ਵਿਚ ਅੰਮ੍ਰਿਤ ਪ੍ਰਚਾਰ ਹੋਇਆ, 32 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।

ਰਾਣੀ (ਮਾਲਾਬਾਰ) : ਭਾਈ ਚੈਂਚਲ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 16 ਮਾਰਚ ਨੂੰ ਪਿੰਡ ਵਾਰੀਆਂ ਵੁਰਮ, ਵਿਚ ਅੰਮ੍ਰਿਤ ਪ੍ਰਚਾਰ ਹੋਇਆ ਤੇ ਕੁਝ ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।

ਬਰੇਲੀ : ਭਾਈ ਜੰਗ ਸਿੰਘ ਜੀ ਪ੍ਰਚਾਰਕ ਬਰੇਲੀ ਇਤਲਾਹ ਦਿੰਦੇ ਹਨ ਕਿ 166 ਜ਼ਿਲ੍ਹਾ ਮਿੰਟਗੁਮਰੀ ਵਿਖੇ ਅੰਮ੍ਰਿਤ ਪ੍ਰਚਾਰ ਹੋਇਆ, ਅਖੌਤੀ ਅਛੂਤਾਂ ਵਿਚੋਂ 35 ਪ੍ਰਾਣੀ ਸਿੰਘ ਸਜੇ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (48) ਅਪ੍ਰੈਲ 1937

ਜੜ੍ਹਾਂਵਾਲਾ : ਸਰਦਾਰ ਕਲਿਆਣ ਸਿੰਘ ਜੀ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਜੜ੍ਹਾਂਵਾਲਾ ਰਿਪੋਰਟ ਘੱਲਦੇ ਹਨ ਕਿ ਭਾਈ ਭਾਗ ਸਿੰਘ ਪ੍ਰਚਾਰਕ ਆਦਿਕ ਸੱਜਣਾਂ ਦੇ ਦਮ ਨਾਲ ਚੱਕ ਨੰ. 68 ਆਰ-ਬੀ ਵਿਚ ਅੰਮ੍ਰਿਤ ਸਮਾਗਮ ਲਈ ਇਕ ਪੁਰ-ਰੌਣਕ ਦੀਵਾਨ ਸਜਿਆ। ਅਖੌਤੀ ਅਛੂਤਾਂ ਵਿਚੋਂ 353 ਅਭਿਲਾਸ਼ੀਆਂ ਨੇ ਅੰਮ੍ਰਿਤ ਛਕਿਆ। ਇਨ੍ਹਾਂ ਵਿਚੋਂ ਕਈ ਕੁ ਈਸਾਈ ਪਰਿਵਾਰ ਵੀ ਸਨ।

ਮੇਰਠ (ਯੂ.ਪੀ.) : ਭਾਈ ਮਾਨ ਸਿੰਘ ਜੀ ਬਿਹਾਰੀ ਪ੍ਰਚਾਰਕ ਮਿਸ਼ਨ ਖ਼ਬਰ ਦਿੰਦੇ ਹਨ ਕਿ 7-4-37 ਨੂੰ ਪਿੰਡ ਕਿਰਨਲ ਤਹਿਸੀਲ ਬਾਗ਼ਪਤ ਜ਼ਿਲ੍ਹਾ ਮੇਰਠ ਵਿਚ ਦੀਵਾਨ ਹੋਇਆ, ਜਿਸ ਤੇ 7 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ। 8-4-37 ਨੂੰ ਪਿੰਡ ਖੇੜਾ ਹਟਨਨਾ ਵਿਚ ਦੀਵਾਨ ਹੋਇਆ, ਜਿਸ ਤੇ 7 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ। 11-4-37 ਨੂੰ ਪਿੰਡ ਅਨੂਪ ਨਗਰ ਵਿਚ ਵਿਸਾਖੀ ਦਾ ਦੀਵਾਨ ਸਜਾਇਆ ਗਿਆ, ਜਿਸ ਤੇ ਬਾਹਰੋਂ ਆਈਆਂ ਸੰਗਤਾਂ ਵਿਚੋਂ ਅੱਠ ਆਦਮੀਆਂ ਨੇ ਪਰਿਵਾਰ ਸਹਿਤ ਅੰਮ੍ਰਿਤ ਪਾਨ ਕੀਤਾ।

ਦਾਸ-ਕੇਹਰ ਸਿੰਘ

ਸਕੱਤਰ, ਸਰਬ-ਹਿੰਦ ਸਿੱਖ ਮਿਸ਼ਨ ਅੰਮ੍ਰਿਤਸਰ

**(ਚਲਦਾ)**

# ਦਲਾਈ ਲਾਮਾ ਤੇ ਕੇ-ਪੌਪ ਨੂੰ ਗ੍ਰੈਮੀ ਪੁਰਸਕਾਰ

## ਫਿਲਮਸਾਜ਼ ਸਟੀਵਨ ਸਪੀਲਬਰਗ ਨੂੰ 'ਈਗੌਟ' ਸਟੇਟਸ ਮਿਲਿਆ

ਲਾਸ ਏਂਜਲਸ : ਦਲਾਈ ਲਾਮਾ ਤੇਨਜ਼ਿਨ ਗਿਯਾਤਸੋ ਨੇ ਆਡੀਓ ਬੁੱਕ, ਕਥਾ ਅਤੇ ਕਹਾਣੀ ਸੁਣਾਉਣ ਦੀ ਰਿਕਾਰਡਿੰਗ 'ਮੈਡੀਟੇਸ਼ਨਜ਼: ਦਿ ਰਿਫਲੈਕਸ਼ਨਜ਼ ਆਫ਼ ਹਿਜ਼ ਹੋਲੀਨੈੱਸ ਦਿ ਦਲਾਈ ਲਾਮਾ' ਲਈ ਆਪਣਾ ਪਹਿਲਾ ਗ੍ਰੈਮੀ ਪੁਰਸਕਾਰ ਜਿੱਤਿਆ ਹੈ। ਪੁਰਸਕਾਰ ਦੀ ਇਸ ਦੌੜ ਵਿਚ ਦਲਾਈ ਲਾਮਾ ਨੇ ਸੁਪਰੀਮ ਕੋਰਟ ਦੇ ਜਸਟਿਸ ਕੇਤਨਜੀ ਬ੍ਰਾਊਨ ਜੈਕਸਨ ਨੂੰ ਪਛਾੜਿਆ। ਰੁਫ਼ਸਵ ਵੇਨਰਾਈਟ ਨੇ ਪੁਰਸਕਾਰ ਹਾਸਲ ਕਰਨ ਮੌਕੇ ਆਪਣੀ ਤਕਰੀਰ ਦੌਰਾਨ ਮਜ਼ਾਹੀਆ ਲਹਿਜੇ 'ਚ ਕਿਹਾ, "ਮੈਂ ਦਲਾਈ ਲਾਮਾ ਨਹੀਂ ਹਾਂ। ਇਸ ਪ੍ਰਾਜੈਕਟ ਵਿਚ ਸ਼ਮੂਲੀਅਤ ਹੀ ਮਾਣ ਵਾਲੀ ਗੱਲ ਸੀ।" 'ਕੇ-ਪੌਪ ਡੈਮਨ ਹੰਟਰਸ' ਦੇ ਗੀਤ 'ਗੋਲਡਨ' ਨੇ ਪ੍ਰੀਮੀਅਰ ਸਮਾਰੋਹ ਵਿੱਚ ਵਿਜ਼ੂਅਲ ਮੀਡੀਆ ਲਈ ਲਿਖੇ ਗੀਤ ਲਈ ਐਵਾਰਡ ਜਿੱਤਿਆ। ਇਹ ਪਹਿਲੀ ਵਾਰ ਹੈ ਜਦੋਂ



ਕਿਸੇ ਕੇ-ਪੌਪ ਐਕਟ ਨੇ ਗ੍ਰੈਮੀ ਜਿੱਤਿਆ ਹੈ। ਗੀਤਕਾਰਾਂ ਨੇ ਅੰਗਰੇਜ਼ੀ ਅਤੇ ਕੋਰਿਆਈ ਦੋਵਾਂ ਭਾਸ਼ਾਵਾਂ ਵਿੱਚ ਆਪਣੀ ਤਕਰੀਰ ਦਿੱਤੀ। ਸੰਗੀਤਕ ਫਿਲਮ ਵਰਗ ਵਿਚ 'ਮਿਊਜ਼ਿਕ ਫਾਰ ਜੌਹਨ ਵਿਲੀਅਮਜ਼' ਦੀ ਝੋਲੀ ਪਿਆ, ਜੋ ਫਿਲਮਸਾਜ਼ ਸਟੀਵਨ ਸਪੀਲਬਰਗ ਦਾ ਅਧਿਕਾਰਤ ਤੌਰ 'ਤੇ ਪਹਿਲਾ ਗ੍ਰੈਮੀ ਹੈ। ਇਸ ਜਿੱਤ ਨਾਲ ਸਪੀਲਬਰਗ ਪਹਿਲਾ ਈਗੋਟ (ਈ ਜੀ ਓ ਟੀ) ਜੇਤੂ ਬਣ ਗਿਆ, ਜਿਸ ਕੋਲ ਐਮੀ, ਗਰੈਮੀ, ਟੋਨੀ ਤੇ ਆਸਕਰ ਐਵਾਰਡਜ਼ ਹਨ। ਪੁਰਸਕਾਰਾਂ ਦੀ ਵੰਡ ਲਈ ਸਮਾਗਮ ਪੀਕੌਕ ਥੀਏਟਰ ਵਿਚ ਹੋਇਆ। -ਏਪੀ

# ਗੋਲੀਬਾਰੀ ਦੇ ਮਾਮਲੇ 'ਚ ਕਾਬੂ ਕੀਤੇ ਗਏ ਮੁਲਜ਼ਮਾਂ ਦੀ ਹੋਰ ਜੁਰਮਾਂ 'ਚ ਸ਼ਮੂਲੀਅਤ ਦੇ ਸ਼ੱਕ

## ਇੱਕ ਹੋਰ ਨੂੰ ਮੋਸਟ ਵਾਂਟਡ ਸੂਚੀ 'ਚ ਪਾਇਆ

ਵੈਨਕੂਵਰ : ਸਰੀ ਪੁਲਿਸ ਨੇ ਸਰੀ ਵਿਚ ਹੋਈ ਗੋਲੀਬਾਰੀ ਦੇ ਸਬੰਧ ਵਿਚ ਫੜੇ ਗਏ ਦੋ ਮੁਲਜ਼ਮਾਂ ਦੀਆਂ ਫੋਟੋਆਂ ਜਾਰੀ ਕਰਕੇ ਲੋਕਾਂ ਨੂੰ ਉਨ੍ਹਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਹੋਰ ਕਿਸੇ ਜੁਰਮ ਵਿੱਚ ਸ਼ਮੂਲੀਅਤ ਬਾਰੇ ਜਾਣਕਾਰੀ ਦੇਣ ਬਾਰੇ ਅਪੀਲ ਕੀਤੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਉਨ੍ਹਾਂ ਨੇ ਕਈ ਹੋਰ ਥਾਵਾਂ 'ਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਹੋਵੇਗਾ ਜਿਸ ਬਾਰੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਹੰਸਪ੍ਰੀਤ ਸਿੰਘ ਤੇ ਹਰਸ਼ਦੀਪ ਸਿੰਘ ਦੋਹਾਂ ਨੂੰ ਗੋਲੀਬਾਰੀ ਤੋਂ ਅਗਲੇ ਦਿਨ ਫੜਿਆ ਗਿਆ ਸੀ। ਸਮਝਿਆ ਜਾਂਦਾ ਹੈ ਕਿ ਉਹ ਫਿਰੌਤੀਆਂ ਲਈ ਗੋਲੀਬਾਰੀ ਕਰਨ ਵਾਲੇ ਗਰੋਹ ਦਾ ਹਿੱਸਾ ਹਨ। ਪੁਲੀਸ ਦਾ ਕਹਿਣਾ ਹੈ ਕਿ ਫਿਰੌਤੀ ਅਪਰਾਧ ਨੂੰ ਨੱਥ ਪਾਉਣ ਲਈ ਸਰਕਾਰ ਵਲੋਂ ਐਲਾਨੇ ਢਾਈ ਲੱਖ ਦੇ ਫੰਡ ਵਿਚੋਂ



ਮੁਖਬਰੀ ਕਰਨ ਵਾਲੇ ਪੁਲੀਸ ਸਹਿਯੋਗੀਆਂ ਨੂੰ ਇਨਾਮ ਵੀ ਦਿੱਤੇ ਜਾਣਗੇ।

ਇਸੇ ਤਰ੍ਹਾਂ ਪ੍ਰਿੰਸ ਜਾਰਜ ਕੇਂਦਰੀ ਪੁਲੀਸ ਨੇ 56 ਸਾਲਾ ਹਰਵਿੰਦਰ ਕੁਮਾਰ ਕੇਮਰਾ ਨੂੰ ਖਤਰਨਾਕ ਅਪਰਾਧੀ ਗਰਦਾਨਦੇ ਹੋਏ ਉਸ ਨੂੰ ਮੋਸਟ ਵਾਂਟਡ ਸੂਚੀ ਵਿੱਚ ਪਾ ਦਿੱਤਾ ਹੈ। ਉਸ 'ਤੇ ਕਈ ਖਤਰਨਾਕ ਅਪਰਾਧਾਂ ਦੇ ਦੋਸ਼ ਹਨ। ਪੁਲੀਸ ਦਾ ਕਹਿਣਾ ਹੈ ਕਿ ਜਿਸ ਨੂੰ ਵੀ ਉਸ ਬਾਰੇ ਪਤਾ ਲੱਗੇ ਤਾਂ ਉਹ ਤੁਰੰਤ ਪੁਲੀਸ ਨੂੰ ਇਤਲਾਹ ਦੇਵੇ, ਤਾਂ ਕਿ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕੇ।

# ਅਮਰੀਕਾ ਨਾਲ ਵਪਾਰ ਸਮਝੌਤੇ ਵਿਚ ਭਾਰਤ ਦੀਆਂ ਖੇਤੀਬਾੜੀ ਸੰਵੇਦਨਸ਼ੀਲਤਾਵਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਗਿਆ : ਸਰਕਾਰੀ ਅਧਿਕਾਰੀ

ਵੀਂ ਦਿੱਲੀ : ਇਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਏਐਨਆਈ ਨੂੰ ਦੱਸਿਆ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਚ 'ਭਾਰਤ ਦੀਆਂ ਖੇਤੀਬਾੜੀ ਸੰਵੇਦਨਸ਼ੀਲਤਾਵਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਗਿਆ ਹੈ', ਜਿਸ ਨਾਲ ਭਾਰਤੀ ਵਸਤੂਆਂ 'ਤੇ ਅਮਰੀਕੀ ਟੈਰਿਫ 18% ਤੱਕ ਘੱਟ ਜਾਣਗੇ। ਅਧਿਕਾਰੀ ਦੀਆਂ ਟਿੱਪਣੀਆਂ ਖੇਤੀਬਾੜੀ ਬਾਜ਼ਾਰ ਪਹੁੰਚ ਰਿਆਇਤਾਂ ਬਾਰੇ ਅਟਕਲਾਂ ਦੇ ਵਿਚਕਾਰ ਆਈਆਂ ਹਨ ਜੋ ਭਾਰਤ ਨੇ ਟੈਰਿਫ ਵਿਚ ਕਟੌਤੀ ਨੂੰ ਸੁਰੱਖਿਅਤ ਕਰਨ ਲਈ ਪੇਸ਼ ਕੀਤੀਆਂ ਹੋ ਸਕਦੀਆਂ ਹਨ। ਸਰਕਾਰ ਨੇ ਖੇਤੀਬਾੜੀ ਆਯਾਤ ਲਈ ਇਕ ਅਜਿਹਾ



ਤਰੀਕਾ ਅਪਣਾਇਆ ਹੈ ਜੋ ਭਾਰਤ ਦੇ ਸਥਾਪਿਤ ਮੁਕਤ ਵਪਾਰ ਸਮਝੌਤੇ (ਐਫ.ਟੀ.ਏ.) ਟੈਂਪਲੇਟ ਨਾਲ ਇਕਸਾਰਤਾ ਬਣਾਈ ਰੱਖਦੇ ਹੋਏ ਸੰਵੇਦਨਸ਼ੀਲ ਖੇਤੀ ਉਤਪਾਦਾਂ ਲਈ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਸਿਰਫ਼ ਸਭ ਤੋਂ ਘੱਟ ਸੰਵੇਦਨਸ਼ੀਲ ਖੇਤੀਬਾੜੀ ਉਤਪਾਦ - ਜੋ ਭਾਰਤ ਨਿਯਮਿਤ ਤੌਰ 'ਤੇ ਯੂ.ਕੇ. ਦੇ ਐਫ.ਟੀ.ਏ. ਸਮੇਤ ਸਾਰੇ ਐਫਟੀਏ ਭਾਈਵਾਲਾਂ ਨੂੰ ਪੇਸ਼ ਕਰਦਾ ਹੈ - ਨੂੰ ਤੁਰੰਤ ਜ਼ੀਰੋ-ਡਿਊਟੀ ਪਹੁੰਚ ਪ੍ਰਾਪਤ ਹੋਵੇਗੀ। ਖੇਤੀਬਾੜੀ ਵਪਾਰ ਵਿਚ ਭਾਰਤ ਦੀ ਮਜ਼ਬੂਤ ਸਥਿਤੀ ਨੂੰ ਮਜ਼ਬੂਤ ਕਰਦੇ ਹੋਏ, ਅਧਿਕਾਰੀ ਨੇ ਦੱਸਿਆ ਕਿ ਭਾਰਤ ਨੂੰ ਸੰਯੁਕਤ ਰਾਜ ਅਮਰੀਕਾ ਨਾਲ ਖੇਤੀਬਾੜੀ ਵਪਾਰ ਵਿਚ 1.3 ਬਿਲੀਅਨ ਅਮਰੀਕੀ ਡਾਲਰ ਦਾ ਕਾਫ਼ੀ ਸਰਪਲੱਸ ਪ੍ਰਾਪਤ ਹੈ। ਭਾਰਤ ਹਰ ਸਾਲ ਅਮਰੀਕਾ ਨੂੰ 3.4 ਬਿਲੀਅਨ ਡਾਲਰ ਦੇ ਖੇਤੀਬਾੜੀ ਉਤਪਾਦ ਨਿਰਯਾਤ ਕਰਦਾ ਹੈ, ਜਦੋਂ ਕਿ ਸਿਰਫ 2.1 ਬਿਲੀਅਨ ਡਾਲਰ ਦਾ ਆਯਾਤ ਕਰਦਾ ਹੈ, ਜੋ ਕਿ ਅਮਰੀਕੀ ਬਾਜ਼ਾਰ ਵਿਚ ਭਾਰਤੀ ਖੇਤੀਬਾੜੀ ਦੀ ਮੁਕਾਬਲੇਬਾਜ਼ੀ ਨੂੰ ਦਰਸਾਉਂਦਾ ਹੈ।

# ਸਰਹੱਦੀ ਜ਼ਿਲ੍ਹਿਆਂ 'ਚ ਪੈਦਲ ਯਾਤਰਾ ਸ਼ੁਰੂ ਕਰਨਗੇ ਰਾਜਪਾਲ

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ 'ਚ ਪੈਦਲ ਯਾਤਰਾ ਸ਼ੁਰੂ ਕਰਨਗੇ। ਰਾਜਪਾਲ ਪੈਦਲ ਯਾਤਰਾ ਦੌਰਾਨ ਹਰ ਰੋਜ਼ ਦੋ ਘੰਟੇ ਸਰਹੱਦੀ ਲੋਕਾਂ ਨਾਲ ਮਾਰਚ ਕਰਨਗੇ ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਾ ਸਕਣ। ਰਾਜਪਾਲ ਨੇ ਅੱਜ ਇੱਥੇ ਦੱਸਿਆ ਕਿ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਨੂੰ ਨਸ਼ਿਆਂ ਖ਼ ?ਲਾਫ਼ ਜਾਗਰੂਕ ਕਰਨ ਲਈ ਪੈਦਲ ਯਾਤਰਾ 9 ਫਰਵਰੀ ਤੋਂ ਸ਼ੁਰੂ ਹੋਵੇਗੀ ਅਤੇ 12 ਫਰਵਰੀ ਨੂੰ ਅਬੋਹਰ ਵਿਖੇ



ਸਮਾਪਤ ਹੋਵੇਗੀ। ਰਾਜਪਾਲ ਨੇ ਦੱਸਿਆ ਕਿ ਪੈਦਲ ਯਾਤਰਾ 9 ਫਰਵਰੀ ਨੂੰ ਤਰਨ ਤਾਰਨ ਤੋਂ ਸ਼ੁਰੂ ਹੋਵੇਗੀ। ਉਨ੍ਹਾਂ ਪ੍ਰੋਗਰਾਮ ਦਾ ਵਿਸਥਾਰ ਦਿੱਤਾ ਕਿ 10 ਫਰਵਰੀ ਨੂੰ ਜ਼ਿਲ੍ਹਾ ਫ਼ਿਰੋਜ਼ਪੁਰ, 11 ਫਰਵਰੀ ਨੂੰ ਫ਼ਾਜ਼ਿਲਕਾ ਅਤੇ 12 ਫਰਵਰੀ ਨੂੰ ਅਬੋਹਰ ਵਿਖੇ ਸਮਾਪਤ ਹੋਵੇਗੀ। ਚੇਤੇ ਰਹੇ ਕਿ ਗਣਤੰਤਰ ਦਿਹਾੜੇ 'ਤੇ ਰਾਜਪਾਲ ਨੇ ਕੌਮੀ ਝੰਡਾ ਵੀ ਫ਼ਾਜ਼ਿਲਕਾ ਵਿਖੇ ਲਹਿਰਾਇਆ ਗਿਆ ਸੀ। ਪਹਿਲਾਂ ਵੀ ਰਾਜਪਾਲ ਸਰਹੱਦੀ ਜ਼ਿਲ੍ਹਿਆਂ ਦਾ ਦੌਰਾ ਕਰ ਚੁੱਕੇ ਹਨ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਘਰੇਲੂ ਇਲਾਜ :**

1. ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣਾ ਚਿਹਰਾ ਸਾਫ਼ ਰੱਖੋ, ਇਸ ਲਈ ਜਦੋਂ ਵੀ ਜ਼ਰੂਰਤ ਹੋਵੇ, ਚੰਗੇ ਸਾਬਣ ਦੀ ਵਰਤੋਂ ਕਰੋ। ਉਹ ਸਾਬਣ ਨਾ ਵਰਤੋ ਜੋ ਚਮੜੀ ਨੂੰ ਖ਼ੁਸ਼ਕ ਕਰਦੇ ਹਨ। ਆਪਣੇ ਚਿਹਰੇ ਨੂੰ ਬਹੁਤ ਜ਼ਿਆਦਾ ਦਬਾਅ ਕੇ ਨਾ ਰਗੜੋ।
2. ਮੁਹਾਸਿਆਂ ਨੂੰ ਤੋੜਨ ਨਾਲ ਇਨ੍ਹਾਂ ਦੇ ਨਿਸ਼ਾਨ ਹਮੇਸ਼ਾਂ ਲਈ ਰਹਿ ਜਾਂਦੇ ਹਨ, ਇਸ ਲਈ ਮੁਹਾਸਿਆਂ ਨੂੰ ਨਾ ਤੋੜੋ।
3. ਮੁਹਾਸਿਆਂ ਲਈ ਬੈਂਨਜੋਇਲ ਪਰਆਕਸਾਈਡ 5% ਚੰਗਾ ਕੰਮ ਕਰਦੀ ਹੈ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਮੁਹਾਸੇ ਵੱਡੇ, ਲਾਲ ਅਤੇ ਚਮੜੀ ਦੇ ਅੰਦਰ ਗਿਲਟੀਆਂ ਵਾਂਗ ਹੋਣ।
2. ਜੇਕਰ ਘਰੇਲੂ ਇਲਾਜ ਕੰਮ ਨਹਲ ਕਰ ਰਿਹਾ।

**ਵਾਲਾਂ ਦਾ ਝੜਨਾ**
**(ਐਲੋਪੇਸ਼ੀਆ)**

ਦਿਨ ਵਿੱਚ ਆਮ ਤੌਰ 'ਤੇ ਸਾਡੇ 100 ਦੇ ਤਕਰੀਬਨ ਵਾਲ ਝੜ ਜਾਂਦੇ ਹਨ, ਰੋਜ਼ਾਨਾ ਵਾਲਾਂ ਦਾ ਝੜਨਾ ਕੁਦਰਤੀ ਤੇ ਆਮ ਹੈ। ਵਾਲਾਂ ਦਾ ਝੜਨਾ ਇੱਕ ਕੌਸਮੈਟਿਕ (ਦਿਖਾਵਟ) ਦੀ ਪ੍ਰੇਸ਼ਾਨੀ ਹੈ। ਵਾਲਾਂ ਦੇ ਝੜਨ ਨਾਲ ਆਤਮਸਨਮਾਨ ਨੂੰ ਠੇਸ ਪਹੁੰਚ ਸਕਦੀ ਹੈ, ਖ਼ਾਸ ਤੌਰ 'ਤੇ ਔਰਤਾਂ ਅਤੇ ਜਵਾਨ ਲੜਕੇ ਲੜਕੀਆਂ ਵਿੱਚ।

**ਕਾਰਨ :**

1. ਜਿਵੇਂ ਜਿਵੇਂ ਉਮਰ ਵਧਦੀ ਹੈ, ਵਾਲ ਜ਼ਿਆਦਾ ਝੜਦੇ ਹਨ।
2. ਮਾਨਸਿਕ ਤਣਾਓ ਜਾਂ ਚਿੰਤਾ ਕਾਰਨ।
3. ਵਾਲਾਂ ਨੂੰ ਸੰਵਾਰਨ ਸਮੇਂ ਬਹੁਤ ਜ਼ੋਰ ਨਾਲ ਖਿੱਚਣ ਕਾਰਨ ਵਾਲਾਂ ਦਾ ਟੁੱਟਣਾ।
4. ਕੈਂਸਰ ਦੀ ਦਵਾਈ ਅਤੇ ਇਲਾਜ ਦੌਰਾਨ (ਕੀਮੋਥੈਰੇਪੀ)।
5. ਸਿੱਕਰੀ।
6. ਜੇ ਖਾਣੇ ਵਿੱਚ ਲੋਹੇ ਅਤੇ ਪ੍ਰੋਟੀਨ ਦੀ ਮਾਤਰਾ ਘੱਟ ਹੋਵੇ।
7. ਬਹੁਤ ਜਲਦੀ ਵਾਲਾਂ ਦੇ ਝੜਨ ਦਾ ਪਰਿਵਾਰਿਕ ਪਿਛੋਕੜ।
8. ਥਾਈਰੋਇਡ ਹਾਰਮੋਨਾਂ ਦਾ ਘਟਣਾ ਅਤੇ ਵਧਣਾ।
9. ਐਲੋਪੇਸ਼ੀਆ ਏਰੀਆਟਾ (ਅਚਾਨਕ ਕੁਝ ਹਿੱਸਿਆਂ ਵਿੱਚ ਬਹੁਤ ਵਾਲ ਝੜਨੇ)।




**ਰੋਕਥਾਮ/ਬਚਾਅ :**

1. ਆਪਣੇ ਵਾਲਾਂ ਨੂੰ ਬਹੁਤ ਜ਼ਿਆਦ ਜ਼ੋਰ ਨਾਲ ਨਾ ਬੰਨ੍ਹੋ।
2. ਜੇਕਰ ਦਵਾਈ ਲੈਣ ਤੋਂ ਬਾਅਦ ਵਾਲਾਂ ਦਾ ਝੜਨਾ ਸ਼ੁਰੂ ਹੁੰਦਾ ਹੈ ਤਾਂ ਦਵਾਈ ਬਦਲਣ ਲਈ ਆਪਣੇ ਡਾਕਟਰ ਨਾਲ ਸਲਾਹ ਕਰੋ।
3. ਜ਼ਿੰਦਗੀ ਵਿੱਚ ਮਾਨਸਿਕ ਤਣਾਓ ਨੂੰ ਘਟਾਓ।
4. ਸਿੱਕਰੀ ਦਾ ਇਲਾਜ ਕਰੋ।
5. ਸੰਤੁਲਿਤ ਖਾਣਾ, ਜਿਸ ਵਿੱਚ ਲੋਹਾ ਅਤੇ ਪ੍ਰੋਟੀਨ ਹੋਵੇ, ਖਾਓ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜਦੋਂ ਤੁਹਾਡੇ ਵਾਲ ਅਚਾਨਕ ਝੜਨ ਲੱਗ ਜਾਣ ਅਤੇ ਤੁਹਾਡੇ ਸਿਰ ਦੇ ਵਾਲ ਉਤਰਨ ਕਾਰਨ ਖ਼ਾਲੀ ਸਥਾਨ ਦੀਆਂ ਟੁਕੜੀਆਂ ਦਿਖਾਈ ਦੇਣ।
2. ਜਦੋਂ ਕਿਸੇ ਦਵਾਈ ਸ਼ੁਰੂ ਕਰਨ ਨਾਲ ਵਾਲ ਝੜਨ ਲੱਗ ਜਾਣ।
3. ਥਾਈਰੌਇਡ ਦੀ ਗ੍ਰੰਥੀ ਦੀ ਬਿਮਾਰੀ ਅਤੇ ਲੋਹੇ ਦੀ ਕਮੀ ਦੀ ਪਰਖ ਲਈ ਖ਼ੂਨ ਦੀ ਜਾਂਚ ਕਰਵਾਓ।
4. ਜੇਕਰ ਤੁਹਾਡੀ ਸਿੱਕਰੀ ਘਰੇਲੂ ਇਲਾਜ ਨਾਲ ਠੀਕ ਨਹਲ ਹੋ ਰਹੀ।
5. ਜੇ ਮਾਨਸਿਕ ਤਣਾਓ ਜਾਂ ਚਿੰਤਾ ਗੰਭੀਰ ਹੋ ਰਹੀ ਹੋਵ।

**ਚਿਕਨਪੌਕਸ (ਛੋਟੀ ਮਾਤਾ)**

ਚਿਕਨਪੌਕਸ ਇੱਕ ਵਾਇਰਸ ਦੇ ਕਾਰਨ ਹੁੰਦਾ ਹੈ। ਆਮ ਤੌਰ 'ਤੇ ਇਹ ਬੱਚਿਆਂ ਵਿੱਚ ਹੁੰਦਾ ਹੈ, ਪਰ ਵੱਡਿਆਂ ਵਿੱਚ ਵੀ ਹੋ ਸਕਦਾ ਹੈ। ਇਹ ਪਿੰਪਲ ਦੀ ਤਰ੍ਹਾਂ ਲਾਲ ਰੈਸ਼, ਅਤੇ ਮੱਠੇ-ਮੱਠੇ ਬੁਖ਼ਾਰ ਦੇ ਨਾਲ ਸ਼ੁਰੂ ਹੁੰਦਾ ਹੈ। ਰੈਸ਼ ਸਾਰੇ ਸਰੀਰ 'ਤੇ ਹੋ ਸਕਦੇ ਹਨ। ਇਹ ਰੈਸ਼ ਬਾਅਦ ਵਿੱਚ ਛਾਲਿਆਂ ਵਿੱਚ ਬਦਲ ਜਾਂਦੇ ਹਨ। ਇਸ ਤੋਂ ਬਾਅਦ ਇਹ ਛਾਲੇ ਹਲਕੇ ਚਿੱਟੇ ਰੰਗ ਦੇ ਹੋ ਜਾਂਦੇ ਹਨ ਅਤੇ ਫੁੱਟ ਕੇ ਪਾਪੜੀ ਬਣ ਜਾਂਦੇ ਹਨ। ਚਿਕਨਪੌਕਸ ਸ਼ੁਰੂਆਤ ਵਿੱਚ ਛੂਤ-ਛਾਤ ਵਾਲਾ ਰੋਗ ਹੈ। ਜਦੋਂ ਇਹ ਛਾਲੇ ਸੁੱਕ ਕੇ ਪਾਪੜੀ ਬਣ ਜਾਂਦੇ ਹਨ ਤਾਂ ਇਹ ਇੱਕ ਤੋਂ ਦੂਜੇ ਵਿਅਕਤੀ ਤਕ ਨਹਲ ਫੈਲਦਾ।

**ਰੋਕਥਾਮ/ਬਚਾਅ :**

1. ਚਿਕਨਪੌਕਸ ਦਾ ਟੀਕਾਕਰਨ ਇੱਕ ਵਧੀਆ ਬਚਾਅ ਹੈ। ਇੱਕ ਤੋਂ ਡੇਢ ਸਾਲ ਦੀ ਉਮਰ ਵਿਚਕਾਰ ਬੱਚਿਆਂ ਲਈ ਇਸਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।
2. ਜੇਕਰ ਤੁਹਾਨੂੰ ਇੱਕ ਵਾਰ ਚਿਕਨਪੌਕਸ ਹੋ ਗਿਆ ਹੋਵੇ ਤਾਂ ਤੁਹਾਨੂੰ ਸਾਰੀ ਉਮਰ ਦੁਬਾਰਾ ਚਿਕਨਪੌਕਸ ਨਹੀਂ ਹੋ ਸਕਦਾ। ਇਹ ਸਿਰਫ਼ ਇੱਕ ਵਾਰ ਹੋਣ ਵਾਲੀ ਬਿਮਾਰੀ ਹੈ।

**ਘਰੇਲੂ ਇਲਾਜ :**

1. ਬੈਨਾਡ੍ਰਿਲ ਦੀ ਦਵਾਈ ਲੈ ਕੇ ਅਤੇ ਕੈਲਾਮਾਈਨ ਲੋਸ਼ਨ ਲਗਾ ਕੇ ਖਾਰਿਸ਼ ਨੂੰ ਕਾਬੂ ਵਿੱਚ ਕੀਤਾ ਜਾ ਸਕਦਾ ਹੈ।
2. ਬੁਖ਼ਾਰ ਲਈ ਐਸੀਟਾਮਿਨੋਫਿਨ ਦੀ ਦਵਾਈ ਲਵੋ।
3. ਬੱਚਿਆਂ ਨੂੰ ਕਦੇ ਵੀ ਐਸਪੀਰਿਨ ਦੀ ਦਵਾਈ ਨਾ ਦੇਵੋ।
4. ਬੱਚਿਆਂ ਦੇ ਨਹੁੰ ਕੱਟੋ, ਕਿਉਂਕਿ ਬੱਚੇ ਜ਼ਿਆਦਾ ਖਾਰਸ਼ ਕਰਨ ਕਰਕੇ ਕਈ ਵਾਰ ਜ਼ਖ਼ਮ ਕਰ ਲੈਂਦੇ ਹਨ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਬਹੁਤ ਤੇਜ਼ ਬੁਖ਼ਾਰ ਹੋਵੇ।
2. ਘਰੇਲੂ ਇਲਾਜ ਦੇ ਨਾਲ ਵੀ ਖਾਰਿਸ਼ ਠੀਕ ਨਾ ਹੋਵੇ।
3. ਅੱਖਾਂ ਵਿੱਚ ਛਾਲੇ ਹੋ ਜਾਣ।
4. ਬਹੁਤ ਜ਼ਿਆਦਾ ਸਿਰ ਦਰਦ ਜਾਂ ਉਲਟੀਆਂ ਆਉਣ।
5. ਜੇਕਰ ਬੱਚੇ ਨੂੰ ਕੋਈ ਹੋਰ ਬਿਮਾਰੀ ਹੋਵੇ ਜਿਵੇਂ ਕਿ ਕੈਂਸਰ ਜਾਂ ਸਟਿਰੌਇਡ ਦੀ ਦਵਾਈ ਲੈਂਦਾ ਹੋਵੇ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਪਾਕਿਸਤਾਨ ਵੱਲੋਂ ਹਰੀ ਸਿੰਘ ਨਲੂਆ ਦਾ ਬੁੱਤ ਸਥਾਪਤ

## ਸਿੱਖ ਜਰਨੈਲ ਦਾ ਬੁੱਤ ਸਥਾਪਤ ਹੋਣ ਦਾ ਸਿੱਖ ਜਥੇਬੰਦੀਆਂ ਵੱਲੋਂ ਸਵਾਗਤ

ਚੰਡੀਗੜ੍ਹ : ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਲਾਂਘੇ ਦੀ ਆਰਟ ਗੈਲਰੀ ਵਿੱਚ ਮਹਾਨ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦਾ ਬੁੱਤ ਸਥਾਪਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਤੋਂ ਤਿੰਨ ਸਾਲ ਪਹਿਲਾਂ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਤੋਂ ਹਰੀ ਸਿੰਘ ਨਲੂਆ ਦਾ ਬੁੱਤ ਹਟਾ ਦਿੱਤਾ ਗਿਆ ਸੀ ਤੇ ਇਸ ਵਾਰ ਕਰਤਾਰਪੁਰ ਲਾਂਘੇ 'ਤੇ ਸਿੱਖ ਜਰਨੈਲ ਦਾ ਬੁੱਤ ਸਥਾਪਤ ਕਰਨ ਨਾਲ ਪਾਕਿ ਨੇ ਆਪਣੀ ਗਲਤੀ ਸੁਧਾਰਨ ਵੱਲ ਕਦਮ ਚੁੱਕਿਆ ਹੈ।



ਇਸ ਕਦਮ ਨੂੰ ਦੁਨੀਆ ਭਰ ਦੇ ਸਿੱਖ ਸੰਗਠਨਾਂ ਵਲੋਂ ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਮਾਨਤਾ ਦੇਣ ਵੱਲ ਇੱਕ ਸਕਾਰਾਤਮਕ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਇਸ ਬੁੱਤ ਦਾ ਉਦਘਾਟਨ 1 ਫਰਵਰੀ ਨੂੰ ਕੀਤਾ ਗਿਆ ਜਿਸ ਸਬੰਧੀ ਜਾਣਕਾਰੀ ਅਮਰੀਕਾ ਵਿੱਚ ਸਿੱਖ ਜਥੇਬੰਦੀ ਦੇ ਪ੍ਰਧਾਨ ਗੁਰਿੰਦਰ ਸਿੰਘ ਜੋਸਨ ਨੇ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਦਿੱਤੀ। ਇਸ ਨੂੰ ਇਤਿਹਾਸਕ ਪਲ ਦੱਸਦੇ ਹੋਏ, ਜੋਸਨ ਨੇ ਕਿਹਾ ਕਿ ਇਹ ਉਨ੍ਹਾਂ ਖੇਤਰਾਂ ਵਿੱਚ ਸਿੱਖ ਯੋਗਦਾਨਾਂ ਲਈ ਮਾਨਤਾ ਅਤੇ ਸਤਿਕਾਰ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰ ਸਕਦਾ ਹੈ ਜੋ ਕਦੇ ਸਿੱਖ ਸਾਮਰਾਜ ਦਾ ਹਿੱਸਾ ਸਨ।

ਇਸ ਸਬੰਧੀ ਪ੍ਰਾਜੈਕਟ ਗੁਰਿੰਦਰ ਪਾਲ ਸਿੰਘ ਜੋਸਨ ਵਲੋਂ ਉਲੀਕਿਆ ਗਿਆ ਸੀ ਤੇ ਇਹ ਬੁੱਤ ਜਗਦੀਪ ਸਿੰਘ ਬਿਲਿੰਗ ਵਲੋਂ ਕੁਲਵੰਤ ਸਿੰਘ ਦਿਓਲ ਦੀ ਅਗਵਾਈ ਹੇਠ ਮੁਕੰਮਲ ਕੀਤਾ ਗਿਆ। ਦੁਨੀਆ ਭਰ ਦੀਆਂ ਸਿੱਖ ਸੰਸਥਾਵਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ।

ਦੱਸਣਾ ਬਣਦਾ ਹੈ ਕਿ ਸਰਦਾਰ ਹਰੀ ਸਿੰਘ ਨਲੂਆ (1791-1837) ਦਰਮਿਆਨ ਮਹਾਰਾਜਾ ਰਣਜੀਤ ਸਿੰਘ ਅਧੀਨ ਸਿੱਖ ਸਾਮਰਾਜ ਦੇ ਸਭ ਤੋਂ ਸ਼ਕਤੀਸ਼ਾਲੀ ਜਰਨੈਲਾਂ ਵਿੱਚੋਂ ਇੱਕ ਸਨ। ਉਨ੍ਹਾਂ ਨੇ ਖਾਲਸਾ ਰਾਜ ਦੀਆਂ ਉੱਤਰ-ਪੱਛਮੀ ਸਰਹੱਦਾਂ ਨੂੰ ਸੁਰੱਖਿਅਤ ਕਰਨ ਵਿੱਚ ਫੈਸਲਾਕੁੰਨ ਭੂਮਿਕਾ ਨਿਭਾਈ ਅਤੇ ਕਸ਼ਮੀਰ, ਪੇਸ਼ਾਵਰ ਅਤੇ ਹਜ਼ਰਾ ਦੇ ਗਵਰਨਰ ਵਜੋਂ ਸੇਵਾ ਨਿਭਾਈ। ਨਲੂਆ ਨੂੰ ਅਫਗਾਨਿਸਤਾਨ ਤੋਂ ਵਾਰ-ਵਾਰ ਹਮਲਿਆਂ ਨੂੰ ਰੋਕਣ ਅਤੇ ਇਤਿਹਾਸ ਵਿੱਚ ਪਹਿਲੀ ਵਾਰ ਖੈਬਰ ਦੱਰੇ ਤੱਕ ਸਿੱਖ ਰਾਜ ਨੂੰ ਵਧਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ, ਜਿਸ ਨਾਲ ਉਹ ਸਿੱਖ ਫੌਜੀ ਅਤੇ ਪ੍ਰਸ਼ਾਸਕੀ ਇਤਿਹਾਸ ਵਿੱਚ ਇੱਕ ਉੱਚ ਸ਼ਖਸੀਅਤ ਬਣ ਗਏ।

ਕਰਤਾਰਪੁਰ ਸਥਾਪਨਾ ਤੋਂ ਬਾਅਦ ਪਾਕਿਸਤਾਨੀ ਅਧਿਕਾਰੀਆਂ ਨੇ ਹਰੀਪੁਰ ਜ਼ਿਲ੍ਹੇ ਦੇ ਸਿੱਦੀਕੀ-ਏ-ਅਕਬਰ ਚੌਕ ਤੋਂ ਹਰੀ ਸਿੰਘ ਨਲੂਆ ਦੇ ਅੱਠ ਫੁੱਟ ਉੱਚੇ ਬੁੱਤ ਨੂੰ ਹਟਾ ਦਿੱਤਾ ਸੀ। ਸ਼ਹਿਰ ਦੇ ਸੁੰਦਰੀਕਰਨ ਪ੍ਰਾਜੈਕਟ ਤਹਿਤ ਸਥਾਪਤ ਕੀਤੇ ਗਏ ਇਸ ਬੁੱਤ ਨੂੰ ਕੁਝ ਧਾਰਮਿਕ ਸਮੂਹਾਂ ਦੇ ਇਤਰਾਜ਼ਾਂ ਤੋਂ ਬਾਅਦ ਹਟਾ ਦਿੱਤਾ ਗਿਆ ਸੀ। ਇਸ ਬੁੱਤ ਨੂੰ ਹਟਾਉਣ ਦੇ ਵੀਡੀਓ ਵਾਇਰਲ ਹੋਣ ਕਾਰਨ ਵਿਵਾਦ ਵਧ ਗਿਆ ਸੀ।

# ਡੇਢ ਕਿਲੋ ਹੈਰੋਇਨ ਤੇ ਡਰੱਗ ਮਨੀ ਸਣੇ ਚਾਰ ਮੁਲਜ਼ਮ ਕਾਬੂ

## ਮੁਲਜ਼ਮਾਂ ਕੋਲੋਂ ਦੋ ਪਿਸਤੌਲਾਂ ਤੇ ਕਾਰਤੂਸ ਵੀ ਬਰਾਮਦ

ਅੰਮ੍ਰਿਤਸਰ : ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਸਰਹੱਦ ਪਾਰੋਂ ਨਾਰਕੋ-ਆਰਮਜ਼ ਤਸਕਰੀ ਮਾਡਿਊਲ ਦੇ ਚਾਰ ਕਾਰਕੁਨਾਂ ਨੂੰ 1.5 ਕਿਲੋ ਹੈਰੋਇਨ ਅਤੇ 1.98 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਇੱਥੇ ਡੀਜੀਪੀ ਗੌਰਵ ਯਾਦਵ ਨੇ ਦਿੱਤੀ।

ਮੁਲਜ਼ਮਾਂ ਦੀ ਪਛਾਣ ਜਸਕਿੰਦਰ ਸਿੰਘ ਉਰਫ਼ ਸਿਕੰਦਰ, ਹਰਪਾਲ ਸਿੰਘ, ਗੁਰਮੁਖ ਸਿੰਘ ਅਤੇ ਸੁਖਦੀਪ ਸਿੰਘ ਵਜੋਂ ਹੋਈ ਹੈ। ਇਹ ਸਾਰੇ ਪਿੰਡ ਰਣੀਆਂ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਹੈਰੋਇਨ ਅਤੇ ਡਰੱਗ ਮਨੀ ਬਰਾਮਦ ਕਰਨ ਤੋਂ ਇਲਾਵਾ ਪੁਲੀਸ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਆਧੁਨਿਕ ਪਿਸਤੌਲਾਂ (9 ਐਮਐਮ ਤੇ .30 ਬੋਰ) ਸਮੇਤ ਪਾਕਿਸਤਾਨ ਆਰਡੀਨੈਂਸ ਫੈਕਟਰੀ (ਪੀਓਐਫ) ਵਿੱਚ ਬਣੇ 34 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।



ਡੀਜੀਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮ ਆਪਣੇ ਵਿਦੇਸ਼ੀ ਹੈਂਡਲਰਾਂ ਦੀ ਮਿਲੀਭੁਗਤ ਨਾਲ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸਨ। ਇਹ ਸਾਰੇ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀਆਂ ਜਾ ਰਹੀਆਂ ਗੈਰ-ਕਾਨੂੰਨੀ ਹਥਿਆਰਾਂ ਅਤੇ ਹੈਰੋਇਨ ਦੀਆਂ ਖੇਪਾਂ ਨੂੰ ਪ੍ਰਾਪਤ ਕਰਕੇ ਪੰਜਾਬ ਦੀਆਂ ਵੱਖ-ਵੱਖ ਥਾਵਾਂ 'ਤੇ ਸਪਲਾਈ ਕਰ ਰਹੇ ਸਨ। ਇਸ ਮਾਮਲੇ ਵਿੱਚ ਅਗਲੇਰੀ ਜਾਂਚ ਜਾਰੀ ਹੈ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਸੂਚਨਾ 'ਤੇ ਕਾਰਵਾਈ ਕਰਦਿਆਂ ਪੁਲੀਸ ਟੀਮਾਂ ਨੇ ਯੋਜਨਾਬੱਧ ਕਾਰਵਾਈ ਸ਼ੁਰੂ ਕੀਤੀ ਅਤੇ ਸਰਹੱਦ ਪਾਰੋਂ ਤਸਕਰੀ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਡਰੱਗ ਮਨੀ ਅਤੇ 34 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਗੁਰਮੁਖ ਸਿੰਘ ਅਤੇ ਸੁਖਦੀਪ ਸਿੰਘ ਦੇ ਖੁਲਾਸੇ ਦੇ ਅਧਾਰ 'ਤੇ ਪੁਲੀਸ ਨੇ ਦੋ ਪਿਸਤੌਲ ਬਰਾਮਦ ਕੀਤੇ ਜਦੋਂ ਕਿ ਮੁਲਜ਼ਮ ਜਸਕਿੰਦਰ ਸਿੰਘ ਅਤੇ ਹਰਪਾਲ ਸਿੰਘ ਦੇ ਖੁਲਾਸੇ 'ਤੇ 1.5 ਕਿਲੋ ਹੈਰੋਇਨ ਦੀ ਖੇਪ ਬਰਾਮਦ ਕੀਤੀ ਗਈ।

ਭੁੱਲਰ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਸਾਰੇ ਮੁਲਜ਼ਮ ਇੱਕ ਦੂਜੇ ਦੇ ਨਜ਼ਦੀਕੀ ਹਨ ਅਤੇ ਇੱਕੋ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਦੱਸਿਆ ਕਿ ਹਰਪਾਲ ਸਿੰਘ ਅਤੇ ਗੁਰਮੁਖ ਸਿੰਘ ਭਰਾ ਹਨ, ਜਸਕਿੰਦਰ ਸਿੰਘ ਉਰਫ਼ ਸਿਕੰਦਰ ਅਤੇ ਸੁਖਦੀਪ ਸਿੰਘ ਉਨ੍ਹਾਂ ਦੇ ਭਤੀਜੇ ਹਨ। ਉਨ੍ਹਾਂ ਦੱਸਿਆ ਕਿ ਚਾਰੇ ਮੁਲਜ਼ਮਾਂ ਦੀ ਉਮਰ 19 ਤੋਂ 33 ਸਾਲ ਹੈ ਅਤੇ ਉਨ੍ਹਾਂ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਇਸ ਸਬੰਧੀ ਸਿਵਲ ਲਾਈਨਜ਼ ਪੁਲੀਸ ਥਾਣੇ ਵਿਚ ਅਸਲਾ ਐਕਟ ਦੀ ਧਾਰਾ 25 ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ 10 ਸਾਲ ਕੈਦ ਦੀ ਸਜ਼ਾ

ਢਾਕਾ : ਬੰਗਲਾਦੇਸ਼ ਦੀ ਅਦਾਲਤ ਨੇ ਪੂਰਬਾਂਚਲ ਨਿਊ ਟਾਊਨ ਸਰਕਾਰੀ ਪ੍ਰਾਜੈਕਟ ਹੇਠ ਪਲਾਟ ਵੰਡ ਵਿੱਚ ਭ੍ਰਿਸ਼ਟਾਚਾਰ ਦੇ ਦੋ ਮਾਮਲਿਆਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਦੋਵਾਂ ਮਾਮਲਿਆਂ 'ਚ ਸ਼ੇਖ ਹਸੀਨਾ ਨੂੰ 5-5 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਰਕਾਰੀ ਬੀਐਸਐਸ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ ਢਾਕਾ ਦੀ ਵਿਸ਼ੇਸ਼ ਜੱਜ ਦੀ ਅਦਾਲਤ ਦੇ ਜੱਜ ਰਬੀਉਲ ਆਲਮ ਨੇ ਹਸੀਨਾ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਅਦਾਲਤ ਨੇ ਪੂਰਬਾਂਚਲ ਵਿੱਚ ਰਾਜੁਕ ਨਿਊ ਟਾਊਨ ਪ੍ਰਾਜੈਕਟ ਅਧੀਨ ਪਲਾਟਾਂ ਦੀ ਵੰਡ ਵਿੱਚ ਕਥਿਤ ਬੇਨਿਯਮੀਆਂ ਦੇ ਮਾਮਲਿਆਂ ਵਿੱਚ 78 ਸਾਲਾ ਹਸੀਨਾ, ਉਸ ਦੇ ਭਤੀਜੇ ਰਦਵਾਨ ਮੁਜੀਬ ਸਿੱਦੀਕ ਅਤੇ ਉਸ ਦੀ ਭਤੀਜੀਆਂ ਟਿਊਲਿਪ ਰਿਜ਼ਵਾਨਾ ਸਿੱਦੀਕ ਅਤੇ ਅਜ਼ਮੀਨਾ ਸਿੱਦੀਕ ਅਤੇ ਹੋਰਾਂ ਨੂੰ ਸਜ਼ਾ ਸੁਣਾਈ। ਟਿਊਲਿਪ ਸਿੱਦੀਕ ਨੂੰ ਚਾਰ ਸਾਲ ਦੀ ਕੈਦ ਜਦੋਂ ਕਿ ਰਦਵਾਨ ਮੁਜੀਬ ਸਿੱਦੀਕ ਅਤੇ ਅਜ਼ਮੀਨਾ ਸਿੱਦੀਕ ਨੂੰ ਦੋਵਾਂ ਮਾਮਲਿਆਂ ਵਿੱਚ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।



# ਪੰਜਾਬ ਦੇ ਸਹਿਕਾਰੀ ਸੰਕਟ ਦੀ ਸੰਸਦ 'ਚ ਗੂੰਜ

## ਸੂਬੇ ਨੂੰ ਮਿਲੇ ਸਹਿਕਾਰੀ ਖੇਤਰੀ ਕੇਂਦਰ: ਸੰਧੂ

ਚੰਡੀਗੜ੍ਹ : ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਸੰਸਦ ਦੇ ਬਜਟ ਸੈਸ਼ਨ ਦੌਰਾਨ ਪੰਜਾਬ ਦੀਆਂ ਸਹਿਕਾਰੀ ਸਭਾਵਾਂ ਦੇ ਸੰਕਟ ਦਾ ਮੁੱਦਾ ਚੁੱਕਿਆ ਅਤੇ ਇਸ ਸੰਕਟ ਦੇ ਨਿਵਾਰਨ ਲਈ ਪੰਜਾਬ ਵਿੱਚ 'ਤ੍ਰਿਭਵਨ ਸਹਿਕਾਰੀ ਯੂਨੀਵਰਸਿਟੀ' ਦੇ ਰਿਜਨਲ ਸੈਂਟਰ ਦੀ ਸਥਾਪਨਾ ਕਰਨ ਦੀ ਮੰਗ ਕੀਤੀ। ਸੰਸਦ ਮੈਂਬਰ ਸੰਧੂ ਨੇ ਕਿਹਾ ਕਿ ਸਹਿਕਾਰੀ ਖੇਤਰ ਸਿਰਫ਼ ਇੱਕ ਵਿੱਤੀ ਪ੍ਰਣਾਲੀ ਨਹੀਂ ਬਲਕਿ ਇਹ ਸਮੂਹਿਕ ਵਿਕਾਸ ਦਾ ਇੱਕ ਨਮੂਨਾ ਹੈ।



ਸੰਧੂ ਨੇ ਕਿਹਾ ਕਿ ਪੰਜਾਬ 'ਚ ਸਾਂਝੀ ਜ਼ਮੀਨ ਅਤੇ ਸਮੂਹਿਕ ਖ਼ੁਸ਼ਹਾਲੀ ਦਾ ਸਵਾ ਸੌ ਸਾਲ ਤੋਂ ਵੱਧ ਦਾ ਪੁਰਾਣਾ ਇਤਿਹਾਸ ਹੈ। ਹਰੀ ਕ੍ਰਾਂਤੀ ਹੋਵੇ ਅਤੇ ਚਾਹੇ ਚਿੱਟੀ ਕ੍ਰਾਂਤੀ, ਪੰਜਾਬ ਦੀਆਂ ਸਹਿਕਾਰੀ ਸਭਾਵਾਂ ਹਮੇਸ਼ਾ ਪੇਂਡੂ ਅਰਥਚਾਰੇ ਦਾ ਅਧਾਰ ਰਹੀਆਂ ਹਨ। ਅੱਜ ਵੀ ਹਜ਼ਾਰਾਂ ਸਹਿਕਾਰੀ ਸਭਾਵਾਂ ਨਾਲ ਕਰੀਬ 35 ਲੱਖ ਮੈਂਬਰ ਜੁੜੇ ਹੋਏ ਹਨ। ਸੰਧੂ ਨੇ ਮਾਰਕਫੈੱਡ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਸਹਿਕਾਰੀ ਅਦਾਰਾ 22 ਹਜ਼ਾਰ ਕਰੋੜ ਦੀ ਸਹਿਕਾਰੀ ਕੰਪਨੀ ਬਣ ਚੁੱਕਿਆ ਹੈ।

ਸੰਸਦ ਮੈਂਬਰ ਨੇ ਕਿਹਾ ਕਿ 6300 ਪੇਂਡੂ ਸਹਿਕਾਰੀ ਸਭਾਵਾਂ ਅਤੇ 35 ਲੱਖ ਮੈਂਬਰਾਂ ਦੇ ਨਾਲ ਪੰਜਾਬ ਮਿਲਕਫੈੱਡ ਦਾ ਵੇਰਕਾ ਦੇਸ਼ ਦਾ ਸਭ ਤੋਂ ਵੱਡਾ ਬ੍ਰਾਂਡ ਬਣ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਸਹਿਕਾਰੀ ਸਭਾਵਾਂ ਨੇ ਕਿਸਾਨਾਂ ਨੂੰ ਆਤਮ ਨਿਰਭਰ ਬਣਾਇਆ ਹੈ ਅਤੇ ਨਿੱਜੀ ਕੰਪਨੀਆਂ ਤੋਂ ਨਿਰਭਰਤਾ ਘਟਾਈ ਹੈ। ਸੰਧੂ ਨੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦਾ ਪੰਜਾਬ ਦੇ ਸਹਿਕਾਰੀ ਢਾਂਚੇ ਵੱਲ ਧਿਆਨ ਦਿਵਾਇਆ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਪੰਜਾਬ ਦੀਆਂ ਸਹਿਕਾਰੀ ਸਭਾਵਾਂ ਵਿੱਚ ਨਵੀਂ ਰੂਹ ਫੂਕਣ ਲਈ ਡਿਜੀਟਲਾਈਜ਼ੇਸ਼ਨ ਦੇ ਲੰਬੇ ਸਮੇਂ ਤੋਂ ਪੈਂਡਿੰਗ ਪਏ ਕੰਮ ਨੂੰ ਜਲਦ ਪੂਰਾ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਫੂਡ ਪ੍ਰੋਸੈਸਿੰਗ ਅਤੇ ਮੁੱਲ ਵਾਧੇ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸੰਧੂ ਨੇ ਕੇਂਦਰੀ ਸਹਿਕਾਰਤਾ ਮੰਤਰਾਲੇ ਦੁਆਰਾ ਐਲਾਨੀ ਗਈ ਰਾਸ਼ਟਰੀ ਸਹਿਕਾਰੀ ਨੀਤੀ 2025 ਦੀ ਸ਼ਲਾਘਾ ਕੀਤੀ। ਸੰਧੂ ਨੇ ਇਹ ਵੀ ਕਿਹਾ ਕਿ ਸਹਿਕਾਰੀ ਸਭਾਵਾਂ ਨੂੰ ਡਿਜੀਟਲ ਕਰਨ ਨਾਲ ਸਿਆਸੀ ਦਖ਼ਲਅੰਦਾਜ਼ੀ ਘੱਟ ਹੋਵੇਗੀ ਅਤੇ ਉਨ੍ਹਾਂ ਨੂੰ ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਜਾਵੇਗਾ, ਕਿਸਾਨਾਂ ਨੂੰ ਲਾਭ ਹੋਵੇਗਾ ਅਤੇ ਪੇਂਡੂ ਅਰਥਵਿਵਸਥਾ ਨੂੰ ਹੁਲਾਰਾ ਮਿਲੇਗਾ।

# ਐਮ ਐਸ ਕੇ ਸਕੂਲ ਨੇ ਕਰਵਾਈ ਯੂਨੀਅਨ ਸਪੋਰਟਸ ਮੀਟ

## ਵਿਸ਼ੇਸ਼ ਰੂਪ ਨਾਲ ਸ਼ਾਮਿਲ ਹੋਏ ਬੱਚਿਆਂ ਦੇ ਦਾਦਾ ਦਾਦੀ ਅਤੇ ਨਾਨਾ ਨਾਨੀ



ਐਮ ਐਸ ਕੇ ਸਕੂਲ ਕੋਟਲੀ ਜੰਡ ਵਿਖੇ ਕਰਵਾਈ ਗਈ ਜੂਨੀਅਰ ਸਪੋਰਟਸ ਮੀਟ ਦੀਆਂ ਵੱਖ ਵੱਖ ਝਲਕੀਆਂ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵਿਖੇ ਸਕੂਲ ਦੇ ਪ੍ਰਧਾਨ ਸ੍ਰੀ ਅਕਾਸ਼ ਮਹਾਜਨ ਦੇ ਦਿਸ਼ਾ ਨਿਰਦੇਸ਼ਾਂ ਤੇ ਸਕੂਲ ਵਿੱਚ ਪੜਦੇ ਨਰਸਰੀ ਤੋਂ ਪੰਜਵੀਂ ਕਲਾਸ ਦੇ ਬੱਚਿਆਂ ਦੀ ਸਪੋਰਟਸ ਮੀਟ ਕਰਵਾਈ ਗਈ ਜਿਸ ਵਿੱਚ ਵੱਡੀ ਗਿਣਤੀ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸਪੋਰਟਸ ਮੀਟ ਦਾ ਉਦਘਾਟਨ ਪ੍ਰਾਈਵੇਟ ਸਕੂਲ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਅਤੇ ਮੌਕੇ ਦੇ ਹਾਜ਼ਰ ਬੱਚਿਆਂ ਦੇ ਦਾਦਾ ਦਾਦੀ ਅਤੇ ਨਾਨਾ ਨਾਨੀ ਵੱਲੋਂ ਸ਼ਮਾ ਰੋਸ਼ਨ ਕਰਕੇ ਕੀਤਾ ਗਿਆ। ਜਿਸ ਉਪਰੰਤ ਛੋਟੇ ਛੋਟੇ ਬੱਚਿਆਂ ਵੱਲੋਂ ਮਾਰਚ ਪਾਸ ਕਰਦੇ ਹੋਏ ਹਾਜ਼ਰ ਮੁੱਖ ਮਹਿਮਾਨ ਸਕੂਲ ਪ੍ਰਿੰਸੀਪਲ ਅਤੇ ਮਾਪਿਆਂ ਨੂੰ ਬੇਹੱਦ ਪ੍ਰਭਾਵਿਤ ਕੀਤਾ ਤੇ ਛੋਟੀ ਉਮਰ ਵਿੱਚ ਹੀ ਆਪਣੇ ਹੁਨਰ ਦਾ ਚੰਗਾ ਪ੍ਰਦਰਸ਼ਨ ਕੀਤਾ ਜਿਸ ਉਪਰੰਤ ਬੱਚਿਆਂ ਦੀਆਂ ਵੱਖ ਵੱਖ ਖੇਡਾਂ ਰਾਹੀਂ ਉਹਨਾਂ ਦੀ ਪ੍ਰਤਿਭਾ ਨੂੰ ਉਜਾਗਰ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਬੋਲਦੇ ਹੋਏ ਕਿਹਾ ਕਿ ਬੱਚਿਆਂ ਵੱਲੋਂ ਦਿਖਾਈ ਗਈ ਪ੍ਰਤਿਭਾ ਪਿੱਛੇ ਅਧਿਆਪਕਾਂ ਦੀ ਮਿਹਨਤ ਨਜ਼ਰ ਆ ਰਹੀ ਹੈ ਜਿਨਾਂ ਨੇ ਵੱਡੇ ਯਤਨ ਕਰਕੇ ਇਹਨਾਂ ਬੱਚਿਆਂ ਨੂੰ ਇਸ ਕਾਬਲ ਬਣਾਇਆ ਕਿ ਉਹ ਛੋਟੀ ਉਮਰੇ ਹੀ ਆਪਣੀ ਮਿਹਨਤ ਦਾ ਲੋਹਾ ਮਨਵਾਉਣ ਲਈ ਯਤਨਸ਼ੀਲ ਹਨ ਉਹਨਾਂ ਨੇ ਇਸ ਮੌਕੇ ਸਕੂਲ ਪ੍ਰਿੰਸੀਪਲ ਅਤੇ ਅਧਿਆਪਕਾਂਵਾਂ ਨੂੰ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਉਹਨਾਂ ਨੂੰ ਆਸ ਹੈ ਕਿ ਖੇਡਾਂ ਦੇ ਨਾਲ ਨਾਲ ਬੱਚੇ ਪੜ੍ਹਾਈ ਵਿੱਚ ਵੀ ਚੰਗੇ ਨਤੀਜੇ ਦੇਣਗੇ। ਵੱਖ ਵੱਖ ਖੇਡਾਂ ਵਿੱਚ ਜੇਤੂ ਰਹੇ ਬੱਚਿਆਂ ਨੂੰ ਇਨਾਮਾਂ ਦੀ ਵੰਡ ਵੀ ਉਥੇ ਹਾਜ਼ਰ ਉਹਨਾਂ ਦੇ ਦਾਦਾ ਦਾਦੀ ਅਤੇ ਨਾਨਾ ਨਾਨੀ ਵੱਲੋਂ ਕੀਤੀ ਗਈ ਜਿਸ ਨਾਲ ਇਹ ਖੇਡ ਉਤਸਵ ਇੱਕ ਯਾਦਗਾਰੀ ਸਮਾਰੋਹ ਹੋ ਨਿਬੜਿਆ। ਅੰਤ ਵਿੱਚ ਸਕੂਲ ਪ੍ਰਿੰਸੀਪਲ ਹਰਦੇਵ ਸਿੰਘ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਸਕੂਲ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਕੇਵਲ ਕਿਤਾਬੀ ਗਿਆਨ ਤੱਕ ਹੀ ਸੀਮਤ ਨਹੀਂ ਰੱਖਿਆ ਜਾ ਰਿਹਾ ਸਗੋਂ ਉਨਾਂ ਦੀ ਸ਼ਖਸੀਅਤ ਦੇ ਸਰਪੱਖੀ ਵਿਕਾਸ ਨੂੰ ਦੇਖਦੇ ਹੋਏ ਉਹਨਾਂ ਨੂੰ ਖੇਡਾਂ, ਵਿਦਿਆਕ, ਸਮਾਜਕ ਅਤੇ ਧਾਰਮਿਕ ਗਤੀਵਿਧੀਆਂ ਲਈ ਵੀ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਬੱਚੇ ਆਉਣ ਵਾਲੇ ਸਮੇਂ ਵਿੱਚ ਦੇਸ਼ ਦੇ ਚੰਗੇ ਨਾਗਰਿਕ ਬਣ ਸਕਣ। ਉਹਨਾਂ ਦੱਸਿਆ ਕਿ ਸਕੂਲ ਮੈਨੇਜਮੈਂਟ ਦਾ ਇਕੋ ਇਕ ਮਕਸਦ ਹੈ ਕਿ ਬੱਚਿਆਂ ਦੇ ਸਰਬ ਪੱਖੀ ਵਿਕਾਸ ਨੂੰ ਸਾਹਮਣੇ ਰੱਖ ਕੇ ਉਹਨਾਂ ਨੂੰ ਆਉਣ ਵਾਲੇ ਮੁਕਾਬਲੇ ਦੇ ਯੁਗ ਲਈ ਤਿਆਰ ਕੀਤਾ ਜਾਵੇ। ਇਸ ਮੌਕੇ ਸਕੂਲ ਸਟਾਫ ਵਿੱਚ ਮੈਡਮ ਰਜਨੀ ਬਾਲਾ, ਆਗਿਆ ਕੌਰ, ਸਪਨਾ ਸੰਗਰ, ਗੁਰਸ਼ਰਨ ਕੌਰ, ਪ੍ਰਭਜੋਤ ਕੌਰ, ਮੀਨਾ ਕੁਮਾਰੀ, ਅਮਨ ਸੰਧੂ, ਸੁਖਵਿੰਦਰ ਕੌਰ ਅਤੇ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਮਾਈਨਿੰਗ ਵਾਹਨਾਂ ਦੀ ਆਵਾਜਾਈ 'ਤੇ ਅਸਥਾਈ ਪਾਬੰਦੀ



ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਸਮੱਗਰੀ ਲੈ ਜਾਣ ਵਾਲੇ ਟਿੱਪਰਾਂ/ਟਰੱਕਾਂ ਦੀ ਆਵਾਜਾਈ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਹਨ। ਇਨ੍ਹਾਂ ਹੁਕਮਾਂ ਅਨੁਸਾਰ, ਇਨ੍ਹਾਂ ਰੂਟਾਂ 'ਤੇ ਮਾਈਨਿੰਗ ਸਮੱਗਰੀ ਲੈ ਕੇ ਜਾਣ ਵਾਲੇ ਵਾਹਨਾਂ ਦੀ ਆਵਾਜਾਈ ਸਿਰਫ਼ ਸ਼ਾਮ 7.00 ਵਜੇ ਤੋਂ ਸਵੇਰੇ 7:00 ਵਜੇ ਤੱਕ ਹੀ ਹੋਵੇਗੀ ਅਤੇ ਇਸ ਸਮੇਂ ਤੋਂ ਇਲਾਵਾ 20 ਮਾਰਚ, 2026 ਤੱਕ ਇਨ੍ਹਾਂ ਵਾਹਨਾਂ ਦੀ ਆਵਾਜਾਈ 'ਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਉਪਰੋਕਤ ਹੁਕਮਾਂ ਦੀ ਨਿਰੰਤਰਤਾ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਉਤਸਵ ਮੌਕੇ 4 ਫਰਵਰੀ ਤੋਂ 6 ਫਰਵਰੀ, 2026 ਤੱਕ ਸ੍ਰੀ ਖੁਰਾਲਗੜ੍ਹ ਸਾਹਿਬ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ (ਮੀਨਾਰ-ਏ-ਬੇਗਮਪੁਰਾ), ਚਰਨ ਛੋਹ ਗੰਗਾ ਅਤੇ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਸਮੇਂ ਦੌਰਾਨ ਸ਼ਰਧਾਲੂਆਂ ਦੀ ਸਹੂਲਤ, ਸੁਚਾਰੂ ਆਵਾਜਾਈ ਪ੍ਰਣਾਲੀ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਸਮੱਗਰੀ ਲੈ ਜਾਣ ਵਾਲੇ ਟਿੱਪਰਾਂ/ਟਰੱਕਾਂ ਦੀ ਆਵਾਜਾਈ 4 ਫਰਵਰੀ 2026 ਤੋਂ 6 ਫਰਵਰੀ 2026 ਤੱਕ ਪੂਰੀ ਤਰ੍ਹਾਂ ਬੰਦ ਰਹੇਗੀ।

# ਟਾਂਡਾ ਦੇ ਸਰਕਾਰੀ ਸਕੂਲਾਂ 'ਚ ਕਰਵਾਏ ਕੈਰੀਅਰ ਗਾਈਡੈਂਸ ਪ੍ਰੋਗਰਾਮ : ਰਮਨਦੀਪ ਕੌਰ



ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਟਾਂਡਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਟਾਂਡਾ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਦੀ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ, ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ ਅਤੇ ਵੱਖ-ਵੱਖ ਸਰਕਾਰੀ ਨੌਕਰੀਆਂ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਯੰਗ ਪ੍ਰੋਫੈਸ਼ਨਲ, ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ, ਨੈਸ਼ਨਲ ਕਰੀਅਰ ਸਰਵਿਸ ਪੋਰਟਲ ਅਤੇ ਡੀ.ਬੀ.ਈ.ਈ ਆਨਲਾਈਨ ਮੋਬਾਇਲ ਐਪ ਨੂੰ ਭਰ ਕੇ ਘਰ ਬੈਠੇ ਹੀ ਸਰਕਾਰੀ/ ਪ੍ਰਾਈਵੇਟ ਨੌਕਰੀਆਂ ਦੀ ਜਾਣਕਾਰੀ ਪ੍ਰਾਪਤ ਕਰਨ ਬਾਰੇ ਜਾਣਕਾਰੀ ਦਿੱਤੀ।

ਇਸ ਤੋਂ ਇਲਾਵਾ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਦੇ ਜ਼ਿਲ੍ਹਾ ਕੁਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਿੱਤਾ ਮੁਖੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਆਪਣਾ ਕੰਮ ਸਥਾਪਿਤ ਕਰਕੇ ਦੂਜਿਆਂ ਨੂੰ ਵੀ ਰੋਜ਼ਗਾਰ ਦੇਣ ਦੇ ਕਾਬਿਲ ਹੋ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਫੂਡ ਕਰਾਫਟ ਇੰਸਟੀਚਿਊਟ ਵਿਖੇ ਡਿਪਲੋਮਾ ਅਤੇ ਡਿਗਰੀ ਕੋਰਸ ਕਰਵਾਏ ਜਾਂਦੇ ਹਨ ਅਤੇ ਇਨ੍ਹਾਂ ਕੋਰਸਾਂ ਨੂੰ ਕਰਨ ਤੋਂ ਬਾਅਦ ਵਿਦਿਆਰਥੀ ਆਤਮ-ਨਿਰਭਰ ਬਣ ਸਕਦੇ ਹਨ।

ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਉਪਰੋਕਤ ਦੋਵੇਂ ਸਕੂਲਾਂ ਦੇ ਸਮੂਹ ਸਟਾਫ ਅਤੇ 190 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿਚ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਟਾਂਡਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਟਾਂਡਾ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ।




ਇਲਾਹਾਬਾਦ ਹਾਈ ਕੋਰਟ ਦੇ ਵਕੀਲਾਂ ਨੇ ਵੀਰਵਾਰ ਨੂੰ ਪ੍ਰਯਾਗਰਾਜ ਵਿੱਚ ਯੂਜੀਸੀ ਦੀਆਂ ਨਵੀਆਂ ਨੀਤੀਆਂ ਵਿਰੁੱਧ ਪ੍ਰਦਰਸ਼ਨ ਕੀਤਾ।

# ਕੈਨੇਡਾ ਤੋਂ ਅਮਰੀਕਾ 'ਚ ਗੈਰ-ਕਾਨੂੰਨੀ ਘੁਸਪੈਠ: 22 ਸਾਲਾ ਭਾਰਤੀ ਨੌਜਵਾਨ 'ਤੇ ਨਿਊਯਾਰਕ ਅਦਾਲਤ 'ਚ ਚੱਲੇਗਾ ਮੁਕੱਦਮਾ

ਨਿਊਯਾਰਕ : ਕੈਨੇਡਾ ਦੇ ਰਸਤੇ ਅਮਰੀਕਾ ਵਿੱਚ ਭਾਰਤੀ ਨਾਗਰਿਕਾਂ ਦੀ ਗੈਰ-ਕਾਨੂੰਨੀ ਤਸਕਰੀ ਕਰਨ ਦੇ ਮਾਮਲੇ ਵਿੱਚ ਇੱਕ 22 ਸਾਲਾ ਭਾਰਤੀ ਨੌਜਵਾਨ 'ਤੇ ਮੁਕੱਦਮਾ ਚਲਾਇਆ ਗਿਆ ਹੈ। ਸ਼ਿਵਮ ਨਾਮ ਦੇ ਇਸ ਨੌਜਵਾਨ 'ਤੇ ਨਿਊਯਾਰਕ ਦੀ ਸੰਘੀ ਅਦਾਲਤ ਵਿੱਚ ਮਨੁੱਖੀ ਤਸਕਰੀ ਦੀ ਸਾਜ਼ਿਸ਼ ਰਚਣ ਅਤੇ ਵਿੱਤੀ ਲਾਭ ਲਈ ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਵਾਉਣ ਦੇ ਦੋਸ਼ ਤੈਅ ਕੀਤੇ ਗਏ ਹਨ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ ਇਹ ਸਾਰਾ ਮਾਮਲਾ ਜਨਵਰੀ ਤੋਂ ਜੂਨ 2025 ਦੇ ਵਿਚਕਾਰ ਦਾ ਹੈ। ਸ਼ਿਵਮ ਨਿਊਯਾਰਕ ਦੇ ਕਲਿੰਟਨ ਕਾਊਂਟੀ ਇਲਾਕੇ ਵਿੱਚ ਕੈਨੇਡਾ-ਅਮਰੀਕਾ ਸਰਹੱਦ ਰਾਹੀਂ ਲੋਕਾਂ ਨੂੰ ਅਮਰੀਕਾ ਵਾੜਨ ਦਾ ਕੰਮ ਕਰਦਾ ਸੀ। ਜਨਵਰੀ 2025 ਵਿੱਚ ਅਮਰੀਕੀ ਸਰਹੱਦ ਸੁਰੱਖਿਆ ਬਲ (CBP) ਨੇ ਦੋ ਸ਼ੱਕੀ ਗੱਡੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਦੋਹਾਂ ਗੱਡੀਆਂ ਦੇ ਡਰਾਈਵਰਾਂ ਨੇ ਏਜੰਟਾਂ ਤੋਂ ਬਚਣ ਲਈ ਰਫ਼ਤਾਰ ਵਧਾ ਦਿੱਤੀ ਪਰ ਪਿੱਛਾ ਕਰਕੇ ਜਦੋਂ ਉਨ੍ਹਾਂ ਨੂੰ ਫੜਿਆ ਗਿਆ ਤਾਂ ਉਨ੍ਹਾਂ ਵਿੱਚੋਂ 12 ਅਜਿਹੇ ਭਾਰਤੀ ਮਿਲੇ ਜਿਨ੍ਹਾਂ ਕੋਲ ਅਮਰੀਕਾ ਦੇ ਕੋਈ ਜਾਇਜ਼ ਦਸਤਾਵੇਜ਼ ਨਹੀਂ ਸਨ।

ਸ਼ਿਵਮ 'ਤੇ ਦੋਸ਼ ਹੈ ਕਿ ਉਹ ਨਿੱਜੀ ਫਾਇਦੇ ਲਈ ਮਾਸੂਮ ਲੋਕਾਂ ਦੀ ਜ਼ਿੰਦਗੀ ਖ਼ਤਰੇ ਵਿੱਚ ਪਾ ਕੇ ਉਨ੍ਹਾਂ ਨੂੰ ਸਰਹੱਦ ਪਾਰ ਕਰਵਾ ਰਿਹਾ ਸੀ। ਜੇਕਰ ਅਦਾਲਤ ਵਿੱਚ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਸ਼ਿਵਮ ਨੂੰ ਹਰੇਕ ਦੋਸ਼ ਲਈ ਵੱਧ ਤੋਂ ਵੱਧ 10 ਸਾਲ ਦੀ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।

ਪਿਛਲੇ ਕੁਝ ਸਮੇਂ ਤੋਂ ਮੈਕਸੀਕੋ ਸਰਹੱਦ 'ਤੇ ਸਖ਼ਤੀ ਵਧਣ ਕਾਰਨ ਤਸਕਰਾਂ ਨੇ ਹੁਣ ਕੈਨੇਡਾ ਵਾਲੇ ਪਾਸਿਓਂ (ਉੱਤਰੀ ਸਰਹੱਦ) ਘੁਸਪੈਠ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ। ਅਮਰੀਕੀ ਏਜੰਸੀਆਂ ਹੁਣ ਇਸ ਰੂਟ 'ਤੇ ਵੀ ਤਿੱਖੀ ਨਜ਼ਰ ਰੱਖ ਰਹੀਆਂ ਹਨ।

# ਮਜੀਠੀਆ ਨਾਭਾ ਜੇਲ੍ਹ ਤੋਂ ਰਿਹਾਅ

## ਅਕਾਲੀ ਆਗੂ ਨੇ ਲੋਕਾਂ ਦੀ ਆਵਾਜ਼ ਚੁੱਕਣ ਕਾਰਨ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ



ਨਾਭਾ/ਮੁਹਾਲੀ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਨੇ ਬੀਤੇ ਦਿਨ ਰਾਹਤ ਦੇ ਦਿੱਤੀ ਸੀ ਤੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਜ਼ਮਾਨਤ ਮਿਲਣ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਅੱਜ ਦੁਪਹਿਰ 2.24 ਵਜੇ ਜੇਲ੍ਹ ਵਿਚੋਂ ਰਿਹਾਅ ਹੋ ਗਏ।

ਇਹ ਪਤਾ ਲੱਗਿਆ ਹੈ ਕਿ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਬਿਕਰਮ ਪਹਿਲੇ ਗੇਟ ਤੋਂ ਮੁੱਖ ਗੇਟ ਤਕ ਪੈਦਲ ਹੀ ਆਏ ਤੇ ਉਸ ਤੋਂ ਬਾਅਦ ਉਨ੍ਹਾਂ ਦੇ ਜੇਲ੍ਹ ਵਿਚੋਂ ਬਾਹਰ ਆਉਣ 'ਤੇ ਅਕਾਲੀ ਆਗੂਆਂ ਨੇ ਉਨ੍ਹਾਂ ਦੇ ਹੱਕ ਵਿਚ ਨਾਅਰੇ ਲਾਏ। ਇਸ ਮੌਕੇ ਗੇਟ ਦੇ ਬਾਹਰ ਵੱਡੀ ਗਿਣਤੀ ਸਮਰਥਕ ਆਏ ਤੇ ਇਸ ਦੌਰਾਨ ਬਿਕਰਮ ਮੁੱਛਾਂ ਨੂੰ ਤਾਅ ਦਿੰਦੇ ਨਜ਼ਰ ਆਏ।

ਬਿਕਰਮ ਸਿੰਘ ਮਜੀਠੀਆ ਨੇ ਜੇਲ੍ਹ ਵਿਚੋਂ ਬਾਹਰ ਆਉਂਦਿਆਂ ਕਿਹਾ ਕਿ ਸਰਕਾਰਾਂ ਤਾਂ ਚਾਹੁੰਦੀਆਂ ਸਨ ਕਿ ਇਹ ਜਿਊਂਦਾ ਬਾਹਰ ਹੀ ਨਾ ਆਵੇ ਪਰ ਰੱਬ ਦੀ ਮਿਹਰ ਸਦਕਾ ਤੁਹਾਡੇ ਦਰਮਿਆਨ ਹਨ। ਉਨ੍ਹਾਂ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਜੇਲ੍ਹ ਦੌਰਾਨ ਉਨ੍ਹਾਂ ਨੂੰ ਵਾਹਿਗੁਰੂ ਨੇ ਬਹੁਤ ਬਲ ਬਖ਼ਸ਼ਿਆ। ਉਨ੍ਹਾਂ ਇਸ ਮੌਕੇ 'ਆਪ' ਸਰਕਾਰ 'ਤੇ ਵੀ ਨਿਸ਼ਾਨੇ ਸੇਧੇ।

ਬਿਕਰਮ ਦੀ ਪਤਨੀ ਗਨੀਵ ਕੌਰ ਮਜੀਠੀਆ ਤੇ ਅਰਸ਼ਦੀਪ ਕਲੇਰ ਜੇਲ੍ਹ ਅੰਦਰ ਬਿਕਰਮ ਨੂੰ ਲੈਣ ਗਏ ਸਨ। ਸੁਪਰੀਮ ਕੋਰਟ ਵਲੋਂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇਣ ਤੋਂ ਬਾਅਦ ਅੱਜ ਮੁਹਾਲੀ ਅਦਾਲਤ ਵਿਚ ਬਿਕਰਮ ਮਜੀਠੀਆ ਦੀਆਂ ਜ਼ਮਾਨਤੀ ਸ਼ਰਤਾਂ ਸਬੰਧੀ ਫ਼ੈਸਲਾ ਕੀਤਾ ਗਿਆ। ਅਦਾਲਤ ਵਲੋਂ 2 ਲੱਖ ਦਾ ਮੁਚਲਕਾ ਭਰਨ ਦੀ ਸ਼ਰਤ ਦੇ ਬਿਕਰਮ ਨੂੰ ਜ਼ਮਾਨਤ ਦੇ ਦਿੱਤੀ ਗਈ। ਇਸ ਤੋਂ ਬਾਅਦ ਇਹ ਦਸਤਾਵੇਜ਼ ਨਾਭਾ ਆਨਲਾਈਨ ਭੇਜੇ ਗਏ ਤੇ ਮਜੀਠੀਆ ਦੀ ਰਿਹਾਈ ਕਿਸੇ ਵੀ ਸੰਭਵ ਹੈ। ਇਸ ਸਬੰਧੀ ਨਾਭਾ ਜੇਲ੍ਹ ਵਲੋਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਇਸ ਤੋਂ ਪਹਿਲਾਂ ਮੁਹਾਲੀ ਦੀ ਅਦਾਲਤ ਵਿਚ ਜ਼ਮਾਨਤੀ ਮੁਚਲਕੇ ਨਾਲ ਸਬੰਧਿਤ ਸ਼ਰਤਾਂ 'ਤੇ ਫ਼ੈਸਲਾ ਕਰਨ ਬਾਰੇ ਅੱਜ ਸਵੇਰੇ 10 ਵਜੇ ਸ਼ੁਰੂ ਹੋਈ।

ਅਦਾਲਤ ਵਿਚ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਵਿਸ਼ੇਸ਼ ਸਰਕਾਰੀ ਵਕੀਲ ਫੈਰੀ ਸੋਫਤ ਹਾਜ਼ਰ ਰਹੇ, ਜਿਨ੍ਹਾਂ ਨਾਲ ਵਿਜੀਲੈਂਸ ਦੇ ਕੁਝ ਅਧਿਕਾਰੀ ਵੀ ਮੌਜੂਦ ਸਨ। ਦੂਜੇ ਪਾਸੇ ਬਿਕਰਮ ਸਿੰਘ ਮਜੀਠੀਆ ਵਲੋਂ ਸੀਨੀਅਰ ਵਕੀਲ ਐਚ ਐਸ ਧਨੋਆ ਅਤੇ ਉਨ੍ਹਾਂ ਦੇ ਵਕੀਲਾਂ ਦੀ ਟੀਮ ਵਲੋਂ ਬਹਿਸ ਕੀਤੀ ਗਈ।

ਅਦਾਲਤ ਵੱਲੋਂ ਜ਼ਮਾਨਤੀ ਮੁਚੱਲਕੇ ਦੀਆਂ ਸ਼ਰਤਾਂ ਤੈਅ ਹੋਣ ਮਗਰੋਂ ਜ਼ਮਾਨਤੀ ਮੁਚਲਕਾ ਭਰਿਆ ਜਾਂਦਾ ਹੈ, ਉਸ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਨੂੰ ਨਾਭਾ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਜਾਵੇਗਾ।

ਸੁਪਰੀਮ ਕੋਰਟ ਦੇ ਬੈਂਚ ਨੇ 2 ਫਰਵਰੀ ਨੂੰ ਪੰਜਾਬ ਸਰਕਾਰ ਦੇ ਵਕੀਲ ਨੂੰ ਪੁੱਛਿਆ, 'ਤੁਸੀਂ ਬਿਕਰਮ ਨੂੰ ਜੇਲ੍ਹ ਅੰਦਰ ਕਿਉਂ ਰੱਖਣਾ ਚਾਹੁੰਦੇ ਹੋ।' ਅਦਾਲਤ ਨੇ ਇਹ ਵੀ ਨੋਟਿਸ ਲਿਆ ਕਿ ਮਜੀਠਿਆ ਪਿਛਲੇ ਸੱਤ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ। ਸੁਪਰੀਮ ਕੋਰਟ ਵਲੋਂ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਮਜੀਠੀਆ ਦੀ ਪਟੀਸ਼ਨ 'ਤੇ ਪੰਜਾਬ ਵਿਜੀਲੈਂਸ ਬਿਊਰੋ ਨੂੰ ਪਹਿਲਾਂ ਨੋਟਿਸ ਜਾਰੀ ਕੀਤਾ ਗਿਆ ਸੀ।

ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ ਤੇ ਇਹ ਮਾਮਲਾ ਕਥਿਤ ਤੌਰ 'ਤੇ 540 ਕਰੋੜ ਰੁਪਏ ਦੀ ਜਾਇਦਾਦ ਨਾਲ ਸਬੰਧਤ ਹੈ। ਦੱਸਣਾ ਬਣਦਾ ਹੈ ਕਿ ਪਿਛਲੀ ਸੁਣਵਾਈ ਦੌਰਾਨ ਮਜੀਠੀਆ ਨੇ ਆਪਣੀ ਜਾਨ ਨੂੰ ਖ਼ਤਰੇ ਦੱਸਦੇ ਹੋਏ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ। ਅਦਾਲਤ ਨੇ ਕਿਹਾ ਕਿ ਮਾਮਲੇ ਦੇ ਹਾਲਾਤ ਨੂੰ ਦੇਖਦੇ ਹੋਏ ਜ਼ਮਾਨਤ ਦਿੱਤੀ ਜਾ ਰਹੀ ਹੈ। ਅਦਾਲਤ ਨੇ ਖਾਸ ਤੌਰ 'ਤੇ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਕਿ ਮਜੀਠੀਆ ਨੂੰ NDPS ਮਾਮਲੇ ਵਿੱਚ ਸਾਲ 2022 ਵਿੱਚ ਜ਼ਮਾਨਤ ਮਿਲ ਚੁੱਕੀ ਹੈ, ਜਿਸ ਨੂੰ ਰੱਦ ਕਰਵਾਉਣ ਲਈ ਸੂਬਾ ਸਰਕਾਰ ਦੀ ਪਟੀਸ਼ਨ ਸੁਪਰੀਮ ਕੋਰਟ ਨੇ 2025 ਵਿੱਚ ਖਾਰਜ ਕਰ ਦਿੱਤੀ ਸੀ।

ਇਸ ਤੋਂ ਇਲਾਵਾ ਮਜੀਠੀਆ ਪਿਛਲੇ ਕਈ ਮਹੀਨਿਆਂ ਤੋਂ ਹਿਰਾਸਤ ਵਿੱਚ ਹਨ ਤੇ ਪੁਲੀਸ ਆਪਣੀ ਰਿਪੋਰਟ ਦਾਖਲ ਕਰ ਚੁੱਕੀ ਹੈ ਅਤੇ ਆਮਦਨ ਤੋਂ ਵੱਧ ਜਾਇਦਾਦ ਦਾ ਇਹ ਮਾਮਲਾ ਸਾਲ 2007 ਤੋਂ 2017 ਦੀ ਮਿਆਦ ਨਾਲ ਸਬੰਧਤ ਹੈ, ਜਦਕਿ FIR ਸਾਲ 2025 ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ (Prevention of Corruption Act) ਤਹਿਤ ਦਰਜ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ ਨੂੰ ਪੰਜਾਬ ਵਿਜੀਲੈਂਸ ਵੱਲੋਂ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਕੇ ਮੁਹਾਲੀ ਲਿਆਂਦਾ ਗਿਆ ਸੀ। ਉਨ੍ਹਾਂ ਨੂੰ ਬਾਰਾਂ ਦਿਨਾਂ ਦੇ ਪੁਲੀਸ ਰਿਮਾਂਡ ਉੱਤੇ ਰੱਖਣ ਮਗਰੋਂ 6 ਜੁਲਾਈ ਨੂੰ ਨਾਭਾ ਦੀ ਨਿਊ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਮਜੀਠੀਆ ਵੱਲੋਂ ਆਪਣੀ ਜ਼ਮਾਨਤ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੋਈ ਸੀ ਅਤੇ ਦੇਸ਼ ਦੀ ਸਿਖ਼ਰਲੀ ਅਦਾਲਤ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ।

# ਮਜੀਠੀਆ ਦੀ ਰਿਹਾਈ ਦਾ ਪੰਜਾਬ ਦੀ ਸਿਆਸਤ 'ਤੇ ਕੀ ਅਸਰ ਪਵੇਗਾ ?



ਚੰਡੀਗੜ੍ਹ : ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਨਾਭਾ ਜੇਲ੍ਹ ਤੋਂ ਬਿਕਰਮ ਮਜੀਠੀਆ ਦੀ ਰਿਹਾਈ ਅਤੇ ਇਸ ਬਾਰੇ ਆਏ ਸਿਆਸੀ ਬਿਆਨਾਂ ਨੇ ਉਨ੍ਹਾਂ ਨੂੰ ਮੁੜ ਸੁਰਖੀਆਂ ਵਿੱਚ ਲਿਆ ਦਿੱਤਾ ਹੈ। ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਹੋਣ ਦੇ ਮੱਦੇਨਜ਼ਰ, ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਮਜੀਠੀਆ ਪਾਰਟੀ ਨੂੰ ਮੁੜ ਸੁਰਜੀਤ ਕਰਨ ਵਿੱਚ ਇੱਕ ਧੁਰੇ ਵਜੋਂ ਉੱਭਰ ਸਕਦੇ ਹਨ ਅਤੇ ਭਾਜਪਾ ਨਾਲ ਪਾਰਟੀ ਦੇ ਗਠਜੋੜ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

ਇੱਕ ਮੁੱਖ ਕਾਰਕ ਜਿਸ ਦੀ ਚਰਚਾ ਹੋ ਰਹੀ ਹੈ, ਉਹ ਹੈ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਗੁਰਿੰਦਰ ਢਿੱਲੋਂ ਨਾਲ ਉਨ੍ਹਾਂ ਦੀ ਨੇੜਤਾ, ਜੋ ਉਨ੍ਹਾਂ ਦੀ ਰਿਹਾਈ ਤੋਂ ਇੱਕ ਦਿਨ ਪਹਿਲਾਂ ਉਨ੍ਹਾਂ ਨੂੰ ਮਿਲਣ ਆਏ ਸਨ। ਢਿੱਲੋਂ ਨੇ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ ਕਿ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਅਤੇ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਝੂਠੇ ਸਨ। ਢਿੱਲੋਂ ਦਾ ਸਮਰਥਨ ਮਹੱਤਵਪੂਰਨ ਹੈ ਕਿਉਂਕਿ ਪੰਜਾਬ ਨੇ ਚੋਣਾਂ ਵਿੱਚ ਵੱਖ-ਵੱਖ ਡੇਰਿਆਂ ਦੇ ਪ੍ਰਭਾਵ ਨੂੰ ਲੈ ਕੇ ਖਿੱਚੋਤਾਣ ਦੇਖੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਗੁਰੂ ਰਵਿਦਾਸ ਜਯੰਤੀ 'ਤੇ ਦੋਆਬਾ ਦੇ ਡੇਰਾ ਬੱਲਾਂ ਦਾ ਦੌਰਾ ਕੀਤਾ ਸੀ ਅਤੇ ਡੇਰਾ ਮੁਖੀ ਦੇ ਚਰਨ ਛੂਹੇ ਸਨ। ਕਿਹਾ ਜਾਂਦਾ ਹੈ ਕਿ ਡੇਰੇ ਨੇ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਡੇਰਾ ਬਿਆਸ ਵਿੱਚ ਆਰ ਐਸ ਐਸ ਮੁਖੀ ਮੋਹਨ ਭਾਗਵਤ 2012, 2014, 2018 ਅਤੇ ਹਾਲ ਹੀ ਵਿੱਚ 2023 ਵਿੱਚ ਕਈ ਵਾਰ ਜਾ ਚੁੱਕੇ ਹਨ, ਜੋ ਕਿ ਭਾਜਪਾ ਦੇ ਹਿੱਤਾਂ ਨਾਲ ਮੇਲ ਖਾਂਦੇ ਵਿਆਪਕ ਹਿੰਦੂ ਰਾਸ਼ਟਰਵਾਦੀ ਨੈੱਟਵਰਕਾਂ ਨਾਲ ਇਸਦੇ ਸਬੰਧਾਂ ਨੂੰ ਉਜਾਗਰ ਕਰਦੇ ਹਨ। ਡੇਰਾ ਮੁਖੀ ਦੇ ਮਜੀਠੀਆ ਦੀ ਪਤਨੀ ਗਨੀਵ ਕੌਰ ਨਾਲ ਪਰਿਵਾਰਕ ਸਬੰਧ ਹਨ। ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾਂ ਦੀ ਸਰਕਾਰ ਨੇ ਮਜੀਠੀਆ ਨੂੰ ਜੇਲ੍ਹ ਭੇਜਿਆ ਸੀ, ਨੇ ਉਨ੍ਹਾਂ ਦੀ ਰਿਹਾਈ ਤੋਂ ਬਾਅਦ ਐਕਸ (X) 'ਤੇ ਇੱਕ ਪੋਸਟ ਪਾਈ, 'ਕੱਲ੍ਹ ਬਣ ਜਾਣ, ਭਾਵੇਂ ਅੱਜ ਬਣ ਜਾਣ, ਅਦਾਲਤਾਂ ਦਾ ਉੱਥੇ ਰੱਬ ਰਾਖਾ, ਜਿੱਥੇ ਮੁਲਾਕਾਤੀ ਹੀ ਜੱਜ ਬਣ ਜਾਣ।' ਉਨ੍ਹਾਂ ਨੇ ਡੇਰਾ ਮੁਖੀ ਦੇ ਮਜੀਠੀਆ ਨੂੰ ਕਲੀਨ ਚਿੱਟ ਦੇਣ ਵਾਲੇ ਬਿਆਨ ਦਾ ਹਵਾਲਾ ਦਿੱਤਾ।

ਇਸ ਤੋਂ ਬਾਅਦ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦਾ ਬਿਆਨ ਆਇਆ ਜਿਸ ਨੇ ਮਜੀਠੀਆ ਪ੍ਰਤੀ ਭਾਜਪਾ ਦੇ ਨਰਮ ਰੁਖ਼ ਦਾ ਸੰਕੇਤ ਦਿੱਤਾ। ਜਾਖੜ ਨੇ ਕਿਹਾ ਕਿ ਸੰਤਾਂ ਦੇ ਦਿੱਤੇ ਬਿਆਨ ਵਿਅਰਥ ਨਹੀਂ ਜਾਂਦੇ। ਇਸ ਦੀ ਵਿਆਖਿਆ ਕਰਦਿਆਂ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਉਸ ਹਰ ਵਿਅਕਤੀ ਨੂੰ ਜੇਲ੍ਹ ਵਿੱਚ ਡੱਕਣ ਲਈ ਬਦਨਾਮ ਹੈ ਜੋ ਇਸਦੇ ਵਿਰੁੱਧ ਬੋਲਣ ਦੀ ਹਿੰਮਤ ਕਰਦਾ ਹੈ। 'ਮਜੀਠੀਆ ਕੀਮਤ ਚੁਕਾ ਰਹੇ ਹਨ ਅਤੇ ਕਈ ਹੋਰ ਨਿਰਦੋਸ਼ਾਂ ਵਾਂਗ ਉਹ ਵੀ ਜੇਲ੍ਹ ਤੋਂ ਬਾਹਰ ਆ ਗਏ ਹਨ।'

ਹਾਲਾਂਕਿ ਜਾਖੜ ਨੇ ਦੱਸਿਆ ਕਿ ਮਜੀਠੀਆ ਬਾਰੇ ਉਨ੍ਹਾਂ ਦੇ ਬਿਆਨ ਨੂੰ ਅਕਾਲੀ-ਭਾਜਪਾ ਗਠਜੋੜ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਹ ਝੂਠੇ ਕੇਸਾਂ ਅਤੇ 'ਆਪ' ਸਰਕਾਰ ਵੱਲੋਂ ਪੁਲਿਸ ਦੀ ਦੁਰਵਰਤੋਂ ਬਾਰੇ ਹੈ। ਜਾਖੜ ਦਾ ਬਿਆਨ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਭਾਜਪਾ ਆਗੂ ਅਤੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਹਾਲ ਹੀ ਵਿੱਚ ਅਕਾਲੀਆਂ ਨਾਲ ਕਿਸੇ ਵੀ ਗਠਜੋੜ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਸੀ ਕਿ ਨਸ਼ਾ ਤਸਕਰੀ ਦੇ ਦੋਸ਼ੀਆਂ ਨਾਲ ਭਾਈਵਾਲੀ ਕਰਨ ਨਾਲ ਪਾਰਟੀ ਦੇ ਭ੍ਰਿਸ਼ਟਾਚਾਰ ਵਿਰੋਧੀ ਸਟੈਂਡ ਨੂੰ ਨੁਕਸਾਨ ਪਹੁੰਚੇਗਾ।

ਮਜੀਠੀਆ ਪਹਿਲਾਂ ਵੀ ਚੋਣ ਹਾਰ ਅਤੇ ਜੇਲ੍ਹ ਯਾਤਰਾਵਾਂ ਤੋਂ ਬਾਅਦ ਵਾਪਸੀ ਕਰ ਚੁੱਕੇ ਹਨ। ਇਹ ਦੇਖਣਾ ਹੋਵੇਗਾ ਕਿ ਕੀ ਉਨ੍ਹਾਂ ਦੀ ਵਾਪਸੀ ਅਕਾਲੀ ਦਲ ਵਿੱਚ ਨਵੀਂ ਜਾਨ ਫੂਕੇਗੀ ਜਾਂ ਪੰਜਾਬ ਦੀ ਸਿਆਸਤ ਵਿੱਚ ਪੁਰਾਣੇ ਜ਼ਖ਼ਮਾਂ ਨੂੰ ਮੁੜ ਹਰਾ ਕਰੇਗੀ। ਮਜੀਠੀਆ ਦਾ ਉਭਾਰ 2012 ਦੀਆਂ ਵਿਧਾਨ ਸਭਾ ਚੋਣਾਂ ਨਾਲ ਸ਼ੁਰੂ ਹੋਇਆ ਸੀ, ਜਦੋਂ ਯੂਥ ਅਕਾਲੀ ਦਲ ਦੇ ਪ੍ਰਧਾਨ ਵਜੋਂ ਉਨ੍ਹਾਂ ਨੇ ਨੌਜਵਾਨ ਵੋਟਰਾਂ ਨੂੰ ਲਾਮਬੰਦ ਕੀਤਾ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਨੂੰ ਲਗਾਤਾਰ ਦੂਜੀ ਵਾਰ ਜਿੱਤ ਦਿਵਾਈ।

ਉਨ੍ਹਾਂ ਦੇ ਹਮਲਾਵਰ ਅੰਦਾਜ਼ ਨੇ ਉਨ੍ਹਾਂ ਨੂੰ ਪ੍ਰਸ਼ੰਸਾ ਅਤੇ ਆਲੋਚਨਾ ਦੋਵੇਂ ਦਿੱਤੀਆਂ, ਜਿੱਥੇ ਵਿਰੋਧੀਆਂ ਨੇ ਉਨ੍ਹਾਂ 'ਤੇ ਡਰਾਉਣ-ਧਮਕਾਉਣ ਦੇ ਦੋਸ਼ ਲਾਏ, ਉੱਥੇ ਹੀ ਪਾਰਟੀ ਦੇ ਅੰਦਰੂਨੀ ਲੋਕਾਂ ਨੇ ਉਨ੍ਹਾਂ ਨੂੰ ਇੱਕ ਮਜ਼ਬੂਤ ਆਗੂ ਵਜੋਂ ਦੇਖਿਆ। ਪਰਿਵਾਰਕ ਤਣਾਅ ਵੀ ਸਾਹਮਣੇ ਆਇਆ, ਖਾਸ ਤੌਰ 'ਤੇ 2014 ਵਿੱਚ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਦੀਆਂ ਨਾਮਜ਼ਦਗੀਆਂ ਦੌਰਾਨ ਜਨਤਕ ਤੌਰ 'ਤੇ ਉਨ੍ਹਾਂ ਨੂੰ ਝਿੜਕਿਆ ਸੀ।

ਮਜੀਠੀਆ ਨੂੰ ਅੰਮ੍ਰਿਤਸਰ ਲੋਕ ਸਭਾ ਹਲਕੇ ਦਾ ਪ੍ਰਬੰਧ ਸੰਭਾਲਣ ਦਾ ਕੰਮ ਸੌਂਪਿਆ ਗਿਆ ਸੀ ਜਿੱਥੇ ਸੀਨੀਅਰ ਭਾਜਪਾ ਆਗੂ ਅਰੁਣ ਜੇਤਲੀ ਉਸ ਸਮੇਂ ਦੇ ਕਾਂਗਰਸੀ ਦਿੱਗਜ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਚੋਣ ਲੜ ਰਹੇ ਸਨ। ਹਾਲਾਂਕਿ, ਜਦੋਂ ਬਾਦਲ ਨੇ ਮਜੀਠੀਆ ਨੂੰ ਆਪਣੀ ਭੈਣ ਹਰਸਿਮਰਤ ਕੌਰ ਦੇ ਨਾਮਜ਼ਦਗੀ ਕਾਗਜ਼ ਦਾਖਲ ਕਰਨ ਲਈ ਬਠਿੰਡਾ ਵਿੱਚ ਦੇਖਿਆ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਸਖ਼ਤ ਟੋਕਿਆ।

2017 ਵਿੱਚ ਅਕਾਲੀ ਦਲ ਦੀ ਗਿਰਾਵਟ ਦੇ ਬਾਵਜੂਦ ਮਜੀਠੀਆ ਨੇ ਆਪਣੀ ਮਜੀਠਾ ਸੀਟ ਬਰਕਰਾਰ ਰੱਖੀ। ਪਰ ਉਨ੍ਹਾਂ ਦਾ ਸਿਆਸੀ ਕਰੀਅਰ ਨਸ਼ਿਆਂ ਦੇ ਦੋਸ਼ਾਂ ਹੇਠ ਦਬਿਆ ਰਿਹਾ, ਜਿਸ ਦੀ ਸ਼ੁਰੂਆਤ 2013 ਵਿੱਚ ਹੋਈ ਜਦੋਂ ਕਥਿਤ ਤਸਕਰ ਜਗਦੀਸ਼ ਭੋਲਾ ਨੇ ਸਿੰਥੈਟਿਕ ਡਰੱਗ ਰੈਕੇਟ ਵਿੱਚ ਉਨ੍ਹਾਂ ਦਾ ਨਾਮ ਲਿਆ। ਉਦੋਂ ਵਿਰੋਧੀ ਪਾਰਟੀਆਂ, ਖਾਸ ਕਰਕੇ 'ਆਪ' ਨੇ ਉਨ੍ਹਾਂ ਨੂੰ ਪੰਜਾਬ ਦੇ ਨਸ਼ਾ ਸੰਕਟ ਦਾ ਚਿਹਰਾ ਬਣਾਇਆ।

2021 ਵਿੱਚ ਐੱਨ ਡੀ ਪੀ ਐੱਸ ਐਕਟ ਦੇ ਤਹਿਤ ਇੱਕ ਐੱਫ ਆਈ ਆਰ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਕਰਵਾਈ ਅਤੇ 2022 ਵਿੱਚ ਜ਼ਮਾਨਤ ਮਿਲਣ ਤੋਂ ਪਹਿਲਾਂ ਉਨ੍ਹਾਂ ਨੇ ਮਹੀਨੇ ਜੇਲ੍ਹ ਵਿੱਚ ਬਿਤਾਏ। 2022 ਵਿੱਚ 'ਆਪ' ਦੇ ਉਭਾਰ ਨੇ ਨਵੀਆਂ ਮੁਸ਼ਕਲਾਂ ਪੈਦਾ ਕੀਤੀਆਂ। 2025 ਵਿੱਚ ਮਜੀਠੀਆ ਨੂੰ ਆਮਦਨ ਦੇ ਸਰੋਤਾਂ ਤੋਂ ਵੱਧ ਦੌਲਤ ਇਕੱਠੀ ਕਰਨ ਦੇ ਦੋਸ਼ ਵਿੱਚ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। 40,000 ਪੰਨਿਆਂ ਦੀ ਚਾਰਜਸ਼ੀਟ ਵਿੱਚ ਬੇਨਾਮੀ ਸੌਦਿਆਂ ਅਤੇ ਵਿਦੇਸ਼ੀ ਨਿਵੇਸ਼ਾਂ ਰਾਹੀਂ ਕਥਿਤ ਲਾਂਡਰਿੰਗ ਦਾ ਵੇਰਵਾ ਦਿੱਤਾ ਗਿਆ ਸੀ। ਉਨ੍ਹਾਂ ਦੀ ਰਿਹਾਈ ਨੇ ਅਕਾਲੀ ਦਲ ਨੂੰ ਉਤਸ਼ਾਹਿਤ ਕੀਤਾ ਹੈ, ਜੋ ਦਾਅਵਾ ਕਰਦਾ ਹੈ ਕਿ ਕੇਸ ਸਿਆਸਤ ਤੋਂ ਪ੍ਰੇਰਿਤ ਸਨ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ 'ਆਪ' ਦੋਸ਼ ਸਾਬਤ ਕਰਨ ਵਿੱਚ ਨਾਕਾਮ ਰਹੀ, ਜਦਕਿ ਆਲੋਚਕਾਂ ਦਾ ਕਹਿਣਾ ਹੈ ਕਿ ਮਜੀਠੀਆ ਦੇ ਵਿਵਾਦ ਅਜੇ ਵੀ ਅਣਸੁਲਝੇ ਹਨ। ਅਕਾਲੀ ਦਲ ਦੇ ਬੁਲਾਰੇ ਦਲਜੀਤ ਚੀਮਾ ਨੇ ਹੁਣ ਪਾਰਟੀ ਵੱਲੋਂ ਭਖਵੀਂ ਚੋਣ ਮੁਹਿੰਮ ਦੀ ਦਾ ਐਲਾਨ ਕਰਦਿਆਂ ਕਿਹਾ, "ਮਜੀਠੀਆ 'ਆਪ' ਸਰਕਾਰ ਵਿਰੁੱਧ ਹੋਰ ਹਮਲਾਵਰ ਹੋ ਕੇ ਬਾਹਰ ਆਉਣਗੇ। ਪੰਜਾਬੀ 'ਆਪ' ਸਰਕਾਰ ਨੂੰ ਆਪਣੇ ਵਿਰੋਧੀਆਂ ਨੂੰ ਸਿਆਸਤ ਤੋਂ ਪ੍ਰੇਰਿਤ ਕੇਸਾਂ ਵਿੱਚ ਫਸਾਉਣ ਲਈ ਪੁਲੀਸ ਅਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਦਾ ਕਰਾਰਾ ਜਵਾਬ ਦੇਣਗੇ।"

# ਸੰਸਦ ਦੇ ਬਾਹਰ ਰਾਹੁਲ ਗਾਂਧੀ ਤੇ ਰਵਨੀਤ ਬਿੱਟੂ ਵਿਚਾਲੇ ਹੋਈ ਤਿੱਖੀ ਬਹਿਸ

## ਰਾਹੁਲ ਗਾਂਧੀ ਨੇ ਰਵਨੀਤ ਬਿੱਟੂ ਨੂੰ ਦੱਸਿਆ ਗੱਦਾਰ ਦੋਸਤ

ਨਵੀਂ ਦਿੱਲੀ : ਸੰਸਦ ਭਵਨ ਦੇ ਬਾਹਰ ਅੱਜ ਉਸ ਸਮੇਂ ਇਕ ਅਨੋਖਾ ਹੀ ਨਜ਼ਾਰਾ ਦੇਖਣ ਨੂੰ ਮਿਲਿਆ ਜਦੋਂ ਕਾਂਗਰਸੀ ਸੰਸਦ ਮੈਂਬਰ ਆਪਣੇ ਹੱਥਾਂ 'ਚ ਤਖ਼ਤੀਆਂ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ ਤਾਂ ਕਾਂਗਰਸੀ ਸੰਸਦ ਮੈਂਬਰ ਰਾਹੁਲ ਗਾਂਧੀ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਸਾਹਮਣਾ ਹੋਇਆ। ਇਸ ਮੌਕੇ ਦੋਵੇਂ ਆਗੂਆਂ ਦਰਮਿਆਨ ਤਕਰਾਰਬਾਜ਼ੀ ਹੁੰਦੀ ਨਜ਼ਰ ਆਈ।

ਰਾਹੁਲ ਗਾਂਧੀ ਨੇ ਰਵਨੀਤ ਬਿੱਟੂ ਵੱਲ ਹੱਥ ਮਿਲਾਉਣ ਲਈ ਵਧਾਇਆ ਪਰ ਉਨ੍ਹਾਂ ਨੇ ਰਾਹੁਲ ਗਾਂਧੀ ਨਾਲ ਹੱਥ ਨਹੀਂ ਮਿਲਾਇਆ। ਰਾਹੁਲ ਗਾਂਧੀ ਰਵਨੀਤ ਬਿੱਟੂ ਨੂੰ ਗੱਦਾਰ ਦੱਸਿਆ ਅਤੇ ਕਿਹਾ ਕਿ ਤੁਸੀਂ ਚਿੰਤਾ ਨਾ ਕਰੋ ਤੁਸੀਂ ਜ਼ਰੂਰ ਵਾਪਸ ਆਓ। ਇਸ ਮੌਕੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਰਾਹੁਲ ਗਾਂਧੀ ਨੂੰ ਦੇਸ਼ ਦਾ ਦੁਸ਼ਮਣ ਦੱਸਿਆ। ਬਿੱਟੂ ਨੇ ਰਾਹੁਲ ਨੂੰ ਕਿਹਾ ਕਿ ਉਹ ਦੇਸ਼ ਲਈ ਕੁਝ ਵੀ ਚੰਗਾ ਨਹੀਂ ਕਰ ਰਿਹਾ ਅਤੇ ਉਹ ਦੇਸ਼ ਦਾ ਦੁਸ਼ਮਣ ਹੈ। ਇਸ ਨਾਲ ਦੋਵਾਂ ਆਗੂਆਂ ਦਰਮਿਆਨ ਬਹਿਸ ਹੋਈ। ਰਾਹੁਲ ਗਾਂਧੀ ਨੇ ਜਵਾਬ ਦਿੱਤਾ, 'ਚਿੰਤਾ ਨਾ ਕਰੋ, ਮੇਰੇ ਗੱਦਾਰ ਦੋਸਤ, ਤੁਸੀਂ ਵਾਪਸ ਆ ਜਾਓਗੇ।' ਇਸ ਮੌਕੇ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਦਾਸਪੁਰ ਦੇ ਸੰਸਦ ਮੈਂਬਰ ਸੁਖਜਿੰਦਰ ਰੰਧਾਵਾ ਅਤੇ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਔਜਲਾ ਵੀ ਮੌਜੂਦ ਸਨ।

ਇਸ ਦੌਰਾਨ, ਪ੍ਰਦਰਸ਼ਨਕਾਰੀ ਕਾਂਗਰਸੀ ਸੰਸਦ ਮੈਂਬਰਾਂ ਨੇ 'ਸਮਰਪਣ ਕਰੋ, ਆਤਮ ਸਮਰਪਣ ਕਰੋ! ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਇਹ ਦੇਖ ਕੇ, ਬਿੱਟੂ ਨੇ ਜਵਾਬ ਦਿੱਤਾ ਕਿ ਤੁਸੀਂ ਦੇਸ਼ ਦੇ ਦੁਸ਼ਮਣ ਹੋ। ਜਿਵੇਂ ਹੀ ਬਿੱਟੂ ਸੰਸਦ ਦੀਆਂ ਪੌੜੀਆਂ ਚੜ੍ਹਿਆ, ਉਨ੍ਹਾਂ ਅਤੇ ਰਾਹੁਲ ਗਾਂਧੀ ਵਿਚਕਾਰ ਗਰਮਾ-ਗਰਮ ਬਹਿਸ ਹੋਈ। ਰਵਨੀਤ ਬਿੱਟੂ ਫਿਰ ਸੰਸਦ ਭਵਨ ਤੋਂ ਚਲੇ ਗਏ।

ਰਾਹੁਲ ਗਾਂਧੀ ਅਤੇ ਹੋਰ ਕਾਂਗਰਸੀ ਸੰਸਦ ਮੈਂਬਰਾਂ ਨੇ ਸੰਸਦ ਭਵਨ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਇਹ ਵਿਰੋਧ ਲੋਕ ਸਭਾ ਤੋਂ ਅੱਠ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਦੇ ਵਿਰੁੱਧ ਸੀ। ਕਾਂਗਰਸੀ ਆਗੂਆਂ ਨੇ ਕਿਹਾ ਕਿ ਉਹ ਸੰਸਦ ਦੇ ਅੰਦਰ ਗੰਭੀਰ ਮੁੱਦੇ ਉਠਾਉਣਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਵਿੱਚ ਅਮਰਿੰਦਰ ਸਿੰਘ ਰਾਜਾ ਵੜਿੰਗ, ਹਿਬੀ ਈਡਨ, ਮਨੀਕਮ ਟੈਗੋਰ, ਗੁਰਜੀਤ ਸਿੰਘ ਔਜਲਾ, ਕਿਰਨ ਕੁਮਾਰ ਰੈਡੀ, ਪ੍ਰਸ਼ਾਂਤ ਪੈਰੋਲ, ਡੀਨ ਕੁਰੀਆਕੋਸ ਅਤੇ ਸੀਪੀਆਈ(ਐਮ) ਦੇ ਸੰਸਦ ਮੈਂਬਰ ਐਸ. ਵੈਂਕਟੇਸਨ ਸ਼ਾਮਲ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਬਿੱਟੂ ਨੂੰ ਕਾਂਗਰਸ ਨੇ ਬਣਾਇਆ ਸੀ। ਉਨ੍ਹਾਂ ਦੇ ਦਾਦਾ ਜੀ ਕਾਂਗਰਸ ਦੇ ਮੁੱਖ ਮੰਤਰੀ ਸਨ। ਉਹ ਆਪਣੇ ਆਖਰੀ ਸਾਹ ਤੱਕ ਕਾਂਗਰਸ ਵਿੱਚ ਰਹੇ, ਕਦੇ ਵੀ ਭਾਜਪਾ ਵਿੱਚ ਸ਼ਾਮਲ ਨਹੀਂ ਹੋਏ। ਬਿੱਟੂ ਖੁਦ ਕਹਿੰਦੇ ਹਨ ਕਿ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ ਪੱਗ ਬੰਨ੍ਹਣੀ ਸਿਖਾਈ ਸੀ। ਮੈਂ ਉਨ੍ਹਾਂ ਨੂੰ ਸਿਰਫ਼ ਇਹੀ ਕਹਾਂਗਾ ਕਿ ਮੇਰੇ ਭਰਾ ਦੁਨੀਆ ਉਨ੍ਹਾਂ ਬਾਰੇ ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਨੂੰ ਚੰਗਾ ਨਹੀਂ ਸਮਝਦੀ ਜੋ ਤੁਹਾਡਾ ਬੌਸ ਸੀ।

ਰਵਨੀਤ ਬਿੱਟੂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਪੋਤਾ ਹੈ, ਜਿਸ ਨੇ ਅੱਤਵਾਦ ਦੇ ਦੌਰ ਦੌਰਾਨ 1995 ਦੇ ਸਕੱਤਰੇਤ ਇਮਾਰਤ ਧਮਾਕੇ ਵਿੱਚ ਆਪਣੀ ਜਾਨ ਗੁਆ ਦਿੱਤੀ ਸੀ। ਰਵਨੀਤ ਬਿੱਟੂ ਕਾਂਗਰਸ ਪਾਰਟੀ ਨੂੰ ਛੱਡ ਕੇ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਭਾਜਪਾ ਨੇ ਉਨ੍ਹਾਂ ਨੂੰ ਲੁਧਿਆਣਾ ਤੋਂ ਉਮੀਦਵਾਰ ਵਜੋਂ ਨਾਮਜ਼ਦ ਕੀਤਾ, ਪਰ ਉਹ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਹਾਰ ਗਏ।

ਰਵਨੀਤ ਬਿੱਟੂ ਦਾ ਰਾਜਨੀਤਿਕ ਕਰੀਅਰ 2008 ਵਿੱਚ ਯੂਥ ਕਾਂਗਰਸ ਨਾਲ ਸ਼ੁਰੂ ਹੋਇਆ ਸੀ। 2008 ਵਿੱਚ ਉਹ ਪੰਜਾਬ ਯੂਥ ਕਾਂਗਰਸ ਦੇ ਪਹਿਲੇ ਚੁਣੇ ਗਏ ਪ੍ਰਧਾਨ ਬਣੇ।




2009 ਵਿੱਚ ਪਾਰਟੀ ਨੇ ਉਨ੍ਹਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਟਿਕਟ ਦਿੱਤੀ ਅਤੇ ਉਨ੍ਹਾਂ ਦੇ ਦਾਦਾ ਬੇਅੰਤ ਸਿੰਘ ਅਤੇ ਪਿਤਾ ਸਵਰਨਜੀਤ ਸਿੰਘ ਦੁਆਰਾ ਕੀਤੇ ਗਏ ਕੰਮਾਂ ਕਾਰਨ ਉਹ ਆਸਾਨੀ ਨਾਲ ਚੋਣ ਜਿੱਤ ਗਏ। ਉਨ੍ਹਾਂ ਦੀ ਪਹਿਲੀ ਚੋਣ ਜਿੱਤ ਤੋਂ ਬਾਅਦ ਪਾਰਟੀ ਨੇ ਉਨ੍ਹਾਂ ਨੂੰ ਗ੍ਰਹਿ ਮਾਮਲਿਆਂ ਦੀ ਕਮੇਟੀ ਵਿੱਚ ਨਿਯੁਕਤ ਕੀਤਾ। 2014 ਵਿੱਚ ਕਾਂਗਰਸ ਨੇ ਬਿੱਟੂ ਦੀ ਸੀਟ ਬਦਲ ਕੇ ਲੁਧਿਆਣਾ ਕਰ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਨੇ 2019 ਅਤੇ 2024 ਵਿੱਚ ਉਸੇ ਸੀਟ ਤੋਂ ਸੰਸਦ ਮੈਂਬਰ ਦੀ ਚੋਣ ਲੜੀ।

# ਰਾਹੁਲ ਵੱਲੋਂ ਵਰਤੇ 'ਗੱਦਾਰ' ਸ਼ਬਦ ਕਾਰਨ ਸਿਆਸੀ ਵਿਵਾਦ ਛਿੜਿਆ

## ਰਾਹੁਲ ਦੀ ਟਿੱਪਣੀ ਕਾਂਗਰਸ ਦੀ 1984 ਵਾਲੀ ਸਿੱਖ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦੀ ਹੈ: ਸਿਰਸਾ

ਨਵੀਂ ਦਿੱਲੀ : ਰਾਹੁਲ ਗਾਂਧੀ ਵੱਲੋਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਿਰੁੱਧ ਕੀਤੀ ਗਈ 'ਗੱਦਾਰ' (traitor) ਦੀ ਟਿੱਪਣੀ ਨੇ ਇੱਕ ਵੱਡਾ ਸਿਆਸੀ ਹੰਗਾਮਾ ਖੜ੍ਹਾ ਕਰ ਦਿੱਤਾ ਹੈ। ਸੱਤਾਧਾਰੀ ਭਾਜਪਾ ਨੇ ਇੱਕ ਮਾਣਮੱਤੇ ਸਿੱਖ ਦਾ ਅਪਮਾਨ ਕਰਨ ਲਈ ਰਾਹੁਲ ਗਾਂਧੀ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਜਿਸ ਤਰ੍ਹਾਂ ਗਾਂਧੀ ਨੇ ਇੱਕ ਸੰਸਦ ਮੈਂਬਰ ਅਤੇ ਸਤਿਕਾਰਤ ਸਿੱਖ ਆਗੂ ਸਰਦਾਰ ਰਵਨੀਤ ਸਿੰਘ ਬਿੱਟੂ ਨੂੰ 'ਗੱਦਾਰ' ਕਹਿ ਕੇ ਸੰਬੋਧਨ ਕੀਤਾ, ਉਸ ਨੇ ਸੱਭਿਅਤਾ, ਸ਼ਾਲੀਨਤਾ ਅਤੇ ਮਰਿਆਦਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ।

ਪੁਰੀ ਨੇ ਕਿਹਾ, 'ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਉਹ ਦਿਸ਼ਾਹੀਣ ਕਾਂਗਰਸ ਨਾਲੋਂ ਮੋਦੀ ਸਰਕਾਰ ਦੀਆਂ ਵਿਕਾਸ ਨੀਤੀਆਂ ਨੂੰ ਚੁਣਨ ਲਈ ਬਿੱਟੂ ਜੀ ਵਿਰੁੱਧ ਡੂੰਘੀ ਨਫ਼ਰਤ ਰੱਖਦੇ ਹੋਣ। ਪਰ, ਇਹ ਇੱਕ ਮਾਣਮੱਤੇ ਸਿੱਖ ਵਿਰੁੱਧ ਅਜਿਹੀ ਭੱਦੀ ਟਿੱਪਣੀ ਨੂੰ ਕਦੇ ਵੀ ਜਾਇਜ਼ ਨਹੀਂ ਠਹਿਰਾ ਸਕਦਾ, ਜਿਸ ਦੇ ਆਪਣੇ ਦਾਦਾ ਅਤਿਵਾਦੀਆਂ ਹੱਥੋਂ ਸ਼ਹੀਦ ਹੋਏ ਸਨ। ਕਿਸੇ ਨੂੰ 'ਗੱਦਾਰ ਦੋਸਤ' ਕਹਿਣ ਦਾ ਮਤਲਬ ਹੈ ਕਿ ਉਸ ਨੇ ਆਪਣੇ ਦੇਸ਼ ਨਾਲ ਧੋਖਾ ਕੀਤਾ ਹੈ। ਗਾਂਧੀ ਦੇ ਕਈ ਦੋਸਤ ਗੱਦਾਰ ਹੋ ਸਕਦੇ ਹਨ, ਪਰ ਸ਼੍ਰੀ ਬਿੱਟੂ ਨਿਸ਼ਚਿਤ ਤੌਰ 'ਤੇ ਉਨ੍ਹਾਂ ਵਿੱਚੋਂ ਇੱਕ ਨਹੀਂ ਹਨ।' ਉਨ੍ਹਾਂ ਕਿਹਾ ਕਿ ਇੱਕ ਉੱਘੇ ਸਿੱਖ ਨੂੰ ਬਿਨਾਂ ਕਿਸੇ ਅਧਾਰ ਦੇ ਗੱਦਾਰ ਕਹਿਣਾ ਪੂਰੀ ਸਿੱਖ ਕੌਮ 'ਤੇ ਕਲੰਕ ਹੈ।

ਪੁਰੀ ਨੇ ਅੱਗੇ ਕਿਹਾ, 'ਅਜਿਹੀਆਂ ਅਪਮਾਨਜਨਕ ਟਿੱਪਣੀਆਂ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਹਿੰਦੂ ਧਰਮ ਦੀ ਰੱਖਿਆ ਲਈ ਸਾਡੇ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਪਤਾ ਹੋਣਾ ਚਾਹੀਦਾ ਸੀ। ਉਨ੍ਹਾਂ ਨੂੰ ਉਸ ਦੇਸ਼ ਪ੍ਰੇਮ ਬਾਰੇ ਪਤਾ ਹੋਣਾ ਚਾਹੀਦਾ ਸੀ ਜੋ ਸਿੱਖ ਧਰਮ ਹਰ ਸਿੱਖ ਨੂੰ ਸਿਖਾਉਂਦਾ ਹੈ ਅਤੇ ਉਸ ਬਹਾਦਰੀ ਬਾਰੇ ਵੀ ਜਿਸ ਨਾਲ ਸਿੱਖ ਭਾਰਤ ਮਾਤਾ ਦੀ ਪ੍ਰਭੂਸੱਤਾ ਦੀ ਰੱਖਿਆ ਲਈ ਹਥਿਆਰਬੰਦ ਸੈਨਾਵਾਂ ਵਿੱਚ ਵੱਡੀ ਗਿਣਤੀ ਵਿੱਚ ਸੇਵਾ



ਕਰਦੇ ਹਨ।' ਮੰਤਰੀ ਨੇ ਕਿਹਾ ਕਿ ਰਾਹੁਲ ਦੀ ਟਿੱਪਣੀ ਹਰ ਸਿੱਖ ਲਈ ਇੱਕ ਅਪਮਾਨ ਹੈ ਅਤੇ ਇਹ ਹਰ ਖੇਤਰ ਵਿੱਚ ਸਿੱਖਾਂ ਦੇ ਯੋਗਦਾਨ ਦਾ ਨਿਰਾਦਰ ਹੈ। ਇਹ ਸਾਡੇ ਵਿਸ਼ਵਾਸ, ਮਾਤ ਭੂਮੀ ਲਈ ਸਾਡੇ ਪਿਆਰ ਅਤੇ ਬਿੱਟੂ ਦੇ ਦਾਦਾ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਦੀ ਕੁਰਬਾਨੀ ਦਾ ਅਪਮਾਨ ਹੈ। ਉਨ੍ਹਾਂ ਕਿਹਾ ਕਿ ਸਾਨੂੰ ਉਸੇ ਮਾਨਸਿਕਤਾ ਨਾਲ 1984 ਵਿੱਚ ਸ੍ਰੀ ਦਰਬਾਰ ਸਾਹਿਬ ਦੀ ਹੋਈ ਬੇਅਦਬੀ ਨੂੰ ਵੀ ਨਹੀਂ ਭੁੱਲਣਾ ਚਾਹੀਦਾ।

ਦਿੱਲੀ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਲੋਕ ਸਭਾ ਸਪੀਕਰ ਤੋਂ ਗਾਂਧੀ ਵਿਰੁੱਧ ਕਾਰਵਾਈ ਦੀ ਮੰਗ ਕਰਦਿਆਂ ਕਿਹਾ, 'ਗਾਂਧੀ ਪਰਿਵਾਰ ਅਸਲੀ ਗੱਦਾਰ ਹੈ, ਜਿਸ ਤਰ੍ਹਾਂ ਉਨ੍ਹਾਂ ਨੇ ਦਰਬਾਰ ਸਾਹਿਬ 'ਤੇ ਬੰਬਾਰੀ ਕੀਤੀ ਅਤੇ ਜਿਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਉਨ੍ਹਾਂ ਨੂੰ ਮਾਰਿਆ। ਕਾਂਗਰਸ ਦੀ ਸਿੱਖ ਵਿਰੋਧੀ ਮਾਨਸਿਕਤਾ ਜੋ 1984 ਵਿੱਚ ਦਿਖਾਈ ਦਿੱਤੀ ਸੀ, ਉਹ ਅੱਜ ਵੀ ਬਰਕਰਾਰ ਹੈ।'

ਇਸ ਤੋਂ ਪਹਿਲਾਂ ਬਿੱਟੂ ਨੇ ਇੱਕ ਵੀਡੀਓ ਬਿਆਨ ਜਾਰੀ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ ਗੱਦਾਰ ਕਿਹਾ ਅਤੇ ਫਿਰ ਹੱਥ ਮਿਲਾਉਣ ਲਈ ਹੱਥ ਵਧਾਇਆ। ਬਿੱਟੂ ਨੇ ਕਿਹਾ, 'ਉਹ ਰਾਜਿਆਂ ਵਾਂਗ ਵਿਵਹਾਰ ਕਰਦੇ ਹਨ, ਜਿਵੇਂ ਦੁਨੀਆ ਉਨ੍ਹਾਂ ਦੀ ਹੋਵੇ। ਪਰ ਇਹ ਇੱਕ ਸਰਦਾਰ ਦਾ ਹੱਥ ਹੈ ਜੋ ਅਜਿਹੇ ਲੋਕਾਂ ਲਈ ਕਦੇ ਨਹੀਂ ਵਧੇਗਾ ਜਿਨ੍ਹਾਂ ਨੇ 1984 ਵਿੱਚ ਸਿੱਖਾਂ ਦਾ ਕਤਲ ਕੀਤਾ, ਜਿਨ੍ਹਾਂ ਨੇ ਸਾਡੇ ਪਵਿੱਤਰ ਅਸਥਾਨ 'ਤੇ ਟੈਂਕ ਭੇਜੇ ਅਤੇ ਉਸ ਦੀ ਬੇਅਦਬੀ ਕੀਤੀ।'

ਬਿੱਟੂ ਨੇ ਅੱਗੇ ਕਿਹਾ ਕਿ ਜਦੋਂ ਤੱਕ ਉਹ ਕਾਂਗਰਸ ਵਿੱਚ ਸਨ, ਰਾਹੁਲ ਨੂੰ ਉਨ੍ਹਾਂ ਨਾਲ ਕੋਈ ਸਮੱਸਿਆ ਨਹੀਂ ਸੀ। ਪਰ ਕਿਉਂਕਿ ਉਹ ਹੁਣ ਭਾਜਪਾ ਵਿੱਚ ਹਨ, ਉਹ ਗੱਦਾਰ ਬਣ ਗਏ। ਉਨ੍ਹਾਂ ਕਿਹਾ, 'ਸੱਚਾਈ ਇਹ ਹੈ ਕਿ ਮੇਰੇ ਦਾਦਾ ਜੀ ਅਤਿਵਾਦੀਆਂ ਹੱਥੋਂ ਮਾਰੇ ਗਏ ਸਨ ਅਤੇ ਇਸ ਲਈ ਜਦੋਂ ਵੀ ਰਾਜੀਵ ਗਾਂਧੀ ਦਾ ਨਾਂ ਲਿਆ ਜਾਂਦਾ ਹੈ ਤਾਂ ਉਨ੍ਹਾਂ ਦਾ ਨਾਂ ਵੀ ਲੈਣਾ ਪੈਂਦਾ ਹੈ ਅਤੇ ਇਹੀ ਉਨ੍ਹਾਂ ਦੀ ਸਮੱਸਿਆ ਹੈ।'

ਅੱਜ ਸਵੇਰੇ, ਜਦੋਂ ਬਿੱਟੂ ਸੰਸਦ ਦੇ ਮੁੱਖ ਪ੍ਰਵੇਸ਼ ਦੁਆਰ ਦੀਆਂ ਪੌੜੀਆਂ ਚੜ੍ਹ ਰਹੇ ਸਨ, ਤਾਂ ਰਾਹੁਲ ਨੇ ਉਨ੍ਹਾਂ ਨੂੰ 'ਗੱਦਾਰ ਦੋਸਤ' ਕਿਹਾ ਸੀ। ਬਿੱਟੂ ਨੇ ਜਵਾਬ ਵਿੱਚ ਕਿਹਾ, 'ਤੁਸੀਂ ਸਾਰੇ ਦੇਸ਼ ਦੇ ਦੁਸ਼ਮਣ ਹੋ।' ਬਿੱਟੂ ਨੇ ਰਾਹੁਲ ਵੱਲੋਂ ਹੱਥ ਮਿਲਾਉਣ ਦੀ ਕੋਸ਼ਿਸ਼ ਨੂੰ ਵੀ ਨਕਾਰ ਦਿੱਤਾ ਸੀ।

# ਸੁਪਰੀਮ ਕੋਰਟ 'ਚ ਖ਼ੁਦ ਵਕੀਲ ਬਣੀ ਮਮਤਾ ਬੈਨਰਜੀ: 'ਲੋਕਤੰਤਰ ਬਚਾਉਣ' ਲਈ ਅਦਾਲਤ ਅੱਗੇ ਕੀਤੀ ਅਪੀਲ

## ਵੋਟਰ ਸੂਚੀਆਂ ਦੀ ਸੋਧ ਨੂੰ ਲੈ ਕੇ ਚੋਣ ਕਮਿਸ਼ਨ 'ਤੇ ਲਾਏ ਗੰਭੀਰ ਦੋਸ਼; ਸੁਪਰੀਮ ਕੋਰਟ ਨੇ ਜਾਰੀ ਕੀਤਾ ਨੋਟਿਸ

ਨਵੀਂ ਦਿੱਲੀ : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੁੱਧਵਾਰ ਨੂੰ ਸੁਪਰੀਮ ਕੋਰਟ ਵਿੱਚ ਇੱਕ ਬੇਮਿਸਾਲ ਕਦਮ ਚੁੱਕਦਿਆਂ ਖ਼ੁਦ ਆਪਣੀ ਪਟੀਸ਼ਨ 'ਤੇ ਬਹਿਸ ਕੀਤੀ। ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਦੇ ਸਾਹਮਣੇ ਪੇਸ਼ ਹੁੰਦਿਆਂ ਉਨ੍ਹਾਂ ਚੋਣ ਕਮਿਸ਼ਨ 'ਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ (SIR) ਦੇ ਨਾਂ 'ਤੇ ਬੰਗਾਲ ਦੇ ਵੋਟਰਾਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ।

ਮਮਤਾ ਬੈਨਰਜੀ ਨੇ ਭਾਵੁਕ ਹੁੰਦਿਆਂ ਕਿਹਾ ਕਿ ਚੋਣ ਕਮਿਸ਼ਨ ਦੀ ਇਹ ਪ੍ਰਕਿਰਿਆ ਸਿਰਫ਼ ਵੋਟਰਾਂ ਦੇ ਨਾਂ ਕੱਟਣ ਲਈ ਹੈ ਨਾ ਕਿ ਨਵੇਂ ਨਾਂ ਜੋੜਨ ਲਈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਜਿਉਂਦੇ ਲੋਕਾਂ ਨੂੰ ਮ੍ਰਿਤਕ ਐਲਾਨਿਆ ਜਾ ਰਿਹਾ ਹੈ ਅਤੇ ਵੋਟਰਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਅਦਾਲਤ ਵਿੱਚ ਰਬਿੰਦਰਨਾਥ ਟੈਗੋਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਜਦੋਂ ਨਿਆਂ ਨਹੀਂ ਮਿਲਦਾ ਤਾਂ ਨਿਆਂ ਦਰਵਾਜ਼ਿਆਂ ਦੇ ਪਿੱਛੇ ਰੋਂਦਾ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਚੋਣ ਕਮਿਸ਼ਨ ਅਤੇ ਪੱਛਮੀ ਬੰਗਾਲ ਦੇ ਮੁੱਖ ਚੋਣ ਅਧਿਕਾਰੀ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਚੀਫ਼ ਜਸਟਿਸ ਨੇ ਚੋਣ ਕਮਿਸ਼ਨ ਨੂੰ ਨੋਟਿਸ ਭੇਜਣ ਵੇਲੇ ਸਾਵਧਾਨੀ ਵਰਤਣ ਦੀ ਹਦਾਇਤ ਕੀਤੀ ਅਤੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਬੇਗੁਨਾਹ ਵੋਟਰ ਸੂਚੀ ਤੋਂ ਬਾਹਰ ਨਾ ਰਹੇ। ਮਮਤਾ ਬੈਨਰਜੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਲਗਭਗ 1.36 ਕਰੋੜ ਲੋਕਾਂ ਨੂੰ 'ਤਰਕਹੀਣ ਮਤਭੇਦਾਂ' (Logical Discrepancies) ਦੇ ਘੇਰੇ ਵਿੱਚ ਰੱਖਿਆ ਗਿਆ ਹੈ ਅਤੇ ਆਧਾਰ ਵਰਗੇ ਦਸਤਾਵੇਜ਼ਾਂ ਨੂੰ ਰੱਦ ਕੀਤਾ ਜਾ ਰਿਹਾ ਹੈ। ਅਦਾਲਤ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਸੋਮਵਾਰ ਨੂੰ ਕਰੇਗੀ। ਇਹ ਭਾਰਤ ਦੇ ਨਿਆਂਇਕ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਕਿਸੇ ਮੌਜੂਦਾ ਮੁੱਖ ਮੰਤਰੀ ਨੇ ਸੁਪਰੀਮ ਕੋਰਟ ਵਿੱਚ ਪੇਸ਼ ਹੋ ਕੇ ਖ਼ੁਦ ਕੇਸ ਦੀ ਪੈਰਵੀ ਕੀਤੀ ਹੋਵੇ।



# RESIDENTIAL, COMMERCIAL AND SOLAR FARMS

with Singhsloar High performance Bifacial Smart Panels

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

# ਪੰਜਾਬ ਦੇ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ : ਨਰਿੰਦਰ ਮੋਦੀ

## ਹਲਵਾਰਾ ਹਵਾਈ ਅੱਡੇ ਦਾ ਉਦਘਾਟਨ; ਆਦਮਪੁਰ ਹਵਾਈ ਅੱਡੇ ਦਾ ਨਾਂ ਬਦਲਿਆ





ਜਲੰਧਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਗੁਰੂ ਰਵਿਦਾਸ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਦੇ ਦੌਰੇ ’ਤੇ ਪੁੱਜੇ। ਉਨ੍ਹਾਂ ਆਦਮਪੁਰ ਹਵਾਈ ਅੱਡੇ ਦਾ ਨਵਾਂ ਨਾਮ ‘ਸ੍ਰੀ ਗੁਰੂ ਰਵਿਦਾਸ ਜੀ ਹਵਾਈ ਅੱਡਾ, ਆਦਮਪੁਰ’ ਰੱਖਣ ਦਾ ਰਸਮੀ ਐਲਾਨ ਕੀਤਾ। ਉਨ੍ਹਾਂ ਲੁਧਿਆਣਾ ਦੇ ਹਲਵਾਰਾ ਹਵਾਈ ਅੱਡੇ ’ਤੇ ਟਰਮੀਨਲ ਇਮਾਰਤ ਦਾ ਵੀ ਉਦਘਾਟਨ ਕੀਤਾ। ਇੱਥੋਂ ਸ੍ਰੀ ਮੋਦੀ ਡੇਰਾ ਸੱਚਖੰਡ ਬੱਲਾਂ ਪੁੱਜੇ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਕੇਂਦਰ ਸਰਕਾਰ ਨੇ ਸੰਤ ਨਿਰੰਜਨ ਦਾਸ ਨੂੰ ਪਦਮਸ੍ਰੀ ਪੁਰਸਕਾਰ ਦੇਣ ਦਾ ਐਲਾਨ ਵੀ ਕੀਤਾ ਸੀ।

ਡੇਰਾ ਬੱਲਾਂ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਪ੍ਰਬੰਧਕਾਂ ਨੇ ਸਵਾਗਤ ਕੀਤਾ। ਇਸ ਮੌਕੇ ਵਿਆਨਾ ਗੋਲੀ ਕਾਂਡ ਦੀ ਵੀ ਗੱਲ ਕੀਤੀ ਗਈ। ਡੇਰਾ ਪ੍ਰਬੰਧਕਾਂ ਨੇ ਕਿਹਾ ਕਿ ਉਨ੍ਹਾਂ ’ਤੇ ਗੋਲੀਆਂ ਚਲਾਈਆਂ ਗਈਆਂ ਪਰ ਪੰਜਾਬ ਵਿਚ ਧਰਮ ਪਰਿਵਰਤਨ ਨਹੀਂ ਹੋਣ ਦਿੱਤਾ।

ਇਸ ਵੇਲੇ ਕਰੋੜਾਂ ਲੋਕ ਡੇਰੇ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਇੱਥੇ ਆਏ ਹਨ, ਉਨ੍ਹਾਂ ਦਾ ਸਵਾਗਤ ਹੈ। ਡੇਰਾ ਪ੍ਰਬੰਧਕ ਨੇ ਕਿਹਾ ਕਿ 78 ਸਾਲਾਂ ਵਿਚ ਕਿਸੇ ਨੇ ਵੀ ਉਨ੍ਹਾਂ ਦੇ ਸਮਾਜ ਬਾਰੇ ਨਹੀਂ ਸੋਚਿਆ ਪਰ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੇ ਸਮਾਜ ਦੀ ਸਾਰ ਲਈ ਹੈ ਤੇ ਖੁਦ ਇੱਥੇ ਆਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਬੋਧਨ ਕਰਨ ਤੋਂ ਪਹਿਲਾਂ ਪੰਜਾਬ ਦੀ ਧਰਤੀ ਨੂੰ ਸਿਜਦਾ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਸੰਤ ਨਿਰੰਜਣ ਨੂੰ ਪਦਮਸ੍ਰੀ ਦਿੱਤਾ। ਉਨ੍ਹਾਂ ਕਿਹਾ ਕਿ ਸੰਤਾਂ ਨੇ ਹਮੇਸ਼ਾ ਬਰਾਬਰਤਾ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਗੁਰੂ ਰਵਿਦਾਸ ਨਾਲ ਜਨਮ ਭੂਮੀ ਨਾਲ ਰਿਸ਼ਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲਿਆ ਹੈ। ਅੱਜ ਦੇ ਬਜਟ ਵਿਚ ਸਪੋਰਟਸ ਇੰਡਸਟਰੀ ਨੂੰ ਕਾਫੀ ਫਾਇਦਾ ਹੋਵੇਗਾ ਤੇ ਜਲੰਧਰ ਵਿਚ ਖੇਡਾਂ ਦਾ ਵੱਡਾ ਕਾਰੋਬਾਰ ਕੀਤਾ ਜਾਂਦਾ ਹੈ ਜਿਸ ਦਾ ਫਾਇਦਾ ਪੰਜਾਬ ਵਾਸੀਆਂ ਨੂੰ ਹੋਵੇਗਾ ਤੇ ਪੰਜਾਬ ਦੇ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ।

ਸ੍ਰੀ ਮੋਦੀ ਨੇ ਕਿਹਾ ਕਿ ਇਸ ਸਾਲ ਦੇ ਬਜਟ ਵਿੱਚ ਜਲੰਧਰ, ਲੁਧਿਆਣਾ ਅਤੇ ਹੁਸ਼ਿਆਰਪੁਰ ਵਰਗੇ ਸ਼ਹਿਰਾਂ ਦੇ ਨਾਲ-ਨਾਲ ਹੋਰ ਸ਼ਹਿਰੀ ਖੇਤਰਾਂ ’ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਆਪਣੇ ਮਿਹਨਤੀ, ਹੁਨਰਮੰਦ ਕਾਮਿਆਂ ਲਈ ਜਾਣਿਆ ਜਾਂਦਾ ਹੈ, ਅਤੇ ਉਨ੍ਹਾਂ ਸਾਰਿਆਂ ਨੂੰ ਬਜਟ ਦਾ ਲਾਭ ਮਿਲੇਗਾ। ਪੰਜਾਬ ਦੇ ਟੈਕਸਟਾਈਲ ਸੈਕਟਰ ਨੂੰ ਘੱਟੋ-ਘੱਟ ਟੈਕਸਾਂ ਨਾਲ 27 ਨਵੇਂ ਦੇਸ਼ਾਂ ਤੱਕ ਪਹੁੰਚ ਮਿਲੇਗੀ। ਜਲੰਧਰ ਦੇ ਖੇਡ ਸਾਮਾਨ ਨਿਰਮਾਤਾਵਾਂ ਨੂੰ ਵੀ ਇਸ ਬਜਟ ਤੋਂ ਲਾਭ ਹੋਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਖੁਰਾਕ ਪ੍ਰੋਸੈਸਿੰਗ ਖੇਤਰ ਨਾਲ ਜੁੜੀਆਂ ਨਵੀਆਂ ਪਹਿਲਕਦਮੀਆਂ ਰਾਹੀਂ ਪੰਜਾਬ ਦੇ ਮੋਗਾ, ਫ਼ਿਰੋਜ਼ਪੁਰ, ਹੁਸ਼ਿਆਰਪੁਰ ਅਤੇ ਬਠਿੰਡਾ ਜ਼ਿਲ੍ਹਿਆਂ ਨੂੰ ਵੱਡਾ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਖੇਤਰ ਦਾ ਵਿਕਾਸ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ-ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਕਰੇਗਾ। ਉਨ੍ਹਾਂ ਮੁਤਾਬਕ ਖੁਰਾਕ ਪ੍ਰੋਸੈਸਿੰਗ ਵਿੱਚ ਗੁਣਵੱਤਾ ਸਭ ਤੋਂ ਮਹੱਤਵਪੂਰਨ ਹੈ ਤੇ ਭਾਰਤ ਵਿੱਚ ਤਿਆਰ ਕੀਤੇ ਜਾਣ ਵਾਲੇ ਉਤਪਾਦਾਂ ’ਤੇ ‘ਮੇਕ ਇਨ ਇੰਡੀਆ’ ਦਾ ਲੇਬਲ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਿਆਰ ਜਾਂ ਪੈਕਿੰਗ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ, ‘ਵਿਦੇਸ਼ੀ ਖਰੀਦਦਾਰਾਂ ਲਈ ਉਤਪਾਦ ਵਾਜਬ ਕੀਮਤ ’ਤੇ ਤੇ ਉੱਚ ਗੁਣਵੱਤਾ ਵਾਲੇ ਹੋਣੇ ਲਾਜ਼ਮੀ ਹਨ। ਜੇ ਮੁੱਲ ਅਤੇ ਮਿਆਰ ’ਤੇ ਧਿਆਨ ਨਾ ਦਿੱਤਾ ਗਿਆ ਤਾਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਮਿਲਣ ਵਾਲੇ ਮੌਕਿਆਂ ਤੋਂ ਹੱਥ ਧੋ ਬੈਠਾਂਗੇ। ਪ੍ਰਧਾਨ ਮੰਤਰੀ ਨੇ ਉਦਯੋਗਪਤੀਆਂ ਅਤੇ ਕਿਸਾਨਾਂ ਨੂੰ ਇਕੱਠੇ ਹੋ ਕੇ ਖੇਤਰ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ। ਡੇਰਾ ਬੱਲਾਂ ਵਿਚ ਸਮਾਗਮ ਤੋਂ ਬਾਅਦ ਸ੍ਰੀ ਮੋਦੀ ਦਾ ਕਾਫਲਾ ਅਗਲੇ ਪੜਾਅ ਲਈ ਰਵਾਨਾ ਹੋ ਗਿਆ।

# ਪ੍ਰਧਾਨ ਮੰਤਰੀ ਦੀ ਜਲੰਧਰ ਫੇਰੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਲੰਧਰ ਦੀ ਸੰਖੇਪ ਯਾਤਰਾ ਨੂੰ ਕਈ ਪੱਖਾਂ ਤੋਂ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਸ੍ਰੀ ਮੋਦੀ ਕੁਝ ਘੰਟਿਆਂ ਲਈ ਇੱਥੇ ਜਲੰਧਰ ਨੇੜੇ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਉਤਸਵ ’ਤੇ ਡੇਰਾ ਸੱਚਖੰਡ ਬੱਲਾਂ ਵਿਖੇ ਪਹੁੰਚ ਕੇ ਨਤਮਸਤਕ ਹੋਏ ਅਤੇ ਡੇਰਾ ਪ੍ਰਮੁੱਖ ਸੰਤ ਨਿਰੰਜਣ ਦਾਸ ਨੂੰ ਵੀ ਮਿਲੇ। ਉਨ੍ਹਾਂ ਨੇ ਆਪਣੇ 20 ਮਿੰਟ ਦੇ ਭਾਸ਼ਨ ਵਿਚ ਜਿਥੇ ਗੁਰੂ ਰਵਿਦਾਸ ਜੀ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੱਤੀ, ਉਥੇ ਉਨ੍ਹਾਂ ਦੇ ਆਦਰਸ਼ਾਂ ਅਤੇ ਉਪਦੇਸ਼ਾਂ ਦੇ ਵੀ ਅਨੁਸਾਰੀ ਬਣਨ ਲਈ ਕਿਹਾ। ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਕਾਸ਼ੀ ਦਾ ਜ਼ਿਕਰ ਵੀ ਕੀਤਾ, ਜਿੱਥੇ ਉਨ੍ਹਾਂ ਨੂੰ ਸੇਵਾ ਕਰਨ ਦਾ ਸੁਭਾਗ ਮਿਲਿਆ। ਇਸੇ ਹੀ ਸਮੇਂ ਉਨ੍ਹਾਂ ਨੇ ਆਦਮਪੁਰ ਹਵਾਈ ਅੱਡੇ ਦਾ ਨਾਂਅ ਵੀ ਗੁਰੂ ਰਵਿਦਾਸ ਜੀ ਦੇ ਨਾਂਅ ’ਤੇ ਰੱਖਣ ਦਾ ਐਲਾਨ ਕੀਤਾ। ਇੱਥੋਂ ਹੀ ਉਨ੍ਹਾਂ ਨੇ ਲੁਧਿਆਣਾ ਦੇ ਹਲਵਾਰਾ ਹਵਾਈ ਅੱਡੇ ਦਾ ਵਰਚੁਅਲੀ ਉਦਘਾਟਨ ਕੀਤਾ। ਜਿੱਥੇ ਕੇਂਦਰੀ ਹਵਾਬਾਜ਼ੀ ਮੰਤਰੀ ਰਾਮ ਮਨੋਹਰ ਨਾਇਡੂ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੀ ਹਾਜ਼ਰ ਸਨ। ਨਾਇਡੂ ਨੇ ਕਿਹਾ ਕਿ ਹਲਵਾਰਾ ਏਅਰਪੋਰਟ ’ਤੇ ਵੀ 25 ਤੋਂ 30 ਹਜ਼ਾਰ ਨਵੇਂ ਰੁਜ਼ਗਾਰ ਪੈਦਾ ਹੋਣਗੇ। ਕਿਉਂਕਿ ਹਲਵਾਰਾ ਦੇ ਨੇੜੇ ਸਥਿਤ ਲੁਧਿਆਣਾ ਪੰਜਾਬ ਦਾ ਉਦਯੋਗਿਕ ਕੇਂਦਰ ਹੈ, ਇਸ ਲਈ ਇੱਥੋਂ ਮਾਲ ਦੀ ਢੋਆ-ਢੁਆਈ ਲਈ ਵੀ ਉਡਾਣਾਂ ਦੀ ਸ਼ੁਰੂਆਤ ਹੋਵੇਗੀ, ਜਿਸ ਦਾ ਉਦਯੋਗ ਜਗਤ ਨੂੰ ਬਹੁਤ ਲਾਭ ਮਿਲੇਗਾ। ਇਸ ਦੇ ਨਾਲ ਹੀ ਭਵਿੱਖ ਵਿਚ ਅੰਤਰਰਾਸ਼ਟਰੀ ਹਵਾਈ ਉਡਾਣਾਂ ਵੀ ਇਥੋਂ ਸ਼ੁਰੂ ਕੀਤੀਆਂ ਜਾਣਗੀਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਰਵਨੀਤ ਸਿੰਘ ਬਿੱਟੂ ਨੇ ਇਸ ਹਵਾਈ ਅੱਡੇ ਦਾ ਨਾਂਅ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂਅ ’ਤੇ ਰੱਖਣ ਦੀ ਵੀ ਮੰਗ ਕੀਤੀ। ਇਹ ਸ਼ਹੀਦ ਲੁਧਿਆਣਾ ਜ਼ਿਲ੍ਹੇ ਨਾਲ ਸੰਬੰਧਿਤ ਹੈ, ਜਿਸ ਨੇ ਸਿਰਫ਼ 19 ਸਾਲ ਦੀ ਉਮਰ ਵਿਚ ਸੁਤੰਤਰਤਾ ਸੰਗਰਾਮ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ ਸੀ।

ਪ੍ਰਧਾਨ ਮੰਤਰੀ ਦੀ ਇਸ ਸੰਖੇਪ ਯਾਤਰਾ ਨੂੰ ਸਿਆਸੀ ਪੱਖ ਤੋਂ ਵੀ ਦੇਖਿਆ ਜਾ ਰਿਹਾ ਹੈ, ਕਿਉਂਕਿ ਇਸ ਸਮੇਂ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ 2027 ਵਿਚ ਹੋਣ ਵਾਲੀਆਂ ਚੋਣਾਂ ਲਈ ਵਧੇਰੇ ਸਰਗਰਮ ਅਤੇ ਉਤਸ਼ਾਹ ਵਿਚ ਦਿਖਾਈ ਦੇ ਰਹੀ ਹੈ। ਵਿਸ਼ੇਸ਼ ਤੌਰ ’ਤੇ ਦੁਆਬਾ ਖੇਤਰ ਵਿਚ ਰਵਿਦਾਸੀਆ ਭਾਈਚਾਰਾ ਵੱਡੀ ਗਿਣਤੀ ਵਿਚ ਰਹਿੰਦਾ ਹੈ। ਇਸ ਖਿੱਤੇ ਵਿਚ ਉਨ੍ਹਾਂ ਦੀਆਂ ਵੋਟਾਂ ਦੇ ਪ੍ਰਭਾਵ ਨੂੰ ਵੀ ਮੰਨਿਆ ਜਾਂਦਾ ਰਿਹਾ ਹੈ। ਇਸੇ ਲਈ ਹੀ ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਇਸ ਵਰਗ ਨੂੰ ਆਪਣੇ ਨਾਲ ਜੋੜਨ ਦੀ ਸਰਗਰਮੀ ਵਧੇਰੇ ਬਣੀ ਰਹੀ ਹੈ। ਇਸ ਭਾਈਚਾਰੇ ਵਿਚ ਕਾਂਗਰਸ, ਅਕਾਲੀ ਦਲ, ਬਹੁਜਨ ਸਮਾਜ ਪਾਰਟੀ ਅਤੇ ਆਮ ਆਦਮੀ ਪਾਰਟੀ ਦਾ ਵੀ ਸਮੇਂ-ਸਮੇਂ ਆਪੋ-ਆਪਣਾ ਪ੍ਰਭਾਵ ਦੇਖਿਆ ਜਾਂਦਾ ਰਿਹਾ ਹੈ।

ਜਿਸ ਤਰ੍ਹਾਂ ਕਿ ਅਸੀਂ ਉੱਪਰ ਜ਼ਿਕਰ ਕੀਤਾ ਹੈ, ਅਗਲੇ ਸਾਲ ਦੇ ਪਹਿਲੇ ਮਹੀਨਿਆਂ ਵਿਚ ਵਿਧਾਨ ਸਭਾ ਦੀਆਂ ਚੋਣਾਂ ਲਈ ਹੁਣ ਭਾਜਪਾ ਵੀ ਪੂਰੀ ਤਰ੍ਹਾਂ ਸਰਗਰਮ ਹੋਈ ਦਿਖਾਈ ਦਿੰਦੀ ਹੈ। ਪਿਛਲੇ ਸਮੇਂ ਵਿਚ ਵੀ ਪ੍ਰਧਾਨ ਮੰਤਰੀ ਵੱਖ-ਵੱਖ ਧਾਰਮਿਕ ਪੁਰਬਾਂ ਦੇ ਸਮਾਗਮਾਂ ਵਿਚ ਆਉਂਦੇ ਰਹੇ ਹਨ। ਉਨ੍ਹਾਂ ਦੀ ਸੰਖੇਪ ਜਲੰਧਰ ਫੇਰੀ ਨੂੰ ਵੀ ਇਸ ਸੰਦਰਭ ਵਿਚ ਦੇਖਿਆ ਜਾ ਰਿਹਾ ਹੈ, ਜਿਸ ਦਾ ਆਉਂਦੀਆਂ ਚੋਣਾਂ ’ਤੇ ਪ੍ਰਭਾਵ ਪੈਣ ਦੀ ਸੰਭਾਵਨਾ ਵੀ ਦਿਖਾਈ ਦਿੰਦੀ ਹੈ।

# ਭਾਰਤ-ਅਮਰੀਕਾ ਵਪਾਰ ਸਮਝੌਤੇ ਤੋਂ ਬਾਅਦ ਸੰਸਦ ਮੈਂਬਰਾਂ ਨੇ ਮੋਦੀ ਪੱਖੀ ਨਾਅਰੇ ਲਾਏ



ਨਵੀਂ ਦਿੱਲੀ : ਐਨਡੀਏ ਸੰਸਦ ਮੈਂਬਰ ਪਾਰਟੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਮੋਦੀ ਪੱਖੀ ਨਾਅਰੇ ਲਗਾਏ ਗਏ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਵਪਾਰ ਸਮਝੌਤਾ ਸਿਰੇ ਚੜ੍ਹਨ ਤੋਂ ਬਾਅਦ ਭਾਜਪਾ ਵਰਕਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ‘ਜੈ ਮੋਦੀ’, ‘ਵੰਦੇ ਮਾਤਰਮ’ ਅਤੇ ‘ਭਾਰਤ ਮਾਤਾ ਕੀ ਜੈ’ ਦੇ ਨਾਅਰੇ ਲਗਾ ਕੇ ਸਨਮਾਨ ਕੀਤਾ।

ਅਮਰੀਕਾ ਅਤੇ ਭਾਰਤ ਸਮਝੌਤੇ ਤੋਂ ਬਾਅਦ ਵਾਸ਼ਿੰਗਟਨ ਨੇ ਪਰਸਪਰ ਟੈਰਿਫ ਨੂੰ 25 ਫੀਸਦ ਤੋਂ ਘਟਾ ਕੇ 18 ਫੀਸਦ ਕਰ ਦਿੱਤਾ ਹੈ। ਟਰੰਪ ਦੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ ’ਤੇ ਜਾਰੀ ਇਸ ਸਮਝੌਤੇ ਵਿੱਚ ਮਹੱਤਵਪੂਰਨ ਟੈਰਿਫ ਕਟੌਤੀਆਂ ਦੀ ਰੂਪਰੇਖਾ ਦਿੱਤੀ ਗਈ ਹੈ ਅਤੇ ਇਹ ਦਾਅਵਾ ਕੀਤਾ ਹੈ ਕਿ ਭਾਰਤ ਰੂਸੀ ਤੇਲ ਖਰੀਦਣਾ ਬੰਦ ਕਰ ਦੇਵੇਗਾ।

ਪਹਿਲਾਂ ਟਰੰਪ ਨੇ ਭਾਰਤ ’ਤੇ 50 ਫੀਸਦ ਟੈਰਿਫ ਲਾਇਆ ਸੀ, ਜਿਸ ਵਿੱਚੋਂ 25 ਫੀਸਦ ਰੂਸੀ ਕੱਚੇ ਤੇਲ ਦੀ ਦਰਾਮਦ ਨਾਲ ਜੁੜਿਆ ਹੋਇਆ ਸੀ, ਕਿਉਂਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਭਾਰਤ ਦੀਆਂ ਤੇਲ ਖਰੀਦਾਂ ਰੂਸ ਦੇ ਯੁੱਧ ਯਤਨਾਂ ਦਾ ਸਮਰਥਨ ਕਰ ਰਹੀਆਂ ਸਨ।

ਇਸ ਤੋਂ ਪਹਿਲਾਂ, ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ, ਕੇਂਦਰੀ ਮੰਤਰੀ ਜੇਪੀ ਨੱਡਾ ਅਤੇ ਹੋਰ ਭਾਰਤੀ ਜਨਤਾ ਪਾਰਟੀ ਆਗੂਆਂ ਦੀ ਮੌਜੂਦਗੀ ਵਿੱਚ ਐਨਡੀਏ ਸੰਸਦੀ ਪਾਰਟੀ ਦੀ ਮੀਟਿੰਗ ਵਿੱਚ ਰਸਮੀ ਤੌਰ ’ਤੇ ਸਵਾਗਤ ਕੀਤਾ ਗਿਆ।

# ਇਰਾਨੀ ਪ੍ਰਦਰਸ਼ਨਕਾਰੀਆਂ ਦੇ ਸਮਰਥਨ ’ਚ ਵੈਨਕੂਵਰ ’ਚ ਹਜ਼ਾਰਾਂ ਲੋਕਾਂ ਨੇ ਕੱਢੀ ਵਿਸ਼ਾਲ ਰੈਲੀ

ਵੈਨਕੂਵਰ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮਹਾਨਗਰ ਵੈਨਕੂਵਰ ਵਿੱਚ ਐਤਵਾਰ ਨੂੰ ਇਰਾਨ ਵਿੱਚ ਚੱਲ ਰਹੇ ਪ੍ਰਦਰਸ਼ਨਾਂ ਦੇ ਸਮਰਥਨ ਵਿੱਚ ਹਜ਼ਾਰਾਂ ਲੋਕਾਂ ਵੱਲੋਂ ਵਿਸ਼ਾਲ ਰੈਲੀ ਕੀਤੀ ਗਈ। ਵੈਨਕੂਵਰ ਪੁਲਸ ਮੁਤਾਬਕ ਇਸ ਰੈਲੀ ਵਿੱਚ ਲਗਭਗ 15 ਹਜ਼ਾਰ ਲੋਕਾਂ ਸ਼ਾਮਲ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ।



ਵੈਨਕੂਵਰ ਦੇ ਡਾਊਨਟਾਊਨ ਵਿੱਚ ਇਕੱਠੇ ਹੋਏ ਹਜ਼ਾਰਾਂ ਪ੍ਰਦਰਸ਼ਨਕਾਰੀ ਇਰਾਨ ਵਿੱਚ ਆਰਥਿਕ ਸੰਕਟ ਅਤੇ ਉਸਦੇ ਲਈ ਜ਼ਿੰਮੇਵਾਰ ਮੰਨੇ ਜਾ ਰਹੇ ਸ਼ਾਸਨ ਤੰਤਰ ਦੇ ਵਿਰੋਧ ਵਿੱਚ ਨਾਅਰੇ ਲਗਾਉਂਦੇ ਨਜ਼ਰ ਆਏ। ਰੈਲੀ ਦੌਰਾਨ ਲੋਕਾਂ ਵੱਲੋਂ ਇਰਾਨੀ ਝੰਡੇ, ਤਖ਼ਤੀਆਂ ਅਤੇ ਬੈਨਰ ਫੜੇ ਹੋਏ ਸਨ ਅਤੇ ਉਹਨਾਂ ਵੱਲੋਂ ਲੋਕਤੰਤਰਕ ਅਧਿਕਾਰਾਂ ਦੀ ਮੰਗ ਕੀਤੀ ਜਾ ਰਹੀ ਸੀ। ਪ੍ਰਦਰਸ਼ਨਕਾਰੀਆਂ ਨੇ ਵੈਨਕੂਵਰ ਆਰਟ ਗੈਲਰੀ ਦੇ ਪਲਾਜ਼ਾ ‘ਚ ਇਕੱਠੇ ਹੋ ਕੇ ਰੈਲੀ ਦੀ ਸ਼ੁਰੂਆਤ ਕੀਤੀ, ਜਿੱਥੇ ਇਰਾਨ ਵਿੱਚ ਸੱਤਾ ਪਰਿਵਰਤਨ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਅੰਤਰਰਾਸ਼ਟਰੀ ਦਬਾਅ ਬਣਾਉਣ ਦੀ ਅਪੀਲ ਕੀਤੀ ਗਈ। ਰੈਲੀ ਦੌਰਾਨ ਮੌਸਮ ਖ਼ਰਾਬ ਹੋਣ ਦੇ ਬਾਵਜੂਦ ਲੋਕ ਵੱਡੀ ਗਿਣਤੀ ਵਿੱਚ ਸੜਕਾਂ ‘ਤੇ ਉਤਰੇ ਨਜ਼ਰੀ ਆਏ।


ਡਾ. ਗੁਰਿੰਦਰ ਸਿੰਘ ਗਰੇਵਾਲ

'ਜਦੋਂ ਵੀ ਮਨੁੱਖੀ ਅਧਿਕਾਰਾਂ ਦਾ ਸਵਾਲ ਉੱਠਦਾ ਹੈ, ਜਾਂ ਪੰਜਾਬ ਅਤੇ ਪੰਥ 'ਤੇ ਕੋਈ ਸੰਕਟ ਆਉਂਦਾ ਹੈ, ਤਾਂ ਕੈਲੀਫੋਰਨੀਆ ਦੀ ਧਰਤੀ ਤੋਂ ਡਾ. ਗੁਰਿੰਦਰ ਸਿੰਘ ਗਰੇਵਾਲ ਦੀ ਬੇਬਾਕ ਆਵਾਜ਼ ਹਮੇਸ਼ਾ ਹੱਕ-ਸੱਚ ਦੀ ਪਹਿਰੇਦਾਰ ਬਣ ਕੇ ਗੂੰਜਦੀ ਹੈ। ਵਿਦੇਸ਼ੀ ਹਕੂਮਤਾਂ ਦੀਆਂ ਕੋਝੀਆਂ ਸਾਜ਼ਿਸ਼ਾਂ ਹੋਣ ਜਾਂ ਸਮਾਜ ਨੂੰ ਖ਼ੋਰਾ ਲਾਉਣ ਵਾਲਾ ਜਾਤ-ਪਾਤ ਦਾ ਕੋਹੜ—ਡਾ. ਗਰੇਵਾਲ ਹਮੇਸ਼ਾ ਕੌਮੀ ਦਰਦ ਨੂੰ ਸੀਨੇ ਨਾਲ ਲਾ ਕੇ ਹਿੱਕ ਤਣ ਕੇ ਖੜ੍ਹੇ ਹਨ। ਉਹ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ; ਉਹਨਾਂ ਦੀ ਪਛਾਣ ਉਹਨਾਂ ਦਾ ਨਿਧੜਕ ਕਿਰਦਾਰ ਅਤੇ ਕੌਮੀ ਹੱਕਾਂ ਪ੍ਰਤੀ ਦ੍ਰਿੜਤਾ ਹੈ।

ਭਾਰਤ ਵਿੱਚ ਸਦੀਆਂ ਤੋਂ ਚੱਲੇ ਆ ਰਹੇ ਜਾਤ-ਪਾਤ ਦੇ ਅਣਮਨੁੱਖੀ ਵਰਤਾਰੇ ਅਤੇ ਮੌਜੂਦਾ ਸਰਕਾਰਾਂ ਵੱਲੋਂ ਪੰਜਾਬ ਦੀ ਭਾਈਚਾਰਕ ਸਾਂਝ ਵਿੱਚ ਜ਼ਹਿਰ ਘੋਲਣ ਦੀਆਂ ਨਾਪਾਕ ਕੋਸ਼ਿਸ਼ਾਂ ਨੂੰ ਡਾ. ਸਾਹਿਬ ਨੇ ਬੜੀ ਬਾਰੀਕੀ ਨਾਲ ਨਿਖੇੜਿਆ ਹੈ। ਇਸੇ ਇਤਿਹਾਸਕ ਅਤੇ ਖੋਜ-ਭਰਪੂਰ ਦਸਤਾਵੇਜ਼ ਨੂੰ 'ਸਾਡੇ ਲੋਕ' ਦੇ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਸਾਨੂੰ ਫ਼ਖਰ ਮਹਿਸੂਸ ਹੋ ਰਿਹਾ ਹੈ।' — ਸਤਨਾਮ ਸਿੰਘ ਖਾਲਸਾ

# ਪੰਜਾਬ ਜਾਤਪਾਤ ਦੀ ਸ਼ਤਰੰਜ ਨਹੀਂ ਹੈ




ਜਿਵੇਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਨਾਲ ਰਾਬਤਾ ਕਾਇਮ ਕਰਨ ਦੀ ਤਿਆਰੀ ਕਰ ਰਹੇ ਹਨ, ਅਜਿਹੇ ਸੰਕੇਤ ਮਿਲ ਰਹੇ ਹਨ ਕਿ ਉਨ੍ਹਾਂ ਦੀ ਪਾਰਟੀ ਜਾਤੀ-ਅਧਾਰਤ ਲਾਮਬੰਦੀ ਦਾ ਸਹਾਰਾ ਲੈ ਸਕਦੀ ਹੈ। ਇਹ ਰੁਝਾਨ ਸੂਬੇ ਦੇ ਇਤਿਹਾਸ ਤੋਂ ਜਾਣੂ ਕਿਸੇ ਵੀ ਵਿਅਕਤੀ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਮੁੱਖ ਸੰਦੇਸ਼ ਸਪੱਸ਼ਟ ਹੈ: ਪੰਜਾਬ ਵਿੱਚ 'ਜਾਤ ਦਾ ਪੱਤਾ' ਖੇਡਣਾ ਇੱਥੋਂ ਦੇ ਵਿਲੱਖਣ ਰਾਜਨੀਤਿਕ ਸੱਭਿਆਚਾਰ ਨੂੰ ਨਾ ਸਮਝਣਾ ਹੈ ਅਤੇ ਇਸ ਦੇ ਉਲਟੇ ਨਤੀਜੇ ਨਿਕਲਣ ਦੀ ਪੂਰੀ ਸੰਭਾਵਨਾ ਹੈ।

ਪੰਜਾਬ, ਬਿਹਾਰ ਜਾਂ ਉੱਤਰ ਪ੍ਰਦੇਸ਼ ਵਰਗਾ ਨਹੀਂ ਹੈ। ਇੱਥੋਂ ਦਾ ਸਿਆਸੀ ਸੱਭਿਆਚਾਰ ਉਨ੍ਹਾਂ ਸੁਧਾਰਵਾਦੀ ਲਹਿਰਾਂ ਦੁਆਰਾ ਘੜਿਆ ਗਿਆ ਹੈ ਜਿਨ੍ਹਾਂ ਨੇ ਜਾਤ-ਪਾਤ ਦੇ ਭੇਦਭਾਵ ਨੂੰ ਚੁਣੌਤੀ ਦਿੱਤੀ, ਕਿਰਤ ਦੀ ਮਾਨਤਾ 'ਤੇ ਜ਼ੋਰ ਦਿੱਤਾ ਅਤੇ ਜਾਤੀ ਅੰਕੜਿਆਂ ਦੀ ਬਜਾਏ ਸਮੂਹਿਕ ਪਛਾਣ ਨੂੰ ਮਹੱਤਵ ਦਿੱਤਾ। ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਲੈ ਕੇ ਖੇਤੀਬਾੜੀ ਸਮਾਜ ਅਤੇ ਫੌਜੀ ਸੇਵਾ ਦੀਆਂ ਹਕੀਕਤਾਂ ਤੱਕ, ਪੰਜਾਬੀਆਂ ਨੇ ਇਤਿਹਾਸਕ ਤੌਰ 'ਤੇ ਜਾਤ-ਪਾਤ ਦੀ ਰਾਜਨੀਤੀ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਿਆ ਹੈ। ਇਸ ਧਰਤੀ 'ਤੇ ਵੰਡ ਪਾਉਣ ਵਾਲੇ ਬਾਹਰੀ ਢਾਂਚੇ ਨੂੰ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਵਾਰ-ਵਾਰ ਨਾਕਾਮ ਹੋਈਆਂ ਹਨ।

ਜਾਤੀ-ਅਧਾਰਤ ਧਰੁਵੀਕਰਨ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਉਂਦਾ ਹੈ ਕਿਉਂਕਿ ਇਹ ਸਾਂਝੀ ਕੁਰਬਾਨੀ ਦੀ ਡੂੰਘੀ ਭਾਵਨਾ ਨਾਲ ਟਕਰਾਉਂਦਾ ਹੈ। ਪੰਜਾਬੀ ਆਪਣੇ ਆਪ ਨੂੰ ਭਾਰਤ ਦੀ ਅੰਨ ਸੁਰੱਖਿਆ, ਫੌਜੀ ਸ਼ਕਤੀ ਅਤੇ ਵਿਦੇਸ਼ੀ ਧਨ ਵਿੱਚ ਯੋਗਦਾਨ ਪਾਉਣ ਵਾਲੇ ਵਜੋਂ ਦੇਖਦੇ ਹਨ। ਜਦੋਂ ਬਾਹਰੀ ਬਿਰਤਾਂਤ ਇਸ ਏਕਤਾ ਨੂੰ ਤੋੜਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਉਨ੍ਹਾਂ ਨੂੰ ਪ੍ਰਤੀਨਿਧਤਾ ਨਹੀਂ ਬਲਕਿ ਇੱਕ ਸਾਜ਼ਿਸ਼ ਵਜੋਂ ਦੇਖਿਆ ਜਾਂਦਾ ਹੈ।

ਜਾਤੀ ਦੀ ਰਾਜਨੀਤੀ ਪੰਜਾਬ ਦੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਂਦੀ ਹੈ: ਜਿਵੇਂ ਕਿ ਆਰਥਿਕ ਖੜੋਤ, ਬੇਰੁਜ਼ਗਾਰੀ, ਨਸ਼ੇ, ਖੇਤੀਬਾੜੀ ਸੰਕਟ, ਵਾਤਾਵਰਣ ਦੀ ਗਿਰਾਵਟ ਅਤੇ ਨਵੀਂ ਦਿੱਲੀ ਨਾਲ ਟੁੱਟ ਰਿਹਾ ਵਿਸ਼ਵਾਸ। ਵੋਟਰ ਹੱਲ ਚਾਹੁੰਦੇ ਹਨ, ਨਾ ਕਿ ਅਜਿਹੇ ਪਛਾਣ-ਅਧਾਰਤ ਸੰਕੇਤ ਜਿਨ੍ਹਾਂ ਕੋਲ ਨੀਤੀਗਤ ਸਵਾਲਾਂ ਦਾ ਕੋਈ ਜਵਾਬ ਨਾ ਹੋਵੇ।

ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਪਾਰਟੀ ਲਈ ਇੱਕ ਰਣਨੀਤਕ ਖਤਰਾ ਵੀ ਹੈ। ਪੰਜਾਬ ਸਿਆਸੀ ਨਿਰਾਦਰ ਅਤੇ ਸਮਾਜਿਕ ਇੰਜਨੀਅਰਿੰਗ (ਜੋੜ-ਤੋੜ) ਨੂੰ ਭੁੱਲਦਾ ਨਹੀਂ। ਵੰਡਣ ਦੀਆਂ ਕੋਸ਼ਿਸ਼ਾਂ ਅਕਸਰ ਵਿਰੋਧੀਆਂ ਨੂੰ ਇੱਕਜੁੱਟ ਕਰ ਦਿੰਦੀਆਂ ਹਨ, ਜਿਸ ਨਾਲ ਸ਼ੱਕ ਦੀ ਬਜਾਏ ਵਿਰੋਧ ਪੈਦਾ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਦੀ ਏਕਤਾ ਨੂੰ ਖਤਰਾ ਪੈਦਾ ਹੋਇਆ ਹੈ, ਪੰਜਾਬੀ ਇੱਕਮੁੱਠ ਹੋ ਗਏ ਹਨ।

ਭਾਰਤ ਦੀ ਤਾਕਤ ਇਸ ਦੀ ਵਿਭਿੰਨਤਾ ਵਿੱਚ ਹੈ, ਨਾ ਕਿ ਇਸ ਨੂੰ ਵੋਟ ਬੈਂਕਾਂ ਵਿੱਚ ਵੰਡਣ ਵਿੱਚ। ਏਕਤਾ ਪਛਾਣਾਂ ਨੂੰ ਜਾਤਾਂ ਵਿੱਚ ਬਦਲ ਕੇ ਨਹੀਂ ਲਿਆਂਦੀ ਜਾ ਸਕਦੀ; ਇਹ ਨਿਰਪੱਖਤਾ, ਮੌਕੇ ਅਤੇ ਖੇਤਰੀ ਮਰਿਆਦਾ ਦੇ ਸਤਿਕਾਰ ਨਾਲ ਬਣਦੀ ਹੈ। ਪੰਜਾਬ ਸਨਮਾਨ ਦੀ ਰਾਜਨੀਤੀ ਦੀ ਮੰਗ ਕਰਦਾ ਹੈ, ਵੰਡ ਦੀ ਨਹੀਂ।

ਜੇਕਰ ਪ੍ਰਧਾਨ ਮੰਤਰੀ ਮੋਦੀ ਪੰਜਾਬ ਵਿੱਚ ਵਿਸ਼ਵਾਸ ਜਿੱਤਣਾ ਚਾਹੁੰਦੇ ਹਨ, ਤਾਂ ਮੁੱਖ ਗੱਲ ਰੋਜ਼ੀ-ਰੋਟੀ 'ਤੇ ਧਿਆਨ ਕੇਂਦਰਿਤ ਕਰਨਾ, ਸਹਿਕਾਰੀ ਸੰਘਵਾਦ ਨੂੰ ਬਹਾਲ ਕਰਨਾ, ਰਾਜ ਦੇ ਵਿਲੱਖਣ ਸਮਾਜਿਕ ਤਾਣੇ-ਬਾਣੇ ਦਾ ਸਤਿਕਾਰ ਕਰਨਾ ਅਤੇ ਇੱਥੋਂ ਦੇ ਲੋਕਾਂ ਨੂੰ ਜਾਤੀ ਬਲਾਕਾਂ ਦੀ ਬਜਾਏ ਨਾਗਰਿਕਾਂ ਵਜੋਂ ਜੋੜਨਾ ਹੈ। ਕੇਂਦਰੀ ਸੰਦੇਸ਼ ਇਹ ਹੈ: ਸਾਰਥਕ ਰਾਬਤਾ, ਨਾ ਕਿ ਵੰਡ ਪਾਉਣ ਵਾਲੀ ਚਾਲਬਾਜ਼ੀ, ਪੰਜਾਬ ਵਿੱਚ ਇੱਕੋ ਇੱਕ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਰਣਨੀਤੀ ਹੈ।

ਪੰਜਾਬ ਵਿੱਚ, ਵੰਡਣ ਦੀਆਂ ਕੋਸ਼ਿਸ਼ਾਂ ਦਾ ਹਮੇਸ਼ਾ ਸਖ਼ਤ ਵਿਰੋਧ ਹੁੰਦਾ ਹੈ।

### 124 ਸਾਲ ਬਾਅਦ ਮੁੜ ਸ਼ੁਰੂ ਹੋਈ ਪੁਰਾਣੀ ਰਾਇਲ ਰਵਾਇਤ

# ਨਾਭਾ ਰਿਆਸਤ ਦੇ ਵਾਰਸ ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਦੀ ਹੋਈ ਦਸਤਾਰਬੰਦੀ





ਨਾਭਾ : ਨਾਭਾ ਰਿਆਸਤ ਦੇ ਸ਼ਾਹੀ ਪਰਿਵਾਰ ਦੇ ਘਰੇਲੂ ਸਮਾਗਮ ਦੌਰਾਨ ਅੱਜ ਮਹਾਰਾਜਾ ਰਿਪੁਦਮਨ ਸਿੰਘ ਦੇ 13 ਸਾਲਾ ਵੰਸ਼ਜ ਅਭੀ ਉਦੈ ਪ੍ਰਤਾਪ ਸਿੰਘ ਦੀ ਦਸਤਾਰਬੰਦੀ ਮੌਕੇ ਸੂਬੇ ਦੀਆਂ ਪ੍ਰਮੁੱਖ ਧਾਰਮਿਕ ਅਤੇ ਸਿਆਸੀ ਸ਼ਖ਼ਸੀਅਤਾਂ ਦਾ ਹੜ੍ਹ ਆ ਗਿਆ। ਇਸ ਇਤਿਹਾਸਕ ਮੌਕੇ 'ਤੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਤਰਨਪ੍ਰੀਤ ਸਿੰਘ ਸੋਂਦ ਸਮੇਤ ਕਈ ਪਾਰਟੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।

ਐੱਸ.ਜੀ.ਪੀ.ਸੀ. ਪ੍ਰਧਾਨ ਧਾਮੀ ਨੇ ਪੰਥਕ ਰਵਾਇਤਾਂ ਅਨੁਸਾਰ ਅਭੀ ਉਦੈ ਪ੍ਰਤਾਪ ਸਿੰਘ ਨੂੰ ਦਸਤਾਰ ਭੇਂਟ ਕੀਤੀ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੀ ਪੰਜਵੀਂ ਪੀੜ੍ਹੀ ਨੂੰ ਮੁੜ ਪੰਥਕ ਰੀਤਾਂ ਨਾਲ ਜੁੜਦਾ ਦੇਖ ਕੇ ਪਰਿਵਾਰ ਨੂੰ ਵਧਾਈ ਦਿੱਤੀ।

ਸਮਾਗਮ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ 'ਅਨੰਦ ਕਾਰਜ ਐਕਟ' ਅਤੇ ਸਿੱਖ ਪੰਥ ਲਈ ਨਿਭਾਈਆਂ ਮਿਸਾਲੀ ਸੇਵਾਵਾਂ ਨੂੰ ਸ਼ਰਧਾ ਨਾਲ ਯਾਦ ਕੀਤਾ। ਇਸ ਮੌਕੇ ਆਰ.ਐੱਸ.ਐੱਸ. ਪ੍ਰਚਾਰਕ ਕਮਲੇਸ਼ ਸੋਨੀ, ਭਾਜਪਾ ਆਗੂ ਪ੍ਰਨੀਤ ਕੌਰ, ਸੁਰਜੀਤ ਸਿੰਘ ਰੱਖੜਾ ਅਤੇ ਸਾਧੂ ਸਿੰਘ ਧਰਮਸੋਤ ਵਰਗੇ ਦਿੱਗਜਾਂ ਨੇ ਵੀ ਹਾਜ਼ਰੀ ਲਗਵਾਈ, ਹਾਲਾਂਕਿ ਜ਼ਿਆਦਾਤਰ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਨ ਤੋਂ ਦੂਰੀ ਬਣਾਈ ਰੱਖੀ।

ਇਹ ਸਮਾਗਮ ਨਾਭਾ ਰਿਆਸਤ ਦੀ ਪੰਥਕ ਵਿਰਾਸਤ ਨੂੰ ਮੁੜ ਸੁਰਜੀਤ ਕਰਨ ਦੇ ਪ੍ਰਤੀਕ ਵਜੋਂ ਦੇਖਿਆ ਗਿਆ, ਜਿੱਥੇ ਵੱਖ-ਵੱਖ ਵਿਚਾਰਧਾਰਾਵਾਂ ਦੇ ਆਗੂਆਂ ਨੇ ਇੱਕਜੁੱਟ ਹੋ ਕੇ ਸ਼ਾਹੀ ਪਰਿਵਾਰ ਦੇ ਵਾਰਿਸ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



# ਅਸੀਂ ਹਰਿਆਣਾ 'ਚ 24 ਫਸਲਾਂ 'ਤੇ ਦੇ ਰਹੇ ਹਾਂ MSP ਦੀ ਗਾਰੰਟੀ: ਸੈਣੀ

### ਨਾਭਾ ਪਹੁੰਚੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਪੰਜਾਬ ਸਰਕਾਰ 'ਤੇ ਸੇਧੇ ਨਿਸ਼ਾਨੇ



ਨਾਭਾ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੱਜ ਨਾਭਾ ਦੇ ਇਤਿਹਾਸਕ ਹੀਰਾ ਮਹਿਲ ਵਿਖੇ ਮਹਾਰਾਜਾ ਰਿਪੁਦਮਨ ਸਿੰਘ ਦੇ ਵਾਰਸਾਂ ਨਾਲ ਮੁਲਾਕਾਤ ਕਰਨ ਪਹੁੰਚੇ। ਬੀਤੇ ਦਿਨ ਸ਼ਾਹੀ ਪਰਿਵਾਰ ਦੀ ਪੰਜਵੀਂ ਪੀੜ੍ਹੀ ਦੀ ਦਸਤਾਰਬੰਦੀ ਸਮਾਗਮ ਵਿੱਚ ਨਾ ਪਹੁੰਚ ਸਕਣ ਕਾਰਨ ਉਹ ਅੱਜ ਵਿਸ਼ੇਸ਼ ਤੌਰ 'ਤੇ ਪਰਿਵਾਰ ਨੂੰ ਮਿਲਣ ਆਏ।

ਇਸ ਦੌਰਾਨ ਉਨ੍ਹਾਂ ਨੇ ਮੀਡੀਆ ਨਾਲ ਪੰਜਾਬੀ ਵਿੱਚ ਗੱਲਬਾਤ ਕਰਦਿਆਂ ਹਰਿਆਣਾ ਦੇ ਖੇਤੀਬਾੜੀ ਮਾਡਲ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ 24 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਗਾਰੰਟੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਬਾਜ਼ਾਰ ਵਿੱਚ ਕਿਸਾਨਾਂ ਨੂੰ ਫਸਲ ਦਾ ਮੁੱਲ ਘੱਟ ਮਿਲਦਾ ਹੈ ਤਾਂ ਉਸ ਦੀ ਪੂਰੀ ਭਰਪਾਈ ਹਰਿਆਣਾ ਸਰਕਾਰ ਵੱਲੋਂ ਕੀਤੀ ਜਾਂਦੀ ਹੈ।

ਨਾਇਬ ਸੈਣੀ ਨੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਜ਼ਾਹਰ ਕਰਦਿਆਂ 'ਆਮ ਆਦਮੀ ਪਾਰਟੀ' ਦੀ ਸਰਕਾਰ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਪਰਾਧਿਕ ਘਟਨਾਵਾਂ, ਲੁੱਟਾਂ-ਖੋਹਾਂ ਅਤੇ ਕਤਲਾਂ ਕਾਰਨ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਪੰਜਾਬ ਅਤੇ ਹਰਿਆਣਾ ਦੀ ਸਾਂਝ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ 1966 ਵਿੱਚ ਦੋਵੇਂ ਸੂਬੇ ਵੱਖ ਹੋ ਗਏ ਸਨ ਪਰ ਅੱਜ ਵੀ ਇਨ੍ਹਾਂ ਦਾ ਸੱਭਿਆਚਾਰ ਅਤੇ ਰਿਸ਼ਤੇਦਾਰੀਆਂ ਇੱਕੋ ਹਨ। ਉਨ੍ਹਾਂ ਨਾਭਾ ਨਾਲ ਆਪਣੇ ਪੁਰਾਣੇ ਨਿੱਜੀ ਰਿਸ਼ਤਿਆਂ ਨੂੰ ਯਾਦ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੀ ਲੋੜ ਹੈ ਤਾਂ ਜੋ ਇੱਥੋਂ ਦੇ ਲੋਕਾਂ ਨੂੰ ਵੀ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮਿਲ ਸਕੇ।

# ਕੁਰਬਾਨੀਆਂ ਦੇਣ 'ਚ ਪੰਜਾਬ ਮੋਹਰੀ: ਭਗਵੰਤ ਮਾਨ

### ਨੈਸ਼ਨਲ ਡਿਫੈਂਸ ਕਾਲਜ ਦੇ ਵਫ਼ਦ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ



ਚੰਡੀਗੜ੍ਹ : ਪੰਜਾਬ ਵਿੱਚ ਛੇ ਫਰਵਰੀ ਤੱਕ ਦੌਰੇ 'ਤੇ ਆਏ ਨੈਸ਼ਨਲ ਡਿਫੈਂਸ ਕਾਲਜ ਨਵੀਂ ਦਿੱਲੀ ਦੇ ਵਫ਼ਦ ਨੇ ਅੱਜ ਇਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਵਿੱਚ ਸੂਬੇ ਦੇ ਬੇਮਿਸਾਲ ਯੋਗਦਾਨ, ਬਹਾਦਰੀ, ਭਾਈਚਾਰਕ ਸਾਂਝ, ਸ਼ਾਨਾਮੱਤੀ ਵਿਰਾਸਤ ਅਤੇ ਅਨਾਜ ਭੰਡਾਰ ਵਿੱਚ ਪੰਜਾਬ ਦੇ ਯੋਗਦਾਨ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਨੂੰ ਫ਼ੌਜੀ ਅਫ਼ਸਰ ਅਤੇ ਬਹਾਦਰ ਜਵਾਨ ਦਿੱਤੇ ਹਨ, ਜਿਨ੍ਹਾਂ ਨੇ ਹਮੇਸ਼ਾ ਮੂਹਰੇ ਹੋ ਕੇ ਦੇਸ਼ ਲਈ ਸ਼ਹਾਦਤਾਂ ਦਿੱਤੀਆਂ ਹਨ। ਰਾਜ ਦੇ ਨੌਜਵਾਨ ਸਰਹੱਦਾਂ ਦੀ ਰਾਖੀ ਕਰਦੇ ਹਨ ਤੇ ਕਿਸਾਨ ਦੇਸ਼ ਦਾ ਢਿੱਡ ਭਰਦੇ ਹਨ। ਇਸੇ ਕਰਕੇ ਪੰਜਾਬ ਨੂੰ 'ਭਾਰਤ ਦਾ ਅੰਨਦਾਤਾ ਅਤੇ ਖੜਗਭੁਜਾ' ਵਜੋਂ ਮਾਣ ਦਿੱਤਾ ਜਾਂਦਾ ਹੈ। ਸਰਹੱਦੀ ਸੂਬਾ ਹੋਣ ਦੇ ਬਾਵਜੂਦ ਪੰਜਾਬ ਕਦੇ ਵੀ ਫਿਰਕਿਆਂ ਵਿੱਚ ਵੰਡਿਆ ਨਹੀਂ ਗਿਆ। ਔਖੀ ਘੜੀ ਵਿੱਚ ਪੰਜਾਬੀਆਂ ਨੇ ਦੁਨੀਆ ਦੇ ਸਾਹਮਣੇ ਭਾਈਚਾਰਕ ਸਦਭਾਵਨਾ ਦੀਆਂ ਸ਼ਾਨਦਾਰ ਮਿਸਾਲ ਪੇਸ਼ ਕੀਤੀ। ਨੈਸ਼ਨਲ ਡਿਫੈਂਸ ਕਾਲਜ ਦੇ ਵਫ਼ਦ ਵਿੱਚ ਕੁੱਲ 16 ਅਧਿਕਾਰੀ ਹਨ, ਜਿਨ੍ਹਾਂ ਵਿੱਚੋਂ 11 ਅਧਿਕਾਰੀ ਭਾਰਤੀ ਅਤੇ 6 ਵਿਦੇਸ਼ੀ ਹਨ, ਜਿਸ ਵਿੱਚ ਬੰਗਲਾਦੇਸ਼, ਮਿਸਰ, ਇੰਡੋਨੇਸ਼ੀਆ, ਮਲੇਸ਼ੀਆ ਅਤੇ ਨੇਪਾਲ ਤੋਂ ਇੱਕ-ਇੱਕ ਅਧਿਕਾਰੀ ਸ਼ਾਮਲ ਹੈ।

**ਵਫ਼ਦ ਨੇ ਰਾਜਪਾਲ ਨਾਲ ਮੁਲਾਕਾਤ ਕੀਤੀ**

ਨੈਸ਼ਨਲ ਡਿਫੈਂਸ ਕਾਲਜ ਨਵੀਂ ਦਿੱਲੀ ਦੇ 16 ਮੈਂਬਰੀ ਵਫ਼ਦ ਨੇ ਪੰਜਾਬ ਦੇ ਰਾਜਪਾਲ ਤੇ ਯੂਟੀ ਦੇ ਪ੍ਰਸ਼ਾਕ ਗੁਲਾਬ ਚੰਦ ਕਟਾਰੀਆ ਦੇ ਨਾਲ ਵੀ ਪੰਜਾਬ ਲੋਕ ਭਵਨ ਵਿੱਚ ਮੁਲਾਕਾਤ ਕੀਤੀ। ਇਸ ਦੌਰਾਨ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਨੈਸ਼ਨਲ ਡਿਫੈਂਸ ਕਾਲਜ ਵੱਲੋਂ ਹਥਿਆਰ ਬਲ, ਪੁਲੀਸ ਸੇਵਾ ਦੇ ਅਧਿਕਾਰੀਆਂ ਦੇ ਨਾਲ-ਨਾਲ ਆਪਣੇ ਕਰੀਬੀ ਦੇਸ਼ਾਂ ਦੇ ਅਧਿਕਾਰੀਆਂ ਨਾਲ ਰਣਨੀਤੀ ਚਿੰਤਨ ਕੀਤਾ ਜਾਂਦਾ ਹੈ। ਰਾਜਪਾਲ ਨੇ ਵਫ਼ਦ ਨੂੰ ਪੰਜਾਬ ਦੌਰੇ ਦੌਰਾਨ ਪੰਜਾਬ ਦੀ ਸ਼ਾਸਨ ਪ੍ਰਣਾਲੀ, ਵਿਕਾਸ ਮਾਡਲ, ਸੁਰੱਖਿਆ ਵਿਵਸਥਾ 'ਤੇ ਵਿਸ਼ੇਸ਼ ਤੌਰ 'ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ।

# ਜਦੋਂ ਤੁਸੀਂ ਸਾਡਾ ਗਲਾ ਘੁੱਟੋਗੇ, ਤਾਂ ਸਾਨੂੰ ਲੜਨਾ ਹੀ ਪਵੇਗਾ: ਰਾਜਾ ਵੜਿੰਗ

### ਲੋਕ ਸਭਾ ਤੋਂ ਮੁਅੱਤਲ ਹੋਣ ਮਗਰੋਂ ਕਾਂਗਰਸੀ ਸਾਂਸਦ ਨੇ ਸਰਕਾਰ 'ਤੇ ਸੇਧਿਆ ਨਿਸ਼ਾਨਾ




ਨਵੀਂ ਦਿੱਲੀ : ਲੋਕ ਸਭਾ ਵਿੱਚ ਚੀਨ ਸਰਹੱਦ ਦੇ ਮੁੱਦੇ 'ਤੇ ਹੋਏ ਜ਼ਬਰਦਸਤ ਹੰਗਾਮੇ ਤੋਂ ਬਾਅਦ ਵਿਰੋਧੀ ਧਿਰ ਦੇ ਅੱਠ ਸੰਸਦ ਮੈਂਬਰਾਂ ਨੂੰ ਪੂਰੇ ਬਜਟ ਸੈਸ਼ਨ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਸ਼ਾਮਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸੰਸਦ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਰਕਾਰ 'ਤੇ ਤਾਨਾਸ਼ਾਹੀ ਦੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਜਦੋਂ ਵਿਰੋਧੀ ਧਿਰ ਦੀ ਆਵਾਜ਼ ਦਬਾਈ ਜਾਂਦੀ ਹੈ, ਤਾਂ ਉਨ੍ਹਾਂ ਕੋਲ ਸੰਘਰਸ਼ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਵੜਿੰਗ ਨੇ ਕਿਹਾ, " ਜਦੋਂ ਤੁਸੀਂ ਸਾਡੀ ਸਾਹ ਵਾਲੀ ਨਲੀ 'ਤੇ ਹੱਥ ਰੱਖੋਗੇ (ਗਲਾ ਘੁੱਟੋਗੇ), ਤਾਂ ਸਾਨੂੰ ਜਵਾਬੀ ਲੜਾਈ ਲੜਨੀ ਹੀ ਪਵੇਗੀ।" ਉਨ੍ਹਾਂ ਸਵਾਲ ਕੀਤਾ ਕਿ ਸਰਕਾਰ ਰਾਹੁਲ ਗਾਂਧੀ ਦੇ ਸ਼ਬਦਾਂ ਤੋਂ ਇੰਨੀ ਕਿਉਂ ਡਰ ਰਹੀ ਹੈ। ਰਾਜਾ ਵੜਿੰਗ ਨੇ ਦੋਸ਼ ਲਗਾਇਆ ਕਿ ਜਿਵੇਂ ਹੀ ਰਾਹੁਲ ਗਾਂਧੀ ਨੇ ਚੀਨ, ਪਾਕਿਸਤਾਨ ਅਤੇ ਪ੍ਰਧਾਨ ਮੰਤਰੀ ਦਾ ਨਾਮ ਲਿਆ, ਸੱਤਾ ਪੱਖ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਰਾਹੁਲ ਗਾਂਧੀ ਦਾ ਮਾਈਕ ਬੰਦ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਸਾਬਕਾ ਫੌਜ ਮੁਖੀ ਜਨਰਲ ਨਰਵਣੇ ਦੀ ਕਿਤਾਬ ਦਾ ਹਵਾਲਾ ਦੇ ਕੇ ਸੱਚਾਈ ਸਾਹਮਣੇ ਲਿਆਉਣਾ ਚਾਹੁੰਦੇ ਸਨ ਪਰ ਸਰਕਾਰ ਨੂੰ ਡਰ ਹੈ ਕਿ ਉਨ੍ਹਾਂ ਦੀ ਪੋਲ ਖੁੱਲ੍ਹ ਜਾਵੇਗੀ।

ਜ਼ਿਕਰਯੋਗ ਹੈ ਕਿ ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਰਾਜਾ ਵੜਿੰਗ ਤੋਂ ਇਲਾਵਾ ਗੁਰਜੀਤ ਸਿੰਘ ਔਜਲਾ, ਹਿਬੀ ਇਡਨ ਅਤੇ ਹੋਰ ਕਾਂਗਰਸੀ ਆਗੂ ਸ਼ਾਮਲ ਹਨ। ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਮੈਂਬਰਾਂ ਨੇ ਸਦਨ ਦੀ ਮਰਿਯਾਦਾ ਦੀ ਉਲੰਘਣਾ ਕੀਤੀ ਅਤੇ ਚੇਅਰ ਵੱਲ ਕਾਗਜ਼ ਸੁੱਟੇ ਹਨ।

# ਸਾਕਾ ਨਕੋਦਰ ਦੇ 40 ਸਾਲ: ਇਨਸਾਫ਼ ਦੀ ਉਡੀਕ ’ਚ ਪੱਥਰ ਹੋਈਆਂ ਅੱਖਾਂ ਅਤੇ ਸਿਸਟਮ ਦੀ ਹਿੱਕ ’ਤੇ ਦਫ਼ਨ ਹੋਇਆ ਸੱਚ !

- 4 ਸ਼ਹੀਦ, 40 ਸਾਲ ਅਤੇ 0 ਇਨਸਾਫ਼: ਕਾਤਲਾਂ ਨੂੰ ‘ਤਰੱਕੀਆਂ’ ਤੇ ਵਾਰਿਸਾਂ ਨੂੰ ‘ਤਾਰੀਖਾਂ’ !
- ਚਾਲੀ ਸਾਲਾਂ ਦਾ ਰਿਸਦਾ ਜ਼ਖ਼ਮ ਅਤੇ ਲੋਕਤੰਤਰ ਦਾ ਕਤਲ ! ਕੀ ਸਾਕਾ ਨਕੋਦਰ ਨੂੰ ਇਤਿਹਾਸ ਦੇ ਪੰਨਿਆਂ ਤੋਂ ਮਿਟਾਉਣ ਦੀ ਹੋ ਰਹੀ ਹੈ ਸਾਜ਼ਿਸ਼ ?
- ਜਿੱਥੇ ਕਾਨੂੰਨ ਨੇ ਕਾਤਲਾਂ ਨੂੰ ਪਾਲਿਆ, ਤੇ ਇਨਸਾਫ਼ ਨੇ ਅੱਖਾਂ ’ਤੇ ਪੱਟੀ ਬੰਨ੍ਹ ਲਈ।
- ਸਾਕਾ ਨਕੋਦਰ ਦੇ 40 ਸਾਲ — ਇਨਸਾਫ਼ ਦੀ ਰਾਹ ਵਿੱਚ ਪੱਥਰ ਹੋਈਆਂ ਅੱਖਾਂ ਅਤੇ ਸਿਸਟਮ ਦੀ ਬੇਰੁਖ਼ੀ






ਨਕੋਦਰ/ਜਲੰਧਰ : ਪੰਜਾਬ ਦੇ ਇਤਿਹਾਸ ਵਿੱਚ 4 ਫਰਵਰੀ 1986 ਦਾ ਦਿਨ ਅੱਜ ਵੀ ਉਸ ਰਿਸਦੇ ਹੋਏ ਜ਼ਖ਼ਮ ਵਾਂਗ ਹੈ, ਜਿਸ ਨੂੰ ਇਨਸਾਫ਼ ਦੀ ਮਲ੍ਹਮ ਦੀ ਉਡੀਕ ਕਰਦਿਆਂ ਅੱਜ ਪੂਰੀਆਂ ਚਾਰ ਸਦੀਆਂ (40 ਸਾਲ) ਬੀਤ ਚੁੱਕੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਰੋਸ ਪ੍ਰਗਟਾ ਰਹੀ ਸੰਗਤ ’ਤੇ ਚੱਲੀਆਂ ਪੁਲਿਸ ਦੀਆਂ ਗੋਲੀਆਂ ਨੇ ਚਾਰ ਮਾਵਾਂ ਦੀਆਂ ਗੋਦੀਆਂ ਉਜਾੜ ਦਿੱਤੀਆਂ ਸਨ। ਅੱਜ ਜਦੋਂ ਅਸੀਂ 40ਵੀਂ ਬਰਸੀ ਮਨਾ ਰਹੇ ਹਾਂ, ਤਾਂ ਸਵਾਲ ਉਹੀ ਖੜ੍ਹਾ ਹੈ: ਕੀ ਲੋਕਤੰਤਰ ਵਿੱਚ ਇਨਸਾਫ਼ ਸਿਰਫ਼ ਤਾਕਤਵਰਾਂ ਲਈ ਹੈ ?

**1. ਸ਼ਹਾਦਤ ਅਤੇ ਸਿਸਟਮ ਦਾ ‘ਲਾਵਾਰਿਸ’ ਸੱਚ**

ਸ਼ਹੀਦ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ, ਭਾਈ ਝਿਲਮਣ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਦੇ ਪਰਿਵਾਰ ਅੱਜ ਵੀ ਉਸ ਦਰਦ ਨੂੰ ਸੀਨੇ ਨਾਲ ਲਾਈ ਬੈਠੇ ਹਨ। ਸਭ ਤੋਂ ਦਰਦਨਾਕ ਪਹਿਲੂ ਇਹ ਰਿਹਾ ਕਿ ਪੁਲਿਸ ਨੇ ਵਾਰਿਸਾਂ ਦੇ ਜਿਉਂਦੇ ਜੀਅ ਇਨ੍ਹਾਂ ਸ਼ਹੀਦਾਂ ਨੂੰ ‘ਲਾਵਾਰਿਸ’ ਐਲਾਨ ਕੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ।

ਬਾਪੂ ਬਲਦੇਵ ਸਿੰਘ ਲਿੱਤਰਾਂ ਦੇ ਸ਼ਬਦਾਂ ਵਿੱਚ: ‘ਉਨ੍ਹਾਂ ਨੇ ਸਾਡੇ ਪੁੱਤਾਂ ਨੂੰ ਸਿਰਫ਼ ਗੋਲੀ ਨਾਲ ਨਹੀਂ ਮਾਰਿਆ, ਸਗੋਂ ਸਾਡੇ ਮਾਪਿਆਂ ਹੋਣ ਦੇ ਹੱਕ ਨੂੰ ਵੀ ਸਾੜ ਦਿੱਤਾ।’

2. ਗੁੰਮਸ਼ੁਦਾ ਇਨਸਾਫ਼: ਜਸਟਿਸ ਗੁਰਨਾਮ ਸਿੰਘ ਕਮਿਸ਼ਨ ਇਸ ਕਾਂਡ ਦੀ ਸੱਚਾਈ ਸਾਹਮਣੇ ਲਿਆਉਣ ਲਈ ਬਣਾਏ ਗਏ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਸਿਆਸੀ ਤੇ ਪ੍ਰਸ਼ਾਸਨਿਕ ਗਠਜੋੜ ਨੇ ਫਾਈਲਾਂ ਦੇ ਢੇਰ ਹੇਠ ਦੱਬ ਦਿੱਤਾ।

ਗਾਇਬ ਦਸਤਾਵੇਜ਼: ਰਿਪੋਰਟ ਦਾ ਅਹਿਮ ‘ਭਾਗ-2’ ਅੱਜ ਤੱਕ ਜਨਤਕ ਨਹੀਂ ਕੀਤਾ ਗਿਆ।

ਇਨਾਮ ਵਜੋਂ ਤਰੱਕੀਆਂ: ਜਿਨ੍ਹਾਂ ਅਧਿਕਾਰੀਆਂ (ਇਜ਼ਹਾਰ ਆਲਮ, ਅਸ਼ਵਨੀ ਕੁਮਾਰ ਆਦਿ) ਦੇ ਨਾਮ ਰਿਪੋਰਟ ਵਿੱਚ ਕਥਿਤ ਤੌਰ ’ਤੇ ਦੋਸ਼ੀ ਵਜੋਂ ਸਨ, ਉਨ੍ਹਾਂ ਨੂੰ ਸਜ਼ਾ ਦੇਣ ਦੀ ਬਜਾਏ ਉੱਚੇ ਅਹੁਦਿਆਂ ਨਾਲ ਨਿਵਾਜਿਆ ਗਿਆ।

3. RTI ਅਤੇ ਪੁਲਿਸ ਦਾ ਕੋਰਾ ਝੂਠ ਹੈਰਾਨੀ ਦੀ ਗੱਲ ਹੈ ਕਿ ਜਿਸ ਘਟਨਾ ਨੇ ਪੂਰੇ ਪੰਜਾਬ ਨੂੰ ਝੰਜੋੜਿਆ, ਉਸ ਬਾਰੇ ਇੱਕ RTI ਦੇ ਜਵਾਬ ਵਿੱਚ ਪੁਲਿਸ ਨੇ ਕਹਿ ਦਿੱਤਾ ਕਿ ‘1986 ਵਿੱਚ ਅਜਿਹੀ ਕੋਈ ਘਟਨਾ ਹੀ ਨਹੀਂ ਹੋਈ।’ ਇਹ ਸਿਰਫ਼ ਝੂਠ ਨਹੀਂ, ਸਗੋਂ ਸ਼ਹੀਦਾਂ ਦੀ ਸ਼ਹਾਦਤ ਦਾ ਅਪਮਾਨ ਅਤੇ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਹੈ।

4. ਸਿਆਸੀ ਦੋਗਲਾਪਨ: ਨਕੋਦਰ ਤੋਂ ਬਹਿਬਲ ਕਲਾਂ ਤੱਕ

ਚਾਹੇ ਅਕਾਲੀ ਦਲ ਹੋਵੇ, ਕਾਂਗਰਸ ਜਾਂ ਮੌਜੂਦਾ ਸਰਕਾਰ—ਹਰ ਕਿਸੇ ਨੇ ਚੋਣਾਂ ਦੌਰਾਨ ਇਨਸਾਫ਼ ਦਾ ਵਾਅਦਾ ਕੀਤਾ, ਪਰ ਸੱਤਾ ਦੀ ਕੁਰਸੀ ’ਤੇ ਬੈਠਦਿਆਂ ਹੀ ‘ਸਾਕਾ ਨਕੋਦਰ’ ਦੀਆਂ ਫਾਈਲਾਂ ਨੂੰ ਭੁੱਲ ਗਏ। ਬਾਪੂ ਬਲਦੇਵ ਸਿੰਘ ਦਾ ਇਹ ਦਾਅਵਾ ਬਿਲਕੁਲ ਸਹੀ ਪ੍ਰਤੀਤ ਹੁੰਦਾ ਹੈ ਕਿ ਜੇਕਰ ਨਕੋਦਰ ਦਾ ਇਨਸਾਫ਼ ਹੋ ਗਿਆ ਹੁੰਦਾ, ਤਾਂ ਸ਼ਾਇਦ ਬਹਿਬਲ ਕਲਾਂ ਵਰਗੇ ਕਾਂਡ ਕਦੇ ਨਾ ਵਾਪਰਦੇ।

1. ਸਾਕਾ ਨਕੋਦਰ ਦੀ ਉੱਚ-ਪੱਧਰੀ CBI ਜਾਂਚ ਤੁਰੰਤ ਸ਼ੁਰੂ ਕੀਤੀ ਜਾਵੇ।
2. ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਜਾ ਹਿੱਸਾ ਤੁਰੰਤ ਵਿਧਾਨ ਸਭਾ ਵਿੱਚ ਰੱਖਿਆ ਜਾਵੇ।
3. ਰਿਪੋਰਟ ਨੂੰ ਗਾਇਬ ਕਰਨ ਅਤੇ ਰਿਕਾਰਡ ਖੁਰਦ-ਬੁਰਦ ਕਰਨ ਵਾਲੇ ਅਫ਼ਸਰਾਂ ’ਤੇ ਕਤਲ ਦੇ ਮੁਕੱਦਮੇ ਚਲਾਏ ਜਾਣ।

ਸਿੱਟਾ: 40 ਸਾਲਾਂ ਬਾਅਦ ਵੀ ਬਾਪੂ ਬਲਦੇਵ ਸਿੰਘ ਦੀਆਂ ਲਾਲ ਅੱਖਾਂ ਮੁਆਵਜ਼ਾ ਨਹੀਂ, ਸਗੋਂ ‘ਸੱਚ’ ਮੰਗ ਰਹੀਆਂ ਹਨ। ਇਹ ਰਿਪੋਰਟ ਪੰਜਾਬ ਦੇ ਹਰ ਉਸ ਨਾਗਰਿਕ ਦੇ ਨਾਮ ਹੈ ਜੋ ਅੱਜ ਵੀ ਇਨਸਾਫ਼ ਦੀ ਉਮੀਦ ਰੱਖਦਾ ਹੈ। ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਸਾਨੂੰ ਹਮੇਸ਼ਾ ਯਾਦ ਦਿਵਾਉਂਦੀ ਰਹੇਗੀ ਕਿ ਜਦੋਂ ਤੱਕ ਜ਼ੁਲਮ ਵਿਰੁੱਧ ਆਵਾਜ਼ ਉੱਠਦੀ ਰਹੇਗੀ, ਉਦੋਂ ਤੱਕ ਸੱਚ ਨੂੰ ਦਬਾਇਆ ਨਹੀਂ ਜਾ ਸਕਦਾ।

## ਇਨਸਾਫ਼ ਦੇ ਕਤਲ ਦੇ 40 ਸਾਲ-ਸਾਕਾ ਨਕੋਦਰ ਦੀ 40ਵੀਂ ਵਰ੍ਹੇਗੰਢ ’ਤੇ ਵਿਸ਼ੇਸ਼ ਅਪੀਲ



ਨਕੋਦਰ/ਜਲੰਧਰ : ਅੱਜ 4 ਫਰਵਰੀ 2026 ਨੂੰ ‘ਸਾਕਾ ਨਕੋਦਰ’ ਦੇ ਭਿਆਨਕ ਕਾਂਡ ਨੂੰ ਪੂਰੇ 40 ਸਾਲ ਬੀਤ ਚੁੱਕੇ ਹਨ। ਇਹ ਸਿਰਫ਼ ਚਾਰ ਦਹਾਕੇ ਨਹੀਂ, ਸਗੋਂ ਪੰਜਾਬ ਦੇ ਇਤਿਹਾਸ ਦਾ ਉਹ ਕਾਲਾ ਸਫ਼ਾ ਹੈ ਜਿਸ ’ਤੇ ਇਨਸਾਫ਼ ਦੀ ਸਿਆਹੀ ਅੱਜ ਤੱਕ ਨਹੀਂ ਫੇਰੀ ਗਈ। 4 ਫਰਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਆਵਾਜ਼ ਉਠਾਉਣ ਵਾਲੇ ਚਾਰ ਸਿੱਖ ਨੌਜਵਾਨਾਂ ਨੂੰ ਪੁਲਿਸ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਅਫ਼ਸੋਸ ਦੀ ਗੱਲ ਹੈ ਕਿ ਅੱਜ 40 ਸਾਲਾਂ ਬਾਅਦ ਵੀ ਦੋਸ਼ੀ ਅਧਿਕਾਰੀ ਸਜ਼ਾਵਾਂ ਦੀ ਬਜਾਏ ਤਰੱਕੀਆਂ ਮਾਣ ਕੇ ਸੇਵਾਮੁਕਤ ਹੋ ਚੁੱਕੇ ਹਨ ਅਤੇ ਸ਼ਹੀਦਾਂ ਦੇ ਪਰਿਵਾਰ ਅਦਾਲਤੀ ਫਾਈਲਾਂ ਦਾ ਬੋਝ ਚੁੱਕੀ ਇਨਸਾਫ਼ ਲਈ ਦਰ-ਦਰ ਭਟਕ ਰਹੇ ਹਨ।

ਸਿਸਟਮ ਨੂੰ ਤਿੱਖੇ ਸਵਾਲ: ਗਾਇਬ ਰਿਪੋਰਟ ਦਾ ਸੱਚ: ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਦਾ ‘ਭਾਗ-2’ ਅੱਜ ਤੱਕ ਕਿਉਂ ਛੁਪਾਇਆ ਜਾ ਰਿਹਾ ਹੈ ? ਉਹ ਕਿਹੜੇ ਚਿਹਰੇ ਹਨ ਜਿਨ੍ਹਾਂ ਨੂੰ ਬਚਾਉਣ ਲਈ 40 ਸਾਲਾਂ ਤੋਂ ਸੱਚ ਦੀ ਸੰਘੀ ਘੁੱਟੀ ਜਾ ਰਹੀ ਹੈ ?

ਝੂਠਾ ਰਿਕਾਰਡ: RTI ਵਿੱਚ ਪੁਲਿਸ ਵੱਲੋਂ ਇਸ ਘਟਨਾ ਦੇ ਹੋਣ ਤੋਂ ਹੀ ਇਨਕਾਰ ਕਰਨਾ ਕੀ ਸ਼ਹੀਦਾਂ ਦੀ ਸ਼ਹਾਦਤ ਦਾ ਅਪਮਾਨ ਨਹੀਂ ?

ਸਿਆਸੀ ਵਾਅਦਾਖਿਲਾਫ਼ੀ: ਹਰ ਸਰਕਾਰ ਨੇ ‘ਇਨਸਾਫ਼’ ਨੂੰ ਸਿਰਫ਼ ਚੋਣ ਮਨੋਰਥ ਪੱਤਰਾਂ ਤੱਕ ਸੀਮਤ ਰੱਖਿਆ। ਨਕੋਦਰ ਦੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਕੀਤਾ ਗਿਆ ਹਰ ਵਾਅਦਾ ਵਕਤ ਦੀ ਧੂੜ ਵਿੱਚ ਗੁਆਚ ਗਿਆ।

ਸਮੂਹ ਇਨਸਾਫ਼ ਪਸੰਦ ਲੋਕਾਂ ਨੂੰ ਅਪੀਲ:

ਅਸੀਂ ਪੰਜਾਬ ਦੀਆਂ ਸਮੂਹ ਧਾਰਮਿਕ, ਸਮਾਜਿਕ ਜਥੇਬੰਦੀਆਂ ਅਤੇ ਹਰ ਉਸ ਇਨਸਾਨ ਨੂੰ ਅਪੀਲ ਕਰਦੇ ਹਾਂ ਜਿਸ ਦੇ ਸੀਨੇ ਵਿੱਚ ਇਨਸਾਫ਼ ਲਈ ਦਰਦ ਹੈ—ਆਓ, ਬਾਪੂ ਬਲਦੇਵ ਸਿੰਘ ਲਿੱਤਰਾਂ ਦੀ ਇਸ 40 ਸਾਲਾਂ ਦੀ ਅਣਥੱਕ ਲੜਾਈ ਵਿੱਚ ਉਨ੍ਹਾਂ ਦਾ ਸਾਥ ਦੇਈਏ। ਇਹ ਜੰਗ ਸਿਰਫ਼ ਚਾਰ ਪਰਿਵਾਰਾਂ ਦੀ ਨਹੀਂ, ਸਗੋਂ ਪੂਰੀ ਕੌਮ ਅਤੇ ਇਨਸਾਫ਼ ਪਸੰਦ ਸਮਾਜ ਦੀ ਹੈ।

ਸਾਡੀਆਂ ਮੰਗਾਂ:

1. ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਪੂਰੀ ਰਿਪੋਰਟ ਬਿਨਾਂ ਕਿਸੇ ਦੇਰੀ ਦੇ ਜਨਤਕ ਕੀਤੀ ਜਾਵੇ।
2. ਰਿਪੋਰਟ ਵਿੱਚ ਨਾਮਜ਼ਦ ਦੋਸ਼ੀ ਅਧਿਕਾਰੀਆਂ ’ਤੇ 329 ਜਾਂਚ ਰਾਹੀਂ ਤੁਰੰਤ ਕਾਰਵਾਈ ਕੀਤੀ ਜਾਵੇ।
3. ਰਿਕਾਰਡ ਖੁਰਦ-ਬੁਰਦ ਕਰਨ ਵਾਲੇ ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਦਾ ਪਰਦਾਫ਼ਾਸ਼ ਕੀਤਾ ਜਾਵੇ।

# ਭਾਰਤੀ ਪਖੰਡੀ ਹਿੰਦੂ ਸਾਧ ਪਰਮਹੰਸ ਆਚਾਰੀਆ ਦੇ ਵਿਵਾਦਤ ਦਾਅਵਿਆਂ ਅਤੇ UGC ਐਕਟ 2026 ਦੇ ਅਸਲ ਤੱਥਾਂ ਅਤੇ ਅੰਧ-ਵਿਸ਼ਵਾਸ

## ਸਿਆਸਤ ਅਤੇ ਸਿੱਖਿਆ ਨੀਤੀ ਦਾ ਟਕਰਾਅ ਨੂੰ ਜੋੜਦੀ ਇੱਕ ਪ੍ਰਭਾਵਸ਼ਾਲੀ ਰਿਪੋਰਟ

*ਅਯੁੱਧਿਆ ਦੇ ਜਗਦਗੁਰੂ ਪਰਮਹੰਸ ਆਚਾਰੀਆ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਬਾਰੇ ਦਿੱਤੇ ਗਏ 'ਕਾਲੇ ਜਾਦੂ' ਦੇ ਬਿਆਨ ਨੇ ਦੇਸ਼ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇੱਕ ਪਾਸੇ ਅਜੀਬੋ-ਗਰੀਬ ਦਾਅਵੇ ਹਨ ਅਤੇ ਦੂਜੇ ਪਾਸੇ ਦੇਸ਼ ਦੀ ਸਿੱਖਿਆ ਨੀਤੀ ਨਾਲ ਜੁੜਿਆ ਗੰਭੀਰ ਵਿਵਾਦ।*

**ਸਨਸਨੀਖੇਜ਼ ਦਾਅਵਾ: 'ਟਰੰਪ ਦਾ ਕਾਲਾ ਜਾਦੂ ਅਤੇ ਮੋਦੀ'**

ਮਹੰਤ ਪਰਮਹੰਸ ਆਚਾਰੀਆ ਨੇ ਦਾਅਵਾ ਕੀਤਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੀਐਮ ਮੋਦੀ 'ਤੇ 'ਵਸ਼ੀਕਰਨ' ਕਰਵਾਇਆ ਸੀ।

ਤਰਕ: ਉਨ੍ਹਾਂ ਅਨੁਸਾਰ ਪੀਐਮ ਮੋਦੀ ਇਸੇ ਜਾਦੂ ਦੇ ਪ੍ਰਭਾਵ ਹੇਠ UGC ਐਕਟ 2026 ਵਰਗੇ 'ਦੇਸ਼-ਵਿਰੋਧੀ' ਫੈਸਲੇ ਲੈ ਰਹੇ ਸਨ।

ਸਰੋਤ: ਆਚਾਰੀਆ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਨਾਮ 'ਤੇ ਚੱਲ ਰਹੀਆਂ ਸੋਸ਼ਲ ਮੀਡੀਆ ਪੋਸਟਾਂ ਦਾ ਹਵਾਲਾ ਦਿੱਤਾ, ਜੋ ਕਿ ਜਾਂਚ ਤੋਂ ਬਾਅਦ ਫਰਜ਼ੀ (Fake) ਪਾਈਆਂ ਗਈਆਂ ਹਨ।

ਦਾਅਵਾ: ਆਚਾਰੀਆ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਯੁੱਧਿਆ ਵਿੱਚ ਵਿਸ਼ੇਸ਼ ਵੈਦਿਕ ਪੂਜਾ ਕਰਕੇ ਇਸ ਜਾਦੂ ਦੇ ਪ੍ਰਭਾਵ ਨੂੰ ਖ਼ਤਮ ਕਰ ਦਿੱਤਾ ਹੈ।

ਅਸਲ ਮੁੱਦਾ: ਕੀ ਹੈ UGC ਐਕਟ 2026?

ਜਾਦੂ-ਟੂਣੇ ਦੀਆਂ ਗੱਲਾਂ ਦੇ ਪਿੱਛੇ ਅਸਲ ਵਿਵਾਦ UGC ਦੇ ਨਵੇਂ ਨਿਯਮਾਂ ਨੂੰ ਲੈ ਕੇ ਹੈ। 13 ਜਨਵਰੀ 2026 ਨੂੰ ਜਾਰੀ ਕੀਤੇ ਗਏ ਇਹ ਨਿਯਮ ਉੱਚ ਸਿੱਖਿਆ ਸੰਸਥਾਵਾਂ ਵਿੱਚ ਸਮਾਨਤਾ ਲਿਆਉਣ ਲਈ ਬਣਾਏ ਗਏ ਹਨ।

ਮੁੱਖ ਨੁਕਤੇ- ਇਕੁਇਟੀ ਕਮੇਟੀਆਂ: ਹਰ ਸੰਸਥਾ ਵਿੱਚ SC, ST, OBC ਅਤੇ ਮਹਿਲਾਵਾਂ ਦੀ ਸ਼ਮੂਲੀਅਤ ਵਾਲੀ ਕਮੇਟੀ ਬਣਾਉਣੀ। ਜਾਤੀ ਵਿਤਕਰੇ 'ਤੇ ਰੋਕ: ਕੈਂਪਸ ਵਿੱਚ ਜਾਤੀਵਾਦ ਨੂੰ ਖ਼ਤਮ ਕਰਨ ਲਈ 'ਇਕੁਇਟੀ ਸਕੁਐਡ' ਦੀ ਸਥਾਪਨਾ। ਸਖ਼ਤ ਕਾਰਵਾਈ: ਨਿਯਮਾਂ ਦੀ ਉਲੰਘਣਾ ਕਰਨ 'ਤੇ ਯੂਨੀਵਰਸਿਟੀ ਦੀ ਮਾਨਤਾ ਰੱਦ ਕਰਨ ਦਾ ਪ੍ਰਬੰਧ।

**ਵਿਰੋਧ ਅਤੇ ਸੁਪਰੀਮ ਕੋਰਟ ਦਾ ਦਖ਼ਲ**



ਪਰਮਹੰਸ ਆਚਾਰੀਆ ਅਤੇ ਕਈ ਜਥੇਬੰਦੀਆਂ (ਜਿਵੇਂ ਸਵਰਨ ਸੈਨਾ) ਇਸ ਕਾਨੂੰਨ ਨੂੰ 'ਸਨਾਤਨ ਧਰਮ' ਦੇ ਵਿਰੁੱਧ ਅਤੇ ਜਨਰਲ ਸ਼੍ਰੇਣੀ ਨਾਲ ਵਿਤਕਰਾ ਮੰਨ ਰਹੀਆਂ ਹਨ।

ਤਾਜ਼ਾ ਸਥਿਤੀ: 29 ਜਨਵਰੀ 2026 ਨੂੰ ਭਾਰਤ ਦੇ ਸੁਪਰੀਮ ਕੋਰਟ ਨੇ ਇਨ੍ਹਾਂ ਨਿਯਮਾਂ 'ਤੇ ਰੋਕ (Stay) ਲਗਾ ਦਿੱਤੀ ਹੈ। ਅਦਾਲਤ ਨੇ ਮੰਨਿਆ ਕਿ:

1. ਨਿਯਮਾਂ ਦੀ ਭਾਸ਼ਾ ਅਸਪਸ਼ਟ ਹੈ।
2. ਇਸ ਨਾਲ ਸਮਾਜਿਕ ਵੰਡ ਵਧਣ ਦਾ ਖ਼ਤਰਾ ਹੈ।
3. ਝੂਠੀਆਂ ਸ਼ਿਕਾਇਤਾਂ ਵਿਰੁੱਧ ਸਜ਼ਾ ਦਾ ਪ੍ਰਬੰਧ ਨਾ ਹੋਣਾ ਚਿੰਤਾਜਨਕ ਹੈ।
4. ਜਨਤਾ ਦੀ ਰਾਇ: ਵਿਗਿਆਨ ਬਨਾਮ ਅੰਧ-ਵਿਸ਼ਵਾਸ

ਸੋਸ਼ਲ ਮੀਡੀਆ 'ਤੇ ਇਸ ਮਾਮਲੇ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲ ਰਹੀ ਹੈ:

ਲੋਕਤੰਤਰ 'ਤੇ ਸਵਾਲ: ਕੀ ਧਾਰਮਿਕ ਆਗੂਆਂ ਨੂੰ ਦੇਸ਼ ਦੀਆਂ ਨੀਤੀਆਂ ਨੂੰ ਅੰਧ-ਵਿਸ਼ਵਾਸ ਨਾਲ ਜੋੜ ਕੇ ਪ੍ਰਭਾਵਿਤ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ?

ਨੀਤੀਗਤ ਬਹਿਸ: ਲੋਕਾਂ ਦਾ ਮੰਨਣਾ ਹੈ ਕਿ ਸਿੱਖਿਆ ਨੀਤੀ 'ਤੇ ਬਹਿਸ ਤਰਕ ਅਤੇ ਤੱਥਾਂ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ, ਨਾ ਕਿ ਜਾਦੂ-ਟੂਣੇ ਦੇ ਨਾਮ 'ਤੇ।

ਸਿੱਟਾ

ਪਰਮਹੰਸ ਆਚਾਰੀਆ ਦਾ ਬਿਆਨ ਭਾਵੇਂ ਸੋਸ਼ਲ ਮੀਡੀਆ 'ਤੇ ਮਜ਼ਾਕ ਜਾਂ ਪਬਲਿਸਿਟੀ ਸਟੰਟ ਵਜੋਂ ਦੇਖਿਆ ਜਾ ਰਿਹਾ ਹੋਵੇ, ਪਰ ਇਹ ਦੇਸ਼ ਵਿੱਚ ਧਰਮ ਅਤੇ ਸਿਆਸਤ ਦੇ ਗੁੰਝਲਦਾਰ ਸੁਮੇਲ ਨੂੰ ਉਜਾਗਰ ਕਰਦਾ ਹੈ। ਅਸਲ ਮੁੱਦਾ UGC ਦੇ ਨਿਯਮ ਹਨ, ਜਿਨ੍ਹਾਂ ਦਾ ਫੈਸਲਾ ਹੁਣ ਕਾਨੂੰਨੀ ਤੌਰ 'ਤੇ ਅਦਾਲਤ ਵਿੱਚ ਹੋਵੇਗਾ।




# ਡੇਅਰੀ ਸੈਕਟਰ 'ਤੇ ਮੋਦੀ-ਟਰੰਪ ਸਮਝੌਤੇ ਦਾ ਸੰਭਾਵੀ ਅਸਰ

ਬਲਬੀਰ ਸਿੰਘ ਰਾਜੇਵਾਲ ਅਤੇ ਕਿਸਾਨ ਜਥੇਬੰਦੀਆਂ ਅਨੁਸਾਰ ਪ੍ਰਧਾਨ ਮੰਤਰੀ ਮੋਦੀ ਅਤੇ ਡੋਨਾਲਡ ਟਰੰਪ ਵਿਚਾਲੇ ਹੋਏ ਸਮਝੌਤੇ ਨਾਲ ਡੇਰੀ ਸੈਕਟਰ 'ਤੇ ਗੰਭੀਰ ਅਸਰ ਪੈਣ ਦਾ ਖਦਸ਼ਾ ਹੈ। ਸਰੋਤਾਂ ਦੇ ਆਧਾਰ 'ਤੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:



**ਡੇਅਰੀ ਅਤੇ ਖੇਤੀ ਸੈਕਟਰ 'ਤੇ ਪ੍ਰਭਾਵ**

**ਵੇਰਵਿਆਂ ਦਾ ਲੁਕਾਅ:**

ਰਾਜੇਵਾਲ ਅਨੁਸਾਰ ਹਾਲੇ ਇਸ ਸਮਝੌਤੇ ਦੇ ਸਾਰੇ ਵੇਰਵੇ ਜਨਤਕ ਨਹੀਂ ਕੀਤੇ ਗਏ ਹਨ, ਪਰ ਇਹ ਸਪਸ਼ਟ ਹੈ ਕਿ ਡੇਅਰੀ ਸੈਕਟਰ ਅਤੇ ਫੂਡ ਗ੍ਰੇਨਸ (ਕਣਕ ਤੇ ਚੌਲ) ਇਸ ਸਮਝੌਤੇ ਦਾ ਹਿੱਸਾ ਹਨ।

ਵਿਸ਼ਵਾਸ ਦੀ ਕਮੀ:

ਕਿਸਾਨ ਆਗੂ ਨੇ ਕਿਹਾ ਕਿ ਸਰਕਾਰ ਪਹਿਲਾਂ ਕਹਿੰਦੀ ਸੀ ਕਿ ਖੇਤੀ ਸੈਕਟਰ ਨੂੰ ਵਿਦੇਸ਼ੀ ਕੰਪਨੀਆਂ ਲਈ ਨਹੀਂ ਖੋਲ੍ਹਿਆ ਜਾਵੇਗਾ, ਪਰ ਹੁਣ ਟਰੰਪ ਦੇ ਦਬਾਅ ਹੇਠ ਇਹ ਸਮਝੌਤਾ ਕਰ ਲਿਆ ਗਿਆ ਹੈ।

ਕਪਾਹ (Cotton) ਦੀ ਮਿਸਾਲ:

ਸਰਕਾਰ ਨੇ ਕਪਾਹ ਦੇ ਆਯਾਤ 'ਤੇ ਜ਼ੀਰੋ ਡਿਊਟੀ ਲਗਾ ਦਿੱਤੀ ਹੈ, ਜਿਸ ਨਾਲ ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਦੇ ਕਪਾਹ ਉਤਪਾਦਕ ਕਿਸਾਨ ਪਹਿਲਾਂ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੇ ਹਨ। ਖਦਸ਼ਾ ਹੈ ਕਿ ਅਜਿਹਾ ਹੀ ਕੁਝ ਡੇਅਰੀ ਸੈਕਟਰ ਨਾਲ ਵੀ ਹੋ ਸਕਦਾ ਹੈ।

ਸਰਕਾਰ ਦੀ ਰਣਨੀਤੀ 'ਤੇ ਸਵਾਲ

ਗੁੰਮਰਾਹ ਕਰਨ ਦੇ ਦੋਸ਼:

ਜਿੱਥੇ ਅਮਰੀਕੀ ਅਧਿਕਾਰੀ ਇਸ ਸਮਝੌਤੇ ਨੂੰ ਆਪਣੇ ਦੇਸ਼ ਲਈ ਅਰਬਾਂ ਡਾਲਰਾਂ ਦਾ ਫਾਇਦਾ ਦੱਸ ਰਹੇ ਹਨ, ਉੱਥੇ ਹੀ ਭਾਰਤ ਦੇ ਵਪਾਰ ਮੰਤਰੀ ਅਸਲੀਅਤ ਨੂੰ ਛੁਪਾ ਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

ਗੁਪਤ ਸਮਝੌਤਾ:

ਰਾਜੇਵਾਲ ਅਨੁਸਾਰ ਪੀਐਮ ਮੋਦੀ ਨੇ ਇਸ ਸਮਝੌਤੇ ਬਾਰੇ ਖੁਦ ਦੱਸਣ ਦੀ ਬਜਾਏ, ਟਰੰਪ ਦੇ ਐਲਾਨ ਤੋਂ ਬਾਅਦ ਫਟਾਫਟ NDA ਭਾਈਵਾਲਾਂ ਦੀ ਮੀਟਿੰਗ ਸੱਦੀ, ਜੋ ਕਿਸੇ ਵੱਡੀ ਗੜਬੜ ਵੱਲ ਇਸ਼ਾਰਾ ਕਰਦੀ ਹੈ।

ਕਿਸਾਨਾਂ ਦਾ ਵਿਰੋਧ ਪ੍ਰੋਗਰਾਮ

ਪੁਤਲੇ ਫੂਕਣਾ:

ਸੰਯੁਕਤ ਕਿਸਾਨ ਮੋਰਚਾ (SKM) ਨੇ ਦੇਸ਼ ਭਰ ਵਿੱਚ ਮੋਦੀ ਅਤੇ ਟਰੰਪ ਦੇ ਪੁਤਲੇ ਫੂਕਣ ਦੀ ਕਾਲ ਦਿੱਤੀ ਹੈ।

ਪਿੰਡ ਪੱਧਰੀ ਮੁਹਿੰਮ:

4 ਤਾਰੀਖ ਤੋਂ ਪਿੰਡਾਂ ਵਿੱਚ ਮਾਰਚ ਸ਼ੁਰੂ ਕਰਕੇ ਲੋਕਾਂ ਨੂੰ ਇਸ ਸਮਝੌਤੇ ਦੇ ਖਤਰਿਆਂ ਬਾਰੇ ਜਾਗਰੂਕ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

# ਦੋ ਸਾਲ ਤੋਂ ਲਾਪਤਾ ਕਿਸਾਨ ਦਾ ਨਹੀਂ ਲੱਭਿਆ ਖੁਰਾ-ਖੋਜ

## ਜਾਂਚ ਟੀਮ ਨੇ 'ਨਾ-ਲੱਭਣ ਯੋਗ' ਲਿਖ ਕੇ ਫਾਈਲ ਬੰਦ ਕੀਤੀ

ਰਾਏਕੋਟ : ਦੋ ਸਾਲ ਪਹਿਲਾਂ ਭੇਤਭਰੀ ਹਾਲਤ ਵਿੱਚ ਲਾਪਤਾ ਹੋਏ ਰਾਏਕੋਟ ਦੇ ਕਿਸਾਨ ਬਲਜੀਤ ਸਿੰਘ ਉਰਫ਼ ਲਾਡੂ ਬਾਬਾ (64) ਦਾ ਖੁਰਾ-ਖੋਜ ਲੱਭਦੀ ਉਸ ਦੀ ਬਜ਼ੁਰਗ ਭੈਣ ਭਗਵੰਤ ਕੌਰ ਦੇ ਕੁੱਬ ਪੈ ਗਿਆ ਹੈ ਪਰ ਪੁਲੀਸ ਲਾਡੂ ਬਾਬੇ ਦਾ ਖੁਰਾ-ਖੋਜ ਨਹੀਂ ਲੱਭ ਸਕੀ।



ਭਗਵੰਤ ਕੌਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਤੋਂ ਇਸ ਮਾਮਲੇ 'ਚ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਹੈ।

ਥਾਣਾ ਰਾਏਕੋਟ (ਸ਼ਹਿਰੀ) ਤੋਂ ਲੈ ਕੇ ਡੀ ਜੀ ਪੀ ਦਫ਼ਤਰ ਦੀ ਖ਼ਾਕ ਛਾਣਦਿਆਂ ਭਗਵੰਤ ਕੌਰ ਦੀ ਅੱਖਾਂ ਦੀ ਜੋਤ ਵੀ ਮੱਧਮ ਪੈ ਗਈ ਹੈ। ਭਗਵੰਤ ਕੌਰ ਮੁਤਾਬਕ ਜਾਂਚ ਟੀਮ ਨੇ 'ਨਾ-ਲੱਭਣ ਯੋਗ' ਲਿਖ ਕੇ ਫਾਈਲ ਹੀ ਬੰਦ ਕਰ ਦਿੱਤੀ ਹੈ। ਭਗਵੰਤ ਕੌਰ ਨੇ ਕਿਹਾ, "ਪੁਲੀਸ ਭਾਵੇਂ ਹਾਰ ਮੰਨ ਕੇ ਬੈਠ ਗਈ ਹੈ ਪਰ ਮੈਂ ਆਖ਼ਰੀ ਦਮ ਤੱਕ ਆਪਣੇ ਭਰਾ ਦਾ ਖੁਰਾ-ਖੋਜ ਲੱਭਣ ਲਈ ਹਰ ਦਰ 'ਤੇ ਜਾਵਾਂਗੀ।" ਭਗਵੰਤ ਕੌਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਆਪਣੇ ਭਰਾ ਦੀ ਮੌਤ ਦਾ ਸ਼ੱਕ ਪ੍ਰਗਟ ਕਰਦਿਆਂ ਆਪਣੇ ਪਰਿਵਾਰਕ ਮੈਂਬਰਾਂ 'ਤੇ ਹੀ ਉਂਗਲ ਉਠਾਈ ਹੈ। ਉਸ ਨੇ ਦੋਸ਼ ਲਾਇਆ, "ਮੇਰੇ ਵੱਲੋਂ ਦੁਹਾਈ ਦੇਣ ਦੇ ਬਾਵਜੂਦ ਪੁਲੀਸ ਨੇ ਲਾਡੂ ਬਾਬੇ ਦੇ ਪਰਿਵਾਰਕ ਮੈਂਬਰਾਂ ਤੋਂ ਕਦੇ ਪੁੱਛ-ਪੜਤਾਲ ਕਰਨ ਦੀ ਲੋੜ ਨਹੀਂ ਸਮਝੀ।" ਹੁਣ ਉਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮਾਮਲੇ ਦੀ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਹੈ ਅਤੇ ਕਿਹਾ ਕਿ ਕੈਨੇਡਾ ਸਥਿਤ ਭਾਰਤੀ ਦੂਤਾਵਾਸ ਅਤੇ ਦਿੱਲੀ ਸਥਿਤ ਕੈਨੇਡੀਅਨ ਦੂਤਾਵਾਸ ਨਾਲ ਸੰਪਰਕ ਕਰ ਕੇ ਬਲਜੀਤ ਸਿੰਘ ਲਾਡੂ ਬਾਬੇ ਦੇ ਪਰਿਵਾਰਕ ਮੈਂਬਰਾਂ ਤੋਂ ਪੁੱਛ-ਪੜਤਾਲ ਕੀਤੀ ਜਾਵੇ ਅਤੇ ਸਚਾਈ ਸਾਹਮਣੇ ਲਿਆਉਣ ਲਈ ਇਸ ਗੰਭੀਰ ਮਾਮਲੇ ਦੀ ਸਖ਼ਤੀ ਨਾਲ ਜਾਂਚ ਕਰਵਾਈ ਜਾਵੇ। ਮਾਮਲੇ ਦੀ ਜਾਂਚ ਕਰਨ ਵਾਲੇ ਤਤਕਾਲੀ ਥਾਣਾ ਮੁਖੀ ਅਮਰਜੀਤ ਸਿੰਘ ਗਿੱਲ ਨੇ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਐੱਸ ਪੀ (ਜਾਂਚ) ਦੀ ਅਗਵਾਈ ਵਿੱਚ ਬਣੀ ਜਾਂਚ ਕਮੇਟੀ ਨੇ ਕੇਸ ਨੂੰ 'ਨਾ-ਲੱਭਣ ਯੋਗ' ਮੰਨ ਕੇ ਜਾਂਚ ਬੰਦ ਕਰ ਦਿੱਤੀ ਸੀ।

# ਗੁਰਦੁਆਰਾ ਅੰਬ ਸਾਹਿਬ ਦਾ ਮੈਨੇਜਰ ਮੁਅੱਤਲ

## SGPC ਪ੍ਰਧਾਨ ਨੇ ਜਾਅਲਸਾਜ਼ੀ ਨਾਲ ਜ਼ਮੀਨ ਵੇਚਣ ਦੀ ਵਿਭਾਗੀ ਜਾਂਚ ਦੇ ਦਿੱਤੇ ਹੁਕਮ

ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਜਾਅਲਸਾਜ਼ੀ ਢੰਗ ਨਾਲ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਵੇਚਣ ਦੇ ਮਾਮਲੇ ਵਿਚ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ। ਭਾਈ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿਚ ਜਿਹੜਾ ਵੀ ਦੋਸ਼ੀ ਪਾਇਆ ਗਿਆ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।



ਇੱਥੇ ਸ਼੍ਰੋਮਣੀ ਕਮੇਟੀ ਦੇ ਉਪ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਪਿੰਡ ਸੈਣੀ ਮਾਜਰਾ ਵਿਖੇ ਇੱਕ ਬਿੱਘਾ ਛੇ ਬਿਸਵੇ ਦੇ ਕਰੀਬ ਜ਼ਮੀਨ ਮੈਨੇਜਰ ਰਾਜਿੰਦਰ ਸਿੰਘ ਨੇ ਸਕੱਤਰ ਸ਼੍ਰੋਮਣੀ ਕਮੇਟੀ ਦੇ ਨਾਮ 'ਤੇ ਜਾਅਲੀ ਪੱਤਰ ਤਿਆਰ ਕਰਕੇ ਵੇਚ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸਦਾ ਪਤਾ ਲੱਗਣ ਬਾਅਦ ਉਨ੍ਹਾਂ ਤੁਰੰਤ ਕਮੇਟੀ ਦੀ ਫਲਾਇੰਗ ਸਕੂਐਡ ਟੀਮ ਨੂੰ ਜਾਂਚ ਲਈ ਭੇਜਿਆ ਅਤੇ ਮੁੱਢਲੀ ਪੜਤਾਲ ਵਿਚ ਮੈਨੇਜਰ ਨੇ ਮੰਨਿਆ ਕਿ ਉਸਨੇ ਸਕੱਤਰ ਦੀ ਪ੍ਰਵਾਨਗੀ ਵਾਲਾ ਇਕ ਪੱਤਰ ਤਿਆਰ ਕੀਤਾ। ਇਹ ਜ਼ਮੀਨ ਇਕ ਕਰੋੜ 32 ਲੱਖ ਰੁਪਏ ਦੇ ਕਰੀਬ ਵੇਚ ਦਿੱਤੀ ਹੈ। ਉਨ੍ਹਾਂ ਦੱਸਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚਰਨਜੀਤ ਸਿੰਘ ਕਾਲੇਵਾਲ, ਹਰਜਿੰਦਰ ਕੌਰ, ਸੁਰਜੀਤ ਸਿੰਘ ਭਿੱਟੇਵਿੰਡ, ਪਰਮਜੀਤ ਸਿੰਘ ਲੱਖੇਵਾਲ ਅਤੇ ਕੁਲਵੰਤ ਸਿੰਘ ਮੰਨਣ (ਮੁੱਖ ਸਕੱਤਰ) ਦੇ ਅਧਾਰਤ ਇਕ ਕਮੇਟੀ ਗਠਿਤ ਕੀਤੀ ਹੈ। ਇਹ ਕਮੇਟੀ ਮਾਮਲੇ ਦੀ ਪੂਰੀ ਜਾਂਚ ਕਰੇਗੀ। ਭਾਈ ਧਾਮੀ ਨੇ ਕਿਹਾ ਕਿ ਮੈਨੇਜਰ ਨੇ ਅਮਾਨਤ ਵਿਚ ਖਿਆਨਤ ਕੀਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਮੀਨ ਵੇਚਣ ਅਤੇ ਖ੍ਰੀਦਣ ਦੇ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਵੱਲੋਂ ਫੈਸਲਾ ਲਿਆ ਜਾਂਦਾ ਹੈ ਅਤੇ ਬਾਕਾਇਦਾ ਫੈਸਲਾ ਲੈਣ ਉਪਰੰਤ ਇਕ ਸਬ ਕਮੇਟੀ ਗਠਿਤ ਕੀਤੀ ਜਾਂਦੀ ਹੈ। ਕਾਰਜਕਾਰਨੀ ਵਲੋਂ ਹੀ ਜ਼ਮੀਨ, ਜਾਇਦਾਦ ਦਾ ਬੈਨਾਮਾ ਕਰਵਾਉਣ ਲਈ ਮੈਨੇਜਰ ਤੇ ਹੋਰ ਮੈਂਬਰ ਨੂੰ ਅਧਿਕਾਰ ਦਿੰਦੀ ਹੈ। ਭਾਈ ਧਾਮੀ ਨੇ ਕਿਹਾ ਕਿ ਮੈਨੇਜਰ ਨੇ ਸ਼ ?ਰੋਮਣੀ ਕਮੇਟੀ ਨੂੰ ਕਲੰਕ ਲਗਾਉਣ ਦਾ ਕੰਮ ਕੀਤਾ ਹੈ। ਮੁੱਢਲੀ ਰਿਪੋਰਟ ਦੇ ਆਧਾਰ 'ਤੇ ਮੈਨੇਜਰ ਰਾਜਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਅਗਲੀ ਕਾਨੂੰਨੀ ਤੇ ਵਿਭਾਗੀ ਕਾਰਵਾਈ ਅਮਲ ਵਿਚ ਲਿਆਉਣ ਲਈ ਕਮੇਟੀ ਗਠਿਤ ਕੀਤੀ ਗਈ ਹੈ। ਧਾਮੀ ਨੇ ਸਪਸ਼ਟ ਕੀਤਾ ਕਿ ਉਹਨਾਂ ਦੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਦੀ ਇਕ ਇੰਚ ਵੀ ਪ੍ਰਾਪਰਟੀ ਨਹੀਂ ਵੇਚੀ ਗਈ ।

ਵਰਨਣਯੋਗ ਹੈ ਕਿ ਪਿੰਡ ਸੈਣੀਮਾਜਰਾ (ਮੋਹਾਲੀ) ਵਿਖੇ ਉਕਤ ਜ਼ਮੀਨ 'ਤੇ ਕੁੱਝ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ ਅਤੇ ਮੈਨੇਜਰ ਦੁਆਰਾ ਉਕਤ ਜ਼ਮੀਨ ਵੇਚਣ ਦੀਆਂ ਖ਼ਬਰਾਂ ਨਸ਼ਰ ਹੋਈਆਂ ਸਨ।

ਵਿਸ਼ੇਸ਼ ਰਿਪੋਰਟ

# ਸ਼੍ਰੋਮਣੀ ਕਮੇਟੀ 'ਚ 'ਘਪਲਿਆਂ ਦੀ ਲਹਿਰ'-35 ਕਰੋੜ ਦੀ ਜ਼ਮੀਨ ਕੌਡੀਆਂ ਦੇ ਭਾਅ ਵੇਚੀ?

- "SGPC ਦੇ ਪ੍ਰਬੰਧਾਂ ਦੀ ਨਿਕੰਮੀ ਕਾਰਗੁਜ਼ਾਰੀ: ਨੱਕ ਹੇਠ ਹੋ ਰਿਹਾ ਕਰੋੜਾਂ ਦਾ ਜ਼ਮੀਨ ਘਪਲਾ, ਪ੍ਰਧਾਨ ਧਾਮੀ ਤੋਂ ਅਸਤੀਫ਼ੇ ਦੀ ਮੰਗ!
- ਭਾਈ ਰਣਜੀਤ ਸਿੰਘ ਦਾ ਵੱਡਾ ਧਮਾਕਾ: 15 ਦਿਨਾਂ 'ਚ ਕਾਰਵਾਈ ਨਾ ਹੋਈ ਤਾਂ ਮੰਜੀ ਸਾਹਿਬ ਲੱਗੇਗਾ ਪੱਕਾ ਮੋਰਚਾ!

ਅੰਮ੍ਰਿਤਸਰ/ਚੰਡੀਗੜ੍ਹ: ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਇੱਕ ਵਾਰ ਫਿਰ ਵੱਡੇ ਵਿਵਾਦਾਂ ਦੇ ਘੇਰੇ ਵਿੱਚ ਹੈ। 328 ਪਾਵਨ ਸਰੂਪਾਂ ਦੇ ਮਾਮਲੇ ਤੋਂ ਬਾਅਦ ਹੁਣ ਗੁਰਦੁਆਰਾ ਅੰਬ ਸਾਹਿਬ ਦੀ ਕਰੋੜਾਂ ਰੁਪਏ ਦੀ ਜ਼ਮੀਨ ਨੂੰ ਜਾਅਲੀ ਦਸਤਾਵੇਜ਼ਾਂ ਰਾਹੀਂ ਵੇਚਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ।

ਤਾਜ਼ਾ ਘਪਲਾ: 35 ਕਰੋੜ ਦੀ ਜ਼ਮੀਨ ਸਿਰਫ਼ 1.32 ਕਰੋੜ 'ਚ ਗਾਇਬ!

ਪੰਥਕ ਅਕਾਲੀ ਲਹਿਰ ਦੇ ਮੁਖੀ ਭਾਈ ਰਣਜੀਤ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਮੋਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਦੀ 44 ਮਰਲੇ ਜ਼ਮੀਨ, ਜਿਸਦੀ ਮਾਰਕੀਟ ਕੀਮਤ ਲਗਭਗ 35 ਕਰੋੜ ਰੁਪਏ ਹੈ, ਨੂੰ ਮਿਲੀਭੁਗਤ ਨਾਲ ਸਿਰਫ਼ 1 ਕਰੋੜ 32 ਲੱਖ ਰੁਪਏ ਵਿੱਚ ਵੇਚ ਦਿੱਤਾ ਗਿਆ।

ਜਾਅਲੀ ਚਿੱਠੀ ਦਾ ਖੇਡ: SGPC ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੰਨਿਆ ਹੈ ਕਿ ਮੈਨੇਜਰ ਰਜਿੰਦਰ ਸਿੰਘ ਨੇ ਸਕੱਤਰ ਦੀ ਜਾਅਲੀ ਚਿੱਠੀ ਤਿਆਰ ਕਰਕੇ 2 ਦਸੰਬਰ 2025 ਨੂੰ ਰਜਿਸਟਰੀ ਕਰਵਾਈ।

ਸਵਾਲ: ਦੋ ਮਹੀਨਿਆਂ ਤੱਕ ਪ੍ਰਬੰਧਕਾਂ ਨੂੰ ਇਸ ਵੱਡੀ ਹੇਰਾਫੇਰੀ ਦੀ ਭਣਕ ਕਿਉਂ ਨਹੀਂ ਲੱਗੀ? ਕੀ ਕੋਈ ਇਕੱਲਾ ਮੈਨੇਜਰ ਇੰਨਾ ਵੱਡਾ ਕਾਂਡ ਕਰ ਸਕਦਾ ਹੈ?

SGPC ਵਿੱਚ ਭ੍ਰਿਸ਼ਟਾਚਾਰ ਦੀ ਲੰਬੀ ਸੂਚੀ

ਰਿਪੋਰਟ ਮੁਤਾਬਕ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ, ਸੰਸਥਾ ਵਿੱਚ ਘਪਲਿਆਂ ਦੀ ਇੱਕ ਲੰਬੀ ਲੜੀ ਸਾਹਮਣੇ ਆ ਰਹੀ ਹੈ:

1. ਸੀਮੇਂਟ ਘਪਲਾ (2008): ਅਖੰਡ



ਕੀਰਤਨੀ ਜਥੇ ਨਾਲ ਸਬੰਧਤ ਹੋਣ ਦਾ ਦਾਅਵਾ ਕਰਨ ਵਾਲੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਹੋਇਆ, ਜਿਸ ਵਿੱਚ ਬਲਬੀਰ ਸਿੰਘ ਲੋਧੀ ਨੰਗਲ ਨੂੰ 5 ਸਾਲ ਦੀ ਸਜ਼ਾ ਹੋਈ।

2. ਜ਼ਮੀਨੀ ਠੇਕਾ ਘਪਲਾ: ਭਾਈ ਰਣਜੀਤ ਸਿੰਘ ਅਨੁਸਾਰ 60,000 ਰੁਪਏ ਏਕੜ ਵਾਲਾ ਠੇਕਾ ਕਾਗਜ਼ਾਂ ਵਿੱਚ ਸਿਰਫ਼ 36,000 ਦਿਖਾਇਆ ਜਾ ਰਿਹਾ ਹੈ। 20,000 ਏਕੜ ਜ਼ਮੀਨ ਦੇ ਹਿਸਾਬ ਨਾਲ ਇਹ ਕਰੋੜਾਂ ਦਾ ਘਪਲਾ ਹੈ।

3. ਅਨੰਦਪੁਰ ਸਾਹਿਬ ਕੋਠੀ ਕਾਂਡ: ਸਾਬਕਾ ਪ੍ਰਧਾਨ ਮੱਕੜ ਦੇ ਸਮੇਂ 70 ਲੱਖ ਦੀ ਕੋਠੀ ਆਪਣੇ ਬੰਦੇ ਨੂੰ ਦਿਵਾਈ ਗਈ ਅਤੇ ਬਾਅਦ ਵਿੱਚ SGPC ਨੇ ਉਹੀ ਕੋਠੀ 2 ਕਰੋੜ 70 ਲੱਖ ਵਿੱਚ ਵਾਪਸ ਖਰੀਦੀ।

4. ਭਰਤੀ ਘਪਲਾ: ਰਾਗੀਆਂ ਅਤੇ ਤੱਬਲਚੀਆਂ ਦੀ ਭਰਤੀ ਲਈ ਸਵਾ 2 ਲੱਖ ਰੁਪਏ ਤੱਕ ਦੀ ਰਿਸ਼ਵਤ ਮੰਗਣ ਦੇ ਇਲਜ਼ਾਮ ਲੱਗੇ ਹਨ, ਜਿਸਦਾ ਵਿਰੋਧ ਪਦਮ ਸ੍ਰੀ ਭਾਈ ਨਿਰਮਲ ਸਿੰਘ ਅਤੇ ਗਿਆਨੀ ਭਗਵਾਨ ਸਿੰਘ ਵਰਗੀਆਂ ਸ਼ਖਸੀਅਤਾਂ ਨੇ ਵੀ ਕੀਤਾ ਸੀ।

5. ਜੂਠ ਘਪਲਾ: ਇੱਥੋਂ ਤੱਕ ਕਿ ਲੰਗਰ ਦੀ ਜੂਠ ਵੇਚਣ ਵਿੱਚ ਵੀ ਹੇਰਾਫੇਰੀ ਦੇ ਇਲਜ਼ਾਮ ਲੱਗੇ ਹਨ।

ਪੰਥਕ ਅਕਾਲੀ ਲਹਿਰ ਦਾ ਅਲਟੀਮੇਟਮ

ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ 15 ਦਿਨਾਂ ਦਾ ਸਮਾਂ ਦਿੱਤਾ ਹੈ। ਜੇਕਰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਨਾ ਹੋਈ ਅਤੇ ਪੂਰੀ ਜਾਣਕਾਰੀ ਜਨਤਕ ਨਾ ਕੀਤੀ ਗਈ, ਤਾਂ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪੱਕਾ ਮੋਰਚਾ ਲਾਇਆ ਜਾਵੇਗਾ।

ਪ੍ਰਧਾਨ ਧਾਮੀ ਦਾ ਪੱਖ ਅਤੇ ਮੰਗਾਂ

ਹਾਲਾਂਕਿ SGPC ਪ੍ਰਧਾਨ ਨੇ ਮੈਨੇਜਰ ਨੂੰ ਸਸਪੈਂਡ ਕਰਕੇ 6 ਮੈਂਬਰੀ ਜਾਂਚ ਕਮੇਟੀ (ਜਿਸ ਵਿੱਚ ਬੀਬੀ ਹਰਜਿੰਦਰ ਕੌਰ ਅਤੇ ਕੁਲਵੰਤ ਸਿੰਘ ਮੰਨਣ ਸ਼ਾਮਲ ਹਨ) ਬਣਾ ਦਿੱਤੀ ਹੈ, ਪਰ ਸੰਗਤ ਵਿੱਚ ਭਾਰੀ ਰੋਸ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਚੰਡੀਗੜ੍ਹ ਵਿੱਚ ਵੱਡਾ ਸਬ-ਆਫਿਸ ਹੋਣ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਪ੍ਰਬੰਧਕੀ ਨਾਕਾਮੀ ਦੀ ਮਿਸਾਲ ਹਨ।

ਮੁੱਖ ਮੰਗ: ਧਾਮੀ ਸਾਹਿਬ ਨੂੰ ਨੈਤਿਕਤਾ ਦੇ ਆਧਾਰ 'ਤੇ ਅਸਤੀਫ਼ਾ ਦੇਣਾ ਚਾਹੀਦਾ ਹੈ ਕਿਉਂਕਿ ਉਹ ਗੁਰੂ ਘਰ ਦੀਆਂ ਜ਼ਮੀਨਾਂ ਅਤੇ ਜਾਇਦਾਦਾਂ ਦੀ ਰਾਖੀ ਕਰਨ ਵਿੱਚ ਅਸਮਰਥ ਰਹੇ ਹਨ।

ਜੇਕਰ ਸ਼੍ਰੋਮਣੀ ਕਮੇਟੀ ਨੇ ਜਲਦ ਪਾਰਦਰਸ਼ਤਾ ਨਾ ਦਿਖਾਈ, ਤਾਂ ਸਿੱਖ ਸੰਗਤ ਦਾ ਭਰੋਸਾ ਇਸ ਇਤਿਹਾਸਕ ਸੰਸਥਾ ਤੋਂ ਪੂਰੀ ਤਰ੍ਹਾਂ ਉੱਠ ਸਕਦਾ ਹੈ।

# 'ਪੰਜਾਬੀ ਡੇਵਿਲਜ਼' ਬਾਈਕਰ ਗੈਂਗ ਦੇ ਸੰਸਥਾਪਕ ਨੇ ਅਮਰੀਕੀ ਅਦਾਲਤ ਵਿੱਚ ਗੁਨਾਹ ਕਬੂਲਿਆ

ਦੋਸ਼ੀ ਦੀ ਪਛਾਣ: ਕੈਲੀਫੋਰਨੀਆ ਦੇ ਲੋਡ (Lodi) ਸ਼ਹਿਰ ਦੇ ਰਹਿਣ ਵਾਲੇ 27 ਸਾਲਾ ਭਾਰਤੀ ਮੂਲ ਦੇ ਨੌਜਵਾਨ ਜਸ਼ਨਪ੍ਰੀਤ ਸਿੰਘ ਨੇ ਹਥਿਆਰਾਂ ਦੀ ਗੈਰ-ਕਾਨੂੰਨੀ ਤਸਕਰੀ ਅਤੇ ਮਸ਼ੀਨ ਗਨ ਰੱਖਣ ਦੇ ਗੰਭੀਰ ਸੰਘੀ (Federal) ਦੋਸ਼ਾਂ ਨੂੰ ਸਵੀਕਾਰ ਕਰ ਲਿਆ ਹੈ।

ਗੈਂਗ ਦਾ ਪਿਛੋਕੜ: ਯਸ਼ਨਪ੍ਰੀਤ ਸਿੰਘ 'ਪੰਜਾਬੀ ਡੇਵਿਲਜ਼ ਮੋਟਰਸਾਈਕਲ ਕਲੱਬ' (Punjabi Devils Motorcycle Club) ਦਾ ਸੰਸਥਾਪਕ ਹੈ। ਜਾਂਚ ਅਨੁਸਾਰ, ਇਹ ਕਲੱਬ ਸਿਰਫ ਸ਼ੌਕ ਲਈ ਨਹੀਂ ਸੀ, ਬਲਕਿ ਦੁਨੀਆ ਦੇ ਸਭ ਤੋਂ ਖਤਰਨਾਕ ਬਾਈਕਰ ਗੈਂਗਾਂ ਵਿੱਚੋਂ ਇੱਕ 'ਹੈਲਸ ਐਂਜਲਸ' (Hell's Angels) ਨਾਲ ਜੁੜਿਆ ਹੋਇਆ ਸੀ।

ਖਤਰਨਾਕ ਹਥਿਆਰਾਂ ਦੀ ਬਰਾਮਦਗੀ: ਜਾਂਚ ਦੌਰਾਨ ਪੁਲਿਸ ਨੇ ਉਸ ਕੋਲੋਂ ਕਈ ਘਾਤਕ ਹਥਿਆਰ ਬਰਾਮਦ ਕੀਤੇ, ਜਿਨ੍ਹਾਂ ਵਿੱਚ:

ਛੋਟੇ ਬੈਰਲ ਵਾਲੀਆਂ ਰਾਈਫਲਾਂ ਅਤੇ ਅਸਾਲਟ ਰਾਈਫਲਾਂ।

ਰਾਈਫਲਾਂ ਨੂੰ ਪੂਰੀ ਤਰ੍ਹਾਂ ਆਟੋਮੈਟਿਕ ਮਸ਼ੀਨ ਗਨ ਵਿੱਚ ਬਦਲਣ ਵਾਲੇ ਯੰਤਰ।

ਇੱਕ ਫੌਜੀ ਸ਼ੈਲੀ ਦਾ ਕਲੇਮੋਰ ਮਾਈਨ (Claymore Mine) ਅਤੇ ਹੈਂਡ ਗ੍ਰਨੇਡ।

ਹਾਈ-ਕੈਪਸਿਟੀ ਮੈਗਜ਼ੀਨ ਅਤੇ ਹਥਿਆਰਾਂ ਦੇ ਸਾਈਲੈਂਸਰ।

ਭਾਰਤ ਭੱਜਣ ਦੀ ਕੋਸ਼ਿਸ਼: ਜੁਲਾਈ 2025 ਵਿੱਚ ਜਦੋਂ ਉਹ ਅਦਾਲਤ ਵਿੱਚ ਪੇਸ਼ ਨਹੀਂ ਹੋਇਆ, ਤਾਂ ਉਸ ਵਿਰੁੱਧ ਵਾਰੰਟ ਜਾਰੀ ਕੀਤਾ



ਗਿਆ। ਉਹ ਸੈਨ ਫਰਾਂਸਿਸਕੋ ਹਵਾਈ ਅੱਡੇ ਤੋਂ ਭਾਰਤ ਲਈ ਇੱਕ ਪਾਸੇ (one-way) ਦੀ ਟਿਕਟ ਲੈ ਕੇ ਫਰਾਰ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ FBI ਨੇ ਉਸਨੂੰ ਜਹਾਜ਼ ਚੜ੍ਹਨ ਤੋਂ ਪਹਿਲਾਂ ਹੀ ਦਬੋਚ ਲਿਆ।

ਸਜ਼ਾ ਦਾ ਐਲਾਨ: ਯਸ਼ਨਪ੍ਰੀਤ ਸਿੰਘ ਨੂੰ 11 ਮਈ 2026 ਨੂੰ ਸਜ਼ਾ ਸੁਣਾਈ ਜਾਵੇਗੀ। ਹਥਿਆਰਾਂ ਦੀ ਤਸਕਰੀ ਲਈ ਉਸਨੂੰ 5 ਸਾਲ ਅਤੇ ਮਸ਼ੀਨ ਗਨ ਰੱਖਣ ਲਈ 10 ਸਾਲ ਤੱਕ ਦੀ ਕੈਦ ਹੋ ਸਕਦੀ ਹੈ, ਨਾਲ ਹੀ ਲੱਖਾਂ ਡਾਲਰਾਂ ਦਾ ਜੁਰਮਾਨਾ ਵੀ ਹੋ ਸਕਦਾ ਹੈ।

ਵੱਡੀ ਕਾਰਵਾਈ: ਇਹ ਗ੍ਰਿਫਤਾਰੀ ਅਮਰੀਕਾ ਦੀ 'ਆਪ੍ਰੇਸ਼ਨ ਟੇਕਬੈਕ ਅਮਰੀਕਾ' (Operation Takeback America) ਮੁਹਿੰਮ ਦਾ ਹਿੱਸਾ ਹੈ, ਜਿਸਦਾ ਮਕਸਦ ਦੇਸ਼ ਵਿੱਚ ਚੱਲ ਰਹੇ ਗੈਰ-ਕਾਨੂੰਨੀ ਹਥਿਆਰਾਂ ਦੇ ਨੈਟਵਰਕ ਅਤੇ ਗੈਂਗਾਂ ਨੂੰ ਖਤਮ ਕਰਨਾ ਹੈ।

# ਬਾਈਕਰ ਜਸ਼ਨਪ੍ਰੀਤ ਸਿੰਘ ਨੇ .ਗੈਰਕਾਨੂੰਨੀ ਹਥਿਆਰ ਅਤੇ ਮਸ਼ੀਨਗੰਨ ਰੱਖਣ ਦੇ ਦੋਸ਼ ਕਬੂਲੇ!

## ਪੰਜਾਬੀ ਡੈਵਿਲ ਨਾਮ ਦਾ ਮੋਟਰ ਸਾਈਕਲ ਗੈਂਗ ਚਲਾਉਂਦਾ ਸੀ

ਲੋਡਾਈ ਸ਼ਹਿਰ ਦੇ ਰਹਿਣ ਵਾਲੇ 27 ਸਾਲਾ ਜਸ਼ਨਪ੍ਰੀਤ ਸਿੰਘ ਨੇ ਗੈਰਕਾਨੂੰਨੀ ਤੌਰ 'ਤੇ ਹਥਿਆਰਾਂ ਦੀ ਖ਼ਰੀਦੋ-ਫ਼ਰੋਖ਼ਤ ਅਤੇ ਮਸ਼ੀਨਗੰਨ ਰੱਖਣ ਦੇ ਦੋਸ਼ ਕਬੂਲ ਲਏ ਹਨ। ਇਹ ਜਾਣਕਾਰੀ ਅਮਰੀਕੀ ਅਟਾਰਨੀ ਐਰਿਕ ਗ੍ਰਾਂਟ ਨੇ ਦਿੱਤੀ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ, ਸਿੰਘ "ਪੰਜਾਬੀ ਡੈਵਿਲਜ਼" ਮੋਟਰਸਾਈਕਲ ਕਲੱਬ ਦਾ ਬਾਨੀ ਸੀ, ਜੋ ਸਟਾਕਟਨ ਅਧਾਰਿਤ ਇੱਕ ਗੈਰਕਾਨੂੰਨੀ ਮੋਟਰਸਾਈਕਲ ਗੈਂਗ ਹੈ, ਜਿਸਦੇ ਸੰਬੰਧ "ਹੈਲਜ਼ ਐਂਜਲਜ਼"ਗੈਂਗ ਨਾਲ ਦੱਸੇ ਜਾਂਦੇ ਹਨ।






ਸਿੰਘ ਦੇ ਘਰ ਦੀ ਤਲਾਸ਼ੀ ਦੌਰਾਨ ਹੋਰ ਹਥਿਆਰ ਵੀ ਬਰਾਮਦ ਹੋਏ, ਜਿਨ੍ਹਾਂ ਵਿੱਚ ਇੱਕ ਮਸ਼ੀਨਗੰਨ, ਇੱਕ ਹੋਰ ਮਸ਼ੀਨਗੰਨ ਕਨਵਰਜ਼ਨ ਡਿਵਾਈਸ ਅਤੇ ਇੱਕ ਸਾਇਲੈਂਸਰ ਸ਼ਾਮਲ ਸਨ।

6 ਜੂਨ 2025 ਨੂੰ ਸਿੰਘ ਦੀ ਗੱਡੀ ਅਤੇ ਘਰ ਵਿਚੋਂ ਕਈ ਹਥਿਆਰ, ਹਥਿਆਰਾਂ ਦੇ ਪੁਰਜ਼ੇ (ਜਿਵੇਂ ਸਾਇਲੈਂਸਰ ਅਤੇ ਵੱਡੀ ਸਮਰੱਥਾ ਵਾਲੇ ਡਰੰਮ ਮੈਗਜ਼ੀਨ) ਅਤੇ ਹੋਰ ਸਮਾਨ ਜ਼ਬਤ ਕੀਤਾ ਗਿਆ। ਅਧਿਕਾਰੀਆਂ ਨੂੰ ਇੱਕ "ਪਾਈਨਐਪਲ" ਵਰਗਾ ਹੈਂਡ ਗ੍ਰੇਨੇਡ ਅਤੇ ਇੱਕ ਫੌਜੀ ਇਲੈਕਟ੍ਰਾਨਿਕ ਕੈਪਡ "ਕਲੇਮੋਰ" ਮਾਈਨ ਵੀ ਮਿਲੀ, ਜਿਸ ਬਾਰੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਵਿਸ਼ਵਾਸ ਸੀ ਕਿ ਇਹ ਜਿੰਦਾ ਸੀ। ਸੈਨ ਜੋਆਕਿਨ ਕਾਊਂਟੀ ਸ਼ੈਰਿਫ਼ ਡਿਪਾਰਟਮੈਂਟ ਦੀ ਬੰਬ ਸਕੁਆਡ ਟੀਮ ਨੇ ਇਹਨਾਂ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ। 23 ਜੁਲਾਈ 2025 ਨੂੰ, ਐਫ਼ਬੀਆਈ ਨੂੰ ਯੂ.ਐਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵੱਲੋਂ ਸੂਚਨਾ ਮਿਲੀ ਕਿ ਜਸ਼ਨਪ੍ਰੀਤ ਸਿੰਘ ਨੇ ਭਾਰਤ ਜਾਣ ਲਈ ਟਿਕਟ ਬੁੱਕ ਕਰਵਾਈ ਹੈ। ਉਹ 26 ਜੁਲਾਈ 2025 ਨੂੰ ਸੈਨ ਫਰਾਂਸਿਸਕੋ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਭਾਰਤ ਰਵਾਨਾ ਹੋਣ ਵਾਲਾ ਸੀ, ਜਦੋਂ ਅਧਿਕਾਰੀਆਂ ਨੇ ਉਸਨੂੰ ਹਵਾਈ ਅੱਡੇ 'ਤੇ ਗ੍ਰਿਫ਼ਤਾਰ ਕਰ ਲਿਆ। ਇਸ ਸਮੇਂ ਉਹ ਫੈਡਰਲ ਹਿਰਾਸਤ ਵਿੱਚ ਹੈ।

ਸਿੰਘ ਨੂੰ 11 ਮਈ 2026 ਨੂੰ ਯੂ.ਐਸ. ਡਿਸਟ੍ਰਿਕਟ ਜੱਜ ਡੇਲ ਏ. ਡਰੌਜ਼ਡ ਵੱਲੋਂ ਸਜ਼ਾ ਸੁਣਾਈ ਜਾਵੇਗੀ। ਗੈਰਕਾਨੂੰਨੀ ਤੌਰ 'ਤੇ ਹਥਿਆਰਾਂ ਦੀ ਖਰੀਦ-ਫ਼ਰੋਖ਼ਤ ਦੇ ਦੋਸ਼ ਹੇਠ ਉਸਨੂੰ ਵੱਧ ਤੋਂ ਵੱਧ 5 ਸਾਲ ਕੈਦ ਅਤੇ ਢਾਈ ਲੱਖ ਡਾਲਰ ਜੁਰਮਾਨਾ ਹੋ ਸਕਦਾ ਹੈ।

# ਡੀ.ਜੀ.ਪੀ. ਪੰਜਾਬ ਨੂੰ ਮਿਲੇ ਸੁਖਬੀਰ ਸਿੰਘ ਬਾਦਲ ਤੇ ਹੋਰ ਆਗੂ

ਚੰਡੀਗੜ੍ਹ :328 ਸਰੂਪਾਂ ਦੇ ਮਾਮਲੇ ਦੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੂਰੀ ਕੋਰ ਕਮੇਟੀ ਅੱਜ ਡੀ.ਜੀ.ਪੀ. ਦਫਤਰ ਵਿਖੇ ਪਹੁੰਚੀ ਹੈ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਪ ਸਰਕਾਰ ਵਲੋਂ 328 ਸਰੂਪਾਂ ਦੇ ਮਾਮਲੇ ਵਿਚ ਐਸਆਈਟੀ ਬਣਾ ਕੇ ਮੇਰੇ ਨਿੱਜੀ ਕਾਰੋਬਾਰ ਦੀ ਜਾਂਚ ਕਰਕੇ ਝੂਠਾ ਪਰਚਾ ਦਰਜ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੁਖਬੀਰ ਸਿੰਘ ਬਾਦਲ ਨੇ ਇਹ ਵੀ ਕਿਹਾ ਕਿ ਪੁਲਿਸ ਟੀਮ ਮੇਰੇ ਅਕਾਊਂਟੈਂਟਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ, ਜਦਕਿ ਉਨ੍ਹਾਂ ਦਾ ਸ਼੍ਰੋਮਣੀ ਕਮੇਟੀ ਦੇ ਨਾਲ ਕੋਈ ਸਬੰਧ ਵੀ ਨਹੀਂ। ਉਨ੍ਹਾਂ ਕਿਹਾ ਕਿ ਉਹ ਖ਼ੁੱਦ ਗ੍ਰਿਫਤਾਰੀ ਦੇਣ ਲਈ ਆਏ ਹਨ, ਉਨਾਂ ਉਤੇ ਪਰਚਾ ਦਰਜ ਕਰੋ ਅਤੇ ਜਾਂਚ ਕਰੋ।



# ਦਿੱਲੀ ਭਾਜਪਾ ਨੇ ਲੋਕ ਸਭਾ ਦੇ ਵਿਰੋਧੀ ਧਿਰ ਰਾਹੁਲ ਗਾਂਧੀ ਵੱਲੋਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ 'ਤੇ ਕੀਤੀ ਗਈ ਟਿੱਪਣੀ 'ਤੇ ਵਿਰੋਧ 'ਚ ਪ੍ਰਦਰਸ਼ਨ



ਨਵੀਂ ਦਿੱਲੀ : ਦਿੱਲੀ ਭਾਜਪਾ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਸਥਿਤ ਕਾਂਗਰਸ ਹੈੱਡਕੁਆਰਟਰ ਵਿਖੇ ਲੋਕ ਸਭਾ ਦੇ ਵਿਰੋਧੀ ਧਿਰ ਰਾਹੁਲ ਗਾਂਧੀ ਵੱਲੋਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ 'ਤੇ ਕੀਤੀ ਗਈ ਟਿੱਪਣੀ 'ਤੇ ਵਿਰੋਧ ਪ੍ਰਦਰਸ਼ਨ ਕੀਤਾ।

# ਬਿਹਾਰ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਕੀਤਾ ਵਿਰੋਧ ਪ੍ਰਦਰਸ਼ਨ




ਪਟਨਾ : ਪਟਨਾ ਵਿੱਚ ਵੀਰਵਾਰ ਨੂੰ ਬਿਹਾਰ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ।

# ਵਿਕਾਸ ਖ਼ਾਤਰ ਵਾਤਾਵਰਨ ਨਾਲ ਖਿਲਵਾੜ ਮਨਜ਼ੂਰ ਨਹੀਂ: ਗਹਿਲੋਤ




ਜੈਪੁਰ : ਬੀਕਾਨੇਰ ਵਿੱਚ ਖੇਜੜੀ ਬਚਾਓ ਅੰਦੋਲਨ ਅੱਜ ਤੀਜੇ ਦਿਨ ਵੀ ਜਾਰੀ ਰਿਹਾ। ਬਿਸ਼ਨੋਈ ਧਰਮਸ਼ਾਲਾ ਸਾਹਮਣੇ ਵੱਡੀ ਗਿਣਤੀ ਵਾਤਾਵਰਨ ਪ੍ਰੇਮੀ ਭੁੱਖ ਹੜਤਾਲ 'ਤੇ ਬੈਠੇ। ਵਾਤਾਵਰਨ ਪ੍ਰੇਮੀ ਅਤੇ ਬਿਸ਼ਨੋਈ ਭਾਈਚਾਰੇ ਦੇ ਮੈਂਬਰ ਚੱਲ ਰਹੇ ਵਿਧਾਨ ਸਭਾ ਸੈਸ਼ਨ ਵਿੱਚ ਰੁੱਖ ਸੁਰੱਖਿਆ ਬਿੱਲ ਅਤੇ ਖੇਜੜੀ ਦੇ ਦਰੱਖਤਾਂ ਦੀ ਕਟਾਈ 'ਤੇ ਪੂਰੀ ਤਰ੍ਹਾਂ ਪਾਬੰਦੀ ਦੀ ਮੰਗ ਕਰ ਰਹੇ ਹਨ।

ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਵਿਕਾਸ ਦੇ ਨਾਂ 'ਤੇ ਖੇਜੜੀ ਦੇ ਹਜ਼ਾਰਾਂ ਰੁੱਖਾਂ ਦੀ ਕਟਾਈ ਨੂੰ 'ਮੰਦਭਾਗਾ' ਦੱਸਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ ਜਿੱਦ ਛੱਡ ਕੇ ਇਸ ਮੁੱਦੇ 'ਤੇ ਅੰਦੋਲਨਕਾਰੀਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਦੀ ਪਛਾਣ ਅਤੇ ਬਿਸ਼ਨੋਈ ਸਮਾਜ ਸਣੇ ਸਾਰੇ ਸੂਬਾ ਵਾਸੀਆਂ ਦੀ ਆਸਥਾ ਦੇ ਪ੍ਰਤੀਕ 'ਖੇਜੜੀ' ਨੂੰ ਬਚਾਉਣ ਲਈ ਬੀਕਾਨੇਰ ਵਿੱਚ ਜਾਰੀ ਅੰਦੋਲਨ ਹੁਣ ਲੋਕ ਲਹਿਰ ਬਣ ਚੁੱਕਿਆ ਹੈ। ਗਹਿਲੋਤ ਨੇ ਕਿਹਾ ਕਿ ਵਿਕਾਸ ਦੇ ਨਾਂ 'ਤੇ ਹਜ਼ਾਰਾਂ ਖੇਜੜੀ ਦੇ ਰੁੱਖਾਂ ਦੀ ਕਟਾਈ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਾ ਦੇਵੀ ਬਿਸ਼ਨੋਈ ਸਣੇ ਸਾਰੇ 363 ਸ਼ਹੀਦਾਂ ਦੀ ਵਿਰਾਸਤ ਨੂੰ ਬਚਾਉਣ ਲਈ ਅੱਜ ਫਿਰ ਸੰਤ ਅਤੇ ਵਾਤਾਵਰਨ ਪ੍ਰੇਮੀ ਭੁੱਖ ਹੜਤਾਲ 'ਤੇ ਹਨ। ਗਹਿਲੋਤ ਨੇ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਵਾਤਾਵਰਨ ਦੇ ਮੁੱਦੇ 'ਤੇ ਸਾਰੇ ਗੰਭੀਰ ਹੋਣ।

# ਐਬਸਫੋਰਡ ਦੀਆਂ ਗਲੀਆਂ ਸੁੰਨੀਆਂ ਕਰ ਗਿਆ ਪੰਜਾਬੀ ਮਹਿਫਲਾਂ ਦਾ 'ਰਤਨ'

ਐਬਸਫੋਰਡ (ਡਾ ਗੁਰਵਿੰਦਰ ਸਿੰਘ) : 'ਸੁੰਨੀਆਂ ਪਿੰਡ ਦੀਆਂ ਗਲੀਆਂ, ਕਿਉਂ ਕਰ ਗਈ ਨਸੀਬੋ ?' ਵਰਗੇ ਇਸ਼ਕ-ਮਿਜਾਜ਼ੀ ਗੀਤ ਗਾ ਕੇ ਲੋਕਾਂ ਦਾ ਦਿਲ ਜਿੱਤਣ ਵਾਲਾ, ਐਬਸਫੋਰਡ ਦੀਆਂ ਮਹਿਫਲਾਂ ਦਾ ਸ਼ਿੰਗਾਰ ਬਾਬਾ ਰਤਨ ਨਾਰੰਗ 3 ਫਰਵਰੀ ਨੂੰ ਚੜ੍ਹਾਈ ਕਰ ਗਿਆ ਹੈ। ਉਹ ਪਿਛਲੇ ਕੁਝ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪੀੜਤ ਸੀ। ਕਾਰੋਬਾਰੀ ਤੇ ਮਿਹਨਤਕਸ਼ ਰਤਨ ਨਾਰੰਗ ਪਿਛਲੀ ਅੱਧੀ ਸਦੀ ਤੋਂ, ਫਰੇਜ਼ਰ ਵੈਲੀ ਦੇ ਹਰ ਇਲਾਕੇ 'ਚ ਧਾਰਮਿਕ ਜੋੜ-ਮੇਲਿਆਂ, ਸਭਿਆਚਾਰਕ ਮੇਲਿਆਂ ਅਤੇ ਕਿਸਾਨੀ ਮਹਿਫਲਾਂ ਵਿੱਚ ਪਹੁੰਚ ਕੇ, ਲੋਕ ਸਾਜ 'ਛੈਣੇ' ਵਜਾਉਂਦੇ ਹੋਏ 'ਮਿਠੜੇ ਗੀਤ' ਗਾਉਂਦੇ, ਜਿਹਨਾਂ ਦਾ ਸਾਥ ਕਿਤੇ ਮਿੱਤਰ ਪਿਆਰੇ ਕੁਲਦੀਪ ਕੈਂਥ ਅਤੇ ਕਿਤੇ ਹੋਰ ਸੱਜਣ ਮਿੱਤਰ ਦਿੰਦੇ। ਸਾਹਿਤਕ ਮਹਿਫਲਾਂ 'ਚ ਜਾਣ ਵੇਲੇ ਉਹ ਹਮੇਸ਼ਾ ਸਿਰ 'ਤੇ ਦਸਤਾਰ ਸਜਾਉਂਦੇ ਅਤੇ ਸ਼ਾਨੋ-ਸ਼ੌਕਤ ਨਾਲ ਤਿਆਰ ਹੁੰਦੇ।

ਮਰਹੂਮ ਰਤਨ ਨਾਰੰਗ ਦੇ ਪਿਤਾ ਸੁੰਦਰ ਸਿੰਘ, ਪਿੰਡ ਢੁੱਡੀਕੇ ਪੰਜਾਬ ਤੋਂ ਕੈਨੇਡਾ 'ਚ 1915 'ਚ ਆਏ ਸਨ ਅਤੇ ਮਗਰੋਂ ਉਹਨਾਂ ਦੀ ਪਤਨੀ ਸੰਤ ਕੌਰ ਇਥੇ ਆਈ। 1930 'ਚ ਇਹ ਜੋੜੀ ਪੰਜਾਬ ਪਰਤ ਗਈ, ਜਿੱਥੇ 6 ਦਸੰਬਰ 1936 ਵਿੱਚ ਰਤਨ ਨਾਰੰਗ ਦਾ ਜਨਮ ਹੋਇਆ। ਰਤਨ ਜੀ ਕਰੀਬ 16 ਸਾਲ ਦੀ ਉਮਰ 'ਚ ਸੰਨ 1952 'ਚ ਕੈਨੇਡਾ ਆ ਗਏ ਤੇ ਇੱਥੇ ਪੋਰਟ ਅਲਬਰਨੀ 'ਚ ਪੜਾਈ ਕੀਤੀ। ਉਸ ਤੋਂ ਮਗਰੋ ਪਾਲਦੀ ਨੇੜੇ, ਮਿੱਲਾਂ 'ਚ ਕੰਮ ਕੀਤਾ ਤੇ ਸੰਘਰਸ਼ਮਈ ਜ਼ਿੰਦਗੀ ਬਤੀਤ ਕੀਤੀ। ਆਪ ਦਾ ਵਿਆਹ 1958 'ਚ ਬੀਬੀ ਰਮੇਸ਼ ਰਾਣੀ ਨਾਲ ਹੋਇਆ ਅਤੇ ਗ੍ਰਹਿ ਵਿਖੇ ਦੋ ਪੁੱਤ ਅਤੇ ਇੱਕ ਧੀ ਜਨਮੇ।



ਔਲਾਦ ਪੱਖੋਂ ਚਾਰ ਪੀੜ੍ਹੀਆਂ ਦਾ ਸੁੱਖ ਮਾਨਣ ਵਾਲੇ ਰਤਨ ਨਾਰੰਗ ਬੇਹਦ ਹਸਮੁਖ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਹ ਪਿਛਲੇ ਚਾਰ ਦਹਾਕਿਆਂ ਤੋਂ ਐਬਸਫੋਰਡ ਰਹਿ ਰਹੇ ਸਨ ਅਤੇ ਸਾਹਿਤ ਸਭਾਵਾਂ ਵਿੱਚ ਵਧ-ਚੜ ਕੇ ਸ਼ਾਮਲ ਹੁੰਦੇ ਸਨ। 89 ਸਾਲਾ ਰਤਨ ਜੀ ਆਪਣੇ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸਨ ਅਤੇ ਐਬਸਫੋਰਡ ਹਸਪਤਾਲ 'ਚ ਇਲਾਜ ਅਧੀਨ, ਪਰ ਚੜ੍ਹਦੀ ਕਲਾ ਵਿੱਚ ਸਨ। ਜੀਵਨ ਸਫਰ ਦੀ ਸਮਾਪਤੀ ਲਈ ਤਿਆਰ-ਬਰ-ਤਿਆਰ ਰਤਨ ਨਾਰੰਗ ਨੇ ਕੁਝ ਦਿਨ ਪਹਿਲਾਂ ਮੈਨੂੰ ਹਸਪਤਾਲ 'ਚ ਆਉਣ ਲਈ ਕਿਹਾ ਅਤੇ ਆਪਣੇ ਆਖਰੀ ਸੰਸਕਾਰਾਂ ਸਬੰਧੀ ਮਸ਼ਵਰੇ, ਹੱਸਦਿਆਂ ਹੋਇਆਂ ਚੜ੍ਹਦੀ ਕਲਾ ਚ ਸਾਂਝੇ ਕੀਤੇ, ਜੋ ਕਿ ਬੇਹਦ ਪ੍ਰੇਰਨਾਦਾਇਕ ਗੱਲ ਹੈ। ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ ਵੱਲੋਂ ਰਤਨ ਨਾਰੰਗ ਜੀ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਹੈ।

ਰਤਨ ਨਾਰੰਗ ਜੀ ਦਾ ਅੰਤਿਮ ਸੰਸਕਾਰ 7 ਫਰਵਰੀ ਦਿਨ ਸ਼ਨੀਵਾਰ ਨੂੰ ਰਿਵਰ ਸਾਈਡ ਸਮਸ਼ਾਨਘਾਟ ਐਬਸਫੋਰਡ ਵਿਖੇ ਬਾਅਦ ਦੁਪਹਿਰ 3 ਵਜੇ ਹੋਏਗਾ ਅਤੇ ਉਸ ਤੋਂ ਮਗਰੋਂ ਗੁਰਦੁਆਰਾ ਕਲਗੀਧਰ ਦਰਬਾਰ ਐਬਸਫੋਰਡ ਵਿਖੇ ਸਹਿਜ ਪਾਠ ਦੇ ਭੋਗ ਅਤੇ ਅਰਦਾਸ ਸ਼ਾਮੀ 5 ਵਜੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਪੁੱਤਰ ਮਨਜੀਤ ਨਾਰੰਗ (778 549 5844 ) ਜਾਂ ਪੋਤਰੇ ਵਿਸ਼ਾਲ ਨਾਲ 778 779 2784 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਅਮਰੀਕਾ 'ਚ ਅੰਸ਼ਕ ਤਾਲਾਬੰਦੀ ਖ਼ਤਮ

## ਟਰੰਪ ਨੇ ਤਾਲਾਬੰਦੀ ਖ਼ਤਮ ਕਰਨ ਵਾਲੇ ਬਿੱਲ 'ਤੇ ਦਸਤਖ਼ਤ ਕੀਤੇ

ਵਾਸ਼ਿੰਗਟਨ ਡੀ ਸੀ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਦੁਪਹਿਰੇ ਸਰਕਾਰੀ ਕੰਮਕਾਜ ਮੁੜ ਤੋਂ ਸ਼ੁਰੂ ਕਰਨ ਲਈ ਬਿੱਲ 'ਤੇ ਦਸਤਖ਼ਤ ਕੀਤੇ। ਓਵਲ ਆਫਿਸ ਵਿੱਚ ਰਾਸ਼ਟਰਪਤੀ ਨੇ ਕਿਹਾ, "ਮੈਂ ਇਸਤੇਮਾਲ ਐਕਟ 'ਤੇ ਦਸਤਖ਼ਤ ਕਰ ਕੇ ਬਹੁਤ ਖ਼ੁਸ਼ ਹਾਂ ਤਾਂ ਜੋ ਫੈਡਰਲ ਸਰਕਾਰ ਦੇ ਕੰਮਕਾਜ ਨੂੰ ਤੁਰੰਤ ਮੁੜ ਤੋਂ ਸ਼ੁਰੂ ਕੀਤਾ ਜਾ ਸਕੇ ਅਤੇ ਬਾਕੀ ਵਿੱਤੀ ਵਰ੍ਹੇ ਲਈ ਜ਼ਿਆਦਾਤਰ ਕੰਮਕਾਜਾਂ ਨੂੰ ਫੰਡ ਦਿੱਤਾ ਜਾ ਸਕੇ।" ਸੀ ਐੱਨ ਐੱਨ ਦੀ ਖ਼ਬਰ ਅਨੁਸਾਰ, ਟਰੰਪ ਦੇ ਦਸਤਖ਼ਤਾਂ ਨਾਲ ਤਿੰਨ ਦਿਨਾਂ ਤੋਂ ਚੱਲ ਰਹੀ ਅੰਸ਼ਕ ਸਰਕਾਰੀ ਤਾਲਾਬੰਦੀ ਖ਼ਤਮ ਹੋ ਗਈ ਹੈ। ਇਹ ਬਿੱਲ ਕਈ ਮਹੱਤਵਪੂਰਨ ਵਿਭਾਗਾਂ ਨੂੰ ਫੰਡ ਮੁਹੱਈਆ ਕਰਵਾਉਂਦਾ ਹੈ,




ਇਹ ਹੋਮਲੈਂਡ ਸਕਿਓਰਿਟੀ ਵਿਭਾਗ (ਡੀ ਐੱਚ ਐੱਸ) ਲਈ ਸਿਰਫ਼ ਦੋ ਹਫ਼ਤਿਆਂ ਦਾ ਸਮਾਂ ਦਿੰਦਾ ਹੈ ਜਿਸ ਤੋਂ ਬਾਅਦ ਦੁਬਾਰਾ ਫੰਡਿੰਗ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਇਹ ਤਾਲਾਬੰਦੀ ਤਿੰਨ ਦਿਨਾਂ ਬਾਅਦ ਖ਼ਤਮ ਹੋਈ ਹੈ। ਹੋਮਲੈਂਡ ਸਕਿਓਰਿਟੀ ਲਈ ਫੰਡਿੰਗ ਦਾ ਮੁੱਦਾ ਅਜੇ ਵੀ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ ਹੈ। 'ਵਾਸ਼ਿੰਗਟਨ ਪੋਸਟ' ਅਨੁਸਾਰ ਅਮਰੀਕੀ ਹਾਊਸ ਨੇ ਮੰਗਲਵਾਰ ਨੂੰ ਖਰਚਾ ਬਿੱਲ ਪਾਸ ਕੀਤੇ ਜਿਨ੍ਹਾਂ ਦਾ ਉਦੇਸ਼ ਅੰਸ਼ਕ ਸਰਕਾਰੀ ਤਾਲਾਬੰਦੀ ਖ਼ਤਮ ਕਰਨਾ ਹੈ। ਇਸ ਦੇ ਨਾਲ ਹੀ, ਇਸ ਦਾ ਮਕਸਦ ਇਮੀਗ੍ਰੇਸ਼ਨ ਤੇ ਕਸਟਮਜ਼ ਐਨਫੋਰਸਮੈਂਟ (ਆਈ ਸੀ ਈ) ਲਈ ਜਵਾਬਦੇਹੀ ਦੇ ਨਵੇਂ ਉਪਾਵਾਂ 'ਤੇ ਦੋ-ਧਿਰੀ ਗੱਲਬਾਤ ਲਈ ਸਮਾਂ ਕੱਢਣਾ ਵੀ ਹੈ। ਜੇ ਸਮੇਂ ਸਿਰ ਸਹਿਮਤੀ ਨਾ ਬਣਦੀ ਤਾਂ ਹੋਮਲੈਂਡ ਸਕਿਓਰਿਟੀ ਵਿਭਾਗ, ਟਰਾਂਸਪੋਰਟੇਸ਼ਨ ਸੁਰੱਖਿਆ ਪ੍ਰਸ਼ਾਸਨ ਅਤੇ ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ 14 ਫਰਵਰੀ ਨੂੰ ਬੰਦ ਹੋ ਸਕਦੇ ਸੀ।

# 8 ਸਾਲਾ ਬੱਚੇ ਨੇ ਇਕ ਮਿੰਟ 'ਚ ਗੁਣਾ ਦੇ 50 ਸਵਾਲ ਹੱਲ ਕਰ ਕੇ ਬਣਾਇਆ ਨਵਾਂ ਵਿਸ਼ਵ ਰਿਕਾਰਡ

## ਤੀਜੀ ਕਲਾਸ ਵਿਚ ਪੜ੍ਹ ਰਿਹੇ ਆਰੇਨ ਸਿੰਘ ਗਰੋਵਰ

ਰਾਮਪੁਰਾ ਫੂਲ : ਰਾਮਪੁਰਾ ਫੂਲ ਦੇ 8 ਸਾਲਾਂ ਦੇ ਵਿਦਿਆਰਥੀ ਆਰੇਨ ਸਿੰਘ ਗਰੋਵਰ ਵੱਲੋਂ 1 ਮਿੰਟ 'ਚ ਗੁਣਾ ਦੇ 50 ਸਵਾਲ ਹੱਲ ਕਰ ਕੇ ਇਕ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ ਗਿਆ ਹੈ। ਬਠਿੰਡਾ ਜ਼ਿਲ੍ਹੇ ਦੀ ਐਸਐਸਪੀ ਡਾ. ਜੋਤੀ ਯਾਦਵ ਬੈਂਸ ਤੇ ਐਸਪੀ ਹੈੱਡਕੁਆਰਟਰ ਜਗਦੀਸ਼ ਬਿਸ਼ਨੋਈ ਵੱਲੋਂ ਉਕਤ ਬੱਚੇ ਨੂੰ ਸਨਮਾਨਿਤ ਕਰਦਿਆਂ ਉਸਦੀ ਹੌਸਲਾ ਅਫਜ਼ਾਈ ਕੀਤੀ ਹੈ। ਆਰੇਨ ਦੀ ਇਸ ਪ੍ਰਾਪਤੀ 'ਤੇ ਸ਼ਹਿਰ ਅੰਦਰ ਖ਼ੁਸ਼ੀ ਦਾ ਮਾਹੌਲ ਹੈ ਅਤੇ ਉਸ ਦੇ ਘਰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਸ਼ਾਰਪ ਬ੍ਰੇਨਸ ਐਜੂਕੇਸ਼ਨ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਦੱਸਿਆ ਕਿ ਸਥਾਨਕ ਮਾਊਂਟ ਲਿਟਰਾ ਜੀ ਸਕੂਲ 'ਚ ਤੀਜੀ ਕਲਾਸ 'ਚ ਪੜ੍ਹਨ ਵਾਲੇ ਆਰੇਨ ਸਿੰਘ ਗਰੋਵਰ ਸਪੁੱਤਰ ਡਾ. ਨਰਿੰਦਰ ਸਿੰਘ ਗਰੋਵਰ ਵੱਲੋਂ ਅਬੈਕਸ ਵਿਧੀ ਦੇ ਨਾਲ ਇਸ ਰਿਕਾਰਡ ਦੀ



ਤਿਆਰੀ ਕੀਤੀ ਗਈ ਹੈ। ਉਸ ਨੇ ਲਿਖਤੀ ਰੂਪ ਵਿਚ 2 ਅੰਕਾਂ ਨੂੰ 1 ਅੰਕ ਨਾਲ ਗੁਣਾ ਕਰਨ ਦੇ 50 ਸਵਾਲ ਸਿਰਫ 1 ਮਿੰਟ ਵਿਚ ਹੱਲ ਕਰ ਕੇ ਇਹ ਪ੍ਰਾਪਤੀ ਹਾਸਿਲ ਕੀਤੀ ਹੈ। ਇੰਟਰਨੈਸ਼ਨਲ ਬੁੱਕ ਆਫ ਰਿਕਾਰਡ ਨੇ ਇਸ ਨੂੰ ਨਵਾਂ ਵਰਲਡ ਰਿਕਾਰਡ ਐਲਾਨਦਿਆਂ ਆਰੇਨ ਨੂੰ ਸਰਟੀਫਿਕੇਟ ਤੇ ਮੈਡਲ ਦਿੱਤਾ ਹੈ। ਬਠਿੰਡਾ ਦੀ ਐਸਐਸਪੀ ਡਾ. ਜੋਤੀ ਯਾਦਵ ਨੇ ਆਪਣੇ ਦਫਤਰ ਵਿਚ ਉਚੇਚੇ ਤੌਰ 'ਤੇ ਵਿਦਿਆਰਥੀ ਦੇ ਨਾਲ ਮੁਲਾਕਾਤ ਕਰ ਕੇ ਉਸ ਨੂੰ ਸਨਮਾਨਿਤ ਕੀਤਾ।

# ਡੇਰਾ ਬਿਆਸ ਅਧਿਆਤਮਿਕਤਾ ਦੇ ਪਰਦੇ ਪਿੱਛੇ ਪੰਜਾਬ ਦੀ ਸਿਆਸਤ ਦਾ ਵੱਡਾ 'ਪਾਵਰ ਸੈਂਟਰ'

## 'ਪੰਜਾਬ ਦੀ ਪਵਿੱਤਰ ਧਰਤੀ ਅੱਜ ਵੱਖ-ਵੱਖ ਜਾਤਾਂ ਅਤੇ ਧਰਮਾਂ ਦੇ ਡੇਰਿਆਂ ਦੇ ਹੜ੍ਹ ਦੀ ਮਾਰ ਹੇਠ

ਹੈਰਾਨੀ ਦੀ ਗੱਲ ਹੈ ਕਿ ਸੂਬੇ ਵਿੱਚ ਵੋਟਰਾਂ ਨਾਲੋਂ ਸ਼ਾਇਦ ਡੇਰਿਆਂ ਦਾ ਪ੍ਰਭਾਵ ਵੱਧ ਨਜ਼ਰ ਆ ਰਿਹਾ ਹੈ। ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤੋਂ ਲੈ ਕੇ ਕਾਂਗਰਸ ਅਤੇ ਹੁਣ ਭਾਜਪਾ-ਆਰ.ਐੱਸ.ਐੱਸ. ਤੱਕ, ਇਨ੍ਹਾਂ ਡੇਰਿਆਂ ਦੀ ਵਰਤੋਂ ਸਿੱਖ ਕੌਮ ਨੂੰ ਕਮਜ਼ੋਰ ਕਰਨ ਅਤੇ ਆਪਸੀ ਵੰਡ ਪਾਉਣ ਲਈ ਕੀਤੀ ਜਾ ਰਹੀ ਹੈ। ਮੌਜੂਦਾ ਦੌਰ ਵਿੱਚ 'ਭਗਵਾਂਕਰਨ' ਦੀ ਲਹਿਰ ਇੰਨੀ ਪ੍ਰਚੰਡ ਹੈ ਕਿ ਸਿਆਸੀ ਹਿੱਤਾਂ ਲਈ ਅਦਾਲਤੀ ਫੈਸਲਿਆਂ ਤੋਂ ਉੱਪਰ ਉੱਠ ਕੇ ਮਨਮਾਨੀਆਂ ਕਰਨ ਦੀ ਹਿੰਮਤ ਦਿਖਾਈ ਜਾ ਰਹੀ ਹੈ।'

ਪੰਜਾਬ ਦੀ ਸਿਆਸਤ ਵਿੱਚ ਅਕਸਰ ਡੇਰਿਆਂ ਦਾ ਦਬਦਬਾ ਰਿਹਾ ਹੈ, ਪਰ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਹਾਲੀਆ ਸਰਗਰਮੀ ਨੇ ਰਾਜਨੀਤਿਕ ਗਲਿਆਰਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਨਾਭਾ ਜੇਲ੍ਹ ਦੇ ਬਾਹਰ ਅਕਾਲੀ ਆਗੂ ਬਿਕਰਮ ਮਜੀਠੀਆ ਦੇ ਹੱਕ ਵਿੱਚ ਦਿੱਤਾ ਉਨ੍ਹਾਂ ਦਾ ਬਿਆਨ ਸਿਰਫ਼ ਇੱਕ ਰਿਸ਼ਤੇਦਾਰੀ ਦਾ ਨਿੱਘ ਨਹੀਂ, ਸਗੋਂ 2027 ਦੀਆਂ ਸਿਆਸੀ ਸਫ਼ਬੰਦੀਆਂ ਦਾ ਸੰਕੇਤ ਮੰਨਿਆ ਜਾ ਰਿਹਾ ਹੈ।

ਕੌਣ ਹਨ ਬਾਬਾ ਗੁਰਿੰਦਰ ਸਿੰਘ ਢਿੱਲੋਂ? (ਪਿਛੋਕੜ)

ਬਾਬਾ ਗੁਰਿੰਦਰ ਸਿੰਘ ਢਿੱਲੋਂ ਦਾ ਜਨਮ 1954 ਵਿੱਚ ਪੰਜਾਬ ਦੇ ਇੱਕ ਕਿਰਸਾਨੀ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਪੇਂਡੂ ਜੜ੍ਹਾਂ ਅਤੇ ਆਧੁਨਿਕ ਸਿੱਖਿਆ ਦਾ ਸੁਮੇਲ ਹੈ:

ਸਿੱਖਿਆ: ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਯੂਰਪ ਦੇ ਨਾਮਵਰ ਸੰਸਥਾਨਾਂ ਤੋਂ ਪ੍ਰਾਪਤ ਕੀਤੀ।

ਗੱਦੀ ਦੀ ਜ਼ਿੰਮੇਵਾਰੀ: ਸਾਲ 1990 ਵਿੱਚ ਉਨ੍ਹਾਂ ਨੂੰ ਡੇਰਾ ਬਿਆਸ ਦਾ ਅਧਿਆਤਮਿਕ ਗੁਰੂ ਥਾਪਿਆ ਗਿਆ। ਇਸ ਤੋਂ ਪਹਿਲਾਂ ਉਹ ਸਪੇਨ ਵਿੱਚ ਆਪਣਾ ਕਾਰੋਬਾਰ ਕਰਦੇ ਸਨ।

ਨਿੱਜੀ ਜੀਵਨ: ਉਹ ਬੇਹੱਦ ਸਾਦਾ ਜੀਵਨ ਜਿਉਣ ਦੇ ਕਾਇਲ ਹਨ। ਡੇਰੇ ਮੁਤਾਬਕ ਉਹ ਸੰਸਥਾ ਤੋਂ ਕੋਈ ਤਨਖ਼ਾਹ ਨਹੀਂ ਲੈਂਦੇ ਅਤੇ ਆਪਣੀ ਨਿੱਜੀ ਆਮਦਨ ਨਾਲ ਗੁਜ਼ਾਰਾ ਕਰਦੇ ਹਨ। ਸਤੰਬਰ 2024 ਵਿੱਚ, ਉਨ੍ਹਾਂ ਨੇ ਜਸਦੀਪ ਸਿੰਘ ਗਿੱਲ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ।

ਸਿਆਸਤ ਵਿੱਚ 'ਸਾਈਲੈਂਟ ਕਿੰਗ ਮੇਕਰ' ਦਾ ਰਸੂਖ਼

ਡੇਰਾ ਬਿਆਸ ਦਾ ਪ੍ਰਭਾਵ ਪੰਜਾਬ ਦੀਆਂ ਵੋਟਾਂ 'ਤੇ ਇੰਨਾ ਗਹਿਰਾ ਹੈ ਕਿ ਦੇਸ਼ ਦੇ ਦਿੱਗਜ ਨੇਤਾ ਉਨ੍ਹਾਂ ਦੇ ਦਰਬਾਰ ਵਿੱਚ ਹਾਜ਼ਰੀ ਲਗਾਉਣਾ ਆਪਣਾ ਸੁਭਾਗ ਸਮਝਦੇ ਹਨ।

1. ਸਿਆਸੀ ਮਿਲਣੀਆਂ: ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਹੁਲ ਗਾਂਧੀ ਅਤੇ ਅਮਿਤ ਸ਼ਾਹ ਵਰਗੇ ਵੱਡੇ ਚਿਹਰੇ ਸਮੇਂ-ਸਮੇਂ 'ਤੇ ਡੇਰੇ ਪਹੁੰਚਦੇ ਰਹੇ ਹਨ।

2. ਪੰਥਕ ਸਰਗਰਮੀ: ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਮੁਲਾਕਾਤ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਪੰਥਕ ਸਿਆਸਤ 'ਤੇ ਤਿੱਖੀ ਨਜ਼ਰ ਰੱਖਦੇ ਹਨ।

3. ਪਰਿਵਾਰਕ ਰਿਸ਼ਤੇਦਾਰੀ: ਬਿਕਰਮ ਮਜੀਠੀਆ ਦੇ ਪਰਿਵਾਰ ਨਾਲ ਉਨ੍ਹਾਂ ਦੇ ਗੂੜ੍ਹੇ ਸਬੰਧ ਹਨ। ਜੇਲ੍ਹ ਵਿੱਚ ਮਜੀਠੀਆ ਨੂੰ ਮਿਲਣਾ ਅਤੇ ਜਨਤਕ ਤੌਰ 'ਤੇ ਉਨ੍ਹਾਂ ਦਾ ਪੱਖ ਪੂਰਨਾ ਇਹ ਦਰਸਾਉਂਦਾ ਹੈ ਕਿ ਹੁਣ ਬਾਬਾ ਜੀ 'ਪਰਦੇ ਦੇ ਪਿੱਛੇ' ਰਹਿਣ ਦੀ ਬਜਾਏ ਖੁੱਲ੍ਹ ਕੇ ਆਪਣੀ ਰਾਏ ਰੱਖਣ ਲੱਗੇ ਹਨ।

ਡੇਰਾ ਬਿਆਸ: ਇੱਕ ਵਿਸ਼ਾਲ ਸਾਮਰਾਜ

ਡੇਰਾ ਬਿਆਸ ਸਿਰਫ਼ ਇੱਕ ਧਾਰਮਿਕ ਅਸਥਾਨ ਨਹੀਂ, ਸਗੋਂ ਇੱਕ ਸਵੈ-ਨਿਰਭਰ ਭਾਈਚਾਰਾ ਹੈ:

ਵਿਸ਼ਵਵਿਆਪੀ ਪ੍ਰਭਾਵ: ਦੁਨੀਆ ਦੇ 90 ਤੋਂ ਵੱਧ ਦੇਸ਼ਾਂ ਵਿੱਚ ਡੇਰੇ ਦੇ ਪੈਰੋਕਾਰ ਹਨ ਅਤੇ ਭਾਰਤ ਵਿੱਚ 5,000 ਤੋਂ ਵੱਧ ਸੈਂਟਰ ਹਨ।

ਅਨੁਸ਼ਾਸਨ ਤੇ ਸੇਵਾ: ਇੱਥੋਂ ਦਾ ਪ੍ਰਸ਼ਾਸਨ ਪੂਰੀ ਤਰ੍ਹਾਂ ਵਲੰਟੀਅਰਾਂ ਰਾਹੀਂ ਚੱਲਦਾ ਹੈ। ਡੇਰਾ ਕਦੇ ਵੀ ਸਿੱਧੇ ਤੌਰ 'ਤੇ ਵੋਟਾਂ ਮੰਗਣ ਦਾ ਐਲਾਨ ਨਹੀਂ ਕਰਦਾ, ਪਰ ਸ਼ਰਧਾਲੂਆਂ ਦੀ 'ਚੁੱਪ ਸਹਿਮਤੀ' ਚੋਣ ਨਤੀਜੇ ਬਦਲਣ ਦੀ ਤਾਕਤ ਰੱਖਦੀ ਹੈ।

ਮਾਹਰਾਂ ਦੀ ਰਾਏ: ਸਮਾਜ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਉੱਤਰਾਧਿਕਾਰੀ ਦੀ ਨਿਯੁਕਤੀ ਤੋਂ ਬਾਅਦ ਗੁਰਿੰਦਰ ਸਿੰਘ ਢਿੱਲੋਂ ਹੁਣ ਸਿਆਸੀ ਅਤੇ ਸਮਾਜਿਕ ਮੁੱਦਿਆਂ ਵਿੱਚ ਵਧੇਰੇ ਸਰਗਰਮ ਹੋ ਸਕਦੇ ਹਨ। ਕੀ ਉਹ ਖ਼ੁਦ ਸਿਆਸਤ ਵਿੱਚ ਆਉਣਗੇ ਜਾਂ 'ਕਿੰਗ ਮੇਕਰ' ਦੀ ਭੂਮਿਕਾ ਨਿਭਾਉਣਗੇ? ਇਹ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਹੀ ਦੱਸਣਗੀਆਂ।

ਪੰਜਾਬ ਦੀ ਸਿਆਸਤ ਵਿੱਚ ਡੇਰਾਵਾਦ ਇੱਕ ਅਜਿਹਾ ਫੈਕਟਰ ਹੈ ਜਿਸ ਨੂੰ ਕੋਈ ਵੀ ਸਿਆਸੀ ਪਾਰਟੀ ਨਜ਼ਰਅੰਦਾਜ਼ ਨਹੀਂ ਕਰ ਸਕਦੀ। ਜਿੱਥੇ ਡੇਰਾ ਬਿਆਸ ਆਪਣੀ 'ਚੁੱਪ' ਤਾਕਤ ਲਈ ਜਾਣਿਆ ਜਾਂਦਾ ਹੈ, ਉੱਥੇ ਹੀ ਪੰਜਾਬ ਦੇ ਹੋਰ ਪ੍ਰਮੁੱਖ ਡੇਰੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਵੋਟ ਬੈਂਕ ਨੂੰ ਪ੍ਰਭਾਵਿਤ ਕਰਦੇ ਹਨ।

ਇੱਥੇ ਪੰਜਾਬ ਦੇ ਉਨ੍ਹਾਂ ਪ੍ਰਮੁੱਖ ਡੇਰਿਆਂ ਦਾ ਵੇਰਵਾ ਹੈ ਜੋ ਚੋਣਾਂ ਦੇ ਨਤੀਜੇ ਬਦਲਣ ਦੀ ਸਮਰੱਥਾ ਰੱਖਦੇ ਹਨ:



1. ਡੇਰਾ ਸੱਚਖੰਡ ਬੱਲਾਂ (ਜਲੰਧਰ)

ਇਹ ਡੇਰਾ ਦੁਆਬਾ ਖੇਤਰ (ਜਲੰਧਰ, ਹੁਸ਼ਿਆਰਪੁਰ, ਕਪੂਰਥਲਾ) ਵਿੱਚ ਸਭ ਤੋਂ ਵੱਧ ਪ੍ਰਭਾਵ ਰੱਖਦਾ ਹੈ।

ਸਿਆਸੀ ਰਸੂਖ਼: ਰਵਿਦਾਸੀਆ ਭਾਈਚਾਰੇ ਵਿੱਚ ਇਸ ਡੇਰੇ ਦੀ ਬਹੁਤ ਮਾਨਤਾ ਹੈ। ਦੁਆਬੇ ਦੀਆਂ ਲਗਭਗ 23-25 ਸੀਟਾਂ 'ਤੇ ਇਸ ਡੇਰੇ ਦਾ ਸਿੱਧਾ ਅਸਰ ਹੈ।

ਖਾਸ ਗੱਲ: ਸਾਲ 2022 ਦੀਆਂ ਚੋਣਾਂ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਹੋਰ ਦਿੱਗਜ ਲੀਡਰਾਂ ਦਾ ਇੱਥੇ ਨਤਮਸਤਕ ਹੋਣਾ ਇਸ ਦੀ ਸਿਆਸੀ ਅਹਿਮੀਅਤ ਨੂੰ ਦਰਸਾਉਂਦਾ ਹੈ।

2. ਡੇਰਾ ਸੱਚਾ ਸੌਦਾ (ਸਿਰਸਾ)

ਹਾਲਾਂਕਿ ਇਸ ਦਾ ਮੁੱਖ ਕੇਂਦਰ ਹਰਿਆਣਾ ਵਿੱਚ ਹੈ, ਪਰ ਪੰਜਾਬ ਦੇ ਮਾਲਵਾ ਖੇਤਰ (ਬਠਿੰਡਾ, ਮਾਨਸਾ, ਸੰਗਰੂਰ, ਫਰੀਦਕੋਟ) ਵਿੱਚ ਇਸ ਦਾ ਵੱਡਾ ਵੋਟ ਬੈਂਕ ਹੈ।

ਸਿਆਸੀ ਰਸੂਖ਼: ਇਹ ਡੇਰਾ ਅਕਸਰ ਆਪਣੀ 'ਸਿਆਸੀ ਵਿੰਗ' ਰਾਹੀਂ ਖੁੱਲ੍ਹ ਕੇ ਕਿਸੇ ਇੱਕ ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਕਰਦਾ ਰਿਹਾ ਹੈ। ਮਾਲਵਾ ਦੀਆਂ ਲਗਭਗ 30-35 ਸੀਟਾਂ 'ਤੇ ਇਹ ਡੇਰਾ ਨਿਰਣਾਇਕ ਭੂਮਿਕਾ ਨਿਭਾਉਂਦਾ ਹੈ।

ਵਿਵਾਦ: ਬੇਅਦਬੀ ਮਾਮਲਿਆਂ ਅਤੇ ਸਜ਼ਾਵਾਂ ਕਾਰਨ ਹੁਣ ਇਸ ਦੇ ਪ੍ਰਭਾਵ ਵਿੱਚ ਪਹਿਲਾਂ ਵਰਗੀ ਗੱਲ ਨਹੀਂ ਰਹੀ, ਪਰ ਫਿਰ ਵੀ ਇਹ ਇੱਕ ਵੱਡਾ 'ਪਾਵਰ ਪਲੇਅਰ' ਹੈ।

3. ਡੇਰਾ ਨੂਰਮਹਿਲ (ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ)

ਆਸ਼ੂਤੋਸ਼ ਮਹਾਰਾਜ ਦੁਆਰਾ ਸਥਾਪਿਤ ਇਹ ਡੇਰਾ ਜਲੰਧਰ ਦੇ ਨੂਰਮਹਿਲ ਵਿੱਚ ਸਥਿਤ ਹੈ।

ਸਿਆਸੀ ਰਸੂਖ਼: ਇਸ ਡੇਰੇ ਦਾ ਪ੍ਰਭਾਵ ਵੀ ਦੁਆਬਾ ਅਤੇ ਮਾਲਵਾ ਦੇ ਕੁਝ ਹਿੱਸਿਆਂ ਵਿੱਚ ਹੈ। ਭਾਜਪਾ ਅਤੇ ਅਕਾਲੀ ਦਲ ਦੇ ਕਈ ਆਗੂ ਇਸ ਡੇਰੇ ਨਾਲ ਨੇੜਤਾ ਰੱਖਦੇ ਹਨ।

ਵੋਟ ਬੈਂਕ: ਇਨ੍ਹਾਂ ਦੇ ਪੈਰੋਕਾਰ ਵੀ ਕਾਫੀ ਅਨੁਸ਼ਾਸਿਤ ਹਨ ਅਤੇ ਇੱਕਜੁੱਟ ਹੋ ਕੇ ਵੋਟ ਪਾਉਣ ਲਈ ਜਾਣੇ ਜਾਂਦੇ ਹਨ।

4. ਡੇਰਾ ਰਾਧਾ ਸੁਆਮੀ (ਬਿਆਸ)

ਜਿਵੇਂ ਕਿ ਅਸੀਂ ਪਹਿਲਾਂ ਚਰਚਾ ਕੀਤੀ, ਇਹ ਡੇਰਾ ਸਭ ਤੋਂ ਵੱਡਾ ਹੈ ਪਰ ਇਹ 'ਨਿਰਪੱਖ' ਰਹਿਣ ਦਾ ਦਿਖਾਵਾ ਕਰਦਾ ਹੈ।

ਪ੍ਰਭਾਵ: ਇਹ ਕਿਸੇ ਇੱਕ ਪਾਰਟੀ ਦਾ ਨਾਮ ਨਹੀਂ ਲੈਂਦੇ, ਪਰ ਇਨ੍ਹਾਂ ਦੇ ਇਸ਼ਾਰੇ ਬਹੁਤ ਬਾਰੀਕ ਹੁੰਦੇ ਹਨ। ਮਾਝਾ ਅਤੇ ਦੁਆਬਾ ਵਿੱਚ ਇਨ੍ਹਾਂ ਦਾ ਸਭ ਤੋਂ ਵੱਧ ਪ੍ਰਭਾਵ ਹੈ।

ਸਿਆਸੀ ਪਾਰਟੀਆਂ ਡੇਰਿਆਂ ਵੱਲ ਕਿਉਂ ਭੱਜਦੀਆਂ ਹਨ?

1. ਥੋਕ ਵੋਟ (Bulk Voting): ਡੇਰਿਆਂ ਦੇ ਸ਼ਰਧਾਲੂ ਆਪਣੇ ਮੁਖੀ ਦੇ ਆਦੇਸ਼ 'ਤੇ ਇੱਕਜੁੱਟ ਹੋ ਕੇ ਵੋਟ ਪਾਉਂਦੇ ਹਨ, ਜਿਸ ਨਾਲ ਹਾਰ ਰਹੀ ਸੀਟ ਵੀ ਜਿੱਤੀ ਜਾ ਸਕਦੀ ਹੈ।

2. ਫੰਡਿੰਗ ਅਤੇ ਵਲੰਟੀਅਰ: ਡੇਰਿਆਂ ਕੋਲ ਵੱਡੀ ਗਿਣਤੀ ਵਿੱਚ ਸੇਵਾਦਾਰ ਹੁੰਦੇ ਹਨ ਜੋ ਚੋਣ ਪ੍ਰਚਾਰ ਵਿੱਚ ਮਦਦਗਾਰ ਸਾਬਤ ਹੁੰਦੇ ਹਨ।

3. ਸਮਾਜਿਕ ਪਕੜ: ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਡੇਰਿਆਂ ਦੀ ਪਕੜ ਸਿਆਸੀ ਪਾਰਟੀਆਂ ਨਾਲੋਂ ਜ਼ਿਆਦਾ ਮਜ਼ਬੂਤ ਹੈ।

ਨੋਟ: ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੇ ਲੋਕਾਂ ਵਿੱਚ ਜਾਗਰੂਕਤਾ ਵਧੀ ਹੈ, ਜਿਸ ਕਾਰਨ ਹੁਣ ਡੇਰਿਆਂ ਦਾ ਸਿੱਧਾ ਸਿਆਸੀ ਪ੍ਰਭਾਵ ਕੁਝ ਹੱਦ ਤੱਕ ਘਟਿਆ ਹੈ, ਪਰ ਅੰਦਰੂਨੀ ਤੌਰ 'ਤੇ ਇਹ ਅੱਜ ਵੀ 'ਕਿੰਗ ਮੇਕਰ' ਦੀ ਭੂਮਿਕਾ ਨਿਭਾਉਂਦੇ ਹਨ।

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਇਸ ਲਈ ਡੇਰਿਆਂ ਦੀ ਸਿਆਸੀ ਸਰਗਰਮੀ ਇੱਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਈ ਹੈ। ਖੇਤਰਵਾਰ (Region-wise) ਇਨ੍ਹਾਂ ਦੇ ਪ੍ਰਭਾਵ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਪੰਜਾਬ ਦੇ ਹਰ ਹਿੱਸੇ ਦੀ ਸਿਆਸੀ ਤਸਵੀਰ ਵੱਖਰੀ ਹੈ:

1. ਮਾਲਵਾ ਖੇਤਰ (69 ਸੀਟਾਂ) - 'ਸੱਤਾ ਦੀ ਚਾਬੀ'

ਮਾਲਵਾ ਪੰਜਾਬ ਦਾ ਸਭ ਤੋਂ ਵੱਡਾ ਖੇਤਰ ਹੈ ਅਤੇ ਇੱਥੇ ਡੇਰਿਆਂ ਦਾ ਪ੍ਰਭਾਵ ਵੀ ਸਭ ਤੋਂ ਗੂੜ੍ਹਾ ਹੈ।

ਡੇਰਾ ਸੱਚਾ ਸੌਦਾ (ਸਿਰਸਾ): ਬਠਿੰਡਾ, ਮਾਨਸਾ, ਫਰੀਦਕੋਟ, ਅਤੇ ਸੰਗਰੂਰ ਵਰਗੇ ਜ਼ਿਲ੍ਹਿਆਂ ਵਿੱਚ ਇਸ ਦਾ ਕਾਫੀ ਆਧਾਰ ਹੈ। ਹਾਲਾਂਕਿ ਪਿਛਲੇ ਕੁਝ ਸਮੇਂ ਤੋਂ ਵਿਵਾਦਾਂ ਕਾਰਨ ਇਸ ਦਾ ਪ੍ਰਭਾਵ ਘਟਿਆ ਹੈ, ਪਰ ਹਾਲ ਹੀ ਵਿੱਚ (ਜਨਵਰੀ-ਫਰਵਰੀ 2026) ਰਾਮ ਰਹੀਮ ਨੂੰ ਮਿਲੀ ਪੈਰੋਲ ਨੇ ਮੁੜ ਸਿਆਸੀ ਚਰਚਾ ਛੇੜ ਦਿੱਤੀ ਹੈ।

ਸੰਤ ਸਮਾਜ: ਮਾਲਵਾ ਵਿੱਚ ਕਈ ਛੋਟੇ-ਛੋਟੇ ਸਿੱਖ ਡੇਰੇ (ਜਿਵੇਂ ਨਾਨਕਸਰ ਠਾਠ) ਵੀ ਹਨ ਜੋ ਪੇਂਡੂ ਵੋਟ ਬੈਂਕ 'ਤੇ ਅਸਰ ਪਾਉਂਦੇ ਹਨ।

2. ਦੁਆਬਾ ਖੇਤਰ (23 ਸੀਟਾਂ) - 'ਦਲਿਤ ਵੋਟ ਬੈਂਕ ਦਾ ਕੇਂਦਰ'

ਦੁਆਬਾ (ਜਲੰਧਰ, ਹੁਸ਼ਿਆਰਪੁਰ, ਕਪੂਰਥਲਾ) ਵਿੱਚ ਦਲਿਤ ਆਬਾਦੀ ਸਭ ਤੋਂ ਵੱਧ (ਲਗਭਗ 45%) ਹੈ।

ਡੇਰਾ ਸੱਚਖੰਡ ਬੱਲਾਂ: ਇਹ ਇਸ ਖੇਤਰ ਦਾ ਸਭ ਤੋਂ ਸ਼ਕਤੀਸ਼ਾਲੀ ਡੇਰਾ ਹੈ। ਫਰਵਰੀ 2026 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇੱਥੇ ਆਉਣਾ ਅਤੇ ਡੇਰਾ ਮੁਖੀ ਨੂੰ 'ਪਦਮ ਸ਼੍ਰੀ' ਨਾਲ ਸਨਮਾਨਿਤ ਕਰਨਾ ਇਹ ਦਰਸਾਉਂਦਾ ਹੈ ਕਿ ਸਾਰੀਆਂ ਪਾਰਟੀਆਂ (ਬੀਜੇਪੀ, ਕਾਂਗਰਸ, ਅਤੇ ਆਪ) ਇੱਥੋਂ ਦੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣਾ ਚਾਹੁੰਦੀਆਂ ਹਨ।

ਸਿਆਸੀ ਅਸਰ: ਮੰਨਿਆ ਜਾਂਦਾ ਹੈ ਕਿ ਇਹ ਡੇਰਾ ਲਗਭਗ 19 ਸੀਟਾਂ 'ਤੇ ਸਿੱਧਾ ਅਸਰ ਪਾਉਂਦਾ ਹੈ।

3. ਮਾਝਾ ਖੇਤਰ (25 ਸੀਟਾਂ) - 'ਪੰਥਕ ਅਤੇ ਧਾਰਮਿਕ ਪ੍ਰਭਾਵ'

ਮਾਝਾ (ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ) ਵਿੱਚ ਪੰਥਕ ਰਾਜਨੀਤੀ ਜ਼ਿਆਦਾ ਭਾਰੂ ਰਹਿੰਦੀ ਹੈ।

ਡੇਰਾ ਰਾਧਾ ਸੁਆਮੀ (ਬਿਆਸ): ਇਸ ਦਾ ਮੁੱਖ ਕੇਂਦਰ ਮਾਝਾ ਵਿੱਚ ਹੈ। ਇਹ ਡੇਰਾ ਸਿੱਧੇ ਤੌਰ 'ਤੇ ਕੋਈ ਐਲਾਨ ਨਹੀਂ ਕਰਦਾ, ਪਰ ਇਸ ਦੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਸਿਆਸੀ ਪਾਰਟੀਆਂ ਲਈ ਖਿੱਚ ਦਾ ਕੇਂਦਰ ਰਹਿੰਦੀ ਹੈ।

ਦਮਦਮੀ ਟਕਸਾਲ: ਮਾਝਾ ਵਿੱਚ ਟਕਸਾਲ ਅਤੇ ਹੋਰ ਪੰਥਕ ਜਥੇਬੰਦੀਆਂ ਦਾ ਵੀ ਕਾਫੀ ਪ੍ਰਭਾਵ ਹੈ ਜੋ ਚੋਣਾਂ ਵਿੱਚ ਧਾਰਮਿਕ ਮੁੱਦਿਆਂ ਨੂੰ ਹਵਾ ਦਿੰਦੇ ਹਨ।

ਤਾਜ਼ਾ ਸਿਆਸੀ ਰੁਝਾਨ (2026 ਦੇ ਅੰਕੜਿਆਂ ਅਨੁਸਾਰ):

1. ਬੀਜੇਪੀ ਦੀ ਰਣਨੀਤੀ: ਬੀਜੇਪੀ ਹੁਣ ਡੇਰਾ ਬੱਲਾਂ ਰਾਹੀਂ ਦਲਿਤ ਵੋਟਾਂ ਅਤੇ ਡੇਰਾ ਸਿਰਸਾ ਦੇ ਪੈਰੋਕਾਰਾਂ ਰਾਹੀਂ ਮਾਲਵਾ ਵਿੱਚ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਹੈ।

2. ਆਪ (AAP) ਦਾ ਜਵਾਬ: ਸੱਤਾਧਾਰੀ ਆਮ ਆਦਮੀ ਪਾਰਟੀ ਨੇ ਜਲੰਧਰ ਵਿੱਚ 'ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ' ਲਈ ਫੰਡ ਜਾਰੀ ਕਰਕੇ ਡੇਰਾ ਬੱਲਾਂ ਨਾਲ ਆਪਣੀ ਨੇੜਤਾ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਹੈ।

3. ਕਾਂਗਰਸ: ਕਾਂਗਰਸ ਪਰੰਪਰਾਗਤ ਤੌਰ 'ਤੇ ਡੇਰਾ ਬੱਲਾਂ ਦੀ ਹਮਾਇਤੀ ਰਹੀ ਹੈ, ਪਰ ਹੁਣ ਉਨ੍ਹਾਂ ਨੂੰ ਬੀਜੇਪੀ ਅਤੇ ਆਪ ਤੋਂ ਸਖ਼ਤ ਚੁਣੌਤੀ ਮਿਲ ਰਹੀ ਹੈ।



# ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਕੇਵਲ ਸੇਵਾ ਕੇਂਦਰਾਂ ਰਾਹੀਂ ਦਾਖ਼ਲ ਹੋਣਗੀਆਂ ਅਰਜ਼ੀਆਂ : ਆਸ਼ਿਕਾ ਜੈਨ

## ਵਿਆਹ ਤੋਂ 60 ਦਿਨਾਂ ਦੇ ਅੰਦਰ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ਅਸ਼ੀਰਵਾਦ ਸਕੀਮ ਦਾ ਲਾਭ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਨੂੰ ਆਨਲਾਈਨ ਕੀਤਾ ਗਿਆ ਸੀ, ਜਿਸ ਤਹਿਤ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਜ਼ਿਆਦਾਤਰ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਨੂੰ ਹੋਰ ਪਾਰਦਰਸ਼ੀ ਬਣਾਉਣ ਲਈ ਅਸ਼ੀਰਵਾਦ ਪੋਰਟਲ 'ਤੇ ਅਪਲਾਈ ਕਰਨ ਦੀ ਵਿਧੀ ਕੇਵਲ ਸੇਵਾ ਕੇਂਦਰਾਂ ਰਾਹੀਂ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਹੁਣ ਤੋਂ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਅਰਜ਼ੀਆਂ ਸਿਰਫ ਸੇਵਾ ਕੇਂਦਰਾਂ ਰਾਹੀਂ ਦਾਖ਼ਲ ਕੀਤੀਆਂ ਜਾਣਗੀਆਂ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਹਰਪਾਲ ਸਿੰਘ ਗਿੱਲ ਨੇ ਦੱਸਿਆ ਕਿ ਇਸ ਸਕੀਮ ਹੇਠ ਅਨੁਸੂਚਿਤ ਜਾਤੀਆਂ, ਈਸਾਈ ਬਰਾਦਰੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਹੋਰ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤਹਿਤ ਇਕ ਪਰਿਵਾਰ ਦੀਆਂ ਦੋ ਲੜਕੀਆਂ ਹੀ ਇਸ ਸਕੀਮ ਦਾ ਲਾਭ ਲੈ ਸਕਦੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਜਿਹੜੇ ਲੋਕ ਵਿਆਹ ਤੋਂ ਪਹਿਲਾਂ ਫਾਈਲ ਆਨਲਾਈਨ ਨਹੀਂ ਕਰਵਾਉਂਦੇ ਸਨ, ਉਨ੍ਹਾਂ ਨੂੰ ਵਿਆਹ ਤੋਂ ਬਾਅਦ 30 ਦਿਨਾਂ ਤੱਕ ਫਾਈਲ ਆਨਲਾਈਨ ਕਰਵਾਉਣ ਦਾ ਸਮਾਂ ਦਿੱਤਾ ਗਿਆ ਸੀ, ਪਰ ਹੁਣ ਪੰਜਾਬ ਸਰਕਾਰ ਵੱਲੋਂ 30 ਦਿਨ ਦਾ ਸਮਾਂ ਵਧਾ ਕੇ ਵਿਆਹ ਤੋਂ 60 ਦਿਨਾਂ ਦਾ ਕਰ ਦਿੱਤਾ ਗਿਆ ਹੈ। ਇਸ ਸਬੰਧੀ ਹੁਣ ਲੋਕ ਵਿਆਹ ਤੋਂ ਬਾਅਦ 60 ਦਿਨਾਂ ਦੇ ਅੰਦਰ-ਅੰਦਰ ਵੀ ਆਪਣੀ ਫਾਈਲ ਆਨਲਾਈਨ ਕਰ ਸਕਣਗੇ। ਉਨ੍ਹਾਂ ਅੱਗੇ ਇਹ ਵੀ ਦੱਸਿਆ ਕਿ ਸਕੀਮ ਵਿਚ ਹੋਰ ਪਾਰਦਰਸ਼ਤਾ ਲਿਆਉਣ ਲਈ ਪੰਜਾਬ ਸਰਕਾਰ ਵੱਲੋਂ ਹੁਣ ਅਸ਼ੀਰਵਾਦ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਜੋੜਨ ਉਪਰੰਤ ਲਾਭਪਾਤਰੀ ਆਪਣੇ ਨੇੜਲੇ ਸੇਵਾ ਕੇਂਦਰ ਤੋਂ ਘੱਟ ਖ਼ਰਚ 'ਤੇ ਆਸਾਨੀ ਨਾਲ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਸਕੀਮ ਦਾ ਲਾਭ ਲੈ ਸਕਣਗੇ।

# ਪੁਲਿਸ ਸਟੇਸ਼ਨ ਮਾਹਿਲਪੁਰ ਦੇ ਇਲਾਕੇ 'ਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਪੂਰੀ ਤਰ੍ਹਾਂ ਸਾਰਥਕ ਹੋ ਰਹੀ ਹੈ : ਥਾਣਾ ਮੁਖੀ ਮਦਨ ਸਿੰਘ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਦੇ ਥਾਣਾ ਤਹਿਤ ਆਉਂਦੇ ਇਲਾਕੇ ਵਿੱਚ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਪੂਰੀ ਤਰ੍ਹਾਂ ਸਾਰਥਕ ਹੋ ਰਹੀ ਹੈ ਜਿਸ ਤਹਿਤ ਜਿੱਥੇ ਮਾਹਿਲਪੁਰ ਪੁਲਸ ਵਲੋਂ ਪਿਛਲੇ ਕਰੀਬ 2 ਮਹੀਨਿਆਂ ਵਿੱਚ 30 ਦੇ ਕਰੀਬ ਵੱਖ ਵੱਖ ਧਾਰਾਵਾਂ ਤਹਿਤ ਮਾਮਲੇ ਦਰਜ਼ ਕੀਤੇ ਹਨ ਇਹ ਜਾਣਕਾਰੀ ਥਾਣਾ ਮਾਹਿਲਪੁਰ ਦੇ ਥਾਣਾ ਮੁੱਖੀ ਮਦਨ ਸਿੰਘ ਹੋਰਾਂ ਵਲੋਂ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਹੋਰਾਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਸਾਂਝੀ ਕੀਤੀ ਉਨ੍ਹਾਂ ਕਿਹਾ ਕਿ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾ ਮੁਤਾਬਕ ਇਸ ਮੁਹਿੰਮ ਤਹਿਤ ਇਲਾਕੇ ਦੇ ਕਰੀਬ 25 ਨੌਜਵਾਨਾਂ ਨੂੰ ਜੋ ਕਿਸੇ ਮਜ਼ਬੂਰੀ ਜਾਂ ਫਿਰ ਬੁਰੀ ਸੋਸਾਇਟੀ ਕਾਰਨ ਨਸ਼ਿਆ ਵਿੱਚ ਗ੍ਰਸਤ ਹੋ ਗਏ ਸਨ ਉਨ੍ਹਾਂ ਨੂੰ ਵੱਖ ਵੱਖ ਨਸ਼ਾ ਕੇਂਦਰਾਂ ਵਿੱਚ ਉਨ੍ਹਾਂ ਦੇ ਪਰਿਵਾਰ ਦੇ ਸਹਿਯੋਗ ਨਾਲ ਭਰਤੀ ਕਰਵਾਇਆ ਗਿਆ ਸੀ ਜੋਂ ਹੁਣ ਪੂਰੀ ਤਰ੍ਹਾਂ ਨਸ਼ਾ ਛੱਡ ਚੁੱਕੇ ਹਨ ਤੇ ਆਪਣੇ ਪੈਰਾਂ ਤੇ ਖੜ੍ਹੇ ਹੋ ਚੁੱਕੇ ਹਨ ਤੇ ਵਧੀਆ ਰੁਜਗਾਰ ਪ੍ਰਾਪਤ ਕਰ ਰਹੇ ਹਨ ਉਨ੍ਹਾਂ ਨੂੰ ਦੇਖਦੇ ਉਹ ਲੋਕ ਜੋਂ ਕਦੀ ਉਨ੍ਹਾ ਨੂੰ ਗਲੀ ਮੁਹੱਲੇ ਜਾਂ ਪਿੰਡ ਵਿੱਚ ਨਫ਼ਰਤ ਨਾਲ ਦੇਖਦੇ ਸਨ ਅੱਜ ਉਹੀ ਲੋਕ ਉਨ੍ਹਾਂ ਨੂੰ ਕੰਮ ਕਰਦਿਆਂ ਦੇਖ ਜਿੱਥੇ ਉਨ੍ਹਾਂ ਦੀ ਸਿਫਤ ਕਰਦੇ ਹਨ ਉਥੇ ਹੀ ਉਹ ਸਰਕਾਰ ਤੇ ਪੁਲਿਸ ਵਲੋ ਕੀਤੇ ਗਏ ਇਸ ਉਪਰਾਲੇ ਦੀ ਪ੍ਰਸ਼ੰਸਾ ਵੀ ਕਰਦੇ ਹਨ ਉਨ੍ਹਾਂ ਅੱਗੇ ਦੱਸਿਆ ਕੇ ਸਰਕਾਰ ਦੀ ਮੁਹਿੰਮ ਪਰਹਾਰ ਤਹਿਤ ਵੀ ਇਲਾਕੇ ਵਿਚ ਕਾਰਵਾਈ ਨਿਰੰਤਰ ਕੀਤੀ ਜਾ ਰਹੀ ਹੈ ਤੇ ਕਸਬੇ ਦੀਆਂ ਹੋਰ ਸਮੱਸਿਆਵਾਂ ਜਿਨ੍ਹਾਂ ਵਿੱਚ ਟ੍ਰੈਫਿਕ, ਬਾਜ਼ਾਰਾਂ ਵਿਚ ਦੁਕਾਨਦਾਰਾ ਵਲੋਂ ਨਜਾਇਜ ਕਬਜਿਆਂ ਤੇ ਸਮਾਜ ਵਿਰੋਧੀ ਅਨਸਰਾਂ ਦੇ ਖਿਲਾਫ ਵੀ ਕਾਰਵਾਈ ਸਖ਼ਤੀ ਨਾਲ ਕੀਤੀ ਜਾ ਰਹੀਂ ਹੈ ਬਾਜ਼ਾਰ ਵਿਚ ਗਲਤ ਪਾਰਕਿੰਗ ਗੱਡੀਆਂ ਦੇ ਚਲਾਨ ਵੀ ਕੀਤੇ ਜਾ ਰਹੇ ਹਨ ਉਨ੍ਹਾਂ ਦੱਸਿਆ ਕੇ ਕਸਬੇ ਵਿਚ ਕਿਸੇ ਵੀ ਤਰ੍ਹਾਂ ਦਾ ਗਲਤ ਕੰਮ ਕਰਨ ਵਾਲਿਆਂ ਨੂੰ ਚੇਤਾਵਨੀ ਵੀ ਦਿੱਤੀ ਗਈ ਹੈ ਅਗਰ ਪੁਲਸ ਦੀ ਚੇਤਾਵਨੀ ਤੋਂ ਬਾਅਦ ਵੀ ਕੋਈ ਗਲਤ ਕੰਮ ਕਰਦਾ ਹੈ ਜਾ ਫਿਰ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਦਾ ਹੁਕਮ ਅਦੂਲੀ ਕਰਦਾ ਹੈ ਤੇ ਤਾਂ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸਾਂ ਤਹਿਤ ਗਲਤ ਕੰਮ ਕਰਨ ਵਾਲੇ ਖ਼ਿਲਾਫ਼ ਸਖ਼ਤ ਕਾਨੂੰਨੀ ਕਰਵਾਈ ਕੀਤੀ ਜਾਵੇਗੀ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਤਿੰਨ ਰੋਜ਼ਾ ਰਾਜ ਪੱਧਰੀ ਪ੍ਰਕਾਸ਼ ਪੁਰਬ ਸਮਾਗਮ ਸ਼ਰਧਾ ਨਾਲ ਸ਼ੁਰੂ

## -6 ਫਰਵਰੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਗੁਰੂ ਚਰਨਾਂ 'ਚ ਲਗਾਉਣਗੇ ਹਾਜ਼ਰੀ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪਵਿੱਤਰ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਰਾਜ ਪੱਧਰੀ ਸਮਾਗਮ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ ਨਾਲ ਹੋਈ। ਇਹ ਵਿਸ਼ਾਲ ਸਮਾਗਮ 6 ਫਰਵਰੀ ਤੱਕ ਜਾਰੀ ਰਹੇਗਾ ਅਤੇ ਉਸੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮਾਗਮ ਦੇ ਆਖ਼ਰੀ ਦਿਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਗੁਰੂ ਚਰਨਾਂ ਵਿਚ ਮੱਥਾ ਟੇਕਣਗੇ ਅਤੇ ਸੂਬੇ ਦੀ ਖ਼ੁਸ਼ੀ, ਖ਼ੁਸ਼ਹਾਲੀ ਅਤੇ ਭਾਈਚਾਰੇ ਲਈ ਅਰਦਾਸ ਕਰਨਗੇ।





ਇਸ ਮੌਕੇ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਸੰਤ ਕੇਵਲ ਸਿੰਘ, ਪ੍ਰਧਾਨ ਸ੍ਰੀ ਗੁਰੂ ਸਾਧੂ ਸੰਪਰਦਾ ਸੁਸਾਇਟੀ ਪੰਜਾਬ ਸੰਤ ਨਿਰਮਲ ਦਾਸ ਜੀ ਜੌੜੇ ਵਾਲੇ, ਰਾਸ਼ਟਰੀ ਪ੍ਰਧਾਨ ਆਦਿ ਧਰਮ ਮਿਸ਼ਨ ਸੰਤ ਸਤਵਿੰਦਰ ਹੀਰਾ, ਸੰਤ ਦਿਆਲ ਨਾਥ ਸਮੁੰਦੜਾ, ਸੰਤ ਜਗੀਰ ਸਿੰਘ ਨੰਦਾਚੌਰ, ਧਾਮ ਚਾਨਣ ਪੁਰੀ ਸਹੌੜਾ ਤੋਂ ਸੰਤ ਧਰਮਪਾਲ, ਤੱਗੜ ਬਰਾੜਾ ਤੋਂ ਬਲਕਾਰ ਸਿੰਘ, ਸ਼ੇਰਪੁਰ ਤੋਂ ਸੰਤ ਰਮੇਸ਼ ਦਾਸ, ਪਿੰਡ ਚੇਤਾ ਤੋਂ ਸੰਤ ਮਨਪ੍ਰੀਤ ਦਾਸ, ਢਿੰਗਰੀਆਂ ਤੋਂ ਸੰਤ ਬਲਵੰਤ ਸਿੰਘ, ਪੰਡੋਰੀ ਸੱਧਾਂ ਤੋਂ ਸਤਨਾਮ ਸਿੰਘ, ਬੱਸੀ ਮਰੂਫ ਤੋਂ ਸੰਤ ਕੁਲਦੀਪ ਸਿੰਘ ਤੋਂ ਇਲਾਵਾ ਹੋਰ ਸੰਤ ਸਮਾਜ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਅੱਜ ਕੈਬਨਿਟ ਮੰਤਰੀਆਂ ਹਰਪਾਲ ਸਿੰਘ ਚੀਮਾ, ਤਰੁਨਪ੍ਰੀਤ ਸਿੰਘ ਸੌਂਦ, ਹਰਜੋਤ ਸਿੰਘ ਬੈਂਸ, ਡਾ. ਰਵਜੋਤ ਸਿੰਘ ਅਤੇ ਲਾਲ ਚੰਦ ਕਟਾਰੂਚੱਕ ਤੋਂ ਇਲਾਵਾ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਚੇਅਰਮੈਨ ਐਸ.ਸੀ ਕਮਿਸ਼ਨ ਜਸਵੀਰ ਸਿੰਘ ਗੜ੍ਹੀ, ਵਿਧਾਇਕ ਡਾ. ਇਸ਼ਾਂਕ ਕੁਮਾਰ, ਸੱਭਿਆਚਾਰ ਅਤੇ ਸੈਰ-ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਅਤੇ ਹੋਰ ਪਤਵੰਤਿਆਂ ਨੇ ਗੁਰੂ ਜੀ ਦੇ ਚਰਨਾਂ ਵਿੱਚ ਮੱਥਾ ਟੇਕਿਆ।

ਗੁਰੂ ਚਰਨਾਂ ਵਿੱਚ ਮੱਥਾ ਟੇਕਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਸਾਲ 2027 ਵਿੱਚ ਇਤਿਹਾਸਕ ਅਤੇ ਵਿਸ਼ਾਲ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਦੀਆਂ ਮਹਾਨ ਸਿੱਖਿਆਵਾਂ ਸਮਾਜਿਕ ਸਦਭਾਵਨਾ, ਸਮਾਨਤਾ, ਭਾਈਚਾਰੇ ਅਤੇ ਮਨੁੱਖਤਾ ਦਾ ਸੰਦੇਸ਼ ਦਿੰਦੀਆਂ ਹਨ, ਜਿਸ ਨੂੰ ਹਰ ਵਿਅਕਤੀ ਤੱਕ ਪਹੁੰਚਾਉਣਾ ਸਰਕਾਰ ਦੀ ਤਰਜੀਹ ਹੈ। ਇਸ ਤਹਿਤ ਰਾਜ ਦੇ ਸਾਰੇ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਗੁਰੂ ਜੀ ਦੇ ਜੀਵਨ, ਦਰਸ਼ਨ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਗੁਰੂ ਮਹਾਰਾਜ ਜੀ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਲਈ ਵਿਸ਼ੇਸ਼ ਪ੍ਰੋਗਰਾਮ ਤਿਆਰ ਕੀਤੇ ਜਾ ਰਹੇ ਹਨ।

ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਦਾ ਬਹੁਤ ਇਤਿਹਾਸਕ ਅਤੇ ਅਧਿਆਤਮਿਕ ਮਹੱਤਵ ਹੈ ਅਤੇ ਇਥੇ ਹੋਣ ਵਾਲੇ ਸਮਾਗਮ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਸਮਾਜ ਨੂੰ ਸਮਾਨਤਾ, ਭਾਈਚਾਰਾ, ਪਿਆਰ ਅਤੇ ਮਨੁੱਖੀ ਭਲਾਈ ਦਾ ਸੰਦੇਸ਼ ਦਿੰਦੀਆਂ ਹਨ।

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਨਾ ਸਿਰਫ਼ ਪੰਜਾਬ ਦੇ ਸ਼ਰਧਾਲੂਆਂ ਲਈ ਸਗੋਂ ਪੂਰੇ ਦੇਸ਼ ਲਈ ਇਕ ਮਹਾਨ ਆਸਥਾ ਦਾ ਕੇਂਦਰ ਹੈ। ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਸਮਾਜ ਵਿੱਚ ਸਮਾਨਤਾ, ਪਿਆਰ ਅਤੇ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸ਼ੁਭ ਮੌਕੇ 'ਤੇ ਸੰਗਤ ਦੀ ਸਹੂਲਤ ਲਈ ਸਾਰੇ ਜ਼ਰੂਰੀ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਾਲ 2027 ਵਿੱਚ ਗੁਰੂ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਸਾਲ ਭਰ ਕਈ ਪ੍ਰੋਗਰਾਮਾਂ ਦਾ ਆਯੋਜਨ ਕਰ ਰਹੀ ਹੈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਦਾ ਜੀਵਨ ਸੰਘਰਸ਼, ਤਪੱਸਿਆ ਅਤੇ ਮਨੁੱਖੀ ਭਲਾਈ ਦਾ ਪ੍ਰਤੀਕ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਸਮਾਜ ਨੂੰ ਸਹੀ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਾਜ ਨੂੰ ਜਾਤ-ਪਾਤ, ਭੇਦਭਾਵ ਅਤੇ ਊਚ-ਨੀਚ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੇ ਵਿਚਾਰ ਅੱਜ ਹੋਰ ਵੀ ਢੁੱਕਵੇਂ ਹਨ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਨੁਸਾਰ ਸਮਾਜ ਵਿੱਚ ਸਦਭਾਵਨਾ, ਭਾਈਚਾਰਾ ਅਤੇ ਬਰਾਬਰ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਇਸ ਮੌਕੇ ਚੇਅਰਮੈਨ ਪੰਜਾਬ ਐਸ.ਸੀ. ਕਮਿਸ਼ਨ ਡਾ. ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਸਮਾਜਿਕ ਨਿਆਂ, ਸਮਾਨਤਾ ਅਤੇ ਮਨੁੱਖੀ ਭਲਾਈ ਲਈ ਇੱਕ ਮਜ਼ਬੂਤ ਪ੍ਰੇਰਨਾ ਹਨ। ਗੁਰੂ ਜੀ ਨੇ ਆਪਣੇ ਜੀਵਨ ਅਤੇ ਸਿੱਖਿਆਵਾਂ ਰਾਹੀਂ ਸਮਾਜ ਵਿੱਚ ਪ੍ਰਚਲਿਤ ਵਿਤਕਰੇ, ਊਚ-ਨੀਚ ਅਤੇ ਅਸਮਾਨਤਾ ਨੂੰ ਖ਼ਤਮ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਨੂੰ ਲਾਗੂ ਕਰਨ ਲਈ ਲਗਾਤਾਰ ਯਤਨਸ਼ੀਲ ਹਾਂ ਅਤੇ ਅਨੁਸੂਚਿਤ ਜਾਤੀਆਂ ਦੀ ਸਮਾਜਿਕ, ਵਿੱਦਿਅਕ ਅਤੇ ਆਰਥਿਕ ਉੱਨਤੀ ਲਈ ਵੱਖ-ਵੱਖ ਲੋਕ ਭਲਾਈ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਅਜਿਹੇ ਇਕੱਠ ਸਮਾਜ ਵਿੱਚ ਏਕਤਾ, ਭਾਈਚਾਰਾ ਅਤੇ ਸਦਭਾਵਨਾ ਨੂੰ ਮਜ਼ਬੂਤ ਕਰਦੇ ਹਨ।

ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਆਯੋਜਿਤ ਇਹ ਰਾਜ ਪੱਧਰੀ ਇਕੱਠ ਸੰਗਤ ਲਈ ਅਧਿਆਤਮਿਕ ਊਰਜਾ ਦਾ ਕੇਂਦਰ ਹੈ। ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਸਾਨੂੰ ਸੱਚ, ਦਇਆ, ਸੇਵਾ ਅਤੇ ਸਮਰਪਣ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਵਿਚਾਰਾਂ ਨੂੰ ਅਪਣਾ ਕੇ ਹੀ ਸਮਾਨਤਾਵਾਦੀ ਅਤੇ ਮਜ਼ਬੂਤ ਸਮਾਜ ਦੀ ਉਸਾਰੀ ਸੰਭਵ ਹੈ। ਇਸ ਤਰ੍ਹਾਂ ਦੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੀ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦੇ ਹਨ, ਜੋ ਕਿ ਸਮਾਜ ਦੇ ਉੱਜਵਲ ਭਵਿੱਖ ਲਈ ਜ਼ਰੂਰੀ ਹੈ।

ਇਸ ਮੌਕੇ ਚੇਅਰਮੈਨ ਐਸ.ਸੀ. ਵਿੰਗ ਪੰਜਾਬ ਗੁਰਪ੍ਰੀਤ ਸਿੰਘ ਜੀ.ਪੀ., ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਡਾਇਰੈਕਟਰ ਸੈਰ-ਸਪਾਟਾ ਵਿਭਾਗ ਸੰਜੀਵ ਤਿਵਾੜੀ, ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ, ਨਗਰ ਨਿਗਮ ਕਮਿਸ਼ਨਰ ਜਯੋਤੀ ਬਾਲਾ,ਐਸ.ਡੀ.ਐਮ ਮੁਕੇਰੀਆਂ ਓਇਸ਼ੀ ਮੰਡਲ, ਐਸ.ਡੀ.ਐਮ ਗੜ੍ਹਸ਼ੰਕਰ ਸੰਜੀਵ ਕੁਮਾਰ, ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ, ਐਸ.ਡੀ.ਐਮ ਟਾਂਡਾ ਲਵਪ੍ਰੀਤ ਸਿੰਘ, ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ ਸਮੇਤ ਕਈ ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ। ਸਾਰਿਆਂ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਮੱਥਾ ਟੇਕਿਆ ਅਤੇ ਸੂਬੇ ਵਿੱਚ ਸ਼ਾਂਤੀ, ਖ਼ੁਸ਼ਹਾਲੀ ਅਤੇ ਤਰੱਕੀ ਲਈ ਅਰਦਾਸ ਕੀਤੀ।

# ਤਪ ਅਸਥਾਨ ਨਿਰਮਲ ਕੁਟੀਆ ਛੰਭ ਵਾਲੀ ਪੰਡਵਾ ਵਿਖੇ ਮਹਾਨ ਗੁਰਮਤਿ ਸਮਾਗਮ 12 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ : ਸੰਤ ਗੁਰਚਰਨ ਸਿੰਘ

ਫਗਵਾੜਾ, (ਦਲਜੀਤ ਅਜਨੋਹਾ) : ਤਪ ਅਸਥਾਨ ਨਿਰਮਲ ਕੁਟੀਆ ਛੰਭ ਵਾਲੀ ਪੰਡਵਾ ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 12 ਫਰਵਰੀ ਨੂੰ ਮਜੂਦਾ ਗੱਦੀ ਨਸ਼ੀਨ ਸੰਤ ਗੁਰਚਰਨ ਸਿੰਘ ਹੋਰਾਂ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਪ੍ਰੇਮ ਤੇ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਾਂਪੁਰਸ਼ ਸੰਤ ਗੁਰਚਰਨ ਸਿੰਘ ਹੋਰਾਂ ਨੇ ਦੱਸਿਆ ਕੇ ਇਸ ਗੁਰਮਤਿ ਸਮਾਗਮ ਦੌਰਾਨ ਸੰਤ ਮਲਕੀਤ ਸਿੰਘ ਜੀ ਮਜ਼ਾਰੀ ਵਾਲੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ ਸੰਤ ਗੁਰਚਰਨ ਸਿੰਘ ਹੋਰਾਂ ਵਲੋਂ ਸਮੂਹ ਸੰਗਤਾਂ ਨੂੰ ਇਸ ਗੁਰਮਤਿ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਗਈ ਇਸ ਮੌਕੇ ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ



# ਭਾਰਤ-ਅਮਰੀਕਾ ਟਰੇਡ ਡੀਲ
# ਪੰਜਾਬ ਦੇ ਖੇਤਾਂ 'ਚ ਗੂੰਜੀ ਵਿਦਰੋਹ ਦੀ ਆਵਾਜ਼, ਕੀ ਖ਼ਤਰੇ ਵਿੱਚ ਹੈ ਕਿਸਾਨੀ ਹੋਂਦ ?

ਨਵੀਂ ਦਿੱਲੀ : 'ਇਹ ਸਵਾਲ ਬੇਹੱਦ ਅਹਿਮ ਹੈ ਕਿ ਅਜਿਹੇ ਕਿਹੜੇ ਕਾਰਨ ਸਨ ਕਿ ਭਾਰਤ ਨੇ ਅਮਰੀਕਾ ਦੀਆਂ ਲਗਭਗ ਸਾਰੀਆਂ ਸ਼ਰਤਾਂ ਅੱਗੇ ਗੋਡੇ ਟੇਕ ਦਿੱਤੇ ਅਤੇ ਅਮਰੀਕੀ ਉਤਪਾਦਾਂ ਉੱਤੇ ਮਾਮੂਲੀ ਟੈਕਸ ਲਗਾਉਣ ਦੀ ਵੀ ਹਿੰਮਤ (ਜੁਰਅਤ) ਨਹੀਂ ਦਿਖਾਈ ? ਇਸ ਅਸਾਵੀਂ ਵਪਾਰਕ ਸੰਧੀ ਨੇ ਨਾ ਸਿਰਫ਼ ਭਾਰਤ ਦੇ ਲੋਕਾਂ ਨੂੰ, ਸਗੋਂ ਦੁਨੀਆ ਭਰ ਦੇ ਆਰਥਿਕ ਮਾਹਿਰਾਂ ਨੂੰ ਵੀ ਹੈਰਾਨੀ ਵਿੱਚ ਪਾ ਦਿੱਤਾ ਹੈ।'

ਅਮਰੀਕਾ ਅਤੇ ਭਾਰਤ ਵਿਚਾਲੇ ਹੋਏ ਨਵੇਂ ਵਪਾਰਕ ਸਮਝੌਤੇ (Trade Deal) ਨੇ ਪੰਜਾਬ ਸਮੇਤ ਪੂਰੇ ਭਾਰਤ ਦੇ ਕਿਸਾਨੀ ਹਲਕਿਆਂ ਵਿੱਚ ਇੱਕ ਨਵਾਂ ਭੂਚਾਲ ਲਿਆ ਦਿੱਤਾ ਹੈ। ਜਿੱਥੇ ਇੱਕ ਪਾਸੇ ਸਰਕਾਰ ਇਸ ਨੂੰ ਆਰਥਿਕ ਵਿਕਾਸ ਦਾ ਰਾਹ ਦੱਸ ਰਹੀ ਹੈ, ਉੱਥੇ ਹੀ ਕਿਸਾਨ ਜਥੇਬੰਦੀਆਂ ਇਸ ਨੂੰ 'ਇਤਿਹਾਸਕ ਗ਼ੱਦਾਰੀ' ਕਰਾਰ ਦੇ ਰਹੀਆਂ ਹਨ।

ਵਿਵਾਦ ਦੀ ਜੜ੍ਹ: ਅਮਰੀਕੀ ਖੇਤੀ ਉਤਪਾਦਾਂ ਦਾ 'ਹੜ੍ਹ'

ਅਮਰੀਕਾ ਦੀ ਖੇਤੀਬਾੜੀ ਸਕੱਤਰ ਬਰੂਕ ਰੋਲਿਨਜ਼ ਦੇ ਇੱਕ ਬਿਆਨ ਨੇ ਇਸ ਚਰਚਾ ਨੂੰ ਹਵਾ ਦਿੱਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸਮਝੌਤਾ ਅਮਰੀਕੀ ਕਿਸਾਨਾਂ ਲਈ ਭਾਰਤ ਦੇ ਵਿਸ਼ਾਲ ਬਾਜ਼ਾਰ ਦੇ ਦਰਵਾਜ਼ੇ ਖੋਲ੍ਹੇਗਾ।

ਕਿਸਾਨਾਂ ਦਾ ਖ਼ਦਸ਼ਾ: ਸੰਯੁਕਤ ਕਿਸਾਨ ਮੋਰਚੇ (SKM) ਦਾ ਦਾਅਵਾ ਹੈ ਕਿ ਭਾਰਤ ਸਰਕਾਰ ਨੇ ਅਮਰੀਕੀ ਖੇਤੀ ਉਤਪਾਦਾਂ 'ਤੇ 'ਜ਼ੀਰੋ ਫੀਸਦੀ' ਟੈਕਸ (Zero Tariff) ਦੀ ਮੰਗ ਮੰਨ ਲਈ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਅਮਰੀਕਾ ਦੀਆਂ ਸਸਤੀਆਂ ਦਾਲਾਂ, ਮੱਕੀ, ਸੋਇਆਬੀਨ ਅਤੇ ਕਪਾਹ ਭਾਰਤੀ ਬਾਜ਼ਾਰ 'ਚ ਭਰ ਜਾਣਗੀਆਂ, ਜਿਸ ਨਾਲ ਦੇਸੀ ਕਿਸਾਨਾਂ ਦੀਆਂ ਫ਼ਸਲਾਂ ਦੇ ਭਾਅ ਕੌਡੀਆਂ ਦੇ ਭਾਅ ਵਿਕਣਗੇ।

ਡੇਅਰੀ ਸੈਕਟਰ 'ਤੇ ਮੰਡਰਾਉਂਦੇ ਬੱਦਲ

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਦੇਸ਼ ਹੈ। ਸਟੇਟ ਬੈਂਕ ਆਫ਼ ਇੰਡੀਆ (SBI) ਦੀ ਰਿਪੋਰਟ ਮੁਤਾਬਕ: ਜੇਕਰ ਅਮਰੀਕੀ ਡੇਅਰੀ ਉਤਪਾਦਾਂ ਨੂੰ ਭਾਰਤ ਵਿੱਚ ਛੋਟ ਮਿਲਦੀ ਹੈ, ਤਾਂ ਭਾਰਤੀ ਦੁੱਧ ਦੀਆਂ ਕੀਮਤਾਂ 15% ਤੱਕ ਡਿੱਗ ਸਕਦੀਆਂ ਹਨ।


ਇਸ ਨਾਲ ਭਾਰਤੀ ਕਿਸਾਨਾਂ ਨੂੰ ਸਾਲਾਨਾ 1.03 ਲੱਖ ਕਰੋੜ ਰੁਪਏ ਦਾ ਵੱਡਾ ਨੁਕਸਾਨ ਹੋਣ ਦਾ ਅਨੁਮਾਨ ਹੈ।

'ਨਾਨ-ਵੈੱਜ ਮਿਲਕ' (Blood Meal) ਦਾ ਗੰਭੀਰ ਮੁੱਦਾ

ਸਭ ਤੋਂ ਵੱਡਾ ਸੱਭਿਆਚਾਰਕ ਅਤੇ ਧਾਰਮਿਕ ਵਿਵਾਦ ਅਮਰੀਕੀ ਗਾਵਾਂ ਨੂੰ ਦਿੱਤੀ ਜਾਣ ਵਾਲੀ ਖ਼ੁਰਾਕ ਨੂੰ ਲੈ ਕੇ ਹੈ। ਅਮਰੀਕਾ ਵਿੱਚ ਗਾਵਾਂ ਨੂੰ ਮੋਟਾ ਕਰਨ ਲਈ ਅਜਿਹਾ ਚਾਰਾ ਦਿੱਤਾ ਜਾਂਦਾ ਹੈ ਜਿਸ ਵਿੱਚ ਜਾਨਵਰਾਂ ਦਾ ਮਾਸ ਅਤੇ ਖ਼ੂਨ (Blood Meal) ਮਿਲਿਆ ਹੁੰਦਾ ਹੈ।

ਭਾਰਤੀ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਅਜਿਹਾ ਦੁੱਧ ਭਾਰਤ ਦੀਆਂ ਧਾਰਮਿਕ ਮਾਨਤਾਵਾਂ ਦੇ ਵਿਰੁੱਧ ਹੈ ਅਤੇ ਇਸ ਨੂੰ 'ਨਾਨ-ਵੈੱਜ ਮਿਲਕ' ਵਜੋਂ ਦੇਖਿਆ ਜਾ ਰਿਹਾ ਹੈ।

ਕਿਸਾਨ ਆਗੂਆਂ ਦੀ ਲਲਕਾਰ




ਪੰਜਾਬ ਦੇ ਪ੍ਰਮੁੱਖ ਕਿਸਾਨ ਆਗੂਆਂ ਨੇ ਸਰਕਾਰ ਵਿਰੁੱਧ ਮੋਰਚਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਹੈ:

ਡਾ. ਦਰਸ਼ਨ ਪਾਲ (ਕ੍ਰਾਂਤੀਕਾਰੀ ਕਿਸਾਨ ਯੂਨੀਅਨ): 'ਅਮਰੀਕਾ ਵਿੱਚ ਕਿਸਾਨਾਂ ਨੂੰ ਭਾਰੀ ਸਬਸਿਡੀਆਂ ਮਿਲਦੀਆਂ ਹਨ। ਇਹ ਇੱਕ ਤਾਕਤਵਰ ਪਹਿਲਵਾਨ ਨੂੰ ਕਮਜ਼ੋਰ ਪਹਿਲਵਾਨ ਨਾਲ ਲੜਾਉਣ ਵਰਗੀ ਗੱਲ ਹੈ।'

ਬਲਬੀਰ ਸਿੰਘ ਰਾਜੇਵਾਲ: 'ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਦੇ ਹੁਕਮਾਂ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਡੇਅਰੀ ਸੈਕਟਰ ਨੂੰ ਬਰਬਾਦੀ ਦੇ ਰਾਹ ਪਾ ਦਿੱਤਾ ਹੈ।'

ਜਗਮੋਹਨ ਸਿੰਘ: 'ਅਸੀਂ 2020-21 ਵਾਲੇ ਦਿੱਲੀ ਅੰਦੋਲਨ ਨੂੰ ਦੁਹਰਾਉਣ ਤੋਂ ਪਿੱਛੇ ਨਹੀਂ ਹਟਾਂਗੇ।'

ਆਗਾਮੀ ਸੰਘਰਸ਼ ਦੀ ਰੂਪ-ਰੇਖਾ

ਸੰਯੁਕਤ ਕਿਸਾਨ ਮੋਰਚੇ ਨੇ ਵੱਡੇ ਵਿਰੋਧ ਪ੍ਰਦਰਸ਼ਨਾਂ ਦਾ ਐਲਾਨ ਕੀਤਾ ਹੈ:

1. 4 ਤੋਂ 11 ਫਰਵਰੀ 2026: ਪਿੰਡ-ਪਿੰਡ ਮੋਦੀ ਅਤੇ ਟਰੰਪ ਦੇ ਪੁਤਲੇ ਫੂਕੇ ਜਾਣਗੇ।
2. 12 ਫਰਵਰੀ 2026: ਤਹਿਸੀਲ ਅਤੇ ਸ਼ਹਿਰੀ ਕੇਂਦਰਾਂ 'ਤੇ ਵਿਸ਼ਾਲ ਰੋਸ ਮੁਜ਼ਾਹਰੇ ਅਤੇ ਆਮ ਹੜਤਾਲ ਕੀਤੀ ਜਾਵੇਗੀ।

ਖੇਤੀਬਾੜੀ ਭਾਰਤ ਦੀ ਰੀੜ੍ਹ ਦੀ ਹੱਡੀ ਹੈ ਜਿਸ ਨਾਲ 70 ਕਰੋੜ ਲੋਕਾਂ ਦੀ ਰੋਜ਼ੀ-ਰੋਟੀ ਜੁੜੀ ਹੋਈ ਹੈ। ਜੇਕਰ ਵਪਾਰਕ ਹਿੱਤਾਂ ਲਈ ਕਿਸਾਨਾਂ ਦੀ ਸੁਰੱਖਿਆ ਕਵਚ (MSP) ਅਤੇ ਟੈਕਸ ਪ੍ਰਣਾਲੀ ਨਾਲ ਛੇੜਛਾੜ ਕੀਤੀ ਜਾਂਦੀ ਹੈ, ਤਾਂ ਪੰਜਾਬ ਦੀ ਧਰਤੀ ਇੱਕ ਵਾਰ ਫਿਰ ਵੱਡੇ ਅੰਦੋਲਨ ਦੀ ਗਵਾਹ ਬਣੇਗੀ।

ਕਿਸਾਨ ਜਥੇਬੰਦੀਆਂ ਅਤੇ ਆਗੂਆਂ ਨੇ ਸੋਸ਼ਲ ਮੀਡੀਆ (ਖ਼ਾਸ ਕਰਕੇ 'X' ਅਤੇ ਫੇਸਬੁੱਕ) ਨੂੰ ਇਸ ਵਪਾਰਕ ਸਮਝੌਤੇ ਵਿਰੁੱਧ ਇੱਕ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ। ਹਾਲ ਹੀ ਦੇ ਬਿਆਨਾਂ ਦਾ ਵਿਸ਼ਲੇਸ਼ਣ ਕਰਨ 'ਤੇ ਕੁਝ ਮੁੱਖ ਗੱਲਾਂ ਸਾਹਮਣੇ ਆਉਂਦੀਆਂ ਹਨ ਜੋ ਆਉਣ ਵਾਲੇ ਦਿਨਾਂ ਵਿੱਚ ਅੰਦੋਲਨ ਦੀ ਦਿਸ਼ਾ ਤੈਅ ਕਰਨਗੀਆਂ:

1. 'ਸਵੈ-ਨਿਰਭਰਤਾ' ਬਨਾਮ 'ਗੁਲਾਮੀ' ਦਾ ਬਿਰਤਾਂਤ

ਕਿਸਾਨ ਆਗੂਆਂ ਦੇ ਬਿਆਨਾਂ ਵਿੱਚ ਸਭ ਤੋਂ ਵੱਡਾ ਹਮਲਾ ਸਰਕਾਰ ਦੇ 'ਆਤਮਨਿਰਭਰ ਭਾਰਤ' ਦੇ ਨਾਅਰੇ 'ਤੇ ਹੈ।

ਵਿਸ਼ਲੇਸ਼ਣ: ਸੋਸ਼ਲ ਮੀਡੀਆ 'ਤੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਜੇਕਰ ਅਸੀਂ ਖਾਣ-ਪੀਣ ਦੀਆਂ ਵਸਤਾਂ ਲਈ ਅਮਰੀਕਾ 'ਤੇ ਨਿਰਭਰ ਹੋ ਗਏ, ਤਾਂ ਭਾਰਤ ਦੀ ਭੋਜਨ ਸੁਰੱਖਿਆ (Food Security) ਖ਼ਤਰੇ ਵਿੱਚ ਪੈ ਜਾਵੇਗੀ। ਕਿਸਾਨ ਇਸ ਨੂੰ 'ਆਰਥਿਕ ਗੁਲਾਮੀ' ਦੇ ਨਵੇਂ ਦੌਰ ਵਜੋਂ ਪੇਸ਼ ਕਰ ਰਹੇ ਹਨ।

2. ਧਾਰਮਿਕ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ (The Blood Meal Factor)

ਇਹ ਮੁੱਦਾ ਸੋਸ਼ਲ ਮੀਡੀਆ 'ਤੇ ਸਭ ਤੋਂ ਵੱਧ 'ਵਾਇਰਲ' ਹੋ ਰਿਹਾ ਹੈ।

ਵਿਸ਼ਲੇਸ਼ਣ: ਕਿਸਾਨ ਆਗੂ ਜਾਣਦੇ ਹਨ ਕਿ ਭਾਰਤ ਵਿੱਚ ਗਾਂ ਅਤੇ ਦੁੱਧ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। 'ਬਲੱਡ ਮੀਲ' (ਪਸ਼ੂਆਂ ਦੇ ਮਾਸ ਵਾਲਾ ਚਾਰਾ) ਦੀਆਂ ਵੀਡੀਓਜ਼ ਅਤੇ ਰਿਪੋਰਟਾਂ ਸਾਂਝੀਆਂ ਕਰਕੇ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਸਰਕਾਰ ਸਿਰਫ਼ ਪੈਸੇ ਲਈ ਲੋਕਾਂ ਦੇ ਧਰਮ ਅਤੇ ਸਿਹਤ ਨਾਲ ਖਿਲਵਾੜ ਕਰ ਰਹੀ ਹੈ। ਇਹ ਰਣਨੀਤੀ ਸ਼ਹਿਰੀ ਵਰਗ ਨੂੰ ਵੀ ਕਿਸਾਨਾਂ ਦੇ ਹੱਕ ਵਿੱਚ ਖੜ੍ਹਾ ਕਰਨ ਲਈ ਵਰਤੀ ਜਾ ਰਹੀ ਹੈ।

3. ਡਿਜੀਟਲ ਮੋਰਚੇਬੰਦੀ ਅਤੇ 'ਹੈਸ਼ਟੈਗ' ਮੁਹਿੰਮ

ਸੰਯੁਕਤ ਕਿਸਾਨ ਮੋਰਚੇ ਦੇ ਆਈ.ਟੀ. ਵਿੰਗ ਨੇ ਕੁਝ ਖ਼ਾਸ ਹੈਸ਼ਟੈਗਸ ਰਾਹੀਂ ਮੁਹਿੰਮ ਤੇਜ਼ ਕੀਤੀ ਹੈ:

- SaveIndianFarmer
- #NoToUSDairy
- #ModiTrumpDeal

ਵਿਸ਼ਲੇਸ਼ਣ: ਇਨ੍ਹਾਂ ਹੈਸ਼ਟੈਗਸ ਰਾਹੀਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਇਸ ਮੁੱਦੇ ਨੂੰ ਉਭਾਰਿਆ ਜਾ ਰਿਹਾ ਹੈ ਤਾਂ ਜੋ ਦੁਨੀਆ ਭਰ ਵਿੱਚ ਬੈਠੇ ਪੰਜਾਬੀ ਭਾਈਚਾਰੇ ਦਾ ਸਮਰਥਨ ਹਾਸਲ ਕੀਤਾ ਜਾ ਸਕੇ।

4. ਵਿਰੋਧ ਦਾ ਨਵਾਂ ਤਰੀਕਾ: ਪੁਤਲੇ ਅਤੇ ਡਿਜੀਟਲ ਪ੍ਰਦਰਸ਼ਨ

4 ਤੋਂ 11 ਫਰਵਰੀ ਤੱਕ ਦੇ ਪ੍ਰੋਗਰਾਮਾਂ ਵਿੱਚ ਕਿਸਾਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਾ ਸਿਰਫ਼ ਪੁਤਲੇ ਫੂਕਣ, ਸਗੋਂ ਉਨ੍ਹਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨੂੰ ਵੱਧ ਤੋਂ ਵੱਧ ਸ਼ੇਅਰ ਕਰਨ।

ਵਿਸ਼ਲੇਸ਼ਣ: ਇਸ ਦਾ ਮਕਸਦ ਸਰਕਾਰ 'ਤੇ ਮਨੋਵਿਗਿਆਨਕ ਦਬਾਅ ਬਣਾਉਣਾ ਹੈ ਕਿ ਕਿਸਾਨ ਹਾਲੇ ਵੀ ਉਸੇ ਤਰ੍ਹਾਂ ਇੱਕਜੁੱਟ ਹਨ ਜਿਵੇਂ ਉਹ 2020 ਦੇ ਅੰਦੋਲਨ ਦੌਰਾਨ ਸਨ।

ਮੁੱਖ ਆਗੂਆਂ ਦੇ 'X' (Twitter) ਦੇ ਰੁਝਾਨ:

ਡਾ. ਦਰਸ਼ਨ ਪਾਲ: ਉਨ੍ਹਾਂ ਦੀਆਂ ਪੋਸਟਾਂ ਵਿੱਚ ਤਕਨੀਕੀ ਅੰਕੜਿਆਂ (ਜਿਵੇਂ GDP ਅਤੇ ਸਬਸਿਡੀ) 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਪੜ੍ਹੇ-ਲਿਖੇ ਵਰਗ ਨੂੰ ਸਮਝਾਇਆ ਜਾ ਸਕੇ।

ਬਲਬੀਰ ਸਿੰਘ ਰਾਜੇਵਾਲ: ਉਹ ਸਿੱਧੇ ਤੌਰ 'ਤੇ ਪੰਜਾਬੀ ਸੱਭਿਆਚਾਰ ਅਤੇ ਕਿਸਾਨੀ ਹੋਂਦ ਨੂੰ ਬਚਾਉਣ ਦੀਆਂ ਭਾਵੁਕ ਅਪੀਲਾਂ ਕਰ ਰਹੇ ਹਨ।

ਅਹਿਮ ਨੁਕਤਾ: ਜੇਕਰ ਸਰਕਾਰ ਨੇ ਜਲਦ ਹੀ 'ਜ਼ੀਰੋ ਟੈਰਿਫ' ਅਤੇ 'ਡੇਅਰੀ ਸੈਕਟਰ' ਬਾਰੇ ਸਥਿਤੀ ਸਪੱਸ਼ਟ ਨਾ ਕੀਤੀ, ਤਾਂ ਸੋਸ਼ਲ ਮੀਡੀਆ 'ਤੇ ਚੱਲ ਰਹੀ ਇਹ ਜੰਗ ਬਹੁਤ ਜਲਦ ਸੜਕਾਂ 'ਤੇ ਇੱਕ ਵੱਡੇ ਜਨ-ਅੰਦੋਲਨ ਦਾ ਰੂਪ ਲੈ ਲਵੇਗੀ।

### ਅਰਬ ਸਾਗਰ 'ਚ ਵਧਿਆ ਤਣਾਅ

# ਅਮਰੀਕੀ ਜਲ ਸੈਨਾ ਨੇ ਈਰਾਨੀ ਡਰੋਨ ਨੂੰ ਮਾਰ ਗਿਰਾਇਆ



ਵਾਸ਼ਿੰਗਟਨ : ਅਰਬ ਸਾਗਰ ਵਿੱਚ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਇੱਕ ਵਾਰ ਫਿਰ ਸਿਖਰਾਂ 'ਤੇ ਪਹੁੰਚ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਅਮਰੀਕੀ ਫੌਜ ਨੇ ਆਪਣੇ ਇੱਕ ਜੰਗੀ ਬੇੜੇ (ਏਅਰਕ੍ਰਾਫਟ ਕੈਰੀਅਰ) ਵੱਲ ਵਧ ਰਹੇ ਈਰਾਨੀ ਡਰੋਨ ਨੂੰ ਮਾਰ ਗਿਰਾਇਆ ਹੈ। ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਇਸੇ ਹਫ਼ਤੇ ਤੁਰਕੀ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਪਰਮਾਣੂ ਸਮਝੌਤੇ ਨੂੰ ਲੈ ਕੇ ਅਹਿਮ ਗੱਲਬਾਤ ਸ਼ੁਰੂ ਹੋਣ ਵਾਲੀ ਹੈ।

ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਈਰਾਨ ਦਾ 'ਸ਼ਹੀਦ-139' ਡਰੋਨ ਅਮਰੀਕੀ ਜੰਗੀ ਬੇੜੇ ਵੱਲ ਵਧ ਰਿਹਾ ਸੀ, ਜਿਸ ਨੂੰ ਇੱਕ ਵੱਡੇ ਖ਼ਤਰੇ ਵਜੋਂ ਦੇਖਿਆ ਗਿਆ। ਇਸ ਤੋਂ ਬਾਅਦ ਅਮਰੀਕੀ F-35 ਫਾਈਟਰ ਜੈੱਟ ਨੇ ਹਵਾ ਵਿੱਚ ਹੀ ਡਰੋਨ ਨੂੰ ਨਿਸ਼ਾਨਾ ਬਣਾ ਕੇ ਤਬਾਹ ਕਰ ਦਿੱਤਾ। ਹਾਲਾਂਕਿ, ਈਰਾਨ ਵੱਲੋਂ ਇਸ ਘਟਨਾ 'ਤੇ ਅਜੇ ਤੱਕ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ।

ਡਰੋਨ ਦੀ ਘਟਨਾ ਤੋਂ ਪਹਿਲਾਂ, ਮੰਗਲਵਾਰ ਨੂੰ 'ਸਟ੍ਰੇਟ ਆਫ ਹੋਰਮੁਜ਼' (Strait of Hormuz) ਵਿੱਚ ਵੀ ਟਕਰਾਅ ਦੀ ਸਥਿਤੀ ਬਣੀ ਸੀ। ਰਿਪੋਰਟਾਂ ਮੁਤਾਬਕ, ਈਰਾਨ ਦੀਆਂ ਛੇ ਹਥਿਆਰਬੰਦ ਗਨਬੋਟਾਂ, ਜੋ ਕਿ ਮਸ਼ੀਨ ਗਨਾਂ ਨਾਲ ਲੈਸ ਸਨ, ਨੇ ਇੱਕ ਅਮਰੀਕੀ ਝੰਡੇ ਵਾਲੇ ਤੇਲ ਟੈਂਕਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਕਿਸ਼ਤੀਆਂ ਨੇ ਟੈਂਕਰ ਨੂੰ ਇੰਜਣ ਬੰਦ ਕਰਨ ਅਤੇ ਤਲਾਸ਼ੀ ਲਈ ਤਿਆਰ ਰਹਿਣ ਦਾ ਹੁਕਮ ਦਿੱਤਾ ਸੀ, ਪਰ ਟੈਂਕਰ ਨੇ ਆਪਣੀ ਰਫ਼ਤਾਰ ਵਧਾ ਦਿੱਤੀ ਅਤੇ ਬਾਅਦ ਵਿੱਚ ਇੱਕ ਅਮਰੀਕੀ ਜੰਗੀ ਬੇੜੇ ਨੇ ਉਸ ਨੂੰ ਸੁਰੱਖਿਆ ਪ੍ਰਦਾਨ ਕੀਤੀ।

ਪਿਛਲੇ ਇੱਕ ਮਹੀਨੇ ਦੌਰਾਨ ਅਮਰੀਕਾ ਨੇ ਈਰਾਨ ਦੇ ਆਲੇ-ਦੁਆਲੇ ਆਪਣੀ ਫੌਜੀ ਗਤੀਵਿਧੀ ਕਾਫੀ ਵਧਾ ਦਿੱਤੀ ਹੈ। ਅਮਰੀਕੀ ਏਅਰਕ੍ਰਾਫਟ ਕੈਰੀਅਰ USS ਅਬਰਾਹਮ ਲਿੰਕਨ ਤਿੰਨ ਗਾਈਡਡ ਮਿਜ਼ਾਈਲ ਡਿਸਟ੍ਰੋਇਰਸ ਦੇ ਨਾਲ 26 ਜਨਵਰੀ ਨੂੰ ਇਸ ਖੇਤਰ ਵਿੱਚ ਦਾਖਲ ਹੋਇਆ ਸੀ ਅਤੇ ਫਿਲਹਾਲ ਉੱਤਰੀ ਅਰਬ ਸਾਗਰ ਵਿੱਚ ਤੈਨਾਤ ਹੈ। ਇਸ ਤੋਂ ਇਲਾਵਾ, ਖੇਤਰ ਵਿੱਚ ਅਮਰੀਕਾ ਦੇ ਲਗਭਗ ਇੱਕ ਦਰਜਨ ਜੰਗੀ ਬੇੜੇ ਅਤੇ ਕਈ ਲੜਾਕੂ ਜਹਾਜ਼ ਮੌਜੂਦ ਹਨ, ਜੋ ਕਿਸੇ ਵੀ ਸੰਭਾਵੀ ਹਮਲੇ ਜਾਂ ਜਵਾਬੀ ਕਾਰਵਾਈ ਲਈ ਤਿਆਰ ਦੱਸੇ ਜਾ ਰਹੇ ਹਨ।

# ਟਰੰਪ ਵਲੋਂ ਅਮਰੀਕਾ-ਭਾਰਤ ਵਪਾਰ ਸਮਝੌਤੇ ਦਾ ਐਲਾਨ

## ਕਿਹਾ - ਟੈਰਿਫ਼ 25 ਤੋਂ ਘਟਾ ਕੇ 18 ਫੀਸਦੀ ਕਰਾਂਗੇ

• ਪ੍ਰਧਾਨ ਮੰਤਰੀ ਮੋਦੀ ਨਾਲ ਫੋਨ 'ਤੇ ਕੀਤੀ ਗੱਲਬਾਤ • ਮੋਦੀ ਵਲੋਂ ਅਮਰੀਕੀ ਰਾਸ਼ਟਰਪਤੀ ਦਾ ਧੰਨਵਾਦ

ਨਵੀਂ ਦਿੱਲੀ : ਭਾਰਤ ਅਤੇ ਅਮਰੀਕਾ ਇਕ ਵਪਾਰ ਸਮਝੌਤੇ 'ਤੇ ਸਹਿਮਤ ਹੋਏ ਹਨ ਜਿਸ ਤਹਿਤ ਵਾਸ਼ਿੰਗਟਨ ਭਾਰਤੀ ਵਸਤੂਆਂ 'ਤੇ ਪਰਸਪਰ ਟੈਰਿਫ ਨੂੰ ਮੌਜੂਦਾ 25 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲਬਾਤ ਤੋਂ ਬਾਅਦ ਇਹ ਐਲਾਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਹ ਖੁਸ਼ ਹਨ ਕਿ ਭਾਰਤ 'ਚ ਬਣੇ ਉਤਪਾਦਾਂ 'ਤੇ ਟੈਰਿਫ ਹੁਣ ਘਟ ਕੇ 18 ਫ਼ੀਸਦੀ ਹੋ ਗਿਆ ਹੈ। ਮੋਦੀ ਨੇ ਕਿਹਾ ਕਿ ਆਪਣੇ ਪਿਆਰੇ ਮਿੱਤਰ ਰਾਸ਼ਟਰਪਤੀ ਟਰੰਪ ਨਾਲ ਗੱਲ ਕਰਕੇ ਚੰਗਾ ਲੱਗਾ। ਉਨ੍ਹਾਂ ਵਪਾਰ ਸੌਦੇ ਦਾ ਜ਼ਿਕਰ ਕੀਤੇ ਬਿਨਾਂ 'ਐਕਸ' 'ਤੇ ਲਿਖਿਆ ਕਿ ਇਸ ਸ਼ਾਨਦਾਰ ਐਲਾਨ ਲਈ ਰਾਸ਼ਟਰਪਤੀ ਟਰੰਪ ਦਾ ਭਾਰਤ ਦੀ 1.4 ਅਰਬ ਜਨਤਾ ਵਲੋਂ ਧੰਨਵਾਦ। ਟਰੰਪ ਨੇ ਦਾਅਵਾ ਕੀਤਾ ਕਿ ਭਾਰਤ ਅਮਰੀਕਾ ਵਿਰੁੱਧ ਟੈਰਿਫ ਤੇ ਗੈਰ-ਟੈਰਿਫ ਰੁਕਾਵਟਾਂ ਨੂੰ ਜ਼ੀਰੋ ਤੱਕ ਘਟਾਉਣ ਲਈ ਅੱਗੇ ਵਧੇਗਾ। ਅਮਰੀਕੀ ਰਾਸ਼ਟਰਪਤੀ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਪ੍ਰਤੀ ਮਿੱਤਰਤਾ ਅਤੇ ਸਨਮਾਨ ਦੇ ਕਾਰਨ ਅਤੇ ਉਨ੍ਹਾਂ ਦੀ ਬੇਨਤੀ 'ਤੇ ਤੁਰੰਤ ਪ੍ਰਭਾਵ ਨਾਲ ਅਸੀਂ ਅਮਰੀਕਾ ਅਤੇ ਭਾਰਤ ਦਰਮਿਆਨ ਇਕ ਵਪਾਰ ਸਮਝੌਤੇ 'ਤੇ ਸਹਿਮਤੀ ਜਤਾਈ ਹੈ, ਜਿਸ ਤਹਿਤ ਅਮਰੀਕਾ ਆਪਸੀ ਟੈਰਿਫ ਨੂੰ 25 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰ ਦੇਵੇਗਾ। ਭਾਰਤ ਵੀ ਇਸੇ ਤਰ੍ਹਾਂ ਅਮਰੀਕਾ ਵਿਰੁੱਧ ਆਪਣੇ ਟੈਰਿਫ਼ ਅਤੇ ਗੈਰ-ਟੈਰਿਫ਼ ਰੁਕਾਵਟਾਂ ਨੂੰ ਸਿਫਰ ਕਰਨ ਦੀ ਦਿਸ਼ਾ 'ਚ ਅੱਗੇ ਵਧੇਗਾ। ਟਰੰਪ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ 500 ਅਰਬ ਡਾਲਰ ਤੋਂ ਜ਼ਿਆਦਾ ਦੇ ਅਮਰੀਕੀ



ਊਰਜਾ, ਤਕਨੀਕੀ, ਖੇਤੀ, ਕੋਲਾ ਅਤੇ ਹੋਰ ਕਈ ਉਤਪਾਦਾਂ ਦੇ ਇਲਾਵਾ ਅਮਰੀਕੀ ਉਤਪਾਦ ਖਰੀਦਣ ਲਈ ਪ੍ਰਤੀਬੱਧਤਾ ਪ੍ਰਟਾਈ। ਉਨ੍ਹਾਂ ਕਿਹਾ ਕਿ ਭਾਰਤ ਦੇ ਨਾਲ ਸਾਡੇ ਅਦਭੁਤ ਸੰਬੰਧ ਅੱਗੇ ਚੱਲ ਕੇ ਹੋਰ ਵੀ ਮਜ਼ਬੂਤ ਹੋਣਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਮੈਂ ਦੋ ਅਜਿਹੇ ਵਿਅਕਤੀ ਹਾਂ ਜੋ ਕੰਮ ਕਰ ਕੇ ਦਿਖਾਉਂਦੇ ਹਾਂ, ਜੋ ਕਿ ਜ਼ਿਆਦਾਤਰ ਲੋਕਾਂ ਦੇ ਬਾਰੇ 'ਚ ਨਹੀਂ ਕਿਹਾ ਜਾ ਸਕਦਾ। ਆਪਣੀਆਂ ਟਿੱਪਣੀਆਂ 'ਚ ਮੋਦੀ ਨੇ ਕਿਹਾ ਕਿ ਜਦੋਂ ਦੋ ਵੱਡੀਆਂ ਅਰਥਵਿਵਸਥਾਵਾਂ ਅਤੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਇਕੱਠੇ ਕੰਮ ਕਰਦੇ ਹਨ ਤਾਂ ਇਹ ਸਾਡੇ ਲੋਕਾਂ ਨੂੰ ਲਾਭ ਪਹੁੰਚਾਉਂਦਾ ਹੈ ਤੇ ਆਪਸੀ ਲਾਭਦਾਇਕ ਸਹਿਯੋਗ ਲਈ ਬੇਅੰਤ ਮੌਕੇ ਖੋਲ੍ਹਦਾ ਹੈ। ਰਾਸ਼ਟਰਪਤੀ ਟਰੰਪ ਦੀ ਅਗਵਾਈ ਵਿਸ਼ਵ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਲਈ ਬਹੁਤ ਜ਼ਰੂਰੀ ਹੈ। ਮੋਦੀ ਨੇ ਕਿਹਾ ਕਿ ਭਾਰਤ ਸ਼ਾਂਤੀ ਲਈ ਉਨ੍ਹਾਂ ਦੇ ਯਤਨਾਂ ਦਾ ਪੂਰਾ ਸਮਰਥਨ ਕਰਦਾ ਹੈ। ਉਨ੍ਹਾਂ ਕਿਹਾ ਕਿ ਉਹ ਦੋਵੇਂ ਦੇਸ਼ਾਂ ਦੀ ਸਾਂਝੇਦਾਰੀ ਨੂੰ ਬੇਮਿਸਾਲ ਉਚਾਈਆਂ 'ਤੇ ਲਿਜਾਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦੇ ਹਨ। ਟਰੰਪ ਨੇ ਕਿਹਾ ਕਿ ਮੋਦੀ ਅਤੇ ਉਨ੍ਹਾਂ ਨੇ ਰੂਸ ਤੇ ਯੂਕਰੇਨ ਦਰਮਿਆਨ ਯੁੱਧ ਸਮਾਪਤ ਕਰਨ ਸਮੇਤ ਕਈ ਮੁੱਦਿਆਂ 'ਤੇ ਚਰਚਾ ਕੀਤੀ। ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਮੋਦੀ ਰੂਸ ਤੋਂ ਤੇਲ ਦੀ ਖ਼ਰੀਦ ਬੰਦ ਕਰਨ 'ਤੇ ਵੀ ਸਹਿਮਤ ਹੋਏ ਅਤੇ ਅਮਰੀਕਾ ਤੇ ਸੰਭਾਵਿਤ ਤੌਰ 'ਤੇ ਵੈਨੇਜ਼ੂਏਲਾ ਤੋਂ ਜ਼ਿਆਦਾ ਤੇਲ ਖ਼ਰੀਦਣ 'ਤੇ ਸਹਿਮਤ ਹੋਏ ਹਨ। ਇਸ ਨਾਲ ਯੂਕਰੇਨ 'ਚ ਚੱਲ ਰਹੇ ਯੁੱਧ ਨੂੰ ਸਮਾਪਤ ਕਰਨ 'ਚ ਮਦਦ ਮਿਲੇਗੀ, ਜਿਸ ਵਿਚ ਹਰ ਹਫ਼ਤੇ ਹਜ਼ਾਰਾਂ ਲੋਕ ਮਾਰੇ ਜਾ ਰਹੇ ਹਨ। ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕਰਨਾ ਮੇਰੇ ਲਈ ਸਨਮਾਨ ਦੀ ਗੱਲ ਸੀ। ਉਨ੍ਹਾਂ ਕਿਹਾ ਕਿ ਉਹ ਮੇਰੇ ਸਭ ਤੋਂ ਕਰੀਬੀ ਦੋਸਤਾਂ 'ਚੋਂ ਇਕ ਹਨ ਅਤੇ ਆਪਣੇ ਦੇਸ਼ ਦੇ ਇਕ ਸ਼ਕਤੀਸ਼ਾਲੀ ਅਤੇ ਸਨਮਾਨਿਤ ਨੇਤਾ ਹਨ। ਜਦੋਂ ਮੋਦੀ ਅਤੇ ਟਰੰਪ ਦਰਮਿਆਨ ਗੱਲਬਾਤ ਹੋਈ ਹੈ ਉੱਧਰ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਵਾਸ਼ਿੰਗਟਨ ਡੀ.ਸੀ. ਦੇ ਦੌਰੇ 'ਤੇ ਜਾ ਰਹੇ ਹਨ।

# ਅਮਰੀਕਾ ਵੱਲੋਂ 149 ਹੋਰ ਗੈਰ ਕਾਨੂੰਨੀ ਭਾਰਤੀ ਬੇੜੀਆਂ 'ਚ ਬੰਨ੍ਹ ਕੇ ਡਿਪੋਰਟ

ਵਾਸ਼ਿੰਗਟਨ : ਅਮਰੀਕਾ 'ਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਏ ਅਤੇ ਬਿਨਾਂ ਦਸਤਾਵੇਜ਼ਾਂ ਤੋਂ ਰਹਿ ਰਹੇ ਭਾਰਤੀਆਂ 'ਤੇ ਸ਼ਿਕੰਜਾ ਕੱਸਦੇ ਹੋਏ ਅਮਰੀਕੀ ਸਰਕਾਰ ਨੇ ਇੱਕ ਵਾਰ ਫਿਰ ਵੱਡੀ ਕਾਰਵਾਈ ਕੀਤੀ ਹੈ। ਤਾਜ਼ਾ ਜਾਣਕਾਰੀ ਅਨੁਸਾਰ, ਅਮਰੀਕਾ ਵੱਲੋਂ 149 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕਰਕੇ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ। ਇਨ੍ਹਾਂ ਵਿਚ ਜ਼ਿਆਦਾਤਰ ਨੌਜਵਾਨ ਕਰਨਾਲ ਨਾਲ ਸਬੰਧਤ ਦੱਸੇ ਜਾ ਰਹੇ ਹਨ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਅਮਰੀਕਾ ਵੱਲੋਂ ਕਈ ਭਾਰਤੀ ਬੇੜੀਆਂ ਵਿਚ ਬੰਨ੍ਹ ਕੇ ਵਿਸ਼ੇਸ਼ ਜਹਾਜ਼ਾਂ ਰਾਹੀਂ ਡਿਪੋਰਟ ਕੀਤੇ ਗਏ ਸਨ।




ਸੂਤਰਾਂ ਅਨੁਸਾਰ ਜਦੋਂ ਤੋਂ ਅਮਰੀਕਾ ਵਿਚ ਡੋਨਲਡ ਟਰੰਪ ਦੀ ਸਰਕਾਰ ਆਈ ਹੈ, ਉਦੋਂ ਤੋਂ 'ਅਮਰੀਕਾ ਫਸਟ' ਦੀ ਨੀਤੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਰਾਸ਼ਟਰਪਤੀ ਟਰੰਪ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਜਿਹੜੇ ਪ੍ਰਵਾਸੀ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਰਹਿ ਰਹੇ ਹਨ ਜਾਂ ਕਿਸੇ ਅਪਰਾਧਿਕ ਗਤੀਵਿਧੀ ਵਿਚ ਸ਼ਾਮਲ ਹਨ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਡਿਪੋਰਟ ਕੀਤਾ ਜਾਵੇਗਾ। ਇਸੇ ਚੇਤਾਵਨੀ ਦੇ ਤਹਿਤ ਹੁਣ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

ਡਿਪੋਰਟ ਕੀਤੇ ਗਏ ਇਨ੍ਹਾਂ 149 ਭਾਰਤੀਆਂ ਵਿਚ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ 15 ਨੌਜਵਾਨ ਸ਼ਾਮਲ ਦੱਸੇ ਜਾ ਰਹੇ ਹਨ। ਇਨ੍ਹਾਂ ਵਿਚੋਂ ਇੱਕ ਅਜਿਹਾ ਨੌਜਵਾਨ ਵੀ ਹੈ, ਜਿਸ ਨੇ ਅਮਰੀਕਾ ਜਾਣ ਦੇ ਸੁਪਨੇ ਨੂੰ ਪੂਰਾ ਕਰਨ ਲਈ 65 ਲੱਖ ਰੁਪਏ ਖਰਚ ਕੀਤੇ ਸਨ, ਪਰ ਹੁਣ ਉਸ ਨੂੰ ਖਾਲੀ ਹੱਥ ਵਾਪਸ ਪਰਤਣਾ ਪਿਆ ਹੈ। ਹਾਲਾਂਕਿ ਪੰਜਾਬ ਨਾਲ ਸਬੰਧਤ ਕਿੰਨੇ ਨੌਜਵਾਨ ਇਸ ਵਿਚ ਸ਼ਾਮਲ ਹਨ, ਇਸ ਬਾਰੇ ਜਾਣਕਾਰੀ ਅਜੇ ਸਾਹਮਣੇ ਨਹੀਂ ਆਈ ਹੈ।

ਇਹ ਕੋਈ ਪਹਿਲਾ ਮਾਮਲਾ ਨਹੀਂ ਹੈ; ਇਸ ਤੋਂ ਪਹਿਲਾਂ ਵੀ ਅਮਰੀਕਾ ਵੱਲੋਂ ਕਈ ਵਾਰ ਜਹਾਜ਼ ਭਰ-ਭਰ ਕੇ ਭਾਰਤੀਆਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ। ਪਹਿਲਾਂ ਇਹ ਜਹਾਜ਼ ਅੰਮ੍ਰਿਤਸਰ ਏਅਰਪੋਰਟ 'ਤੇ ਉਤਰਦੇ ਸਨ, ਪਰ ਇਸ ਵਾਰ ਇਨ੍ਹਾਂ ਨੌਜਵਾਨਾਂ ਨੂੰ ਵੱਖ-ਵੱਖ ਫਲਾਈਟਾਂ ਰਾਹੀਂ ਵਾਪਸ ਭੇਜਿਆ ਜਾ ਰਿਹਾ ਹੈ। ਅਮਰੀਕੀ ਸਰਕਾਰ ਦੀ ਇਸ ਸਖ਼ਤੀ ਨੇ ਗੈਰ-ਕਾਨੂੰਨੀ ਤਰੀਕੇ ਨਾਲ ਉੱਥੇ ਰਹਿ ਰਹੇ ਹੋਰਨਾਂ ਭਾਰਤੀਆਂ ਵਿੱਚ ਵੀ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

# ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਪਾਲ ਸਿੰਘ ਬੰਗਾ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਹੋਏ ਨਤਮਸਤਕ





ਪੇਸ਼ਾਵਰ : ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਅੱਜ-ਕੱਲ੍ਹ ਪਾਕਿਸਤਾਨ ਦੇ ਦੌਰੇ 'ਤੇ ਹਨ। ਇਸ ਦੌਰਾਨ ਉਨ੍ਹਾਂ ਨੇ ਹਸਨ ਅਬਦਾਲ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਘਰ ਦਾ ਆਸ਼ੀਰਵਾਦ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਸੰਘੀ ਵਿੱਤ ਮੰਤਰੀ ਮੁਹੰਮਦ ਔਰੰਗਜ਼ੇਬ ਅਤੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਵੀ ਮੌਜੂਦ ਸਨ।

ਆਪਣੀ ਫੇਰੀ ਦੌਰਾਨ ਅਜੈ ਬੰਗਾ ਨੇ ਸ੍ਰੀ ਪੰਜਾ ਸਾਹਿਬ ਵਿਖੇ ਵਿਸ਼ੇਸ਼ ਅਰਦਾਸ ਕੀਤੀ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿੱਚ ਬੈਠ ਕੇ ਪ੍ਰਸ਼ਾਦਾ ਵੀ ਛਕਿਆ। ਇਸ ਮੌਕੇ ਉਨ੍ਹਾਂ ਦੀ ਪਤਨੀ ਅਤੇ ਵਿਸ਼ਵ ਬੈਂਕ ਦੇ ਉੱਚ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਸਨ। ਪਾਕਿਸਤਾਨੀ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਅਜੈ ਬੰਗਾ ਖ਼ੈਬਰ ਪਖ਼ਤੂਨਖ਼ਵਾ ਸੂਬੇ ਦੇ ਖਾਨਪੁਰ




ਇਲਾਕੇ ਵਿੱਚ ਪਹੁੰਚੇ। ਇੱਥੇ ਉਨ੍ਹਾਂ ਨੇ ਪ੍ਰਸਿੱਧ 'ਜੌਲੀਅਨ ਬੋਧੀ ਪੁਰਾਤੱਤਵ ਸਥਾਨ' (Jaulian Buddhist Archaeological Site) ਦਾ ਦੌਰਾ ਕੀਤਾ। ਇਸ ਮੌਕੇ ਖ਼ੈਬਰ ਪਖ਼ਤੂਨਖ਼ਵਾ ਦੇ ਮੁੱਖ ਮੰਤਰੀ ਦੇ ਵਿੱਤੀ ਸਲਾਹਕਾਰ ਮੁਜ਼ੱਮਿਲ ਅਸਲਮ ਅਤੇ ਐਮ.ਐਨ.ਏ. ਫੈਸਲ ਅਮੀਨ ਗੰਡਾਪੁਰ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਦੌਰੇ ਦੌਰਾਨ ਮੁਜ਼ੱਮਿਲ ਅਸਲਮ ਨੇ ਵਿਸ਼ਵ ਬੈਂਕ ਦੇ ਪ੍ਰਧਾਨ ਨਾਲ ਸੂਬੇ ਦੇ ਆਰਥਿਕ ਮਾਮਲਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਅੰਤ ਵਿੱਚ ਅਧਿਕਾਰੀਆਂ ਵੱਲੋਂ ਅਜੈ ਬੰਗਾ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

# ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਸੰਸਦ ਭਵਨ ਵਿੱਚ ਸਾਬਕਾ ਫੌਜ ਮੁਖੀ ਜਨਰਲ ਮਨੋਜ ਮੁਕੰਦ ਨਰਵਣੇ ਦੀ ਕਿਤਾਬ 'ਫੋਰ ਸਟਾਰਸ ਆਫ ਡੈਸਟੀਨੀ' (Four Stars of Destiny) ਹੱਥ ਵਿੱਚ ਫੜੀ ਹੋਣ ਦੀ ਤਸਵੀਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ।







ਇਸ ਖ਼ਬਰ ਦੇ ਮੁੱਖ ਵੇਰਵੇ ਹੇਠਾਂ ਦਿੱਤੇ ਗਏ ਹਨ:

ਮੁੱਖ ਖ਼ਬਰ: ਸੰਸਦ ਵਿੱਚ ਰਾਹੁਲ ਗਾਂਧੀ ਦਾ ਨਵਾਂ ਅੰਦਾਜ਼

ਬਜਟ ਸੈਸ਼ਨ ਦੇ ਦੌਰਾਨ, ਰਾਹੁਲ ਗਾਂਧੀ ਬੁੱਧਵਾਰ ਨੂੰ ਸੰਸਦ ਦੇ ਅਹਾਤੇ ਵਿੱਚ ਜਨਰਲ ਐਮ.ਐਮ. ਨਰਵਣੇ ਦੀ ਸਵੈ-ਜੀਵਨੀ 'ਫੋਰ ਸਟਾਰਸ ਆਫ ਡੈਸਟੀਨੀ' ਫੜੇ ਹੋਏ ਨਜ਼ਰ ਆਏ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸੰਸਦ ਵਿੱਚ ਵੱਖ-ਵੱਖ ਮੁੱਦਿਆਂ 'ਤੇ ਬਹਿਸ ਜਾਰੀ ਹੈ।

ਕਿਤਾਬ ਦੀ ਅਹਿਮੀਅਤ: ਜਨਰਲ ਨਰਵਣੇ ਦੀ ਇਹ ਕਿਤਾਬ ਕਾਫੀ ਵਿਵਾਦਾਂ ਅਤੇ ਚਰਚਾਵਾਂ ਵਿੱਚ ਰਹੀ ਹੈ, ਖਾਸ ਕਰਕੇ 'ਅਗਨੀਪਥ ਯੋਜਨਾ' ਅਤੇ ਚੀਨ ਨਾਲ ਲੱਗਦੀ ਸਰਹੱਦ (LAC) ਦੇ ਹਾਲਾਤ ਬਾਰੇ ਕੀਤੇ ਗਏ ਖੁਲਾਸਿਆਂ ਕਾਰਨ।

ਸਿਆਸੀ ਸੰਕੇਤ: ਰਾਹੁਲ ਗਾਂਧੀ ਲਗਾਤਾਰ ਕੇਂਦਰ ਸਰਕਾਰ ਦੀ 'ਅਗਨੀਪਥ ਯੋਜਨਾ' ਦਾ ਵਿਰੋਧ ਕਰਦੇ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਕਿਤਾਬ ਨੂੰ ਜਨਤਕ ਤੌਰ 'ਤੇ ਦਿਖਾ ਕੇ ਉਹ ਸਰਕਾਰ ਨੂੰ ਫੌਜੀ ਨੀਤੀਆਂ ਅਤੇ ਰਾਸ਼ਟਰੀ ਸੁਰੱਖਿਆ ਦੇ ਮੁੱਦੇ 'ਤੇ ਘੇਰਨ ਦਾ ਸੰਕੇਤ ਦੇ ਰਹੇ ਹਨ।

ਕਿਤਾਬ 'ਤੇ ਰੋਕ ਦਾ ਵਿਵਾਦ: ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਇਸ ਕਿਤਾਬ ਦੇ ਪ੍ਰਕਾਸ਼ਨ ਨੂੰ ਲੈ ਕੇ ਰੱਖਿਆ ਮੰਤਰਾਲੇ ਅਤੇ ਸੁਰੱਖਿਆ ਏਜੰਸੀਆਂ ਵੱਲੋਂ ਸਮੀਖਿਆ ਦੀ ਗੱਲ ਕਹੀ ਗਈ ਸੀ, ਜਿਸ ਕਾਰਨ ਇਸ ਦੀ ਰਿਲੀਜ਼ ਵਿੱਚ ਦੇਰੀ ਹੋਈ ਸੀ।

ਪਹਿਲਾਂ ਵੀ ਚਰਚਾ ਵਿੱਚ ਰਹੇ ਸਨ: ਇਸ ਤੋਂ ਪਹਿਲਾਂ ਰਾਹੁਲ ਗਾਂਧੀ ਸੰਸਦ ਵਿੱਚ ਭਾਰਤ ਦਾ ਸੰਵਿਧਾਨ ਫੜ ਕੇ ਚਰਚਾ ਵਿੱਚ ਆਏ ਸਨ। ਹੁਣ ਫੌਜ ਦੇ ਸਾਬਕਾ ਮੁਖੀ ਦੀ ਕਿਤਾਬ ਦਿਖਾਉਣਾ ਉਨ੍ਹਾਂ ਦੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

'ਫੋਰ ਸਟਾਰਸ ਆਫ ਡੈਸਟੀਨੀ' ਵਿੱਚ ਕੀ ਹੈ ਖਾਸ?

ਜਨਰਲ ਨਰਵਣੇ ਨੇ ਇਸ ਕਿਤਾਬ ਵਿੱਚ ਆਪਣੇ ਫੌਜੀ ਸਫਰ ਦਾ ਵਰਣਨ ਕੀਤਾ ਹੈ। ਇਸ ਵਿੱਚ ਉਨ੍ਹਾਂ ਨੇ 2020 ਵਿੱਚ ਚੀਨ ਨਾਲ ਹੋਏ ਗਲਵਾਨ ਘਾਟੀ ਦੇ ਟਕਰਾਅ ਅਤੇ ਅਗਨੀਪਥ ਯੋਜਨਾ ਦੇ ਸ਼ੁਰੂਆਤੀ ਖਰੜੇ ਬਾਰੇ ਵੀ ਕਈ ਮਹੱਤਵਪੂਰਨ ਗੱਲਾਂ ਲਿਖੀਆਂ ਹਨ, ਜੋ ਵਿਰੋਧੀ ਧਿਰ ਲਈ ਸਿਆਸੀ ਹਥਿਆਰ ਸਾਬਤ ਹੋ ਸਕਦੀਆਂ ਹਨ।

ਅਸੀਂ (ਸਾਡੇ ਲੋਕ) ਦੇ ਪਾਠਕਾਂ ਲਈ ਜਨਰਲ ਮਨੋਜ ਮੁਕੰਦ ਨਰਵਣੇ ਦੀ ਕਿਤਾਬ 'ਫੋਰ ਸਟਾਰਸ ਆਫ ਡੈਸਟੀਨੀ' ਵਿੱਚ ਅਗਨੀਪਥ ਯੋਜਨਾ ਬਾਰੇ ਕੀਤੇ ਗਏ ਉਨ੍ਹਾਂ ਖੁਲਾਸਿਆਂ 'ਤੇ ਵਿਸ਼ੇਸ਼ ਰਿਪੋਰਟ ਹੈ, ਜਿਨ੍ਹਾਂ ਨੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਮਚਾਈ ਹੋਈ ਹੈ

**ਜਨਰਲ ਨਰਵਣੇ ਦੇ ਖੁਲਾਸੇ ਅਤੇ 'ਅਗਨੀਪਥ' ਦਾ ਸੱਚ**

ਸਾਬਕਾ ਫੌਜ ਮੁਖੀ ਜਨਰਲ ਐਮ.ਐਮ. ਨਰਵਣੇ ਦੀ ਸਵੈ-ਜੀਵਨੀ ਵਿੱਚ ਅਗਨੀਪਥ ਯੋਜਨਾ ਦੇ ਸ਼ੁਰੂਆਤੀ ਦੌਰ ਬਾਰੇ ਅਜਿਹੀਆਂ ਗੱਲਾਂ ਕਹੀਆਂ ਗਈਆਂ ਹਨ, ਜੋ ਸਰਕਾਰ ਦੇ ਅਧਿਕਾਰਤ ਪੱਖ ਤੋਂ ਕਾਫੀ ਵੱਖਰੀਆਂ ਨਜ਼ਰ ਆਉਂਦੀਆਂ ਹਨ। ਰਾਹੁਲ ਗਾਂਧੀ ਵੱਲੋਂ ਇਸ ਕਿਤਾਬ ਨੂੰ ਸੰਸਦ ਵਿੱਚ ਦਿਖਾਉਣ ਦਾ ਮੁੱਖ ਕਾਰਨ ਵੀ ਇਹੀ ਖੁਲਾਸੇ ਹਨ।

1. ਫੌਜ ਲਈ ਇੱਕ 'ਝਟਕਾ' (A Bolt from the Blue)

ਕਿਤਾਬ ਵਿੱਚ ਜਨਰਲ ਨਰਵਣੇ ਨੇ ਲਿਖਿਆ ਹੈ ਕਿ ਜਦੋਂ ਸਰਕਾਰ ਨੇ ਅਗਨੀਪਥ ਯੋਜਨਾ ਦਾ ਪ੍ਰਸਤਾਵ ਫੌਜ ਦੇ ਸਾਹਮਣੇ ਰੱਖਿਆ, ਤਾਂ ਇਹ ਫੌਜ ਲਈ ਬਿਲਕੁਲ ਅਚਾਨਕ ਸੀ।

ਉਨ੍ਹਾਂ ਅਨੁਸਾਰ, ਫੌਜ ਨੇ 'ਟੂਰ ਆਫ ਡਿਊਟੀ' ਦਾ ਇੱਕ ਮਾਡਲ ਪੇਸ਼ ਕੀਤਾ ਸੀ ਜੋ ਕਿ ਬਹੁਤ ਸੀਮਤ ਪੱਧਰ 'ਤੇ ਸੀ।

ਪਰ ਸਰਕਾਰ ਨੇ ਜੋ 'ਅਗਨੀਪਥ' ਯੋਜਨਾ ਲਾਗੂ ਕੀਤੀ, ਉਹ ਫੌਜ ਦੇ ਮੂਲ ਪ੍ਰਸਤਾਵ ਤੋਂ ਬਹੁਤ ਵੱਡੀ ਅਤੇ ਵੱਖਰੀ ਸੀ।

2. ਭਰਤੀ ਦੇ ਮਾਡਲ 'ਤੇ ਸਵਾਲ

ਜਨਰਲ ਨਰਵਣੇ ਨੇ ਸੰਕੇਤ ਦਿੱਤਾ ਹੈ ਕਿ ਫੌਜ ਚਾਹੁੰਦੀ ਸੀ ਕਿ ਪੁਰਾਣੀ ਭਰਤੀ ਪ੍ਰਣਾਲੀ ਅਤੇ ਨਵੀਂ ਯੋਜਨਾ ਦੇ ਵਿਚਕਾਰ ਇੱਕ ਸੰਤੁਲਨ ਹੋਵੇ।

75% ਬਨਾਮ 25%: ਮੌਜੂਦਾ ਯੋਜਨਾ ਵਿੱਚ 75% ਸਿਪਾਹੀਆਂ ਨੂੰ 4 ਸਾਲ ਬਾਅਦ ਸੇਵਾਮੁਕਤ ਕਰ ਦਿੱਤਾ ਜਾਂਦਾ ਹੈ। ਕਿਤਾਬ ਮੁਤਾਬਕ, ਫੌਜ ਦੇ ਅੰਦਰੂਨੀ ਹਲਕਿਆਂ ਵਿੱਚ ਇਸ ਫੀਸਦੀ ਨੂੰ ਲੈ ਕੇ ਚਿੰਤਾਵਾਂ ਸਨ ਕਿ ਇਹ ਫੌਜ ਦੀ ਕਾਰਜਕੁਸ਼ਲਤਾ ਅਤੇ ਜਜ਼ਬੇ (Regimental Spirit) ਨੂੰ ਪ੍ਰਭਾਵਿਤ ਕਰ ਸਕਦੀ ਹੈ।

3. 'ਅਗਨੀਵੀਰਾਂ' ਦੀ ਤਨਖਾਹ ਦਾ ਵਿਵਾਦ

ਕਿਤਾਬ ਵਿੱਚ ਇਹ ਵੀ ਜ਼ਿਕਰ ਹੈ ਕਿ ਸ਼ੁਰੂਆਤੀ ਚਰਚਾ ਦੌਰਾਨ ਅਗਨੀਵੀਰਾਂ ਲਈ ਜੋ ਤਨਖਾਹ ਪ੍ਰਸਤਾਵਿਤ ਕੀਤੀ ਗਈ ਸੀ, ਉਹ ਬਹੁਤ ਘੱਟ ਸੀ।

ਜਨਰਲ ਨਰਵਣੇ ਅਨੁਸਾਰ, ਉਨ੍ਹਾਂ ਨੇ ਖੁਦ ਦਖ਼ਲ ਦੇ ਕੇ ਕਿਹਾ ਸੀ ਕਿ 'ਇੱਕ ਸਿਪਾਹੀ ਦੀ ਤਨਖਾਹ ਇੰਨੀ ਘੱਟ ਨਹੀਂ ਹੋਣੀ ਚਾਹੀਦੀ ਕਿ ਉਹ ਆਪਣੀ ਇੱਜ਼ਤ ਗੁਆ ਬੈਠੇ।' ਇਸ ਤੋਂ ਬਾਅਦ ਤਨਖਾਹ ਦੇ ਪੈਕੇਜ ਵਿੱਚ ਕੁਝ ਸੁਧਾਰ ਕੀਤੇ ਗਏ ਸਨ।

4. ਜਲ ਸੈਨਾ ਅਤੇ ਹਵਾਈ ਸੈਨਾ ਦੀ ਸ਼ਮੂਲੀਅਤ


ਇੱਕ ਅਹਿਮ ਖੁਲਾਸਾ ਇਹ ਹੈ ਕਿ ਇਹ ਯੋਜਨਾ ਮੁੱਖ ਤੌਰ 'ਤੇ ਥਲ ਫੌਜ (Army) ਲਈ ਵਿਚਾਰੀ ਗਈ ਸੀ। ਪਰ ਬਾਅਦ ਵਿੱਚ ਸਰਕਾਰ ਨੇ ਇਸ ਨੂੰ ਜਲ ਸੈਨਾ (Navy) ਅਤੇ ਹਵਾਈ ਸੈਨਾ (Air Force) 'ਤੇ ਵੀ ਬਰਾਬਰ ਲਾਗੂ ਕਰ ਦਿੱਤਾ, ਜਿਸ ਬਾਰੇ ਫੌਜੀ ਹਲਕਿਆਂ ਵਿੱਚ ਮੱਤਭੇਦ ਸਨ।


ਵਿਰੋਧੀ ਧਿਰ ਲਈ ਇਹ ਕਿਉਂ ਹੈ ਅਹਿਮ?

ਰਾਹੁਲ ਗਾਂਧੀ ਅਤੇ ਇੰਡੀਆ (INDIA) ਗਠਜੋੜ ਲਗਾਤਾਰ ਇਹ ਦਾਅਵਾ ਕਰ ਰਹੇ ਹਨ ਕਿ ਅਗਨੀਪਥ ਯੋਜਨਾ ਫੌਜ ਦੇ ਉੱਪਰ 'ਥੋਪੀ' ਗਈ ਹੈ ਅਤੇ ਇਹ ਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਹੈ। ਜਨਰਲ ਨਰਵਣੇ ਦੀ ਕਿਤਾਬ ਦੇ ਇਹ ਅੰਸ਼ ਵਿਰੋਧੀ ਧਿਰ ਦੇ ਇਸ ਤਰਕ ਨੂੰ 'ਪ੍ਰਮਾਣਿਕਤਾ' ਦਿੰਦੇ ਹਨ ਕਿਉਂਕਿ ਇਹ ਗੱਲਾਂ ਉਸ ਵਿਅਕਤੀ ਨੇ ਲਿਖੀਆਂ ਹਨ ਜੋ ਉਸ ਸਮੇਂ ਫੌਜ ਦਾ ਮੁਖੀ ਸੀ।

ਸਿੱਟਾ

ਇਹੀ ਕਾਰਨ ਹੈ ਕਿ ਰੱਖਿਆ ਮੰਤਰਾਲੇ ਨੇ ਇਸ ਕਿਤਾਬ ਦੇ ਪ੍ਰਕਾਸ਼ਨ 'ਤੇ ਰੋਕ ਲਗਾਉਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਜਦੋਂ ਇਹ ਕਿਤਾਬ ਸੰਸਦ ਵਿੱਚ ਪਹੁੰਚ ਗਈ ਹੈ, ਤਾਂ ਆਉਣ ਵਾਲੇ ਦਿਨਾਂ ਵਿੱਚ 'ਅਗਨੀਪਥ' ਯੋਜਨਾ 'ਤੇ ਬਹਿਸ ਹੋਰ ਤੇਜ਼ ਹੋਣ ਦੀ ਉਮੀਦ ਹੈ।








# ਵਿਸ਼ਵ ਬੈਂਕ ਦੇ ਮੁਖੀ ਸ੍ਰ. ਅਜੇਪਾਲ ਸਿੰਘ ਬੰਗਾ ਦਾ ਪਾਕਿਸਤਾਨ ਦਾ ਅਹਿਮ ਦੌਰਾ

- ਹੜ੍ਹ ਪ੍ਰਭਾਵਿਤ ਪਾਕਿਸਤਾਨ ਦੇ ਗਰੀਬ ਲੋਕਾਂ ਲਈ 20 ਲੱਖ ਤੋਂ ਵੱਧ ਘਰ ਬਣਾ ਕੇ ਦੇਣ ਵਿੱਚ ਸ. ਬੰਗਾ ਦਾ ਰਿਹਾ ਅਹਿਮ ਰੋਲ
- ਇਸ ਨੇਕ ਕੰਮ ਲਈ ਪਾਕਿਸਤਾਨ ਦੀ ਸਰਕਾਰ ਅਤੇ ਅਵਾਮ ਵੱਲੋਂ ਉਨ੍ਹਾਂ ਦਾ ਕੀਤਾ ਗਿਆ ਵਿਸ਼ੇਸ਼ ਧੰਨਵਾਦ









ਇਸਲਾਮਾਬਾਦ/ਪੰਜਾ ਸਾਹਿਬ : ਵੇਖਣ ਨੂੰ ਇਹ ਵਿਸ਼ਵ ਬੈਂਕ ਦੇ ਪ੍ਰਧਾਨ ਦਾ ਇੱਕ ਸਿਆਸੀ ਦੌਰਾ ਸੀ, ਪਰ ਰੈੱਡਕਲਿਫ ਲਾਈਨ (ਸਰਹੱਦ) ਦੇ ਦੋਵੇਂ ਪਾਸੇ ਵੱਸਦੇ ਪੰਜਾਬੀਆਂ ਲਈ, ਸਰਦਾਰ ਅਜੇਪਾਲ ਸਿੰਘ ਬੰਗਾਂ ਦਾ ਇਹ ਚਾਰ ਰੋਜ਼ਾ ਦੌਰਾ ਕਿਸੇ ਇਤਿਹਾਸਕ ਘਟਨਾ ਤੋਂ ਘੱਟ ਨਹੀਂ ਸੀ। ਇਹ ਦੌਰਾ ਸਿਰਫ 20 ਬਿਲੀਅਨ ਡਾਲਰ ਦੀ ਆਰਥਿਕ ਮਦਦ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ 'ਉਮੀਦ ਦੀ ਤੀਰਥ ਯਾਤਰਾ' ਬਣ ਗਿਆ। ਬੁੱਧੀਜੀਵੀ ਇਸ ਮਾਹੌਲ ਦੀ ਤੁਲਨਾ ਪੂਰਬੀ ਅਤੇ ਪੱਛਮੀ ਜਰਮਨੀ ਦੀ ਕੰਧ ਡਿੱਗਣ ਤੋਂ ਪਹਿਲਾਂ ਵਾਲੇ ਹਾਲਾਤਾਂ ਨਾਲ ਕਰ ਰਹੇ ਹਨ।

ਇਹ ਸਿਰਫ ਇੱਕ ਬੈਂਕਰ ਦੀ ਫੇਰੀ ਨਹੀਂ ਸੀ, ਇਹ ਧਰਤੀ ਦੇ ਜਾਏ ਦੀ ਵਾਪਸੀ ਸੀ, ਜੋ ਸਰਹੱਦਾਂ ਤੋਂ ਪਾਰ 'ਇਲਾਹੀ ਸੰਕਲਪ' ਲੈ ਕੇ ਪਹੁੰਚਿਆ ਸੀ।

**ਸਿੱਖ ਨਜ਼ਰੀਆ: ਗੁਰੂ ਦਰ 'ਤੇ ਨਿਮਰਤਾ ਦੀ ਮਿਸਾਲ**

ਇਸ ਦੌਰੇ ਦੀ ਸਭ ਤੋਂ ਵੱਡੀ ਤਸਵੀਰ ਸੰਸਦ ਭਵਨਾਂ ਵਿੱਚੋਂ ਨਹੀਂ, ਸਗੋਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ ਦੀ ਪਵਿੱਤਰ ਧਰਤੀ ਤੋਂ ਸਾਹਮਣੇ ਆਈ।

ਸਿੱਖੀ ਅਸੂਲਾਂ ਦੀ ਇੱਕ ਡੂੰਘੀ ਮਿਸਾਲ ਪੇਸ਼ ਕਰਦੇ ਹੋਏ, ਜਦੋਂ ਪ੍ਰਬੰਧਕ ਕਮੇਟੀ ਨੇ ਦੁਨੀਆ ਦੇ ਸਭ ਤੋਂ ਤਾਕਤਵਰ ਵਿੱਤੀ ਅਹੁਦੇਦਾਰ ਨੂੰ ਸੰਗਤ ਨੂੰ ਸੰਬੋਧਨ ਕਰਨ ਲਈ ਸਟੇਜ 'ਤੇ ਬੁਲਾਇਆ, ਤਾਂ ਸਰਦਾਰ ਅਜੇਪਾਲ ਸਿੰਘ ਬੰਗਾਂ ਨੇ ਬੜੀ ਨਿਮਰਤਾ ਨਾਲ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਸੰਦੇਸ਼ ਸਾਫ ਸੀ— 'ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਉੱਥੇ ਸਿਰਫ ਗੁਰੂ ਦੀ ਬਾਣੀ ਗੂੰਜੇਗੀ, ਮੈਂ ਇੱਥੇ ਇੱਕ ਸ਼ਰਧਾਲੂ ਵਜੋਂ ਹਾਜ਼ਰ ਹਾਂ।'

ਇਹ ਚੁੱਪ ਕਿਸੇ ਵੀ ਭਾਸ਼ਣ ਨਾਲੋਂ ਉੱਚੀ ਸੀ। ਇਸਨੇ ਸਿੱਖੀ ਦੇ ਉਸ ਅਸੂਲ ਨੂੰ ਦੁਹਰਾਇਆ ਕਿ ਦੁਨਿਆਵੀ ਤਾਕਤਾਂ ਗੁਰੂ ਦੇ ਦਰ 'ਤੇ ਝੁਕਦੀਆਂ ਹਨ। ਸਿੱਖ ਜਗਤ ਲਈ, ਦਸਤਾਰਧਾਰੀ ਸਿੱਖ ਦਾ ਵਿਸ਼ਵ ਬੈਂਕ ਦੀ ਕਮਾਨ ਸੰਭਾਲਣਾ ਅਤੇ ਫਿਰ ਪੰਜਾ ਸਾਹਿਬ ਵਿਖੇ ਸੇਵਕ ਬਣ ਕੇ ਖੜ੍ਹਨਾ, ਪੰਥ ਦੀ 'ਅਣਖ' ਅਤੇ ਮਾਣ ਦਾ ਪ੍ਰਤੀਕ ਬਣ ਗਿਆ।

**'ਜਰਮਨੀ ਏਕੀਕਰਨ' ਵਰਗਾ ਮਾਹੌਲ: 1947 ਦੇ ਜ਼ਖਮਾਂ 'ਤੇ ਮਲ੍ਹਮ**

ਭਾਵੇਂ ਉਹ ਗੁਰਦੁਆਰਾ ਸਾਹਿਬ ਵਿੱਚ ਘੱਟ ਬੋਲੇ, ਪਰ ਆਪਣੇ ਜੱਦੀ ਪਿੰਡ ਖੁਸ਼ਾਬ ਅਤੇ ਲਾੜਕਾਣਾ ਵਿੱਚ ਉਨ੍ਹਾਂ ਦੇ ਬੋਲਾਂ ਨੇ ਉਪ-ਮਹਾਂਦੀਪ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ। ਆਪਣੇ ਪਰਿਵਾਰ ਦੇ ਉਜਾੜੇ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ, 'ਵੰਡ ਬਹੁਤ ਔਖੀ ਸੀ... ਭਾਵੇਂ ਕੋਈ ਭਾਰਤ ਗਿਆ ਜਾਂ ਪਾਕਿਸਤਾਨ ਆਇਆ, ਪਰਿਵਾਰ ਤਾਂ ਅੱਧੇ ਟੁੱਟ ਹੀ ਗਏ।'

ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਮੌਜੂਦਗੀ ਅਤੇ ਪਾਕਿਸਤਾਨੀ ਸਿਆਸਤਦਾਨਾਂ ਨੂੰ ਦਿੱਤੀਆਂ ਗਈਆਂ ਨਸੀਹਤਾਂ ਵਿੱਚ ਪੂਰਬੀ ਅਤੇ ਪੱਛਮੀ ਜਰਮਨੀ ਦੇ ਮਿਲਣ ਵਰਗੀ ਝਲਕ ਸੀ। ਜਿਵੇਂ ਜਰਮਨ ਲੋਕਾਂ ਨੇ ਮਹਿਸੂਸ ਕੀਤਾ ਸੀ ਕਿ ਲਕੀਰਾਂ ਰੂਹਾਂ ਨੂੰ ਵੱਖ ਨਹੀਂ ਕਰ ਸਕਦੀਆਂ, ਬੰਗਾਂ ਦੀ ਫੇਰੀ ਨੇ ਯਾਦ ਕਰਵਾਇਆ ਕਿ ਪੰਜਾਬ ਦੀ ਵਿਰਾਸਤ, ਬੋਲੀ ਅਤੇ ਗੁਰੂ ਸਾਂਝੇ ਹਨ। ਉਨ੍ਹਾਂ ਦਾ ਦੌਰਾ ਇੱਕ ਇਸ਼ਾਰਾ ਸੀ ਕਿ ਆਰਥਿਕ ਸਾਂਝ ਅਤੇ ਸਾਂਝੀ ਵਿਰਾਸਤ ਰਾਹੀਂ ਵਾਹਗੇ ਦੀ ਸਰਹੱਦ ਇੱਕ ਦਿਨ ਬੇਅਸਰ ਹੋ ਸਕਦੀ ਹੈ।

**ਭੂ-ਰਾਜਨੀਤਿਕ ਬਦਲਾਅ: ਅਮਰੀਕਾ, ਪਾਕਿਸਤਾਨ ਅਤੇ 'ਸਿੱਖ ਪੁਲ'**

ਵਿਸ਼ਵ ਰਾਜਨੀਤੀ ਦੇ ਨਜ਼ਰੀਏ ਤੋਂ, ਇਹ ਦੌਰਾ ਅਮਰੀਕਾ-ਪਾਕਿਸਤਾਨ ਸਬੰਧਾਂ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ।

ਸਿੱਖ ਬ੍ਰਿਜ (The Sikh Bridge): ਦਹਾਕਿਆਂ ਤੋਂ ਅਮਰੀਕਾ-ਪਾਕਿਸਤਾਨ ਰਿਸ਼ਤੇ ਫੌਜੀ ਮਦਦ 'ਤੇ ਟਿਕੇ ਸਨ। ਹੁਣ ਇਨ੍ਹਾਂ ਰਿਸ਼ਤਿਆਂ ਦੀ ਵਾਗਡੋਰ ਇੱਕ ਸਿੱਖ-ਅਮਰੀਕਨ ਦੇ ਹੱਥ ਹੈ, ਜੋ ਇਸ ਖਿੱਤੇ ਦੀ ਸੱਭਿਆਚਾਰਕ ਸਮਝ ਰੱਖਦਾ ਹੈ।

ਸੌਫਟ ਪਾਵਰ (Soft Power): ਅਜੇਪਾਲ ਸਿੰਘ ਬੰਗਾਂ ਸਿੱਖ ਡਾਇਸਪੋਰਾ ਦੀ ਸਫਲਤਾ ਦਾ ਸਿਖਰ ਹਨ। ਪਾਕਿਸਤਾਨ ਦੀ ਧਰਤੀ 'ਤੇ ਇੱਕ ਜੇਤੂ ਵਜੋਂ ਨਹੀਂ, ਸਗੋਂ 'ਘਰ ਪਰਤੇ ਪੁੱਤ' ਵਜੋਂ ਵਿਚਰਨਾ ਅਮਰੀਕਾ ਲਈ ਇੱਕ ਵੱਡੀ ਕੂਟਨੀਤਕ ਜਿੱਤ ਹੈ।

ਸਥਿਰਤਾ: ਵਿਸ਼ਵ ਬੈਂਕ ਦੀ ਮਦਦ ਨੂੰ 'ਸਿੱਖਿਆ, ਸਿਹਤ ਅਤੇ ਵਿਰਾਸਤ' ਨਾਲ ਜੋੜ ਕੇ, ਬੰਗਾਂ ਪਾਕਿਸਤਾਨ ਨੂੰ ਕੱਟੜਪੰਥ ਤੋਂ ਦੂਰ ਅਤੇ ਵਿਕਾਸ ਵੱਲ ਮੋੜ ਰਹੇ ਹਨ—ਜੋ ਕਿ 'ਸਰਬੱਤ ਦੇ ਭਲੇ' ਦਾ ਸਿੱਖ ਅਸੂਲ ਹੈ।

**ਨਿਚੋੜ**

ਸਰਦਾਰ ਅਜੇਪਾਲ ਸਿੰਘ ਬੰਗਾਂ ਦਾ ਦੌਰਾ ਸਿਰਫ ਖ਼ਬਰਾਂ ਦੀ ਸੁਰਖੀ ਨਹੀਂ, ਸਗੋਂ ਵਕਤ ਦੀ ਨਬਜ਼ ਸੀ। ਇਸਨੇ ਸਾਬਤ ਕਰ ਦਿੱਤਾ ਕਿ ਭਾਵੇਂ 1947 ਦੀ ਸਿਆਸਤ ਨੇ ਪੰਜਾਬ ਨੂੰ ਵੰਡ ਦਿੱਤਾ, ਪਰ ਗੁਰੂਆਂ ਦਾ 'ਇਲਾਹੀ ਸੰਕਲਪ'—ਏਕਤਾ, ਨਿਮਰਤਾ ਅਤੇ ਸਾਂਝ—ਅੱਜ ਵੀ ਦਿਲਾਂ ਨੂੰ ਜੋੜਨ ਦੀ ਤਾਕਤ ਰੱਖਦਾ ਹੈ।

ਜਦੋਂ ਉਹ ਇਸਲਾਮਾਬਾਦ ਤੋਂ ਰਵਾਨਾ ਹੋਏ, ਤਾਂ ਹਵਾਵਾਂ ਵਿੱਚ ਇਹ ਸੁਨੇਹਾ ਸਾਫ ਸੀ: ਨਫ਼ਰਤ ਦੀ ਕੰਧ ਵਿੱਚ ਤਰੇੜ ਆ ਚੁੱਕੀ ਹੈ, ਅਤੇ ਉਸ ਤਰੇੜ ਵਿੱਚੋਂ 'ਚੜ੍ਹਦੀ ਕਲਾ' ਦਾ ਚਾਨਣ ਝਾਕ ਰਿਹਾ ਹੈ।






# ਅੰਮ੍ਰਿਤਸਰ ਪੁਲਿਸ ਵੱਲੋਂ 43 ਕਿਲੋ ਹੈਰੋਇਨ ਅਤੇ ਹਥਿਆਰਾਂ ਦੀ ਵੱਡੀ ਖੇਪ ਬਰਾਮਦ



ਅੰਮ੍ਰਿਤਸਰ: ਡੀ.ਆਈ.ਜੀ. ਬਾਰਡਰ ਰੇਂਜ ਸੰਦੀਪ ਗੋਇਲ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਨਾਰਕੋ ਟੈਰਰਿਜ਼ਮ ਵਿਰੁੱਧ ਕੀਤੀ ਗਈ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਦਾ ਖੁਲਾਸਾ ਕੀਤਾ ਏ। ਅੰਮ੍ਰਿਤਸਰ ਰੂਰਲ ਪੁਲਿਸ ਨੇ ਹਲਕਾ ਰਾਜਾਸਾਂਸੀ ਦੇ ਪਿੰਡ ਓਠੀਆਂ ਤੋਂ ਵਿਲੇਜ ਡਿਫੈਂਸ ਕਮੇਟੀ ਦੀ ਸੂਚਨਾ ’ਤੇ ਦੇਰ ਰਾਤ ਛਾਪੇਮਾਰੀ ਕਰਕੇ ਪਾਕਿਸਤਾਨ ਤੋਂ ਡਰੋਨ ਰਾਹੀਂ ਭੇਜੀ ਗਈ 43 ਕਿਲੋ ਹੈਰੋਇਨ, ਚਾਰ ਚਾਈਨੀਜ਼ ਹੈਂਡ ਗ੍ਰਨੇਡ, ਇੱਕ ਵਿਦੇਸ਼ੀ ਪਿਸਤੌਲ ਅਤੇ 46 ਜਿੰਦਾ ਕਾਰਤੂਸ ਬਰਾਮਦ ਕੀਤੇ ਨੇ। ਕੌਮਾਂਤਰੀ ਬਾਜ਼ਾਰ ਵਿੱਚ ਇਸ ਹੈਰੋਇਨ ਦੀ ਕੀਮਤ 200 ਕਰੋੜ ਰੁਪਏ ਤੋਂ ਵੱਧ ਦੱਸੀ ਜਾ ਰਹੀ ਏ। ਜਾਣਕਾਰੀ ਅਨੁਸਾਰ, ਦੋ ਨੌਜਵਾਨ ਇਸ ਖੇਪ ਨੂੰ ਮੋਟਰਸਾਈਕਲ ‘ਤੇ ਲਿਜਾ ਰਹੇ ਸਨ, ਪਰ ਪਿੰਡ ਵਾਸੀਆਂ ਵੱਲੋਂ ਰੋਕੇ ਜਾਣ ‘ਤੇ ਉਹ ਮੋਟਰਸਾਈਕਲ ਅਤੇ ਸਾਮਾਨ ਛੱਡ ਕੇ ਫਰਾਰ ਹੋ ਗਏ। ਇਹ ਸਫਲ ਅਪ੍ਰੇਸ਼ਨ ਐੱਸ.ਐੱਸ.ਪੀ. ਅੰਮ੍ਰਿਤਸਰ ਰੂਰਲ ਸੋਹਿਲ ਮੀਰ ਦੀ ਅਗਵਾਈ ਅਤੇ ਡੀ.ਐੱਸ.ਪੀ. ਨੀਰਜ ਤੇ ਇੰਸਪੈਕਟਰ ਹਰਸਿਮਰਤ ਕੌਰ ਦੀ ਲੀਡਰਸ਼ਿਪ ਹੇਠ ਨੇਪਰੇ ਚੜ੍ਹਿਆ। ਪੁਲਿਸ ਅਨੁਸਾਰ ਇਹ ਖੇਪ ਪਾਕਿਸਤਾਨੀ ਖੁਫੀਆ ਏਜੰਸੀ ISI ਵੱਲੋਂ ਸਪਾਂਸਰ ਕੀਤੀ ਗਈ ਸੀ, ਜਿਸ ਦਾ ਮਕਸਦ ਸਰਹੱਦੀ ਖੇਤਰ ਵਿੱਚ ਅਸ਼ਾਂਤੀ ਫੈਲਾਉਣਾ ਸੀ। ਪੁਲਿਸ ਨੇ ਫਰਾਰ ਨੌਜਵਾਨਾਂ ਦੀ ਭਾਲ ਲਈ ਵਿਸ਼ੇਸ਼ ਟੀਮਾਂ ਗਠਿਤ ਕਰ ਦਿੱਤੀਆਂ ਹਨ ਅਤੇ ਦਾਅਵਾ ਕੀਤਾ ਹੈ ਕਿ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।



ਸਮਸਤੀਪੁਰ : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਉਪ ਮੁੱਖ ਮੰਤਰੀ ਸਮਰਾਟ ਚੌਧਰੀ ਅਤੇ ਹੋਰਾਂ ਨਾਲ ਵੀਰਵਾਰ ਨੂੰ ਸਮਸਤੀਪੁਰ ਵਿੱਚ ਸਮਰਿੱਧੀ ਯਾਤਰਾ ਦੌਰਾਨ ਮਾਲਾਵਾਂ ਚੜ੍ਹਾਉਂਦੇ ਹੋਏ।




ਕੋਲਕਾਤਾ ਵਿਖੇ ਆਲ ਇੰਡੀਆ ਯੂਨਾਈਟਿਡ ਟਰੇਡ ਯੂਨੀਅਨ ਸੈਂਟਰ (AIUTUC) ਵੱਲੋਂ ਨਜ਼ੀਰਾਬਾਦ ਗੋਦਾਮ ਅੱਗ ਲੱਗਣ (11 ਮੌਤਾਂ, 15 ਲਾਪਤਾ) ’ਤੇ ਰੋਸ ਰੈਲੀ, ਦੋਸ਼ੀਆਂ ਵਿਰੁੱਧ ਕਾਰਵਾਈ ਅਤੇ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਦੀ ਮੰਗ ਕਰਦੇ ਹੋਏ



ਲੋਕਤੰਤਰ ਖ਼ਤਰੇ ਵਿੱਚ

# ਮੋਦੀ ਵੱਲੋਂ ਜਦੋ ਪੰਜਾਬ ਆਉਣ ਤੇ ਹਲਵਾਰਾ ਹਵਾਈ ਅੱਡੇ ਦਾ ਨਾਮ ਭਗਤ ਰਵੀਦਾਸ ਦੇ ਨਾਮ ’ਤੇ ਰੱਖਿਆ ਜਾ ਰਿਹਾ ਹੈ, ਤਾਂ ਬਿਹਤਰ ਹੋਵੇਗਾ ਭਾਰਤ ਦਾ ਨਾਮ ‘ਬੇਗਮਪੁਰਾ’ ਰੱਖਿਆ ਜਾਵੇ : ਮਾਨ

ਫ਼ਤਹਿਗੜ੍ਹ ਸਾਹਿਬ : ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵੀਦਾਸ ਜੀ ਦਾ ਬਹੁਤ ਹੀ ਸਤਿਕਾਰਿਤ ਤੇ ਉੱਚ ਰੁਤਬਾ ਹੈ, ਜਿਸਨੂੰ ਇਥੋ ਦੇ ਨਿਵਾਸੀ ਜਾਂ ਬਾਹਰਲੇ ਮੁਲਕਾਂ ਦੇ ਨਿਵਾਸੀ ਸਰਧਾ ਨਾਲ ਨਤਮਸਤਕ ਹੁੰਦੇ ਹਨ, ਤਾਂ ਉਹ ਆਪਣੇ 10 ਗੁਰੂ ਸਾਹਿਬਾਨ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਭ ਭਗਤਾਂ, ਭੱਟਾ ਤੇ ਸ਼ਹੀਦ ਸਿੰਘਾਂ ਨੂੰ ਵੀ ਨਤਮਸਤਕ ਹੋ ਰਹੇ ਹੁੰਦੇ ਹਨ । ਇਸ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਸਭਨਾਂ ਵਰਗਾਂ ਨੂੰ ਅਜਿਹੇ ਕਿਸੇ ਵੀ ਵਿਸੇ ਉਤੇ ਵੱਖਰੇਵੇ ਦੀ ਗੱਲ ਕਤਈ ਨਹੀ ਕਰਨੀ ਚਾਹੀਦੀ ਕਿਉਂਕਿ ਗੁਰਸਿੱਖੀ ਵਿਚ ਜਾਤ-ਪਾਤ, ਊਚ-ਨੀਚ ਜਾਂ ਅਮੀਰ ਗਰੀਬ ਲਈ ਕੋਈ ਸਥਾਂਨ ਨਹੀ ਹੈ ਅਤੇ ਸਭ ਇਨਸਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਰਾਬਰ ਹਨ। ਜੋ ਇੰਡੀਆ ਦੇ ਵਜੀਰ ਏ ਆਜਮ 01 ਫਰਵਰੀ ਨੂੰ ਭਗਤ ਰਵੀਦਾਸ ਜੀ ਦੇ ਸਥਾਨ ਬੱਲਾਂ ਵਿਖੇ ਪਹੁੰਚੇ ਅਤੇ ਇਸ ਸਥਾਨ ਨਾਲ ਸੰਬੰਧਤ ਸਭ ਸਰਧਾਲੂਆਂ ਦੀ ਇਹ ਮੰਗ ਹੈ ਕਿ ਹਲਵਾਰਾ ਹਵਾਈ ਅੱਡੇ ਦਾ ਨਾਮ ਭਗਤ ਰਵੀਦਾਸ ਜੀ ਦੇ ਨਾਮ ਉਤੇ ਰੱਖਿਆ ਜਾਵੇ, ਸਵਾਗਤਯੋਗ ਹੈ। ਕਿਉਂਕਿ ਭਗਤ ਰਵੀਦਾਸ ਜੀ ਨੇ ਹਰ ਤਰ੍ਹਾਂ ਦੇ ਵਖਰੇਵੇ ਤੋਂ ਉਪਰ ਉੱਠਕੇ ਸਮੁੱਚੇ ਰੂਪ ਵਿਚ ਇਨਸਾਨੀਅਤ ਅਤੇ ਮਨੁੱਖੀ ਗੁਣਾਂ ਦੀ ਬਾਦਲੀਲ ਢੰਗ ਨਾਲ ਪੈਰਵੀ ਕੀਤੀ ਹੈ ਅਤੇ ਗੁਰਬਾਣੀ ਵਿਚ ਉਨ੍ਹਾਂ ਨੇ ਸਭਨਾਂ ਲਈ ਇਨਸਾਨੀਅਤ ਤੇ ਸਮਾਜਿਕ ਗੁਣਾਂ ਨਾਲ ਭਰਪੂਰ ‘ਬੇਗਮਪੁਰਾ’ ਦੇ ਨਾਮ ਦੇ ਰਾਜ ਭਾਗ ਨੂੰ ਕਾਇਮ ਕਰਨ ਦੀ ਗੱਲ ਕੀਤੀ ਹੈ ਤਾਂ ਉਨ੍ਹਾਂ ਦੀ ਵੱਡਮੁੱਲੀ ਮਨੁੱਖਤਾ ਪੱਖੀ ਸੋਚ ਨੂੰ ਅਮਲੀ



ਰੂਪ ਦੇਣ ਲਈ ਸ੍ਰੀ ਮੋਦੀ ਨੂੰ ਚਾਹੀਦਾ ਹੈ ਕਿ ਉਹ ਜਿਸ ਭਾਰਤ ਦਾ ਨਾਮ ਕੁਸੱਤਰੀ ਤੇ ਬ੍ਰਾਹਮਣਾਂ ਨੇ ਆਪਣੀ ਉੱਚ ਜਾਤੀ ਹੋਣ ਨੂੰ ਮੁੱਖ ਰੱਖਕੇ ਰੱਖਿਆ ਹੈ, ਉਸਦੀ ਥਾਂ ਤੇ ਭਗਤ ਰਵੀਦਾਸ ਜੀ ਦੇ ਬੇਗਮਪੁਰਾ ਦਾ ਨਾਮ ਰੱਖਿਆ ਜਾਵੇ। ਜੇਕਰ ਸ੍ਰੀ ਮੋਦੀ ਇਸ ਭਾਵਨਾ ਨੂੰ ਲੈਕੇ ਭਾਰਤ ਦਾ ਨਾਮ ਬਦਲਕੇ ਭਗਤ ਰਵੀਦਾਸ ਜੀ ਦੀ ਸੋਚ ਅਨੁਸਾਰ ਬੇਗਮਪੁਰਾ ਰੱਖਣਗੇ ਫਿਰ ਤਾਂ ਸਹੀ ਮਾਇਨਿਆ ਵਿਚ ਉਹ ਭਗਤ ਰਵੀਦਾਸ ਜੀ ਦੀ ਸੋਚ ਨੂੰ ਦੁਨੀਆ ਵਿਚ ਪਹੁੰਚਾ ਰਹੇ ਹੋਣਗੇ। ਵਰਨਾ ਉਨ੍ਹਾਂ ਦਾ ਆਉਣਾ ਤਾਂ ਇਕ ਸਿਆਸੀ ਮੰਤਵ ਦੀ ਭੇਟ ਚੜ ਜਾਵੇਗਾ।

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ੍ਰੀ ਮੋਦੀ ਦੇ ਪੰਜਾਬ ਦੇ ਜਲੰਧਰ ਵਿਖੇ ਭਗਤ ਰਵੀਦਾਸ ਜੀ ਦੇ ਬੱਲਾਂ ਵਿਖੇ ਸਥਾਨ ਤੇ ਆਉਣ ਵਾਲੇ ਸਮੇਂ ਵਿਚ ਪਹੁੰਚਣ ਤੇ ਉੱਠ ਰਹੀ ਉਸ ਮੰਗ ਜਿਸ ਵਿਚ ਹਲਵਾਰਾ ਹਵਾਈ ਅੱਡੇ ਦਾ ਨਾਮ ਭਗਤ ਰਵੀਦਾਸ ਜੀ ਦੇ ਨਾਮ ਤੇ ਰੱਖਣ ਦੀ ਹੋ ਰਹੀ ਹੈ, ਨੂੰ ਸਹੀ ਕਰਾਰ ਦਿੰਦੇ ਹੋਏ ਅਤੇ ਭਾਰਤ ਦੇ ਨਾਮ ਨੂੰ ਉਨ੍ਹਾਂ ਦੀ ਸੋਚ ਅਨੁਸਾਰ ਬੇਗਮਪੁਰਾ ਰੱਖਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਥੇ ਲੰਮੇ ਸਮੇ ਤੋ ਬ੍ਰਾਹਮਣ ਤੇ ਕੁਸੱਤਰੀ ਹੀ ਰਾਜ ਕਰਦੇ ਆਏ ਹਨ ਤੇ ਇਨ੍ਹਾਂ ਦੇ ਵਿਧਾਨ ਵਿਚ ਸੈਕੂਲਰ (ਨਿਰਪੱਖਤਾ) ਦੀ ਗੱਲ ਕੀਤੀ ਗਈ ਹੈ। ਜਿਸ ਨੂੰ ਅਮਲੀ ਰੂਪ ਵਿਚ ਲਾਗੂ ਨਹੀ ਕੀਤਾ ਗਿਆ। ਨਿਰਪੱਖਤਾ ਦੀ ਗੱਲ ਤਦੇ ਹੋ ਸਕਦੀ ਹੈ ਜੇਕਰ ਭਾਰਤ ਦਾ ਨਾਮ ਬੇਗਮਪੁਰਾ ਰੱਖਿਆ ਜਾਵੇ।

ਉਨ੍ਹਾਂ ਕਿਹਾ ਕਿ ਜਿਸ ਭਗਤ ਸਿੰਘ ਦੀ ਇਹ ਹੁਕਮਰਾਨ ਤੇ ਪੰਜਾਬ ਸਰਕਾਰ ਗੱਲ ਕਰਦੀ ਹੈ, ਉਹ ਤਾਂ ਖੁਦ ਇਕ ਦਹਿਸਤਗਰਦ ਸੀ। ਜਿਸਨੇ ਇਕ ਬੇਕਸੂਰ ਅੰਗਰੇਜ਼ ਅਫਸਰ ਸਾਡਰਸ ਉਤੇ ਗੋਲੀ ਚਲਾਕੇ ਅਤੇ ਇਕ ਅੰਮ੍ਰਿਤਧਾਰੀ ਸਿੱਖ ਹੌਲਦਾਰ ਚੰਨਣ ਸਿੰਘ ਉਤੇ ਗੋਲੀ ਚਲਾਕੇ ਮਾਰ ਦਿੱਤਾ ਸੀ। ਫਿਰ ਇਸਨੇ ਅੰਸੈਬਲੀ ਵਿਚ ਬੰਬ ਰੱਖਕੇ ਸਮੁੱਚੇ ਪੰਜਾਬ ਦੇ ਪ੍ਰਤੀਨਿਧਾਂ ਨੂੰ ਖਤਮ ਕਰਨ ਦੀ ਗੱਲ ਕੀਤੀ ਸੀ। ਉਹ ਤਾਂ ਸ਼ੁਕਰ ਹੈ ਕਿ ਬੰਬ ਨਹੀ ਚੱਲਿਆ। ਦੂਸਰੇ ਪਾਸੇ ਜਦੋ ਹਲਵਾਰਾ ਹਵਾਈ ਅੱਡੇ ਦਾ ਨਾਮ ਸਤਿਕਾਰ ਵੱਜੋ ਭਗਤ ਰਵੀਦਾਸ ਜੀ ਦੇ ਨਾਮ ਤੇ ਰੱਖਿਆ ਗਿਆ ਤਾਂ ਜਿਥੇ ਬੀਤੇ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਜੋ ਪਹਿਲੇ ਖ਼ਾਲਸਾ ਰਾਜ ਨੂੰ ਕਾਇਮ ਕਰਨ ਲਈ ਜਾਲਮਾਂ ਵਿਰੁੱਧ ਜੰਗ ਲੜਦੇ ਹੋਏ ਚੱਪੜਚਿੜੀ ਦੇ ਮੈਦਾਨ ਵਿਚ ਫਤਹਿ ਪ੍ਰਾਪਤ ਕੀਤੀ ਸੀ, ਉਥੇ ਸਥਿਤ ਚੰਡੀਗੜ੍ਹ ਦੇ ਹਵਾਈ ਅੱਡੇ ਦਾ ਨਾਮ ਵੀ ਉਸ ਦਹਿਸਤਗਰਦ ਭਗਤ ਸਿੰਘ ਦੇ ਨਾਮ ਨੂੰ ਹਟਾਕੇ ਇਤਿਹਾਸ ਦੇ ਫਖ਼ਰਨੁਮਾ ਨਾਇਕ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ ਤੇ ਰੱਖਿਆ ਜਾਵੇ।

# ਬੀਰ ਸਿੰਘ ਕੈਨੇਡੀਅਨ ਦੀ ਅਦੁੱਤੀ ਰਚਨਾ ‘ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ’ ਲੋਕ ਅਰਪਣ

ਐਬਟਸਫੋਰਡ: ਬੀਤੇ ਦਿਨ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਵਿਖੇ ਲੇਖਕ ਬੀਰ ਸਿੰਘ ਕੈਨੇਡੀਅਨ ਦੀ ਬਹੁ-ਚਰਚਿਤ ਪੁਸਤਕ ‘ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ’ ਰਿਲੀਜ਼ ਕੀਤੀ ਗਈ। ਇਸ ਪੁਸਤਕ ਨੂੰ ਲੋਕ-ਅਰਪਣ ਕਰਨ ਦੀ ਰਸਮ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਸ਼ਾਇਰ ਮੋਹਨ ਗਿੱਲ, ਕੋਚ ਦਲਜੀਤ ਸਿੰਘ ਗਰੇਵਾਲ, ਬੀਰ ਸਿੰਘ ਕੈਨੇਡੀਅਨ, ਗੁਰਪਿਆਰ ਸਿੰਘ ਰੋਮਾਣਾ ਆਦਿ ਵੱਲੋਂ ਸਾਂਝੇ ਤੌਰ ’ਤੇ ਨਿਭਾਈ ਗਈ।

ਪੁਸਤਕ ਬਾਰੇ ਰੌਸ਼ਨੀ ਪਾਉਂਦਿਆਂ ਲੇਖਕ ਬੀਰ ਸਿੰਘ ਕੈਨੇਡੀਅਨ ਨੇ ਦੱਸਿਆ ਕਿ ਇਹ ਰਚਨਾ ਗੁਰਬਾਣੀ ਦੇ ਅਗੰਮੀ ਗਿਆਨ-ਸਾਗਰ ਵਿੱਚੋਂ ਰੂਹਾਨੀਅਤ ਦੇ ਰਤਨ ਅਤੇ ਵਿਚਾਰ-ਮਾਣਿਕ ਚੁਣ ਕੇ ਸੰਜੋਣ ਦਾ ਇੱਕ ਨਿਮਾਣਾ ਜਿਹਾ ਯਤਨ ਹੈ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਹ ਪੁਸਤਕ ਜਗਿਆਸੂਆਂ ਦੇ ਹਿਰਦਿਆਂ ਵਿੱਚੋਂ ਭਰਮਾਂ ਅਤੇ ਸ਼ੰਕਿਆਂ ਦਾ ਅੰਧਕਾਰ ਮਿਟਾ ਕੇ ਆਤਮਿਕ ਗਿਆਨ ਦਾ ਪ੍ਰਕਾਸ਼ ਫੈਲਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ। ਇਸ ਪੁਸਤਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਅੱਠ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗਾਂ (ਪੰਨਿਆਂ) ਦੀ ਮਰਿਆਦਾ ਨੂੰ ਮੁੱਖ ਰੱਖਦਿਆਂ, ਇਸ ਵਿੱਚ 1430 ਸਵਾਲ ਅਤੇ ਉਨ੍ਹਾਂ ਦੇ ਵਿਸਥਾਰਪੂਰਵਕ ਜਵਾਬ ਦਰਜ



ਕੀਤੇ ਗਏ ਹਨ, ਜੋ ਪਾਠਕਾਂ ਲਈ ਗੁਰਬਾਣੀ ਨੂੰ ਸਮਝਣਾ ਸਰਲ ਬਣਾਉਂਦੇ ਹਨ।

ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਬੀਰ ਸਿੰਘ ਕੈਨੇਡੀਅਨ ਨੇ ਬੇਹੱਦ ਮਿਹਨਤ, ਸਿਦਕ ਅਤੇ ਗੁਰਮਤਿ ਨਿਭਾਅ ਨਾਲ ਗੁਰਬਾਣੀ ਨੂੰ ‘ਸਵਾਲ-ਜਵਾਬ’ ਦੀ ਸਾਰਥਿਕ ਵਿਧਾ ਵਿੱਚ ਪੇਸ਼ ਕਰਕੇ ਸ਼ਰਧਾਲੂਆਂ ਲਈ ਇੱਕ ਕੀਮਤੀ ਸਾਧਨ ਉਪਲੱਬਧ ਕਰਵਾਇਆ ਹੈ। ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਅਜੋਕੇ ਭੌਤਿਕਤਾ ਅਤੇ ਆਪੋ-ਧਾਪੀ ਭਰੇ ਸਮੇਂ ਵਿੱਚ, ਜਿੱਥੇ ਮਨੁੱਖ ਇਨਸਾਨੀਅਤ ਤੋਂ ਦੂਰ ਹੁੰਦਾ ਜਾ ਰਿਹਾ ਹੈ, ਇਹ ਪੁਸਤਕ ਗੁਰਬਾਣੀ ਦੇ ਮਾਨਵਤਾਵਾਦੀ, ਨੈਤਿਕ ਅਤੇ ਆਤਮਿਕ ਸੰਦੇਸ਼ ਨੂੰ ਬੜੀ ਸੁਖਾਲੀ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿੱਚ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ। ਅੰਤ ਵਿੱਚ ਹਾਜ਼ਰ ਸ਼ਖ਼ਸੀਅਤਾਂ ਨੇ ਬੀਰ ਸਿੰਘ ਕੈਨੇਡੀਅਨ ਨੂੰ ਵਧਾਈ ਦਿੱਤੀ ਅਤੇ ‘ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ’ ਨੂੰ ਸਿੱਖ ਜਗਤ ਲਈ ਇਤਿਹਾਸਕ ਅਤੇ ਦੂਰਗਾਮੀ ਮਹੱਤਵ ਦੀ ਦੇਣ ਕਰਾਰ ਦਿੱਤਾ।

# ਸਰਹੱਦ ਪਾਰੋਂ ਚੱਲ ਰਹੇ ਮਾਡਿਊਲ ਦਾ ਪਰਦਾਫਾਸ਼

## ਪੰਜ ਕਿਲੋ ਹੈਰੋਇਨ ਸਮੇਤ 4 ਕਾਬੂ, ਡਰੋਨ ਰਾਹੀਂ ਮੰਗਵਾਈ ਜਾਂਦੀ ਸੀ ਨਸ਼ੇ ਦੀ ਖੇਪ

ਅੰਮ੍ਰਿਤਸਰ : ਪੰਜਾਬ ਪੁਲੀਸ ਦੀ ਕਾਊਂਟਰ ਇੰਟੈਲੀਜੈਂਸ (39) ਅੰਮ੍ਰਿਤਸਰ ਨੇ ਸਰਹੱਦ ਪਾਰੋਂ ਚੱਲ ਰਹੇ ਇੱਕ ਨਸ਼ਾ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਚਾਰ ਵਿਅਕਤੀਆਂ ਨੂੰ 5 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਸੁਖਚੈਨ ਸਿੰਘ ਉਰਫ਼ ਮਨੀ, ਨਵਦੀਪ ਸਿੰਘ, ਸੁਖਪਾਲ ਸਿੰਘ ਅਤੇ ਅਕਾਸ਼ਦੀਪ ਸਿੰਘ ਵਜੋਂ ਹੋਈ ਹੈ, ਜੋ ਸਾਰੇ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਦਾਓਕੇ ਦੇ ਰਹਿਣ ਵਾਲੇ ਹਨ। ਪੁਲੀਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਹੈਰੋਇਨ ਤੋਂ ਇਲਾਵਾ ਦੋ ਮੋਟਰਸਾਈਕਲ ਵੀ ਜ਼ਬਤ ਕੀਤੇ ਹਨ, ਜੋ ਨਸ਼ੇ ਦੀ ਸਪਲਾਈ ਲਈ ਵਰਤੇ ਜਾ ਰਹੇ ਸਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਤਸਕਰ ਪਾਕਿਸਤਾਨੀ ਸਮੱਗਲਰਾਂ ਦੇ ਸਿੱਧੇ ਸੰਪਰਕ ਵਿੱਚ ਸਨ ਅਤੇ ਡਰੋਨਾਂ ਰਾਹੀਂ ਸਰਹੱਦ ਪਾਰੋਂ ਨਸ਼ੇ ਦੀਆਂ ਖੇਪਾਂ ਮੰਗਵਾ ਕੇ ਅੱਗੇ ਸਪਲਾਈ ਕਰਦੇ ਸਨ। ਸੀਆਈ ਅੰਮ੍ਰਿਤਸਰ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਮੁਲਜ਼ਮ ਸੁਖਚੈਨ ਸਿੰਘ ਆਪਣੇ ਸਾਥੀਆਂ ਨਾਲ ਮਿਲ ਕੇ ਪਾਕਿਸਤਾਨ ਤੋਂ ਆਈ ਇੱਕ ਵੱਡੀ ਖੇਪ ਨੂੰ ਅੰਮ੍ਰਿਤਸਰ ਦੇ ਪਿੰਡ ਕਾਲਾ ਘਨੂਪੁਰ ਨੇੜੇ ਕਿਸੇ ਹੋਰ ਪਾਰਟੀ ਨੂੰ ਪਹੁੰਚਾਉਣ ਦੀ ਫਿਰਾਕ ਵਿੱਚ ਹੈ।

# ਗਵਾਲੀਅਰ ਹਾਈ ਕੋਰਟ ’ਚ ਬਾਬਾ ਸਾਹਿਬ ਦੀ ਮੂਰਤੀ ਲਗਾਉਣ ਲਈ ‘ਸੰਕਲਪ ਯਾਤਰਾ’



ਭੋਪਾਲ : ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿੱਚ ਅਨੁਸੂਚਿਤ ਜਾਤੀ (SC), ਅਨੁਸੂਚਿਤ ਜਨਜਾਤੀ (ST), ਦਲਿਤ ਅਤੇ ਪਿਛੜਾ ਵਰਗ (OBC) ਦੇ ਕਾਰਕੁਨਾਂ ਵੱਲੋਂ ਇੱਕ ਵਿਸ਼ਾਲ ‘ਸੰਕਲਪ ਯਾਤਰਾ’ ਕੱਢੀ ਗਈ। ਇਸ ਯਾਤਰਾ ਦਾ ਮੁੱਖ ਉਦੇਸ਼ ਮੱਧ ਪ੍ਰਦੇਸ਼ ਹਾਈ ਕੋਰਟ ਦੀ ਗਵਾਲੀਅਰ ਬੈਂਚ ਦੇ ਅਹਾਤੇ ਵਿੱਚ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੀ ਮੂਰਤੀ ਸਥਾਪਤ ਕਰਨ ਦੀ ਮੰਗ ਨੂੰ ਜ਼ੋਰ-ਸ਼ੋਰ ਨਾਲ ਉਠਾਉਣਾ ਸੀ।

ਵੱਡੀ ਸ਼ਮੂਲੀਅਤ: ਇਸ ਯਾਤਰਾ ਵਿੱਚ ਵੱਖ-ਵੱਖ ਸਮਾਜਿਕ ਸੰਗਠਨਾਂ ਅਤੇ ਭੀਮ ਆਰਮੀ ਸਮੇਤ ਕਈ ਦਲਿਤ ਜਥੇਬੰਦੀਆਂ ਦੇ ਸੈਂਕੜੇ ਕਾਰਕੁਨਾਂ ਨੇ ਹਿੱਸਾ ਲਿਆ।

ਮੰਗ: ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਗਵਾਲੀਅਰ ਹਾਈ ਕੋਰਟ ਵਿੱਚ ਬਾਬਾ ਸਾਹਿਬ ਦੀ ਮੂਰਤੀ ਲਗਾਉਣ ਦੀ ਪ੍ਰਕਿਰਿਆ ਜੋ ਪਿਛਲੇ ਕਾਫੀ ਸਮੇਂ ਤੋਂ ਵਿਵਾਦਾਂ ਅਤੇ ਕਾਨੂੰਨੀ ਅੜਚਨਾਂ ਕਾਰਨ ਰੁਕੀ ਹੋਈ ਹੈ, ਉਸਨੂੰ ਤੁਰੰਤ ਪੂਰਾ ਕੀਤਾ ਜਾਵੇ।

ਵਿਵਾਦ ਦਾ ਪਿਛੋਕੜ: ਜ਼ਿਕਰਯੋਗ ਹੈ ਕਿ ਗਵਾਲੀਅਰ ਬੈਂਚ ਵਿੱਚ ਮੂਰਤੀ ਸਥਾਪਤ ਕਰਨ ਨੂੰ ਲੈ ਕੇ ਵਕੀਲਾਂ ਦੇ ਦੋ ਗੁੱਟਾਂ ਵਿੱਚ ਲੰਬੇ ਸਮੇਂ ਤੋਂ ਖਿੱਚੋਤਾਣੀ ਚੱਲ ਰਹੀ ਹੈ। ਜਿੱਥੇ ਇੱਕ ਧਿਰ ਮੂਰਤੀ ਲਗਾਉਣ ਦੇ ਹੱਕ ਵਿੱਚ ਹੈ, ਉੱਥੇ ਹੀ ਦੂਜੀ ਧਿਰ ਇਸ ਦਾ ਵਿਰੋਧ ਕਰ ਰਹੀ ਸੀ, ਜਿਸ ਕਾਰਨ ਮਾਮਲਾ ਕਾਨੂੰਨੀ ਪ੍ਰਕਿਰਿਆ ਵਿੱਚ ਉਲਝ ਗਿਆ ਸੀ।

ਸੰਦੇਸ਼: ਯਾਤਰਾ ਦੌਰਾਨ ਕਾਰਕੁਨਾਂ ਨੇ ਕਿਹਾ ਕਿ ਡਾ. ਅੰਬੇਡਕਰ ਸਿਰਫ਼ ਇੱਕ ਭਾਈਚਾਰੇ ਦੇ ਨਹੀਂ, ਬਲਕਿ ਪੂਰੇ ਦੇਸ਼ ਦੇ ਸੰਵਿਧਾਨਕ ਪ੍ਰਤੀਕ ਹਨ। ਹਾਈ ਕੋਰਟ ਵਰਗੀ ਸੰਸਥਾ ਵਿੱਚ ਉਨ੍ਹਾਂ ਦੀ ਮੂਰਤੀ ਹੋਣਾ ਨਿਆਂ ਅਤੇ ਸਮਾਨਤਾ ਦਾ ਪ੍ਰਤੀਕ ਹੈ।

**ਪੁਲਿਸ ਅਤੇ ਪ੍ਰਸ਼ਾਸਨ ਦੇ ਪ੍ਰਬੰਧ** : ਯਾਤਰਾ ਦੇ ਮੱਦੇਨਜ਼ਰ ਭੋਪਾਲ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਸ਼ਹਿਰ ਦੇ ਮੁੱਖ ਚੌਕਾਂ ’ਤੇ ਭਾਰੀ ਪੁਲਿਸ ਬਲ ਤਾਇਨਾਤ ਸੀ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ। ਕਾਰਕੁਨਾਂ ਨੇ ਸ਼ਾਂਤਮਈ ਢੰਗ ਨਾਲ ਆਪਣਾ ਮੰਗ ਪੱਤਰ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸੌਂਪਿਆ।

ਮਹੱਤਵਪੂਰਨ ਨੋਟ: ਇਹ ਵਿਵਾਦ ਪਿਛਲੇ ਸਾਲ (2025) ਤੋਂ ਕਾਫੀ ਭਖਿਆ ਹੋਇਆ ਹੈ, ਜਿਸ ਵਿੱਚ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਵੀ ਮੂਰਤੀ ਸਥਾਪਤ ਕਰਨ ਦਾ ਸਮਰਥਨ ਕੀਤਾ ਸੀ।

ਗਵਾਲੀਅਰ ਹਾਈ ਕੋਰਟ ਬੈਂਚ ਵਿੱਚ ਡਾ. ਬੀ.ਆਰ. ਅੰਬੇਡਕਰ ਦੀ ਮੂਰਤੀ ਸਥਾਪਤ ਕਰਨ ਦਾ ਮਾਮਲਾ ਕਾਫੀ ਸਮੇਂ ਤੋਂ ਕਾਨੂੰਨੀ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿੱਚ ਉਲਝਿਆ ਹੋਇਆ ਹੈ। ਇਸ ਬਾਰੇ ਮੌਜੂਦਾ ਕਾਨੂੰਨੀ ਸਥਿਤੀ ਅਤੇ ਪਿਛੋਕੜ ਦੇ ਮੁੱਖ ਵੇਰਵੇ ਹੇਠਾਂ ਦਿੱਤੇ ਗਏ ਹਨ:

**ਕਾਨੂੰਨੀ ਸਥਿਤੀ ਅਤੇ ਮੁੱਖ ਵਿਵਾਦ**

**ਹਾਈਕੋਰਟ ਦਾ ਸਟੈਂਡ:** ਅਦਾਲਤ ਨੇ ਪਹਿਲਾਂ ਇਹ ਸਪੱਸ਼ਟ ਕੀਤਾ ਸੀ ਕਿ ਅਦਾਲਤੀ ਕੰਪਲੈਕਸ ਦੇ ਅੰਦਰ ਕਿਸੇ ਵੀ ਕਿਸਮ ਦੀ ਮੂਰਤੀ ਲਗਾਉਣ ਲਈ Full Court (ਸਾਰੇ ਜੱਜਾਂ ਦੀ ਮੀਟਿੰਗ) ਦੀ ਇਜਾਜ਼ਤ ਜ਼ਰੂਰੀ ਹੁੰਦੀ ਹੈ। ਗਵਾਲੀਅਰ ਬੈਂਚ ਵਿੱਚ ਮੂਰਤੀ ਲਗਾਉਣ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ, ਪਰ ਪ੍ਰਸ਼ਾਸਨਿਕ ਪੱਧਰ ’ਤੇ ਇਸ ਨੂੰ ਹਰੀ ਝੰਡੀ ਮਿਲਣ ਵਿੱਚ ਦੇਰੀ ਹੋਈ।

**ਵਕੀਲਾਂ ਵਿਚਾਲੇ ਮਤਭੇਦ:** ਇਸ ਮਾਮਲੇ ਵਿੱਚ ‘ਹਾਈਕੋਰਟ ਬਾਰ ਐਸੋਸੀਏਸ਼ਨ’ ਦੇ ਅੰਦਰ ਵੀ ਦੋ ਧੜੇ ਬਣ ਗਏ ਸਨ। ਇੱਕ ਧੜਾ ਸੰਵਿਧਾਨ ਦੇ ਸਨਮਾਨ ਵਜੋਂ ਮੂਰਤੀ ਦੇ ਪੱਖ ਵਿੱਚ ਸੀ, ਜਦਕਿ ਦੂਜੇ ਧੜੇ ਨੇ ਦਲੀਲ ਦਿੱਤੀ ਸੀ ਕਿ ਅਦਾਲਤੀ ਅਹਾਤੇ ਵਿੱਚ ਕਿਸੇ ਵੀ ਵਿਅਕਤੀ ਵਿਸ਼ੇਸ਼ ਦੀ ਮੂਰਤੀ ਲਗਾਉਣ ਨਾਲ ਨਵੀਂ ਪ੍ਰੰਪਰਾ ਸ਼ੁਰੂ ਹੋ ਸਕਦੀ ਹੈ।

**ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼:** ਭਾਰਤ ਦੀ ਸੁਪਰੀਮ ਕੋਰਟ ਨੇ ਪਹਿਲਾਂ ਹੀ ਜਨਤਕ ਥਾਵਾਂ ਅਤੇ ਸਰਕਾਰੀ ਇਮਾਰਤਾਂ ਵਿੱਚ ਮੂਰਤੀਆਂ ਲਗਾਉਣ ਬਾਰੇ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ, ਜਿਸ ਕਾਰਨ ਹਾਈਕੋਰਟ ਪ੍ਰਸ਼ਾਸਨ ਬਹੁਤ ਸਾਵਧਾਨੀ ਨਾਲ ਕਦਮ ਚੁੱਕ ਰਿਹਾ ਹੈ।

**ਤਾਜ਼ਾ ਘਟਨਾਕ੍ਰਮ** (2025-2026)

**ਸਰਕਾਰ ਦੀ ਭੂਮਿਕਾ:** ਮੱਧ ਪ੍ਰਦੇਸ਼ ਸਰਕਾਰ ਨੇ ਸਮਾਜਿਕ ਦਬਾਅ ਨੂੰ ਦੇਖਦੇ ਹੋਏ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਸੀ। ਕਈ ਵਾਰ ਸਰਕਾਰ ਨੇ ਹਾਈ ਕੋਰਟ ਨੂੰ ਬੇਨਤੀ ਕੀਤੀ ਹੈ ਕਿ ਉਹ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਮੂਰਤੀ ਲਗਾਉਣ ਦੀ ਥਾਂ ਨਿਰਧਾਰਤ ਕਰੇ।

**ਪਟੀਸ਼ਨਾਂ:** ਅਨੁਸੂਚਿਤ ਜਾਤੀ ਅਤੇ ਜਨਜਾਤੀ ਸੰਗਠਨਾਂ ਨੇ ਵੱਖ-ਵੱਖ ਸਮੇਂ ’ਤੇ ਪਟੀਸ਼ਨਾਂ ਦਾਇਰ ਕਰਕੇ ਇਹ ਦਲੀਲ ਦਿੱਤੀ ਹੈ ਕਿ ਜੇਕਰ ਦੇਸ਼ ਦੇ ਸੰਵਿਧਾਨ ਦੇ ਨਿਰਮਾਤਾ ਦੀ ਮੂਰਤੀ ਨਿਆਂ ਦੇ ਮੰਦਰ (ਅਦਾਲਤ) ਵਿੱਚ ਨਹੀਂ ਹੋਵੇਗੀ, ਤਾਂ ਕਿੱਥੇ ਹੋਵੇਗੀ?

**ਮੌਜੂਦਾ ਸਥਿਤੀ:** ਅੱਜ (29 ਜਨਵਰੀ) ਦੀ ਸੰਕਲਪ ਯਾਤਰਾ ਇਸੇ ਗੱਲ ਦਾ ਪ੍ਰਤੀਕ ਹੈ ਕਿ ਕਾਨੂੰਨੀ ਫੈਸਲਾ ਦੇਰੀ ਨਾਲ ਹੋਣ ਕਾਰਨ ਲੋਕਾਂ ਵਿੱਚ ਰੋਸ ਵੱਧ ਰਿਹਾ ਹੈ। ਫਿਲਹਾਲ, ਮਾਮਲਾ ਅਜੇ ਵੀ ਹਾਈ ਕੋਰਟ ਦੀ ਪ੍ਰਸ਼ਾਸਨਿਕ ਕਮੇਟੀ ਦੇ ਵਿਚਾਰ ਅਧੀਨ ਹੈ, ਜਿਸ ਕਾਰਨ ਕਾਰਕੁਨ ਹੁਣ ਸੜਕਾਂ ’ਤੇ ਉਤਰ ਕੇ ਦਬਾਅ ਬਣਾ ਰਹੇ ਹਨ।

**ਪੰਜਾਬੀ ਵਿੱਚ ਹੋਰ ਵਿਸਥਾਰ:** ਇਹ ਮੰਗ ਸਿਰਫ਼ ਇੱਕ ਮੂਰਤੀ ਦੀ ਨਹੀਂ, ਸਗੋਂ ‘ਪ੍ਰਤੀਕਾਤਮਕ ਨਿਆਂ’ ਦੀ ਬਣ ਗਈ ਹੈ। ਜੇਕਰ ਅਦਾਲਤ ਕੋਈ ਸਖ਼ਤ ਫੈਸਲਾ ਨਹੀਂ ਲੈਂਦੀ, ਤਾਂ ਇਹ ਮਾਮਲਾ ਆਉਣ ਵਾਲੇ ਦਿਨਾਂ ਵਿੱਚ ਹੋਰ ਵੱਡਾ ਸਿਆਸੀ ਰੂਪ ਲੈ ਸਕਦਾ ਹੈ।

ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਇਸ ਖ਼ਬਰ ਨੂੰ ਤੁਹਾਡੇ ਨਵੇਂ ਪਲੇਟਫਾਰਮ "Daily USA" ਜਾਂ "Sade Lok" ਲਈ ਇੱਕ ਸੰਪਾਦਕੀ (Editorial) ਦੇ ਰੂਪ ਵਿੱਚ ਤਿਆਰ ਕਰਾਂ?

## ਮਿਤੇਂਦਰ ਸਿੰਘ, ਰਕੀਬੁਲ ਹੁਸੈਨ ‘ਜਾਤੀ ਬੋਸਾਓਕ, ਮਾਟੀ ਬੋਸਾਓਕ’ ਨੂੰ ਉਤਸ਼ਾਹਿਤ ਕਰਨ ਲਈ ਨਾਗਾਓਂ ਵਿੱਚ ‘ਪਦਯਾਤਰਾ’ ਵਿੱਚ ਹੋਏ ਸ਼ਾਮਲ



ਨਾਗਾਓਂ (ਅਸਾਮ) : ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਮਿਤੇਂਦਰ ਸਿੰਘ ਨੇ ਕਾਂਗਰਸ ਸੰਸਦ ਮੈਂਬਰ ਰਕੀਬੁਲ ਹੁਸੈਨ ਅਤੇ ਹੋਰ ਪਾਰਟੀ ਨੇਤਾਵਾਂ ਨਾਲ ਮਿਲ ਕੇ, ਵੀਰਵਾਰ ਨੂੰ ਨਾਗਾਓਂ ਵਿੱਚ ਅਸਾਮ ਪ੍ਰਦੇਸ਼ ਯੂਥ ਕਾਂਗਰਸ ਦੁਆਰਾ ਆਯੋਜਿਤ ‘ਜਾਤੀ ਬੋਸਾਓਕ, ਮਾਟੀ ਬੋਸਾਓਕ’ (ਸਮਾਜ ਬਚਾਓ, ਜ਼ਮੀਨ ਬਚਾਓ) ਦੇ ਨਾਅਰੇ ਹੇਠ ਇੱਕ ‘ਪਦਯਾਤਰਾ’ ਵਿੱਚ ਹਿੱਸਾ ਲਿਆ।

## ਪਟਨਾ ’ਚ ਵਿਦਿਆਰਥੀਆਂ ਨੇ ਨਵੇਂ ਯੂਜੀਸੀ ਬਿੱਲ ਦੇ ਵਿਰੋਧ ਵਿੱਚ ਕੀਤਾ ਪ੍ਰਦਰਸ਼ਨ

ਪਟਨਾ: ਪਟਨਾ ਵਿੱਚ ਤਣਾਅਪੂਰਨ ਦ੍ਰਿਸ਼ ਦੇਖਣ ਨੂੰ ਮਿਲੇ ਜਦੋਂ ਸੈਂਕੜੇ ਵਿਦਿਆਰਥੀਆਂ ਨੇ ਸ਼ਹਿਰ ਦੇ ਇੱਕ ਪ੍ਰਮੁੱਖ ਟਰੈਫਿਕ ਚੌਰਾਹੇ, ਦਿਨਕਰ ਗੋਲਾਂਬਰ ਵਿਖੇ ਪ੍ਰਸਤਾਵਿਤ ਯੂਜੀਸੀ ਬਿੱਲ ਦੇ ਖਿਲਾਫ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤਾ।

ਆਲ ਬਿਹਾਰ ਸਟੂਡੈਂਟਸ ਯੂਨੀਅਨ (ਏਬੀਐਸਯੂ) ਅਤੇ ਸਵਰਣ ਏਕਤਾ ਮੰਚ ਦੇ ਬੈਨਰ ਹੇਠ ਆਯੋਜਿਤ ਇਸ ਵਿਰੋਧ ਪ੍ਰਦਰਸ਼ਨ ਵਿੱਚ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ ਅਤੇ ਸੜਕ ’ਤੇ ਸਮੱਗਰੀ ਸਾੜੀ ਗਈ, ਜਿਸ ਨਾਲ ਆਵਾਜਾਈ ਵਿੱਚ ਥੋੜ੍ਹੀ ਦੇਰ ਲਈ ਵਿਘਨ ਪਿਆ। ਵਿਦਿਆਰਥੀ ਆਗੂ ਵਿਸ਼ਾਲ ਕੁਮਾਰ ਨੇ ਦੋਸ਼ ਲਾਇਆ ਕਿ ਪ੍ਰਸਤਾਵਿਤ ਯੂਜੀਸੀ ਬਿੱਲ ਉੱਚ ਜਾਤੀ ਦੇ ਵਿਦਿਆਰਥੀਆਂ ਦੇ ਹਿੱਤਾਂ ਦੇ ਵਿਰੁੱਧ ਹੈ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਰਾਜਨੀਤਿਕ ਏਜੰਡੇ ਦੀ ਆੜ ਵਿੱਚ ਉੱਚ ਜਾਤੀਆਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ‘ਜੇ ਤੁਸੀਂ ਇਕਜੁੱਟ ਰਹੋਗੇ, ਤਾਂ ਤੁਸੀਂ ਸੁਰੱਖਿਅਤ ਰਹੋਗੇ; ਜੇ ਤੁਸੀਂ ਵੰਡੋਗੇ, ਤਾਂ ਤੁਸੀਂ ਤਬਾਹ ਹੋ ਜਾਓਗੇ’,ਵਿਸ਼ਾਲ ਕੁਮਾਰ ਨੇ ਕਿਹਾ, ‘ਦੇਸ਼ ਭਰ ਵਿੱਚ ਏਕਤਾ, ਅਖੰਡਤਾ ਅਤੇ ਸਮਾਨਤਾ ਦੀ ਗੱਲ ਕੀਤੀ ਜਾਂਦੀ ਹੈ, ਪਰ ਰਾਜਨੀਤੀ ਦੇ ਦੁਸ਼ਟ ਚੱਕਰ ਵਿੱਚ, ਉੱਚ ਜਾਤੀ ਦੇ ਲੋਕ ਬੇਵੱਸ ਹੋ ਰਹੇ ਹਨ। ਪ੍ਰਧਾਨ ਮੰਤਰੀ ਤਿੰਨ ਵਾਰ ਚੁਣੇ ਗਏ ਹਨ - ਕੀ ਉੱਚ ਜਾਤੀ ਦੇ ਵੋਟ ਨਹੀਂ ਲਏ ਗਏ ਸਨ? ਫਿਰ ਅਜਿਹਾ ਬਿੱਲ ਕਿਉਂ ਲਿਆਂਦਾ ਗਿਆ ਹੈ?’











ਪ੍ਰਯਾਗਰਾਜ ਵਿੱਚ ਮਾਘ ਮੇਲੇ ਦੌਰਾਨ ਧੂਣੀ ਪੂਜਾ ਕਰਦੇ ਸਾਧੂ।

## ਗੁਹਾਟੀ 'ਚ ਦਿਨ ਵੇਲੇ ਬਸੰਤ ਦੌਰਾਨ ਫਲਾਂ ਦੇ ਚਮਗਿੱਦੜ ਦਰੱਖਤਾਂ ਦੀਆਂ ਟਾਹਣੀਆਂ 'ਤੇ ਲਟਕਦੇ ਹਨ ਉਲਟਾ



ਗੁਹਾਟੀ (ਅਸਾਮ) : ਗੁਹਾਟੀ ਵਿੱਚ ਦਿਨ ਵੇਲੇ ਬਸੰਤ ਦੌਰਾਨ ਫਲਾਂ ਦੇ ਚਮਗਿੱਦੜ ਦਰੱਖਤਾਂ ਦੀਆਂ ਟਾਹਣੀਆਂ 'ਤੇ ਉਲਟਾ ਲਟਕਦੇ ਹਨ, ਸਾਫ਼ ਅਸਮਾਨ ਦੇ ਸਾਹਮਣੇ ਛਾਇਆ ਹੋਇਆ ਹੈ।

ਗੁਹਾਟੀ ਦੇ ਪਾਨਬਾਜ਼ਾਰ ਵਿੱਚ, ਪਾਨਟੈਂਕੀ ਦੇ ਸਾਹਮਣੇ, ਐਮਜੀ ਰੋਡ 'ਤੇ ਇੱਕ ਦਿਲਚਸਪ ਨਜ਼ਾਰਾ ਦਿਖਾਈ ਦਿੰਦਾ ਹੈ ਜਦੋਂ ਫਲਾਂ ਦੇ ਚਮਗਿੱਦੜ, ਜਿਨ੍ਹਾਂ ਨੂੰ ਸਥਾਨਕ ਤੌਰ 'ਤੇ 'ਫੋਲਖੁਆ ਬੋਰਬਾਦੁਲੀ' ਜਾਂ ਫਰੂਜੀਵੋਰਸ ਵੱਡੇ ਚਮਗਿੱਦੜ ਕਿਹਾ ਜਾਂਦਾ ਹੈ, ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ।

ਇੰਡੀਅਨ ਫਲਾਇੰਗ ਫੌਕਸ ਪ੍ਰਜਾਤੀ (ਪਟੇਰੋਪਸ ਗਿਗੈਂਟੀਅਸ) ਸ਼ਾਨਦਾਰ ਜੀਵ ਹਨ ਅਤੇ ਅਸਾਮ ਵਿੱਚ ਫਲਾਂ ਦੇ ਚਮਗਿੱਦੜਾਂ ਦੀ ਸਭ ਤੋਂ ਵੱਡੀ ਪ੍ਰਜਾਤੀ ਹੈ।

ਦਿਨ ਵੇਲੇ ਇਕੱਠੇ ਹੋਣ ਅਤੇ ਪੰਛੀਆਂ ਲਈ ਰਾਤ ਨੂੰ ਆਸਰਾ ਲੱਭਣ ਲਈ ਇੱਕ ਮਹੱਤਵਪੂਰਨ ਸਥਾਨ ਹੈ। ਪਾਨਬਾਜ਼ਾਰ ਵਿੱਚ ਰਹਿਣ ਵਾਲੇ ਦਰੱਖਤ ਭਾਰਤੀ ਉੱਡਣ ਵਾਲੀਆਂ ਲੂੰਬੜੀਆਂ ਲਈ ਇੱਕ ਆਦਰਸ਼ ਨਿਵਾਸ ਸਥਾਨ ਪ੍ਰਦਾਨ ਕਰਦੇ ਹਨ।

ਇੱਕ ਅਭੁੱਲਣਯੋਗ ਦ੍ਰਿਸ਼ ਹਰ ਸ਼ਾਮ 5:15 ਵਜੇ ਦੇ ਆਸਪਾਸ ਉੱਡਦਾ ਹੈ, ਜਦੋਂ ਭਾਰਤੀ ਉੱਡਣ ਵਾਲੀਆਂ ਲੂੰਬੜੀਆਂ ਸੁੰਦਰਤਾ ਨਾਲ ਪਾਨਬਾਜ਼ਾਰ ਤੋਂ ਉੱਡਦੀਆਂ ਹਨ ਅਤੇ ਸਵੇਰ ਤੋਂ ਠੀਕ ਪਹਿਲਾਂ ਆਪਣੇ ਰਹਿਣ ਵਾਲੇ ਸਥਾਨਾਂ 'ਤੇ ਵਾਪਸ ਆਉਂਦੀਆਂ ਹਨ।

ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ, ਫਲਾਂ ਦੇ ਚਮਗਿੱਦੜ ਦੇਖਣਾ ਇੱਕ ਵਧਦਾ ਆਕਰਸ਼ਣ ਬਣ ਗਿਆ ਹੈ ਅਤੇ ਗੁਹਾਟੀ ਤੋਂ ਵੀ ਇਸਦਾ ਪਾਲਣ ਕਰਨ ਦੀ ਉਮੀਦ ਹੈ।




ਪੱਤਾ ਕਲਾਕਾਰ ਮਧੁਰੇਂਦਰ ਆਪਣੀ ਕਲਾਕ੍ਰਿਤੀ ਦਿਖਾਉਂਦੇ ਹੋਏ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਤਸਵੀਰ ਬਣਾਉਂਦੇ ਹਨ।

## ਮੈਲਬੌਰਨ 'ਚ ਮਹਾਤਮਾ ਗਾਂਧੀ ਦਾ ਬੁੱਤ ਚੋਰੀ, ਭਾਰਤ ਨੇ ਕੀਤੀ ਨਿੰਦਾ



ਨਵੀਂ ਦਿੱਲੀ : ਮੈਲਬੌਰਨ 'ਚ ਆਸਟ੍ਰੇਲੀਅਨ ਇੰਡੀਅਨ ਕਮਿਊਨਿਟੀ ਸੈਂਟਰ ਤੋਂ ਮਹਾਤਮਾ ਗਾਂਧੀ ਦਾ ਬੁੱਤ ਚੋਰੀ ਹੋ ਗਿਆ ਹੈ। ਭਾਰਤ ਨੇ ਇਸ ਦੀ ਸਖ਼ਤ ਨਿੰਦਾ ਕਰਦਿਆਂ ਬੁੱਤ ਨੂੰ ਬਰਾਮਦ ਕਰਨ ਲਈ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਆਸਟ੍ਰੇਲੀਅਨ ਮੀਡੀਆ ਅਨੁਸਾਰ 12 ਜਨਵਰੀ ਨੂੰ ਮੈਲਬੌਰਨ ਦੇ ਰੋਵਿਲ 'ਚ ਕਮਿਊਨਿਟੀ ਸੈਂਟਰ ਤੋਂ ਕਾਂਸੀ ਦਾ ਬੁੱਤ ਚੋਰੀ ਹੋ ਗਿਆ ਸੀ। ਭਾਰਤੀ ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਕਿ ਅਸੀਂ ਅਣਪਛਾਤੇ ਵਿਅਕਤੀਆਂ ਵੱਲੋਂ ਮੈਲਬੌਰਨ 'ਚ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨਤੋੜ ਕਰਨ ਤੇ ਉਸ ਨੂੰ ਚੋਰੀ ਕਰਨ ਦੀ ਸਖ਼ਤ ਨਿੰਦਾ ਕਰਦੇ ਹਾਂ।

ਅਸੀਂ ਇਸ ਮਾਮਲੇ ਨੂੰ ਆਸਟ੍ਰੇਲੀਆਈ ਅਧਿਕਾਰੀਆਂ ਕੋਲ ਗੰਭੀਰਤਾ ਨਾਲ ਉਠਾਇਆ ਹੈ। ਉਨ੍ਹਾਂ ਨੂੰ ਬੁੱਤ ਨੂੰ ਬਰਾਮਦ ਕਰਨ ਤੇ ਮੁਲਜ਼ਮਾਂ ਨੂੰ ਜਵਾਬਦੇਹ ਬਣਾਉਣ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ 420 ਕਿਲੋ ਭਾਰੇ ਬੁੱਤ ਨੂੰ ਗ੍ਰਾਈਂਡਰ ਦੀ ਵਰਤੋਂ ਕਰ ਕੇ ਇਸ ਦੇ ਅਧਾਰ ਤੋਂ ਕੱਟ ਦਿੱਤਾ ਗਿਆ। ਬੁੱਤ ਦੇ ਸਿਰਫ ਪੈਰ ਹੀ ਬਚੇ ਹਨ।

## ਇਮਰਾਨ ਖਾਨ ਦੀ ਭੈਣ ਅਲੀਮਾ ਖਾਨ ਖਿਲਾਫ ਗੈਰ-ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ



ਇਸਲਾਮਾਬਾਦ : ਪਾਕਿਸਤਾਨ ਦੀ ਇੱਕ ਅੱਤਵਾਦ ਵਿਰੋਧੀ ਅਦਾਲਤ (ATC) ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਭੈਣ ਅਲੀਮਾ ਖਾਨ ਦੇ ਖਿਲਾਫ ਵੱਡੀ ਕਾਰਵਾਈ ਕਰਦੇ ਹੋਏ ਗੈਰ-ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਇਹ ਵਾਰੰਟ ਸਾਲ 2024 ਦੇ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਅਦਾਲਤ ਵਿੱਚ ਪੇਸ਼ ਨਾ ਹੋਣ ਕਾਰਨ ਜਾਰੀ ਕੀਤੇ ਗਏ ਹਨ।

ਰਾਵਲਪਿੰਡੀ ਦੀ ਅਦਾਲਤ ਨੇ ਨਵੰਬਰ 2024 ਵਿੱਚ ਪਾਕਿਸਤਾਨ ਤਹਿਰੀਕ-ਏ-ਇਨਸਾਫ (PTI) ਵੱਲੋਂ ਕੀਤੇ ਗਏ ਵਿਰੋਧ ਪ੍ਰਦਰਸ਼ਨਾਂ ਦੇ ਮਾਮਲੇ ਵਿੱਚ ਇਹ ਕਾਰਵਾਈ ਕੀਤੀ ਹੈ। ਅਲੀਮਾ ਖਾਨ 'ਤੇ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਨ, ਸਰਕਾਰ ਵਿਰੋਧੀ ਨਾਅਰੇਬਾਜ਼ੀ, ਭੰਨ-ਤੋੜ ਅਤੇ ਪਥਰਾਅ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਅਦਾਲਤ ਨੇ ਸਿਰਫ ਅਲੀਮਾ ਖਾਨ ਹੀ ਨਹੀਂ, ਸਗੋਂ ਉਨ੍ਹਾਂ ਦੇ ਦੋ ਜ਼ਮਾਨਤਦਾਰਾਂ ਵਿਰੁੱਧ ਵੀ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ।

ਅਦਾਲਤ ਨੇ ਅਲੀਮਾ ਦੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਨੂੰ ਰੱਦ ਕਰਦਿਆਂ ਪੁਲਸ ਨੂੰ ਹੁਕਮ ਦਿੱਤਾ ਹੈ ਕਿ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਬੁੱਧਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਸੁਣਵਾਈ ਦੌਰਾਨ ਅਲੀਮਾ ਖਾਨ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੀ ਮੁਵੱਕਿਲ ਦੇ ਬੈਂਕ ਖਾਤੇ, ਰਾਸ਼ਟਰੀ ਪਛਾਣ ਪੱਤਰ ਅਤੇ ਪਾਸਪੋਰਟ ਬਲਾਕ ਕਰ ਦਿੱਤੇ ਗਏ ਹਨ। ਵਕੀਲ ਅਨੁਸਾਰ, ਇਨ੍ਹਾਂ ਪਾਬੰਦੀਆਂ ਕਾਰਨ ਉਨ੍ਹਾਂ ਨੂੰ ਯਾਤਰਾ ਕਰਨ ਅਤੇ ਰੋਜ਼ਾਨਾ ਦੇ ਕੰਮਾਂ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਲੈਫਟੀਨੈਂਟ ਜਨਰਲ ਅਰਵਿੰਦ ਚੌਹਾਨ ਨੇ ਬੱਟੀਕਾਓ 'ਚ ਬਾਈਸਨ ਡਿਵੀਜ਼ਨ ਦੀ ਕਾਰਜਸ਼ੀਲ ਤਿਆਰੀ ਦੀ ਕੀਤੀ ਸਮੀਖਿਆ



ਬਟੀਕਾਓ/ਸ੍ਰੀਲੰਕਾ : ਲੈਫਟੀਨੈਂਟ ਜਨਰਲ ਅਰਵਿੰਦ ਚੌਹਾਨ, ਵਾਈਐਸਐਮ, ਐਸਐਮ, ਜਨਰਲ ਅਫਸਰ ਕਮਾਂਡਿੰਗ (ਜੀਓਸੀ), ਸੁਦਰਸ਼ਨ ਚੱਕਰ ਕਾਰਪਸ, ਨੇ ਫਾਰਮੇਸ਼ਨ ਦੀ ਸੰਚਾਲਨ ਤਿਆਰੀ ਦੀ ਸਮੀਖਿਆ ਕਰਨ ਲਈ ਬੱਟਿਕਾਓ ਅਤੇ ਬਸੰਤਰ ਬ੍ਰਿਗੇਡ ਦਾ ਦੌਰਾ ਕੀਤਾ। ਉਨ੍ਹਾਂ ਨੂੰ ਸਾਰੇ ਖੇਤਰਾਂ ਵਿੱਚ ਕੀਤੇ ਗਏ ਉਪਰਾਲਿਆਂ ਦੇ ਨਾਲ-ਨਾਲ ਮੁੱਖ ਸੰਚਾਲਨ ਅਤੇ ਪ੍ਰਸ਼ਾਸਕੀ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਨੇ ਡਰੋਨ ਯੁੱਧ ਦੇ ਮੈਦਾਨਾਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਇੱਕ ਏਕੀਕ੍ਰਿਤ ਫੋਰਸ ਦੁਆਰਾ ਬਣਾਏ ਗਏ ਡਰੋਨ ਯੁੱਧ ਦੇ ਸਿਖਲਾਈ ਅਤੇ ਡਰੋਨ ਯੁੱਧ ਸਮਰੱਥਾਵਾਂ ਦਾ ਸਿੱਧਾ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਡਰੋਨ ਯੁੱਧ ਦੀਆਂ ਤਿਆਰੀਆਂ ਦੀ ਸਮੀਖਿਆ ਵੀ ਕੀਤੀ ਅਤੇ ਉਨ੍ਹਾਂ ਦੇ ਸਮਰਪਣ ਅਤੇ ਵਿਸ਼ੇਸ਼ ਹੁਨਰਾਂ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ।

ਆਪਣੀ ਫੇਰੀ ਦੌਰਾਨ, ਜੀਓਸੀ ਨੇ ਚੱਲ ਰਹੇ ਸਮਰੱਥਾ ਵਿਕਾਸ ਪਹਿਲਕਦਮੀਆਂ ਦੀ ਵੀ ਸਮੀਖਿਆ ਕੀਤੀ, ਜਿਸ ਵਿੱਚ ਡਰੋਨ ਅਤੇ ਕਾਊਂਟਰ-ਡਰੋਨ ਸਮਰੱਥਾਵਾਂ, ਸੰਚਾਲਨ ਤਿਆਰੀਆਂ ਅਤੇ ਮੁੱਖ ਬੁਨਿਆਦੀ ਢਾਂਚਾ ਪ੍ਰੋਜੈਕਟ ਸ਼ਾਮਲ ਹਨ।

ਜੀਓਸੀ ਨੇ ਸਾਰੇ ਰੈਂਕਾਂ ਨੂੰ ਇੱਕ ਆਧੁਨਿਕ, ਚੁਸਤ ਅਤੇ ਅਨੁਕੂਲ ਸ਼ਕਤੀ ਵਿੱਚ ਬਦਲਣ ਦੇ ਉਦੇਸ਼ ਨਾਲ ਸਖ਼ਤ ਸਿਖਲਾਈ ਜਾਰੀ ਰੱਖਣ ਲਈ ਕਿਹਾ।




ਕੋਲਕਾਤਾ ਵਿੱਚ 27 ਜਨਵਰੀ 2026 ਨੂੰ ਆਨੰਦਪੁਰ ਵਿਖੇ ਨਿਰਮਾਣ ਯੂਨਿਟ ਵਿੱਚ ਅੱਗ ਲੱਗਣ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਵਧਣ ਤੋਂ ਬਾਅਦ ਕਾਂਗਰਸ ਪਾਰਟੀ ਦੇ ਵਰਕਰ ਧਰਮਤਲਾ ਵਿਖੇ ਪ੍ਰਦਰਸ਼ਨ ਕਰ ਰਹੇ ਹਨ।

# ਜੰਮੂ ਵਿੱਚ ਲਾਅ ਯੂਨੀਵਰਸਿਟੀ ਦੀ ਸਥਾਪਨਾ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀ ਹਿਰਾਸਤ ’ਚ

ਜੰਮੂ : ਜੰਮੂ ਯੂਨੀਵਰਸਿਟੀ ਦੇ ਕਈ ਵਿਦਿਆਰਥੀਆਂ ਅਤੇ ਵੱਖ-ਵੱਖ ਸਮਾਜਿਕ ਸੰਗਠਨਾਂ ਦੇ ਮੈਂਬਰਾਂ ਨੂੰ ਵੀਰਵਾਰ ਨੂੰ ਉਸ ਸਮੇਂ ਹਿਰਾਸਤ ਵਿੱਚ ਲੈ ਲਿਆ ਗਿਆ ਜਦੋਂ ਉਨ੍ਹਾਂ ਨੇ ਜੰਮੂ ਵਿੱਚ ਇੱਕ ਰਾਸ਼ਟਰੀ ਕਾਨੂੰਨ ਯੂਨੀਵਰਸਿਟੀ (NLU) ਦੀ ਸਥਾਪਨਾ ਦੀ ਮੰਗ ਕਰਦੇ ਹੋਏ ਵਿਅਸਤ ਤਵੀ ਪੁਲ ਨੂੰ ਜਾਮ ਕਰ ਦਿੱਤਾ।

ਪ੍ਰਸਤਾਵਿਤ ਐਨਐਲਯੂ ਮੁੱਖ ਮੰਤਰੀ ਉਮਰ ਅਬਦੁੱਲਾ ਦੀ ਅਗਵਾਈ ਵਾਲੀ ਸਰਕਾਰ ਅਤੇ ਜੰਮੂ ਵਿੱਚ ਰਾਜਨੀਤਿਕ ਅਤੇ ਸਮਾਜਿਕ ਸਮੂਹਾਂ ਵਿਚਕਾਰ ਵਿਵਾਦ ਦੇ ਬਿੰਦੂ ਵਜੋਂ ਉਭਰਿਆ ਹੈ, ਜੋ ਇਸ ਖੇਤਰ ਵਿੱਚ ਪ੍ਰਮੁੱਖ ਕਾਨੂੰਨ ਯੂਨੀਵਰਸਿਟੀ ਸਥਾਪਤ ਕਰਨ ’ਤੇ ਜ਼ੋਰ ਦੇ ਰਹੇ ਹਨ।

ਵੀਰਵਾਰ ਨੂੰ, ਜੰਮੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਤਵੀ ਪੁਲ ਵੱਲ ਮਾਰਚ ਕੀਤਾ ਅਤੇ ਆਵਾਜਾਈ ਨੂੰ ਰੋਕ ਦਿੱਤਾ, ਜਿਸ ਨਾਲ ਆਵਾਜਾਈ ਠੱਪ ਹੋ ਗਈ। ਸ਼ਹਿਰ ਭਰ ਵਿੱਚ ਆਵਾਜਾਈ ਜਾਮ ਹੋਣ ਦੀ ਰਿਪੋਰਟ ਕੀਤੀ ਗਈ ਕਿਉਂਕਿ ਯਾਤਰੀਆਂ ਨੂੰ






ਆਪਣੀਆਂ ਮੰਜ਼ਿਲਾਂ ’ਤੇ ਪਹੁੰਚਣ ਲਈ ਵੱਖ-ਵੱਖ ਰੂਟਾਂ ’ਤੇ ਜਾਣ।

ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਥੋੜ੍ਹੀ ਜਿਹੀ ਝੜਪ ਤੋਂ ਬਾਅਦ, ਕਈ ਵਿਦਿਆਰਥੀਆਂ ਨੂੰ ਥੋੜ੍ਹੇ ਸਮੇਂ ਲਈ ਹਿਰਾਸਤ ਵਿੱਚ ਲੈ ਲਿਆ ਗਿਆ, ਜਿਸ ਤੋਂ ਬਾਅਦ ਆਵਾਜਾਈ ਬਹਾਲ ਕਰ ਦਿੱਤੀ ਗਈ। ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦਾ ਸਮਰਥਨ ਕਰਨ ਵਾਲੇ ਯੁਵਾ ਰਾਜਪੂਤ ਸਭਾ ਦੇ ਮੈਂਬਰਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ।

ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਕਿਹਾ ਕਿ ਉਹ ਕਸ਼ਮੀਰ ਖੇਤਰ ਵਿੱਚ ਐਨਐਲਯੂ ਦੀ ਸਥਾਪਨਾ ਦੇ ਵਿਰੁੱਧ ਨਹੀਂ ਹਨ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਜੰਮੂ ਵੀ ਰਾਸ਼ਟਰੀ ਪੱਧਰ ਦੀ ਇੱਕ ਯੂਨੀਵਰਸਿਟੀ ਦਾ ਹੱਕਦਾਰ ਹੈ।

# ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਹਜ਼ਾਰਾਂ ਸ਼ਰਧਾਲੂ ਵਾਰਾਣਸੀ ਪਹੁੰਚੇ

ਜਲੰਧਰ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ ’ਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੋਂ ਬੇਗਮਪੁਰਾ ਐਕਸਪ੍ਰੈਸ ਸਪੈਸ਼ਲ ਰੇਲ ਗੱਡੀ ਨੂੰ ਸ਼ਰਧਾ ਅਤੇ ਉਤਸ਼ਾਹ ਦੇ ਮਾਹੌਲ ਵਿੱਚ ਵਾਰਾਣਸੀ (ਕਾਂਸ਼ੀ) ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਸਟੇਸ਼ਨ ’ਤੇ ਸ਼ਰਧਾਲੂਆਂ ਦਾ ਭਾਰੀ ਸੈਲਾਬ ਉਮੜਿਆ ਅਤੇ ਪੂਰਾ ਸਟੇਸ਼ਨ ‘ਜੋ ਬੋਲੇ ਸੋ ਨਿਰਭੈ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ’ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

ਹਰੀ ਝੰਡੀ: ਇਸ ਵਿਸ਼ੇਸ਼ ਰੇਲ ਗੱਡੀ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਲਾਲ ਚੰਦ ਕਟਾਰੂਚੱਕ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਲੋਕ ਸਭਾ ਮੈਂਬਰ ਅਤੇ ਹੋਰ ਉੱਘੀਆਂ ਸ਼ਖਸੀਅਤਾਂ ਵੀ ਮੌਜੂਦ ਸਨ।

ਡੇਰਾ ਬੱਲਾਂ ਦੀ ਅਗਵਾਈ: ਰੇਲ ਗੱਡੀ ਦੀ ਰਵਾਨਗੀ ਤੋਂ ਪਹਿਲਾਂ ਮੰਤਰੀਆਂ ਨੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਜੀ





ਤੋਂ ਆਸ਼ੀਰਵਾਦ ਲਿਆ। ਇਹ ਯਾਤਰਾ ਡੇਰਾ ਬੱਲਾਂ ਦੀ ਅਗਵਾਈ ਹੇਠ ਹਰ ਸਾਲ ਕੱਢੀ ਜਾਂਦੀ ਹੈ।

ਸ਼ਰਧਾਲੂਆਂ ਦਾ ਉਤਸ਼ਾਹ: ਰੇਲ ਗੱਡੀ ਵਿੱਚ ਲਗਭਗ 1500 ਤੋਂ ਵੱਧ ਸ਼ਰਧਾਲੂ ਸਵਾਰ ਹੋਏ ਹਨ ਜੋ ਵਾਰਾਣਸੀ ਸਥਿਤ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ‘ਸੀਰ ਗੋਵਰਧਨਪੁਰ’ ਵਿਖੇ ਨਤਮਸਤਕ ਹੋਏ।

ਰੇਲਵੇ ਦਾ ਪ੍ਰਬੰਧ: ਫਿਰੋਜ਼ਪੁਰ ਡਿਵੀਜ਼ਨ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਰੇਲ ਗੱਡੀ (ਨੰਬਰ 00468) ਦਾ ਪ੍ਰਬੰਧ ਕੀਤਾ ਗਿਆ। ਇਹ ਰੇਲ ਗੱਡੀ ਵਾਰਾਣਸੀ ਵਿੱਚ ਹੋਣ ਵਾਲੇ ਮੁੱਖ ਸਮਾਗਮਾਂ ਤੋਂ ਬਾਅਦ  ਵਾਪਸ ਜਲੰਧਰ ਲਈ ਰਵਾਨਾ ਹੋਈ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ ’ਤੇ ਮਨਾ ਰਹੀ ਹੈ।

ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ: ਜਲੰਧਰ ਵਿੱਚ ਗੁਰੂ ਰਵਿਦਾਸ ਜੀ ਦੀ ਬਾਣੀ ’ਤੇ ਖੋਜ ਲਈ ਇੱਕ ਵਿਸ਼ੇਸ਼ ਅਧਿਐਨ ਕੇਂਦਰ ਸਥਾਪਤ ਕੀਤਾ ਜਾਵੇਗਾ।

# ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਚੁਣੇ ਹੋਏ ਪੀਆਰਆਈ ਪ੍ਰਤੀਨਿਧੀਆਂ ਨਾਲ ਕੀਤੀ ਗੱਲਬਾਤ

ਈਟਾਨਗਰ : ਮੁੱਖ ਮੰਤਰੀ ਪੇਮਾ ਖਾਂਡੂ ਨੇ ਵੀਰਵਾਰ ਨੂੰ ਚੁਣੇ ਹੋਏ ਪੰਚਾਇਤੀ ਰਾਜ ਸੰਸਥਾ (ਪੀ.ਆਰ.ਆਈ.) ਦੇ ਨੁਮਾਇੰਦਿਆਂ ਨੂੰ ਸਮਾਵੇਸ਼ੀ ਯੋਜਨਾਬੰਦੀ, ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਅਤੇ ਸਰਕਾਰੀ ਮਸ਼ੀਨਰੀ ਨਾਲ ਨਜ਼ਦੀਕੀ ਤਾਲਮੇਲ ਰਾਹੀਂ ਜ਼ਮੀਨੀ ਪੱਧਰ ’ਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਪੰਚਾਇਤੀ ਰਾਜ ਵਿਭਾਗ ਵੱਲੋਂ ਆਯੋਜਿਤ ਪੀਆਰਆਈ ਪ੍ਰਤੀਨਿਧੀਆਂ (2026-2030) ਦੇ ਸੰਮੇਲਨ ਵਿੱਚ, ਮੁੱਖ ਮੰਤਰੀ ਨੇ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰੀਸ਼ਦ ਚੇਅਰਪਰਸਨਾਂ (ZPCs), ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ (ZPMs) ਅਤੇ ਗ੍ਰਾਮ ਪੰਚਾਇਤ ਚੇਅਰਪਰਸਨਾਂ (GPCs) ਨੂੰ ਹਾਲ ਹੀ ਵਿੱਚ ਹੋਈਆਂ ਪੰਚਾਇਤ ਚੋਣਾਂ ਵਿੱਚ ਜਨਤਕ ਫਤਵਾ ਪ੍ਰਾਪਤ ਕਰਨ ਲਈ ਵਧਾਈ ਦਿੱਤੀ।

ਪ੍ਰੋਗਰਾਮ ਦੀ ਬਣਤਰ ਬਾਰੇ ਦੱਸਦਿਆਂ, ਮੁੱਖ ਮੰਤਰੀ ਨੇ ਕਿਹਾ ਕਿ ਪਹਿਲੇ ਦੋ ਦਿਨਾਂ ਵਿੱਚ ਸਾਰੇ ZPCs, ZPMs ਅਤੇ GPCs ਲਈ ਸਾਂਝੇ ਸਿਖਲਾਈ ਸੈਸ਼ਨ ਸ਼ਾਮਲ ਹੋਣਗੇ, ਇਸ ਤੋਂ ਬਾਅਦ ZPMs ਅਤੇ GPCs ਲਈ ਦੋ ਵਾਧੂ ਦਿਨਾਂ ਦੀ ਵਿਸਤ੍ਰਿਤ ਸਿਖਲਾਈ ਹੋਵੇਗੀ। ਉਨ੍ਹਾਂ ਕਿਹਾ ਕਿ ਤਕਨੀਕੀ ਸੈਸ਼ਨ ਸਰਕਾਰੀ ਯੋਜਨਾਵਾਂ, ਨਵੀਨਤਮ ਤਕਨਾਲੋਜੀਆਂ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਕਵਰ ਕਰਕੇ ਪੰਚਾਇਤੀ ਰਾਜ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਤਿਆਰ ਕੀਤੇ ਗਏ ਸਨ।

ਅਰੁਣਾਚਲ ਪ੍ਰਦੇਸ਼ ਦੀ ਦੋ-ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਨੂੰ ਉਜਾਗਰ ਕਰਦੇ ਹੋਏ, ਮੁੱਖ ਮੰਤਰੀ ਨੇ




ਕਿਹਾ ਕਿ ਰਾਜ ਦੀਆਂ ਵਿਲੱਖਣ ਜਨਸੰਖਿਆ ਅਤੇ ਭੂਗੋਲਿਕ ਸਥਿਤੀਆਂ ਨੂੰ ਦੇਖਦੇ ਹੋਏ, ਭੂਮਿਕਾਵਾਂ ਦੀ ਕੁਸ਼ਲਤਾ ਅਤੇ ਸਪਸ਼ਟਤਾ ਨੂੰ ਯਕੀਨੀ ਬਣਾਉਣ ਲਈ ਇਹ ਮਾਡਲ ਅਪਣਾਇਆ ਗਿਆ ਸੀ। ਉਨ੍ਹਾਂ ਨੇ ਪੰਚਾਇਤੀ ਰਾਜ ਨੂੰ ਜ਼ਮੀਨੀ ਪੱਧਰ ’ਤੇ ਲੋਕਤੰਤਰ ਦੀ ਨੀਂਹ ਦੱਸਿਆ ਅਤੇ ਜ਼ੋਰ ਦਿੱਤਾ ਕਿ ਚੁਣੇ ਹੋਏ ਪ੍ਰਤੀਨਿਧੀਆਂ ਦੀ ਪਿੰਡ ਵਿਕਾਸ ਯੋਜਨਾਬੰਦੀ ਵਿੱਚ ਜਨਤਕ ਰਾਏ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪ੍ਰਤੀਬਿੰਬਤ ਕਰਨ ਵਿੱਚ ਮਹੱਤਵਪੂਰਨ ਜ਼ਿੰਮੇਵਾਰੀ ਹੁੰਦੀ ਹੈ।

ਪੀਆਰਆਈ ਪ੍ਰਤੀਨਿਧਤਾ ਬਾਰੇ ਅੰਕੜੇ ਸਾਂਝੇ ਕਰਦਿਆਂ, ਖਾਂਡੂ ਨੇ ਦੱਸਿਆ ਕਿ ਰਾਜ ਵਿੱਚ 27 ਜ਼ੈੱਡਪੀਸੀ, 245 ਜ਼ੈੱਡਪੀਐਮ ਅਤੇ 2,108 ਜੀਪੀਸੀ ਹਨ, ਨਾਲ ਹੀ 8,000 ਤੋਂ ਵੱਧ ਗ੍ਰਾਮ ਪੰਚਾਇਤ ਮੈਂਬਰ ਹਨ। ਉਨ੍ਹਾਂ ਕਿਹਾ ਕਿ ਜਗ੍ਹਾ ਦੀ ਕਮੀ ਦੇ ਕਾਰਨ, ਮੌਜੂਦਾ ਸਿਖਲਾਈ ਲਈ ਸਿਰਫ 50 ਪ੍ਰਤੀਸ਼ਤ ਜੀਪੀਸੀ ਨੂੰ ਸੱਦਾ ਦਿੱਤਾ ਗਿਆ ਸੀ, ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵਿਆਪਕ ਪਹੁੰਚ ਲਈ ਜ਼ਿਲ੍ਹਾ-ਵਾਰ ਅਤੇ ਜ਼ੋਨਲ-ਪੱਧਰੀ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਪੰਚਾਇਤੀ ਸੰਸਥਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਉਣ ਵਾਲੀ ਜਨਗਣਨਾ ਤੋਂ ਬਾਅਦ ਅਗਲੇ ਪੰਚਾਇਤ ਚੋਣ ਚੱਕਰ ਦੌਰਾਨ ਹੱਦਬੰਦੀ ਕਰੇਗੀ। ਉਨ੍ਹਾਂ ਕਿਹਾ ਕਿ ਰਾਜ ਚੋਣ ਕਮਿਸ਼ਨ ਨੂੰ ਪਹਿਲਾਂ ਹੀ ਇਸ ਅਭਿਆਸ ਨੂੰ ਪੂਰਾ ਕਰਨ ਲਈ ਅਧਿਕਾਰ ਦਿੱਤੇ ਗਏ ਹਨ।

ਰਾਸ਼ਟਰੀ ਵਿਕਾਸ ਟੀਚਿਆਂ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਵਿਸ਼ਵ ਪੱਧਰ ’ਤੇ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਵਜੋਂ ਉਭਰਿਆ ਹੈ ਅਤੇ ਜਲਦੀ ਹੀ ਤੀਜਾ ਸਭ ਤੋਂ ਵੱਡਾ ਬਣਨ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ‘ਵਿਕਸਤ ਭਾਰਤ 2047’ ਦਾ ਦ੍ਰਿਸ਼ਟੀਕੋਣ ਸਿਰਫ਼ ਉਦੋਂ ਹੀ ਸਾਕਾਰ ਹੋ ਸਕਦਾ ਹੈ ਜਦੋਂ ਪਿੰਡਾਂ ਦਾ ਵਿਕਾਸ ਕੀਤਾ ਜਾਵੇ, ਜੋ ਪੇਂਡੂ ਪਰਿਵਰਤਨ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀ ਕੇਂਦਰੀ ਭੂਮਿਕਾ ਨੂੰ ਰੇਖਾਂਕਿਤ ਕਰਦਾ ਹੈ।

ਉਨ੍ਹਾਂ ਨੇ ਸੇਵਾ ਆਪਕੇ ਦੁਆਰ ਅਤੇ ਕੈਬਨਿਟ ਆਪਕੇ ਦੁਆਰ ਵਰਗੀਆਂ ਪ੍ਰਮੁੱਖ ਸ਼ਾਸਨ ਪਹਿਲਕਦਮੀਆਂ ’ਤੇ ਚਾਨਣਾ ਪਾਇਆ, ਇਹ ਕਹਿੰਦੇ ਹੋਏ ਕਿ ਇਨ੍ਹਾਂ ਪ੍ਰੋਗਰਾਮਾਂ ਨੇ 15 ਲੱਖ ਤੋਂ ਵੱਧ ਲੋਕਾਂ ਨੂੰ ਸੇਵਾਵਾਂ ਅਤੇ ਲਾਭ ਸਿੱਧੇ ਤੌਰ ’ਤੇ ਪ੍ਰਦਾਨ ਕਰਨ ਦੇ ਯੋਗ ਬਣਾਇਆ ਹੈ ਜਦੋਂ ਕਿ ਸਰਕਾਰ ਨੂੰ ਜ਼ਮੀਨੀ ਪੱਧਰ ਦੀਆਂ ਚੁਣੌਤੀਆਂ ਨੂੰ ਸਮਝਣ ਵਿੱਚ ਮਦਦ ਕੀਤੀ ਹੈ।

ਪੰਚਾਇਤੀ ਰਾਜ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਦੀ ਪੁਸ਼ਟੀ ਕਰਦੇ ਹੋਏ, ਖਾਂਡੂ ਨੇ ਭਰੋਸਾ ਦਿੱਤਾ ਕਿ ਪੰਚਾਇਤ ਦੇ ਕੰਮਕਾਜ ਵਿੱਚ ਵਿਧਾਇਕਾਂ ਦੁਆਰਾ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਚਾਇਤਾਂ ਸੁਤੰਤਰ ਸੰਸਥਾਵਾਂ ਹਨ ਜਿਨ੍ਹਾਂ ਨੂੰ ਆਪਣੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਲਈ ਅਧਿਕਾਰਤ ਕੀਤਾ ਗਿਆ ਹੈ, ਉਨ੍ਹਾਂ ਕਿਹਾ ਕਿ ਦਖਲਅੰਦਾਜ਼ੀ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ।

# ਮਾਘ ਮੇਲਾ: ਇਤਿਹਾਸ, ਮਹੱਤਤਾ ਅਤੇ ਪਿਛੋਕੜ








ਮਾਘ ਮੇਲਾ ਕੀ ਹੈ? ਮਾਘ ਮੇਲਾ ਹਿੰਦੂ ਧਰਮ ਦਾ ਇੱਕ ਪ੍ਰਮੁੱਖ ਸਾਲਾਨਾ ਧਾਰਮਿਕ ਸਮਾਗਮ ਹੈ, ਜੋ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ (ਪਹਿਲਾ ਨਾਮ ਇਲਾਹਾਬਾਦ) ਵਿਖੇ 'ਤ੍ਰਿਵੇਣੀ ਸੰਗਮ' ਦੇ ਕੰਢੇ ਲਗਾਇਆ ਜਾਂਦਾ ਹੈ। ਤ੍ਰਿਵੇਣੀ ਸੰਗਮ ਤਿੰਨ ਪਵਿੱਤਰ ਨਦੀਆਂ—ਗੰਗਾ, ਯਮੁਨਾ ਅਤੇ ਅਦਿੱਖ ਸਰਸਵਤੀ—ਦਾ ਮਿਲਨ ਸਥਾਨ ਹੈ। ਇਹ ਮੇਲਾ ਹਿੰਦੂ ਕੈਲੰਡਰ ਦੇ 'ਮਾਘ' ਮਹੀਨੇ (ਜਨਵਰੀ-ਫਰਵਰੀ) ਦੌਰਾਨ ਲੱਗਦਾ ਹੈ ਅਤੇ ਲਗਭਗ 45 ਦਿਨਾਂ ਤੱਕ ਚੱਲਦਾ ਹੈ।

ਇਸਨੂੰ ਕੁੰਭ ਮੇਲੇ ਦਾ 'ਸਾਲਾਨਾ ਰੂਪ' ਵੀ ਕਿਹਾ ਜਾ ਸਕਦਾ ਹੈ। ਜਦੋਂ ਹਰ 12 ਸਾਲਾਂ ਬਾਅਦ 'ਮਹਾ ਕੁੰਭ' ਅਤੇ 6 ਸਾਲਾਂ ਬਾਅਦ 'ਅਰਧ ਕੁੰਭ' ਨਹੀਂ ਹੁੰਦਾ, ਤਾਂ ਹਰ ਸਾਲ 'ਮਾਘ ਮੇਲਾ' ਆਯੋਜਿਤ ਕੀਤਾ ਜਾਂਦਾ ਹੈ।

ਇਹ ਕਿਉਂ ਮਨਾਇਆ ਜਾਂਦਾ ਹੈ? (ਧਾਰਮਿਕ ਮਹੱਤਤਾ) ਮਾਘ ਮੇਲੇ ਨੂੰ ਮਨਾਉਣ ਦੇ ਪਿੱਛੇ ਕਈ ਧਾਰਮਿਕ ਅਤੇ ਜੋਤਿਸ਼ ਕਾਰਨ ਹਨ:

1. ਗ੍ਰਹਿਆਂ ਦੀ ਸਥਿਤੀ: ਜੋਤਿਸ਼ ਸ਼ਾਸਤਰ ਅਨੁਸਾਰ, ਮਾਘ ਮਹੀਨੇ ਵਿੱਚ ਸੂਰਜ 'ਮਕਰ ਰਾਸ਼ੀ' ਵਿੱਚ ਪ੍ਰਵੇਸ਼ ਕਰਦਾ ਹੈ। ਮੰਨਿਆ ਜਾਂਦਾ ਹੈ ਕਿ ਇਸ ਸਮੇਂ ਦੌਰਾਨ ਦੇਵੀ-ਦੇਵਤੇ ਧਰਤੀ 'ਤੇ ਸੰਗਮ ਤੱਟ 'ਤੇ ਨਿਵਾਸ ਕਰਦੇ ਹਨ।
2. ਪਾਪਾਂ ਦਾ ਨਾਸ਼: ਸ਼ਰਧਾਲੂ ਮੰਨਦੇ ਹਨ ਕਿ ਮਾਘ ਮਹੀਨੇ ਦੌਰਾਨ ਸੰਗਮ ਦੇ ਪਵਿੱਤਰ ਪਾਣੀ ਵਿੱਚ ਇਸ਼ਨਾਨ ਕਰਨ ਨਾਲ ਪਿਛਲੇ ਜਨਮਾਂ ਦੇ ਪਾਪ ਧੋਤੇ ਜਾਂਦੇ ਹਨ ਅਤੇ ਮਨੁੱਖ ਨੂੰ ਮੋਕਸ਼ (ਮੁਕਤੀ) ਦੀ ਪ੍ਰਾਪਤੀ ਹੁੰਦੀ ਹੈ।
3. ਕਲਪਵਾਸ (ਤਪੱਸਿਆ): ਮੇਲੇ ਦਾ ਸਭ ਤੋਂ ਅਹਿਮ ਹਿੱਸਾ 'ਕਲਪਵਾਸ' ਹੈ। ਲੱਖਾਂ ਸ਼ਰਧਾਲੂ ਇੱਕ ਮਹੀਨੇ ਲਈ ਘਰ-ਬਾਰ ਛੱਡ ਕੇ ਗੰਗਾ ਕੰਢੇ ਤੰਬੂਆਂ ਵਿੱਚ ਰਹਿੰਦੇ ਹਨ। ਉਹ ਜ਼ਮੀਨ 'ਤੇ ਸੌਂਦੇ ਹਨ, ਦਿਨ ਵਿੱਚ ਇੱਕ ਵਾਰ ਸਾਦਾ ਭੋਜਨ ਕਰਦੇ ਹਨ ਅਤੇ ਆਪਣਾ ਸਾਰਾ ਸਮਾਂ ਪੂਜਾ-ਪਾਠ ਅਤੇ ਸਤਿਸੰਗ ਵਿੱਚ ਬਿਤਾਉਂਦੇ ਹਨ। ਇਸਨੂੰ ਸਬਰ ਅਤੇ ਅਧਿਆਤਮਿਕ ਸ਼ੁੱਧੀ ਦਾ ਸਮਾਂ ਮੰਨਿਆ ਜਾਂਦਾ ਹੈ।

ਇਤਿਹਾਸ: ਇਹ ਕਦੋਂ ਸ਼ੁਰੂ ਹੋਇਆ? ਮਾਘ ਮੇਲੇ ਦੀ ਸ਼ੁਰੂਆਤ ਬਾਰੇ ਕੋਈ ਇੱਕ ਨਿਸ਼ਚਿਤ ਮਿਤੀ ਨਹੀਂ ਹੈ, ਕਿਉਂਕਿ ਇਹ ਹਜ਼ਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਹੈ, ਪਰ ਇਤਿਹਾਸਕ ਹਵਾਲੇ ਇਸਦੀ ਪੁਰਾਤਨਤਾ ਨੂੰ ਸਾਬਤ ਕਰਦੇ ਹਨ:

ਪੁਰਾਣ ਅਤੇ ਮਹਾਂਭਾਰਤ: ਮਾਘ ਮੇਲੇ ਦਾ ਜ਼ਿਕਰ ਹਿੰਦੂ ਗ੍ਰੰਥਾਂ ਜਿਵੇਂ ਕਿ 'ਮਤਸਯ ਪੁਰਾਣ', 'ਪਦਮ ਪੁਰਾਣ' ਅਤੇ 'ਮਹਾਂਭਾਰਤ' ਵਿੱਚ ਮਿਲਦਾ ਹੈ। ਇਹ ਦਰਸਾਉਂਦਾ ਹੈ ਕਿ ਇਹ ਪਰੰਪਰਾ ਵੈਦਿਕ ਕਾਲ ਤੋਂ ਚੱਲੀ ਆ ਰਹੀ ਹੈ।

ਹਰਸ਼ਵਰਧਨ ਦਾ ਰਾਜ (7ਵੀਂ ਸਦੀ): ਇਤਿਹਾਸਕ ਤੌਰ 'ਤੇ ਸਭ ਤੋਂ ਪੁਖਤਾ ਸਬੂਤ ਰਾਜਾ ਹਰਸ਼ਵਰਧਨ (606-647 ਈਸਵੀ) ਦੇ ਸਮੇਂ ਦਾ ਮਿਲਦਾ ਹੈ। ਚੀਨੀ ਯਾਤਰੀ 'ਹਿਊਨ ਸਾਂਗ' (Hiuen Tsang) ਨੇ ਆਪਣੀਆਂ ਲਿਖਤਾਂ ਵਿੱਚ ਜ਼ਿਕਰ ਕੀਤਾ ਹੈ ਕਿ ਰਾਜਾ ਹਰਸ਼ਵਰਧਨ ਹਰ ਪੰਜ ਸਾਲ ਬਾਅਦ ਪ੍ਰਯਾਗਰਾਜ ਆਉਂਦੇ ਸਨ ਅਤੇ ਆਪਣੀ ਸਾਰੀ ਦੌਲਤ ਅਤੇ ਹੀਰੇ-ਜਵਰਾਤ ਸਾਧੂਆਂ ਤੇ ਗਰੀਬਾਂ ਵਿੱਚ ਦਾਨ ਕਰ ਦਿੰਦੇ ਸਨ। ਉਹ ਉਦੋਂ ਤੱਕ ਦਾਨ ਕਰਦੇ ਸਨ ਜਦੋਂ ਤੱਕ ਉਹਨਾਂ ਕੋਲ ਪਹਿਨਣ ਲਈ ਸਿਰਫ ਇੱਕ ਕੱਪੜਾ ਨਹੀਂ ਰਹਿ ਜਾਂਦਾ ਸੀ। ਇਹ ਅੱਜ ਦੇ ਮਾਘ ਮੇਲੇ ਅਤੇ ਕੁੰਭ ਦਾ ਮੁੱਢਲਾ ਰੂਪ ਸੀ।

ਆਦੀ ਸ਼ੰਕਰਾਚਾਰੀਆ: ਬਾਅਦ ਵਿੱਚ 8ਵੀਂ ਸਦੀ ਵਿੱਚ ਆਦੀ ਸ਼ੰਕਰਾਚਾਰੀਆ ਨੇ ਇਸ ਮੇਲੇ ਨੂੰ ਹੋਰ ਸੰਗਠਿਤ ਕੀਤਾ ਅਤੇ ਸਾਧੂਆਂ ਦੇ ਅਖਾੜਿਆਂ ਦੀ ਪਰੰਪਰਾ ਨੂੰ ਮਜ਼ਬੂਤ ਕੀਤਾ।

ਮਾਘ ਮੇਲੇ ਦੇ ਮੁੱਖ ਇਸ਼ਨਾਨ (Dates) ਇਹ ਮੇਲਾ ਆਮ ਤੌਰ 'ਤੇ 'ਮਕਰ ਸੰਕ੍ਰਾਂਤੀ' (ਜਨਵਰੀ ਦੇ ਮੱਧ) ਤੋਂ ਸ਼ੁਰੂ ਹੁੰਦਾ ਹੈ ਅਤੇ 'ਮਹਾਸ਼ਿਵਰਾਤਰੀ' (ਫਰਵਰੀ) ਤੱਕ ਚੱਲਦਾ ਹੈ। ਇਸ ਦੌਰਾਨ ਖਾਸ ਤੌਰ 'ਤੇ ਇਨ੍ਹਾਂ ਦਿਨਾਂ 'ਤੇ ਭਾਰੀ ਭੀੜ ਹੁੰਦੀ ਹੈ:

1. ਮਕਰ ਸੰਕ੍ਰਾਂਤੀ (ਸ਼ੁਰੂਆਤ)
2. ਪੌਸ਼ ਪੂਰਨਿਮਾ
3. ਮੌਨੀ ਅਮਾਵਸਿਆ (ਸਭ ਤੋਂ ਵੱਡਾ ਇਸ਼ਨਾਨ)
4. ਬਸੰਤ ਪੰਚਮੀ
5. ਮਾਘੀ ਪੂਰਨਿਮਾ
6. ਮਹਾਸ਼ਿਵਰਾਤਰੀ (ਸਮਾਪਤੀ)


ਸੰਖੇਪ ਵਿੱਚ, ਮਾਘ ਮੇਲਾ ਸਿਰਫ਼ ਇੱਕ ਇਸ਼ਨਾਨ ਨਹੀਂ, ਸਗੋਂ ਭਾਰਤੀ ਸੰਸਕ੍ਰਿਤੀ, ਤਿਆਗ ਅਤੇ ਅਧਿਆਤਮਿਕਤਾ ਦਾ ਪ੍ਰਤੀਕ ਹੈ, ਜਿੱਥੇ ਅਮੀਰ-ਗਰੀਬ ਸਭ ਬਰਾਬਰ ਹੋ ਕੇ ਸ਼ਰਧਾ ਦੀ ਡੁਬਕੀ ਲਗਾਉਂਦੇ ਹਨ।







# ਮਾਘੀ ਪੂਰਨਿਮਾ ਦੇ ਮੌਕੇ 2.1 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਤ੍ਰਿਵੇਣੀ ਸੰਗਮ ਵਿੱਚ ਲਗਾਈ ਆਸਥਾ ਦੀ ਡੁਬਕੀ






ਪ੍ਰਯਾਗਰਾਜ (ਉੱਤਰ ਪ੍ਰਦੇਸ਼): ਧਰਮ, ਆਸਥਾ ਅਤੇ ਸੱਭਿਆਚਾਰ ਦੀ ਸੰਗਮ ਸਥਲੀ ਤੀਰਥਰਾਜ ਪ੍ਰਯਾਗ ਵਿੱਚ ਮਾਘੀ ਪੂਰਨਿਮਾ ਦੇ ਪਵਿੱਤਰ ਮੌਕੇ 'ਤੇ ਸ਼ਰਧਾ ਦਾ ਸੈਲਾਬ ਉਮੜ ਪਿਆ। ਪਵਿੱਤਰ ਤ੍ਰਿਵੇਣੀ ਸੰਗਮ ਵਿੱਚ 2.1 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਇਸ਼ਨਾਨ ਕਰਕੇ ਭਾਰਤ ਦੀ ਅਖੰਡ ਅਤੇ ਸਦੀਵੀ ਸਨਾਤਨ ਪਰੰਪਰਾ ਨੂੰ ਨਮਨ ਕੀਤਾ।

ਸ਼ਰਧਾ ਅਤੇ ਵਿਵਸਥਾ ਦਾ ਸੰਗਮ : ਮਾਘੀ ਪੂਰਨਿਮਾ ਦਾ ਇਸ਼ਨਾਨ ਮਾਘ ਮੇਲੇ ਦੇ ਸਭ ਤੋਂ ਮਹੱਤਵਪੂਰਨ ਦਿਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਅੱਜ ਸਵੇਰੇ ਤੜਕਸਾਰ ਤੋਂ ਹੀ ਗੰਗਾ, ਜਮੁਨਾ ਅਤੇ ਅਦ੍ਰਿਸ਼ ਸਰਸਵਤੀ ਦੇ ਸੰਗਮ ਤਟ 'ਤੇ ਭਾਰੀ ਭੀੜ ਦੇਖਣ ਨੂੰ ਮਿਲੀ।

ਸ਼ਰਧਾਲੂਆਂ ਦਾ ਸਵਾਗਤ: ਇਸ਼ਨਾਨ ਦਾ ਪੁੰਨ ਪ੍ਰਾਪਤ ਕਰਨ ਵਾਲੇ ਸਾਰੇ ਪੂਜਨੀਕ ਸਾਧੂ-ਸੰਤਾਂ, ਧਰਮਾਚਾਰੀਆਂ, ਕਲਪਵਾਸ ਲਈ ਆਏ ਸਾਧਕਾਂ ਅਤੇ ਦੇਸ਼-ਵਿਦੇਸ਼ ਤੋਂ ਪਹੁੰਚੇ ਸ਼ਰਧਾਲੂਆਂ ਦਾ ਪ੍ਰਸ਼ਾਸਨ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਪ੍ਰਸ਼ਾਸਨਿਕ ਸਫਲਤਾ: ਇਸ ਵਿਸ਼ਾਲ ਇਕੱਠ ਨੂੰ ਸ਼ਾਂਤੀਪੂਰਨ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੁਲਿਸ ਪ੍ਰਸ਼ਾਸਨ, ਸਥਾਨਕ ਪ੍ਰਸ਼ਾਸਨ ਅਤੇ ਮੇਲਾ ਪ੍ਰਬੰਧਨ ਦੀ ਭੂਮਿਕਾ ਅਹਿਮ ਰਹੀ।

ਸੇਵਾਦਾਰਾਂ ਦਾ ਯੋਗਦਾਨ: ਸਵੱਛਤਾ ਸੇਵਕਾਂ, ਸਵੈ-ਸੇਵੀ ਸੰਸਥਾਵਾਂ ਅਤੇ ਮਲਾਹਾਂ (ਨਾਵਿਕਾਂ) ਨੇ ਸ਼ਰਧਾਲੂਆਂ ਦੀ ਸੁਰੱਖਿਆ ਅਤੇ ਸਹੂਲਤ ਲਈ ਦਿਨ-ਰਾਤ ਇੱਕ ਕਰ ਦਿੱਤਾ।

ਸਰਕਾਰ ਵੱਲੋਂ ਸ਼ਲਾਘਾ : ਸਰਕਾਰ ਵੱਲੋਂ ਮੇਲੇ ਦੇ ਸਫਲ ਆਯੋਜਨ ਲਈ ਸਾਰੇ ਵਿਭਾਗਾਂ ਦੀ ਸ਼ਲਾਘਾ ਕੀਤੀ ਗਈ ਹੈ। ਇਹ ਯਕੀਨੀ ਬਣਾਇਆ ਗਿਆ ਕਿ ਕਰੋੜਾਂ ਦੀ ਗਿਣਤੀ ਵਿੱਚ ਆਏ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਸਫਾਈ ਵਿਵਸਥਾ ਬਰਕਰਾਰ ਰਹੇ।

ਮਹੱਤਵ: ਮਾਘੀ ਪੂਰਨਿਮਾ ਦੇ ਨਾਲ ਹੀ ਇੱਕ ਮਹੀਨੇ ਤੋਂ ਚੱਲ ਰਿਹਾ ਕਲਪਵਾਸ ਵੀ ਸੰਪੰਨਤਾ ਵੱਲ ਵਧਦਾ ਹੈ। ਅੱਜ ਦੇ ਦਿਨ ਦਾਨ-ਪੁੰਨ ਅਤੇ ਇਸ਼ਨਾਨ ਦਾ ਵਿਸ਼ੇਸ਼ ਅਧਿਆਤਮਿਕ ਮਹੱਤਵ ਦੱਸਿਆ ਗਿਆ ਹੈ।








26 ਜਨਵਰੀ 'ਤੇ ਵਿਸ਼ੇਸ਼

# ਗਦਰੀ ਬਾਬਿਆਂ ਦੀ ਵਿਚਾਰਧਾਰਾ ਦਾ ਸਿਆਸੀ ਕਤਲ

## 'ਸ਼ੇਰਾਂ ਦੀ ਮਾਰਾਂ ਤੇ ਗਿੱਦੜਾਂ ਦੀਆਂ ਕਲੋਲਾਂ'




26 ਜਨਵਰੀ ਦਾ ਦਿਹਾੜਾ ਭਾਰਤ ਵੱਲੋਂ ਗਣਤੰਤਰ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਤਿਹਾਸਕ ਪੱਖੋਂ 26 ਜਨਵਰੀ 1950 ਨੂੰ ਭਾਰਤ ਵਿੱਚ ਬਕਾਇਦਾ ਸੰਵਿਧਾਨ ਲਾਗੂ ਕੀਤਾ ਗਿਆ ਸੀ। ਡਾ. ਬੀ ਆਰ ਅਅੰਬੇਡਕਰ ਨੇ ਚਾਹੇ ਵਿਧਾਨ ਸਿਰਜਕ ਕਮੇਟੀ ਦੀ ਅਗਵਾਈ ਕੀਤੀ ਸੀ, ਪਰ ਉਨ੍ਹਾਂ ਇਹ ਵੀ ਕਿਹਾ ਸੀ ਕਿ ਇਸ ਵਿਧਾਨ ਦੀ ਦੁਰਵਰਤੋਂ ਕੀਤੇ ਜਾਣ ਦੀ ਸੂਰਤ ਵਿੱਚ ਇਸ ਨੂੰ ਅੱਗ ਲਾਉਣ ਵਾਲਾ ਪਹਿਲਾ ਸ਼ਖ਼ਸ ਵੀ ਉਹ ਖੁਦ ਹੀ ਹੋਵੇਗਾ। ਇਤਿਹਾਸ ਦਾ ਇੱਕ ਦਿਲਚਸਪ ਹਵਾਲਾ ਹੈ ਕਿ ਇੱਕ ਵਾਰ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ, ਆਜ਼ਾਦੀ ਮਗਰੋਂ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਪੁੱਛਿਆ ਇਹ ਸਵਾਲ ਕਿ ਬਾਬਾ ਜੀ, ਤੁਹਾਡੀ ਕਮਰ ਝੁਕ ਗਈ ਹੈ, ਦੇ ਜਵਾਬ 'ਚ ਬਾਬਾ ਭਕਨਾ ਨੇ ਕਿਹਾ ਸੀ ਕਿ ਅੰਗਰੇਜ਼ ਤਾਂ ਉਨ੍ਹਾਂ ਦੀ ਪਿੱਠ 'ਚ ਕੁੱਬ ਨਾ ਪਾ ਸਕੇ, ਪਰ 'ਆਜ਼ਾਦ ਦੇਸ਼' ਦੀ 'ਆਪਣੀ ਸਰਕਾਰ' ਨੇ ਜ਼ਰੂਰ ਪਾ ਦਿੱਤਾ। ਗਣਰਾਜ ਭਾਰਤ ਦੇ 76 ਵਰ੍ਹੇ ਬੀਤਣ ਮਗਰੋਂ ਜੇਲ੍ਹਾਂ ਅੰਦਰ ਤਾੜੇ ਸਿਆਸੀ ਆਲੋਚਕ ਵੀ ਬਾਬਾ ਭਕਨਾ ਵਾਂਗ ਹੀ ਮਹਿਸੂਸ ਕਰ ਰਹੇ ਹਨ।

'ਸ਼ੇਰਾਂ ਦੀ ਮਾਰਾਂ ਤੇ ਗਿੱਦੜਾਂ ਦੀਆਂ ਕਲੋਲਾਂ' ਵਾਂਗ ਜਿਹੜੇ ਕੋੜਮੇ ਨੇ ਆਜ਼ਾਦੀ 'ਚ ਹਿੱਸਾ ਪਾਉਣ ਦੀ ਥਾਂ, ਅੰਗਰੇਜ਼-ਪ੍ਰਸਤੀ ਕੀਤੀ, ਅੱਜ ਉਹ ਆਜ਼ਾਦੀ ਦੇ ਪ੍ਰਵਾਨਿਆਂ ਤੋਂ 'ਦੇਸ਼ ਪਿਆਰ' ਦੇ ਪ੍ਰਮਾਣ ਮੰਗ ਰਹੇ ਹਨ। ਸੰਘ ਦੇ ਆਗੂ ਸਾਵਰਕਰ ਆਦਿ ਅੰਗਰੇਜ਼ਾਂ ਤੋਂ 'ਮੁਆਫ਼ੀਆਂ ਮੰਗ' ਕੇ ਜੇਲ੍ਹਾਂ 'ਚੋਂ ਬਾਹਰ ਆਏ, ਪਰ ਅੱਜ ਉਹ 'ਦੇਸ਼ ਭਗਤ' ਸਦਾਏ ਜਾ ਰਹੇ ਹਨ। ਦੇਸ਼ ਅੰਦਰ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਸਿਆਸਤ ਦਾ ਅਪਰਾਧੀਕਰਨ, ਭ੍ਰਿਸ਼ਟਾਚਾਰ, ਜਬਰ-ਜਿਨਾਹ ਅਤੇ ਥਾਂ- ਥਾਂ ਮਨੁੱਖੀ ਕਤਲੇਆਮ ਹੋ ਰਹੇ ਹਨ। ਅਜਿਹੀ ਹਾਲਤ 'ਚ ਹਰ ਬਸ਼ਰ ਦੇ ਜ਼ਿਹਨ 'ਚ ਅਲਾਮਾ ਇਕਬਾਲ ਦਾ ਇਹ ਸ਼ੇਅਰ ਚੋਟਾਂ ਮਾਰ ਰਿਹਾ ਹੈ,

**"ਮੁੱਦਤੇਂ ਗੁਜ਼ਰੀ ਹੈਂ ਇਤਨੀਂ**
**ਰੰਜੋ ਗ਼ਮ ਸਹਿਤੇ ਹੂਏ।**
**ਸ਼ਰਮ ਸੀ ਆਤੀ ਹੈ**
**ਇਸ ਵਤਨ ਕੋ ਵਤਨ ਕਹਿਤੇ ਹੂਏ।"**

ਭਾਰਤ ਦੇ 'ਗਣਰਾਜ' ਉੱਪਰ ਅੱਜ ਸੰਸਾਰ ਪੱਧਰ 'ਤੇ ਸਵਾਲ ਖੜ੍ਹੇ ਹੋ ਚੁੱਕੇ ਹਨ। ਜੇਕਰ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਗ਼ਦਰ ਪਾਰਟੀ ਨੇ ਕੈਨੇਡਾ-ਅਮਰੀਕਾ ਦੀ ਧਰਤੀ ਤੋਂ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਦਾ ਬਿਗਲ ਬਜਾਇਆ ਸੀ। ਗ਼ਦਰੀ ਬਾਬਿਆਂ ਨੇ ਆਜ਼ਾਦ ਦੇਸ਼ ਲਈ ਨਾਂ 'ਯੂਨਾਈਟਿਡ ਸਟੇਟਸ ਆਫ਼ ਇੰਡੀਆ' ਦਿੱਤਾ ਸੀ, ਜਿਸ ਦਾ ਭਾਵ ਸੀ ਮਜ਼ਬੂਤ ਸੰਘੀ ਢਾਂਚਾ ਭਾਵ ਦੇਸ਼ ਦੇ ਸਮੂਹ ਰਾਜ, ਉਥੋਂ ਦੇ ਭਾਈਚਾਰੇ, ਮੂਲਵਾਸੀ ਤੇ ਘੱਟ ਗਿਣਤੀਆਂ ਆਪਣਾ ਸਭਿਆਚਾਰ, ਪਹਿਰਾਵੇ, ਖਾਣ-ਪੀਣ, ਬੋਲ-ਚਾਲ ਅਤੇ ਰਹਿਣ-ਸਹਿਣ ਦਾ ਪੂਰਨ ਆਨੰਦ ਮਾਣ ਸਕਣ। ਇਸ ਦਾ ਭਾਵ ਇਹ ਵੀ ਸੀ ਕਿ ਨਾ ਤਾਂ ਸੱਤਾ ਦਾ 'ਕੇਂਦਰੀਕਰਨ' ਹੋਵੇ ਅਤੇ ਨਾ ਹੀ ਰਾਜਨੀਤੀ ਦਾ 'ਧਰੁਵੀਕਰਨ'। ਸੰਘੀ ਢਾਂਚੇ 'ਚ ਕੇਂਦਰ ਆਪਣੇ ਸੂਬਿਆਂ ਦੀਆਂ ਸਰਕਾਰਾਂ ਧੱਕੇਸ਼ਾਹੀ ਨਾਲ ਤੰਗ ਨਾ ਕਰੇ ਅਤੇ ਕੇਂਦਰੀ ਸਰਕਾਰ ਸੁਆਰਥ ਲਈ, ਸਿਆਸੀ ਵਿਰੋਧੀਆਂ ਦਾ ਅੰਤ ਨਾ ਕਰੇ। ਗ਼ਦਰੀ ਬਾਬਿਆਂ ਦੀ ਇਸ ਵਿਚਾਰਧਾਰਾ ਦਾ ਸਿਆਸੀ ਕਤਲ ਜਿਵੇਂ ਹੋ ਰਿਹਾ ਹੈ, ਜਿਸ ਦੀਆਂ ਅਨੇਕਾਂ ਮਿਸਾਲਾਂ ਮੌਜੂਦਾ ਆਜ਼ਾਦ ਭਾਰਤ ਦੇ ਸੰਘੀ ਢਾਂਚੇ 'ਤੇ ਸੁਆਲ ਖੜ੍ਹੇ ਕਰਦੀਆਂ ਹਨ। ਸੱਚ ਤਾਂ ਇਹ ਹੈ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਨਾਲ ਉਦੋਂ ਹੀ ਖਿਲਵਾੜ ਹੋ ਗਿਆ ਸੀ, ਜਦੋਂ ਦੇਸ਼ ਦੇ ਦੋ ਟੁਕੜੇ ਹੋਏ ਸਨ। ਲੱਖਾਂ ਲੋਕ ਮਾਰੇ ਗਏ ਸਨ। ਪੰਜਾਬ ਦੋ ਹਿੱਸਿਆਂ ਚ ਵੰਡ ਦਿੱਤਾ ਗਿਆ ਸੀ। ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿਚ 10 ਲੋਕਾਂ ਦੇ ਕਤਲ ਹੋਏ। ਜਦੋਂ ਵੀ ਭਾਰਤ ਦੇ ਲੋਕਤੰਤਰਿਕ ਢਾਂਚੇ ਬਾਰੇ ਆਲੋਚਨਾਤਮਿਕ ਅਧਿਐਨ ਕੀਤਾ ਜਾਂਦਾ ਹੈ ਅਤੇ ਦੇਸ਼ ਨੂੰ ਬਰਬਾਦ ਕਰ ਰਹੀਆਂ ਤਾਕਤਾਂ ਉਪਰ ਕਰਾਰੀ ਚੋਟ ਮਾਰੀ ਜਾਂਦੀ ਹੈ, ਤਾਂ ਅਕਸਰ ਇਕ ਸ਼ੇਅਰ ਪੜਿਆ ਜਾਂਦਾ ਹੈ :

**"ਬਸ ਏਕ ਹੀ ਉੱਲੂ ਕਾਫ਼ੀ ਥਾ,**
**ਬਰਬਾਦ ਗੁਲਸਿਤਾਂ ਕਰਨੇ ਕੋ**
**ਹਰ ਸ਼ਾਖ਼ ਪੇ ਉਲੂ ਬੈਠਾ ਹੈ,**
**ਅੰਜਾਮ-ਏ-ਗੁਲਸਿਤਾਂ ਕਿਆ ਹੋਗਾ ?"**

ਸ਼ਾਇਰ ਸ਼ੌਕ ਬਹਿਰਾਇਚੀ ਦਾ ਇਹ ਮਸ਼ਹੂਰ ਸ਼ੇਅਰ ਭਾਰਤ ਦੇ ਗਣਤੰਤਰ ਦਿਹਾੜੇ ਮੌਕੇ ਨਜ਼ਰ ਆ ਰਹੇ ਹਾਲਾਤ 'ਤੇ ਪੂਰਾ ਢੁਕਦਾ ਹੈ। ਇਕ ਪਾਸੇ 'ਸਰਕਾਰ ਦੇ ਕਾਲੇ ਕਾਨੂੰਨ ਯੂ. ਏ. ਪੀ. ਏ. ਦੇ ਅਧੀਨ ਦੇਸ਼ ਦੇ ਬੁੱਧੀਜੀਵੀ ਜੇਲ੍ਹਾਂ ਵਿੱਚ ਡੱਕੇ ਹੋਏ ਹਨ ਅਤੇ ਸਜ਼ਾਵਾਂ ਭੁਗਤ ਚੁੱਕੇ ਸਿਆਸੀ ਕੈਦੀ ਅਜੇ ਵੀ ਹਵਾਲਾਤਾਂ ਚ ਸੜ ਰਹੇ ਹਨ, ਦੂਜੇ ਪਾਸੇ ਦੇਸ਼ ਵਿੱਚ ਸਿਆਸਤਦਾਨਾਂ ਵੱਲੋਂ ਮਾਨਵਵਾਦ ਉਤੇ ਫਿਰਕੂਵਾਦ ਅਤੇ ਲੋਕਤੰਤਰ ਉਤੇ ਫਾਸ਼ੀਵਾਦ ਦੀ ਜਿੱਤ ਦਾ, ਨੰਗਾ-ਚਿੱਟਾ ਪ੍ਰਚਾਰ ਕੀਤਾ ਜਾ ਰਿਹਾ ਹੈ। ਢਾਂਚਾਗਤ ਨਸਲਵਾਦ ਦਾ ਬੋਲਬਾਲਾ ਸਿਖ਼ਰਾਂ ਨੂੰ ਛੂਹ ਰਿਹਾ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਆਪਣੇ ਵਿੱਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ 'ਤੇ ਤੁਲੀ ਹੋਈ ਹੈ। ਸੈਂਕੜੇ ਚਿੰਤਕ ਅਤੇ ਬੁੱਧੀਜੀਵੀ ਕਾਲੇ ਕਾਨੂੰਨਾਂ ਅਧੀਨ ਜੇਲ੍ਹਾਂ 'ਚ ਡੱਕੇ ਹੋਏ ਹਨ, ਜਿਨ੍ਹਾਂ ਦਾ ਕਸੂਰ ਮਹਿਜ਼ ਇੰਨਾ ਹੈ ਕਿ ਉਨ੍ਹਾਂ ਸਮੇਂ-ਸਮੇਂ ਸਰਕਾਰ ਦੀ ਗ਼ਲਤ ਕਾਰਵਾਈਆਂ ਦੀ ਨਿੰਦਿਆ ਕੀਤੀ ਹੈ। ਭਾਰਤ ਵਿਚ ਸਰਕਾਰ ਦੀ ਅਲੋਚਨਾਂ ਕਰਨਾ ਸਭ ਤੋਂ ਵੱਡਾ ਜ਼ੁਰਮ ਹੈ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਅਤੇ ਰੱਖਿਅਕ ਹੀ ਭੱਖਿਅਕ ਬਣ ਜਾਣ, ਤਾਂ ਪੀੜਤ ਦੇ ਬਚ ਸਕਣ ਦੀ ਆਸ ਮੁੱਕ ਜਾਂਦੀ ਹੈ। ਇਉਂ 'ਹਰ ਟਹਿਣੀ 'ਤੇ ਬੈਠੇ ਸਿਆਸੀ ਉਲੂਆਂ ਤੋਂ ਦੇਸ਼ ਰੂਪੀ ਬਾਗ਼ ਨੂੰ ਬਰਬਾਦ ਹੋਣੋਂ' ਕਿਵੇਂ ਬਚਾਇਆ ਜਾ ਸਕਦਾ ਹੈ ? ਅੰਤਾਂ ਦੀ ਦੁਖੀ ਜਨਤਾ ਸ਼ਾਇਰ 'ਇਰਤਜ਼ਾ ਨਿਸ਼ਾਤ' ਦੇ ਕਹਿਣ ਵਾਂਗ ਅੱਜ ਇੰਡੀਅਨ ਸਟੇਟ ਦੀ ਸੱਤਾ ਤੇ ਕਾਬਜ਼ ਹੁਕਮਰਾਨਾਂ ਤੋਂ ਇਹ ਮੰਗ ਕਰ ਰਹੀ ਹੈ,

'ਕੁਰਸੀ ਹੈ ਤੁਮਹਾਰਾ ਜਨਾਜ਼ਾ ਤੋਂ ਨਹੀਂ
ਕੁਛ ਕਰ ਨਹੀਂ ਸਕਤੇ ਤੋਂ ਉੱਤਰ ਕਿਉਂ ਨਹੀਂ ਜਾਤੇ।'

ਅਖੌਤੀ ਲੋਕਤੰਤਰ ਦੇ ਨਾਂ 'ਤੇ ਭਾਰਤ 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 1975 ਵਿਚ ਐਮਰਜੈਂਸੀ ਲਾ ਕੇ ਲੋਕਰਾਜੀ ਤਾਕਤਾਂ ਨਸ਼ਟ ਕਰਨਾ, ਅਜਿਹੀ ਮੰਦਭਾਗੀ ਕਾਰਵਾਈ ਸੀ, ਜਿਸਨੇ ਆਜ਼ਾਦੀ ਦਾ ਸਿਧਾਂਤ ਹੀ ਬਰਬਾਦ ਕਰ ਦਿੱਤਾ। ਅੱਜ ਦੇਸ਼ 'ਚ ਵੱਖ - ਵੱਖ ਸੂਬਿਆਂ ਅੰਦਰ ਕੇਂਦਰ ਦੇ ਨੁਮਾਇੰਦੇ ਰਾਜਪਾਲਾਂ ਰਾਹੀ, ਸਰਕਾਰਾਂ ਤੋੜਨ ਅਤੇ

ਡਾ. ਗੁਰਵਿੰਦਰ ਸਿੰਘ
604 825 1550



ਸਿਆਸੀ ਖਰੀਦੋ- ਫ਼ਰੋਖ਼ਤ ਦਾ ਧੰਦਾ ਜ਼ੋਰਾਂ 'ਤੇ ਹੈ। ਦੇਸ਼ ਅੰਦਰ ਅੱਜ ਚੋਣਾਂ ਮੌਕੇ 'ਸਾਮ, ਦਾਮ, ਦੰਡ, ਭੇਦ ਨੀਤੀ' ਵਰਤ ਕੇ ਦੇਸ਼ ਵਾਸੀਆਂ ਨੂੰ ਵੰਡਣਾ, ਖ਼ਰੀਦਣਾ, ਡਰਾਉਣਾ-ਧਮਕਾਉਣਾ ਸ਼ਰ੍ਹੇਆਮ ਚੱਲ ਰਿਹਾ ਹੈ। ਐਮਰਜੈਂਸੀ ਵੇਲੇ ਇੰਦਰਾ ਗਾਂਧੀ ਬਾਰੇ ਪ੍ਰਸਿੱਧ ਸ਼ਾਇਰ ਡਾ ਦੁਸ਼ਯੰਤ ਕੁਮਾਰ ਤਿਆਗੀ ਨੇ ਜੋ ਲਿਖਿਆ ਸੀ, ਅੱਜ ਉਹ ਪ੍ਰਧਾਨ ਮੰਤਰੀ ਮੋਦੀ 'ਤੇ ਵੀ ਪੂਰਾ ਢੁੱਕਦਾ ਹੈ,

**'ਏਕ 'ਗੁੜੀਆ' ਕੀ ਕਈ ਕਠਪੁਤਲੀਓਂ ਮੇਂ ਜਾਨ ਹੈ।**
**ਆਜ ਸ਼ਾਇਰ ਯੇਹ ਤਮਾਸ਼ਾ ਦੇਖ ਕੇ ਹੈਰਾਨ ਹੈ।**
**ਮਸਲ ਹਤ ਆਮੇਜ਼ ਹੋਤੇ ਹੈ ਸਿਆਸਤ ਕੇ ਕਦਮ**
**ਤੂ ਨਾ ਸਮਝੇਗਾ ਅਭੀ ਤੂ ਅਭੀ ਇਨਸਾਨ ਹੈ।**
**ਕੱਲ੍ਹ ਨੁਮਾਇਸ਼ ਮੇਂ ਮਿਲਾ ਵੋਹ ਚੀਥੜੇ ਪਹਿਨੇ ਹੋਏ**
**ਮੈਨੇ ਪੂਛਾ ਨਾਮ ਬੋਲਾ ਹਿੰਦੋਸਤਾਨ ਹੈ।'**

ਭਾਰਤ ਨੂੰ ਫਿਰੰਗੀਆਂ ਤੋਂ ਅਜ਼ਾਦੀ ਦਿਵਾਉਣ ਸਮੇਂ ਸੰਘਰਸ਼ 'ਚ ਸਾਂਝਾ ਯੋਗਦਾਨ ਪਾਉਣ ਵਾਲਿਆਂ ਵਿਚੋਂ ਅੱਜ ਘੱਟ ਗਿਣਤੀਆਂ ਨੂੰ ਆਪਣੀ 'ਦੇਸ਼ ਭਗਤੀ' ਦਾ ਸਬੂਤ ਦੇਣ ਲਈ ਕਿਹਾ ਜਾ ਰਿਹਾ ਹੈ। ਸਭ ਦੀ ਵੰਨ-ਸੁਵੰਨਤਾ ਨੂੰ ਮਲੀਆਮੇਟ ਕਰਨ ਲਈ 'ਇਕ ਦੇਸ਼ ਇਕ ਭਾਸ਼ਾ' ਵਰਗੇ ਨਾਅਰੇ ਦਿੱਤੇ ਜਾ ਰਹੇ ਹਨ। ਬਹੁ- ਗਿਣਤੀਵਾਦ ਦੀ ਆੜ 'ਚ ਘੱਟ ਗਿਣਤੀ ਭਾਈਚਾਰੇ ਨੂੰ 'ਪਾਕਿਸਤਾਨ ਚਲੇ ਜਾਣ' ਤੱਕ ਦੇ ਤਾਅਨੇ ਮਾਰੇ ਜਾ ਰਹੇ ਹਨ। ਫਿਰਕੂ ਪੱਧਰ 'ਤੇ ਭਾਈਚਾਰਿਆਂ ਨੂੰ ਹੱਕਾਂ ਪੱਖੋਂ ਵੰਡਣ ਵਾਲੇ, ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋ ਚੁੱਕੇ ਹਨ। ਇਸ ਤੋਂ ਅੱਗੇ ਨੈਸ਼ਨਲ ਰਾਜਿਸਟਰੇਸ਼ਨ ਅਤੇ ਕਈ ਹੋਰ ਘੁਣਤਰਾਂ ਵੀ ਤਿਆਰ ਹੋ ਰਹੀਆਂ ਹਨ। ਦੇਸ਼ ਆਜ਼ਾਦ ਕਰਵਾਉਣ ਵਾਲਿਆਂ ਨੇ ਕਦੇ ਸੋਚਿਆ ਨਹੀਂ ਸੀ ਕਿ ਦੇਸ਼ਵਾਸੀਆਂ ਨੂੰ ਅਜਿਹੇ ਦਿਨ ਵੀ ਵੇਖਣੇ ਪੈਣਗੇ। ਅਜਿਹੇ ਜਬਰ ਦੀ ਖ਼ਤਾ ਲਈ ਨਤੀਜੇ ਭਿਅੰਕਰ ਹੋਣਗੇ, ਜਿਵੇਂ ਕਿ ਸ਼ਾਇਰ 'ਮੁਜ਼ੱਫਰ ਰਜ਼ਮੀ' ਦਾ ਪ੍ਰਸਿੱਧ ਸ਼ਿਅਰ ਹੈ :

**'ਯੇਹ ਜਬਰ ਭੀ ਦੇਖਾ ਹੈ ਤਾਰੀਖ ਨਜ਼ਰੋਂ ਨੇ**
**ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।'**

ਭਾਰਤ ਨੂੰ 'ਗਣਰਾਜ' ਬਣਾਉਣ ਵਾਲੇ ਸੰਵਿਧਾਨ ਦੀ ਧਾਰਾ 25-ਬੀ ਘੱਟ-ਗਿਣਤੀਆਂ ਦੇ ਹੱਕਾਂ 'ਤੇ ਡਾਕਾ ਕਹੀ ਜਾ ਸਕਦੀ ਹੈ। ਇਸ ਧਾਰਾ ਅਧੀਨ ਸਿੱਖ, ਜੈਨੀ, ਬੋਧੀ ਆਦਿ ਹਿੰਦੂਆਂ ਦਾ ਹਿੱਸਾ ਹਨ। ਧਾਰਾ 25-ਬੀ ਦੀ ਸੋਧ ਲਈ ਸਿੱਖਾਂ ਨੇ ਲਗਾਤਾਰ ਸੰਘਰਸ਼ ਕੀਤਾ, ਪਰ ਉਨ੍ਹਾਂ ਨਾਲ ਹਮੇਸ਼ਾ ਬੇਇਨਸਾਫੀ ਹੀ ਹੋਈ। ਅਜਿਹੀ ਸੂਰਤ ਵਿੱਚ 'ਛੱਬੀ ਜਨਵਰੀ ਸਿੱਖਾਂ ਲਈ ਕਾਲੇ ਦਿਹਾੜੇ' ਤੋਂ ਸਿਵਾ ਕੁਝ ਵੀ ਨਹੀਂ। ਸੰਨ 1985 ਵਿੱਚ ਸਿੱਖ ਆਗੂਆਂ ਨੇ ਧਾਰਾ 25 ਬੀ ਦੀਆਂ ਕਾਪੀਆਂ ਸਾੜ ਕੇ ਆਪਣੇ ਵਿਰੋਧ ਦਾ ਪ੍ਰਗਟਾਵਾ ਵੀ ਕੀਤਾ ਸੀ, ਕਿਉਂਕਿ ਇਸ ਧਾਰਾ ਅਧੀਨ ਸਿੱਖਾਂ ਨੂ ਹਿੰਦੂ ਗਰਦਾਨਿਆ ਗਿਆ ਹੈ, ਜਿਸ ਕਾਰਨ ਸੰਵਿਧਾਨ ਕਮੇਟੀ ਦੇ ਦੋ ਸਿੱਖ ਮੈਂਬਰਾਂ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਮਾਨ ਨੇ ਦਸਤਖਤ ਨਹੀਂ ਸਨ ਕੀਤੇ। ਸੰਘਰਸ਼ਸ਼ੀਲ ਅੱਜ ਵੀ 26 ਜਨਵਰੀ ਨੂੰ ਸੰਵਿਧਾਨਕ ਗ਼ੁਲਾਮੀ ਕਰਾਰ ਦਿੰਦੇ ਹਨ। ਭਾਰਤ ਦੇ ਇਤਿਹਾਸ ਵਿੱਚ ਘੱਟ ਗਿਣਤੀ ਸਿੱਖ ਭਾਈਚਾਰੇ ਖ਼ਿਲਾਫ਼ ਸੱਤਾ ਦੇ ਧਰੁਵੀਕਰਨ ਦੀ ਕੋਹਝੀ ਤਸਵੀਰ ਦੇਖਣੀ ਹੋਵੇ, ਤਾਂ ਨਵੰਬਰ 1984 ਵਿੱਚ ਸਿੱਖ ਨਸਲਕੁਸ਼ੀ ਦੇ ਦੁਖਾਂਤ ਹੋ ਸਪੱਸ਼ਟ ਹੋ ਜਾਂਦੀ ਹੈ। 'ਆਜ਼ਾਦ ਭਾਰਤ' 'ਚ ਸਰਕਾਰੀ-ਤੰਤਰ ਦੀ ਆੜ 'ਚ ਹਜ਼ਾਰਾਂ ਸਿੱਖਾਂ ਦਾ ਕਤਲ ਹੋਇਆ, ਪਰ ਜਵਾਬ 'ਚ ਬਹੁਗਿਣਤੀ ਵੱਲੋਂ ਉਸ ਸਮੇਂ ਦੀ 'ਕਾਂਗਰਸ' ਨੂੰ ਸਭ ਤੋਂ ਵੱਡਾ ਬਹੁਮਤ ਹਾਸਿਲ ਹੋਇਆ। ਇਸ ਵਰਤਾਰੇ ਨੂੰ ਦੁਹਰਾਉਂਦੇ ਹੋਏ, ਸੰਨ 2002 ਵਿੱਚ ਗੁਜਰਾਤ ਅੰਦਰ ਮੁਸਲਿਮ ਕਤਲੇਆਮ ਹੋਇਆ, ਉਸ ਮਗਰੋਂ 'ਭਾਰਤੀ ਜਨਤਾ ਪਾਰਟੀ' ਨੂੰ ਬਹੁ ਗਿਣਤੀ ਵੱਲੋਂ ਭਾਰੀ ਬਹੁਮਤ ਨਾਲ ਨਿਵਾਜਿਆ ਗਿਆ।

ਇੱਥੇ ਹੀ ਵੱਸ ਨਹੀਂ, ਪਿਛਲੇ ਸਮੇਂ ਤੋਂ ਵਿਦੇਸ਼ਾਂ 'ਚ ਵਿਚਾਰਧਾਰਕ ਵੱਖਰੇਵੇ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਖਾਸ ਤੌਰ 'ਤੇ ਕੈਨੇਡਾ ਅਮਰੀਕਾ, ਇੰਗਲੈਂਡ ਵਿੱਚ ਖਾਲਿਸਤਾਨੀ ਵਿਚਾਰਧਾਰਾ ਵਾਲੇ ਸਿੱਖ ਇਸ ਦਾ ਸ਼ਿਕਾਰ ਹਨ। 'ਟਰਾਂਸ ਨੈਸ਼ਨਲ ਅਪਰੇਸ਼ਨ ਅਤੇ ਵਿਦੇਸ਼ੀ ਦਖਲ-ਅੰਦਾਜ਼ੀ ਇਸ ਦੀਆਂ ਪ੍ਰਤੱਖ ਮਿਸਾਲਾਂ ਹਨ। ਇਸ ਦੌਰਾਨ ਭਾਰਤ ਦੇ ਅੰਦਰ ਧਾਰਾ 370 ਦਾ ਖਾਤਮਾ, ਮਸਜਿਦ ਢਾਹ ਕੇ ਮੰਦਿਰ ਨਿਰਮਾਣ, ਸੀ.ਏ.ਏ. ਵਰਗੇ ਐਕਟ ਆਦਿ ਵੋਟਾਂ ਦੇ ਧਰੁਵੀਕਰਨ ਲਈ ਜ਼ਮੀਨ ਤਿਆਰ ਕਰ ਚੁੱਕੇ ਹਨ, ਜੋ ਕਿ ਆਜ਼ਾਦ ਦੇਸ਼ ਨੂੰ ਬਰਬਾਦ ਕਰਨ ਲਈ ਜ਼ਿੰਮੇਵਾਰ ਸਾਬਿਤ ਹੋਣਗੇ। ਦੇਸ਼ ਦੇ ਤਖ਼ਤ 'ਤੇ ਚੋਰ-ਉਚੱਕੇ 'ਚੌਧਰੀ' ਬਣਕੇ ਜੋ ਤਬਾਹੀ ਕਰ ਰਹੇ ਹਨ, ਉਸਦਾ ਨਤੀਜਾ ਡਾਕਟਰ ਰਾਹਤ ਇੰਦੌਰੀ ਦੇ ਸ਼ਬਦਾਂ 'ਚ ਹੀ ਸਹੀ ਬਿਆਨ ਕੀਤਾ ਜਾ ਸਕਦਾ ਹੈ :

**'ਬਨ ਕੇ ਹਾਦਸਾ ਬਾਜ਼ਾਰ ਮੇਂ ਆ ਜਾਏਗਾ।**
**ਜੋ ਨਹੀਂ ਹੋਗਾ ਵੋ ਅਖ਼ਬਾਰ ਮੇਂ ਆ ਜਾਏਗਾ।**
**ਚੋਰ ਉਚੱਕੋਂ ਕੀ ਕਰੋ ਕਦਰ ਕਿ ਮਾਲੂਮ ਨਹੀਂ**
**ਕੌਨ ਕਬ ਕੌਨ ਸੀ ਸਰਕਾਰ ਮੇਂ ਆ ਜਾਏਗਾ।'**

ਭਾਰਤ ਦੇ ਗਣਤੰਤਰ ਜਾਂ ਸੁਤੰਤਰਤਾ ਦਿਹਾੜੇ ਮਨਾਉਣ ਬਾਰੇ ਮਰਹੂਮ ਸ਼ਾਇਰ ਹਰਭਜਨ ਸਿੰਘ ਬੈਂਸ ਦੇ ਇਹ ਸ਼ਿਅਰ ਗੌਰ ਕਰਨਯੋਗ ਹਨ, ਜਿਨ੍ਹਾਂ ਰਾਹੀਂ ਕਵੀ ਨੇ ਦਰਦ ਦਾ ਇਜ਼ਹਾਰ ਕਰਦਿਆਂ ਲਿਖਿਆ ਹੈ ਕਿ ਇਹ 'ਜਸ਼ਨ ਮਹਿਜ਼ ਰਸਮੀ ਪਲ' ਹਨ, ਜਦਕਿ ਹਕੀਕਤ ਵਿਚ ਦਰਦਨਾਕ ਹਾਲਾਤ ਹਨ। ਕਿਰਤੀ ਕਿਸਾਨਾਂ ਦੀ ਘਾਲ ਕਮਾਈ ਨੂੰ 'ਅਡਾਨੀ-ਅੰਬਾਨੀ' ਵਰਗੇ ਬਘਿਆੜ ਲੁੱਟੀ ਜਾ ਰਹੀ ਹਨ ਅਤੇ ਸਰਕਾਰ ਉਨ੍ਹਾਂ ਦੀ ਪੁਸ਼ਤਪਨਾਹੀ ਕਰਦੀ ਹੋਈ, ਉਨ੍ਹਾਂ ਦੇ ਹੱਥਾਂ 'ਚ ਖੇਡ ਰਹੀ ਹੈ। ਬੀਤੇ ਸਮੇਂ ਦੌਰਾਨ ਸਰਕਾਰ ਦੇ ਅਜਿਹੇ ਹੀ ਕਿਸਾਨ-ਵਿਰੋਧੀ ਕਾਲੇ-ਕਾਨੂੰਨਾਂ ਖ਼ਿਲਾਫ਼ ਜੂਝਦਿਆਂ, ਸੱਤ ਸੌ ਤੋਂ ਵੱਧ ਕਿਸਾਨ ਸ਼ਹੀਦੀਆਂ ਪਾ ਚੁੱਕੇ ਹਨ। ਭਾਰਤ ਦੀਆਂ ਸੂਬਾਈ ਅਤੇ ਕੇਂਦਰੀ ਸਰਕਾਰਾਂ ਦੇ ਜਬਰ ਖਿਲਾਫ ਰੋਸ ਪ੍ਰਦਰਸ਼ਨ ਲਗਾਤਾਰ ਜਾਰੀ ਹਨ। ਅਜਿਹੇ ਦੁਖਾਂਤ ਮੌਕੇ ਜਸ਼ਨ ਮਨਾਉਣੇ ਆਪਣੇ ਆਪ ਵਿਚ ਸ਼ਰਮਨਾਕ ਅਤੇ ਨਿੰਦਣਯੋਗ ਵਰਤਾਰਾ ਹੀ ਕਹੇ ਜਾ ਸਕਦੇ ਹਨ:

**'ਇਕ ਜਨਵਰੀ ਏ ਛੱਬੀ,**
**ਜਾਂ ਪੰਦਰਾਂ ਅਗਸਤ ਏ,**
**ਰਸਮੀ ਪਲਾਂ ਨੂੰ ਛੱਡ ਕੇ**
**ਸਾਲਾਂ ਦੇ ਸਾਲ ਤੜਪੇ।**
**ਖ਼ੁਦ.ਗਰਜ਼ ਦੌਰ ਨੇ ਇਕ ਐਸੀ ਲਕੀਰ ਖਿੱਚੀ,**
**ਓਧਰ ਨਸੀਮ ਵਿਲਕੇ, ਏਧਰ ਜਮਾਲ ਤੜਪੇ।**
**ਬੇਬਸ ਅਦਾ 'ਚ ਆ ਕੇ ਕਦਮਾਂ ਜਾਂ ਤਾਲ ਤੋਲੀ,**
**ਪਾਇਲ 'ਚ ਘੁੰਗਰੂ ਵੀ ਹਾਲੀਂ ਬੇਹਾਲ ਤੜਪੇ।**
**ਆਜ਼ਾਦ ਅਰਥਚਾਰੇ ਐਸਾ ਵਿਕਾਸ ਕੀਤਾ,**
**ਮੰਡੀ 'ਚ ਲੁੱਟ ਨੱਚੇ, ਕਿਰਤੀ ਦੀ ਘਾਲ ਤੜਪੇ।'**

ਅੱਜ ਦੇਸ਼ ਵਿੱਚ ਅਣ-ਐਲਾਨੀ ਐਮਰਜੈਂਸੀ ਦਾ ਮਾਹੌਲ ਹੈ। ਸੱਤ ਦਹਾਕੇ ਬੀਤ ਜਾਣ ਮਗਰੋਂ ਇਉਂ ਮਹਿਸੂਸ ਹੁੰਦਾ ਹੈ ਫਾਸ਼ੀਵਾਦੀ ਅਤੇ ਮਜ਼੍ਹਬੀ ਜਨੂੰਨੀ ਸਰਕਾਰ ਨੇ ਸੰਵਿਧਾਨ ਦੀ ਰੂਹ ਦੀ ਹੱਤਿਆ ਕਰ ਦਿੱਤੀ ਹੈ। ਸੰਵਿਧਾਨ ਵਿਚਲੇ 'ਸੈਕੁਲਰਿਜ਼ਮ' ਭਾਵ ਧਰਮ ਨਿਰਪੱਖਤਾ ਦੇ ਸ਼ਬਦ ਚਾਹੇ 'ਲਿਖਤੀ ਰੂਪ 'ਚ ਅਜੇ ਹਟਾਏ' ਨਹੀਂ ਗਏ, ਪਰ ਸੱਤਾ ਤੇ ਸਥਾਪਤੀ ਨੇ ਆਪਣੇ ਵਿਹਾਰ ਤੇ ਕਿਰਦਾਰ ਵਿਚੋਂ ਇਹ ਕਦੋਂ ਦੇ ਖਤਮ ਕਰ ਦਿੱਤੇ ਹਨ। ਗਣਤੰਤਰ ਦਿਵਸ ਮੌਕੇ ਲਾਲ ਕਿਲੇ ਤੋਂ ਰਾਸ਼ਟਰੀ ਝੰਡੇ ਤਿਰੰਗੇ ਨੂੰ ਸਲਾਮੀ ਦਿੱਤੀ ਜਾ ਰਹੀ ਹੁੰਦੀ ਹੈ, ਪਰ ਅਸਲ ਵਿਚ ਬੇਵਸ ਅਤੇ ਲਾਚਾਰ ਦੇਸ਼ ਵਾਸੀਆਂ ਦੀ ਹਿੱਕ ਵਿਚ ਗੱਡਿਆ ਮਹਿਸੂਸ ਹੁੰਦਾ ਹੈ, ਜਿਵੇਂ ਕਿ ਸ਼ਾਇਰ ਸੁਰਜੀਤ ਪਾਤਰ ਲਿਖਦੇ ਹਨ,

**"ਧੀਆਂ ਦੇ ਵਸੇਬੇ ਲਈ ਬਾਪੂ ਦੇਸ਼ ਛੱਡਿਆ**
**ਕਿੰਨਾ ਹੈ ਮਹਾਨ ਦੇਸ਼ ਓਦੋਂ ਪਤਾ ਲੱਗਿਆ**
**ਡੂੰਘਾ ਮੇਰੀ ਹਿੱਕ 'ਚ ਤਿਰੰਗਾ ਗਿਆ ਗੱਡਿਆ**
**ਝੁੱਲ ਓ ਤਿਰੰਗਿਆ ਤੂੰ ਝੁੱਲ ਸਾਡੀ ਖੈਰ ਏ**
**ਦਿਲ ਹੀ ਉਦਾਸ ਏ ਜੀ ਬਾਕੀ ਸਭ ਖੈਰ ਏ.."**

# ਨਵੀਂ ਠੰਢੀ ਜੰਗ 'ਚ ਭਾਰਤ ਦੇ ਬਦਲ



ਰਾਜ ਸ਼ੁਕਲਾ

ਸਾਬਕਾ ਅਮਰੀਕੀ ਰਾਸ਼ਟਰਪਤੀ ਜੇਮਜ਼ ਮੁਨਰੋ ਦਾ 'ਮੁਨਰੋ ਸਿਧਾਂਤ' ਬਹੁਤ ਚਰਚਿਤ ਰਿਹਾ ਹੈ। ਇਸ ਦੇ ਮੂਲ 'ਚ ਉੱਤਰੀ ਅਤੇ ਦੱਖਣੀ ਅਮਰੀਕਾ ਵਿਚ ਯੂਰਪੀ ਸ਼ਕਤੀਆਂ ਦੇ ਵਿਰੋਧ ਅਤੇ ਅਮਰੀਕੀ ਅਜਾਰੇਦਾਰੀ ਨੂੰ ਸਥਾਪਤ ਕਰਨਾ ਸੀ। ਮੁਨਰੋ ਸਿਧਾਂਤ ਦੇ ਨਵੇਂ ਸਰੂਪ ਵਿਚ ਡੋਨਾਲਡ ਟਰੰਪ ਦਾ 'ਡੋਨਰੋ ਸਿਧਾਂਤ' ਵੀ ਸੁਰਖ਼ੀਆਂ ਵਿਚ ਹੈ। ਇਸ ਦਾ ਤਤਕਾਲੀ ਟੀਚਾ ਤਾਂ ਪੱਛਮੀ ਗੋਲਾਰਧ ਦੱਸਿਆ ਜਾ ਰਿਹਾ ਹੈ ਪਰ ਇਸ ਦਾ ਦੂਰਗਾਮੀ ਟੀਚਾ ਹਿੰਦ-ਪ੍ਰਸ਼ਾਂਤ ਖੇਤਰ ਵਿਚ ਅਮਰੀਕੀ ਹਿੱਤਾਂ ਨੂੰ ਸੋਧਣਾ ਹੈ। ਇਹੀ ਟਰੰਪ ਦੇ ਰਾਜਨੀਤਕ ਸਮਰਥਕ 'ਮਾਗਾ' ਦਾ ਵੀ ਏਜੰਡਾ ਹੈ। ਡੋਨਰੋ ਸਿਧਾਂਤ ਇਕ ਤਰ੍ਹਾਂ ਨਾਲ ਅਮਰੀਕਾ ਅਤੇ ਦੂਜੇ ਪਾਸੇ ਚੀਨ-ਰੂਸ ਵਿਚਕਾਰ ਠੰਢੀ ਜੰਗ ਦੇ ਨਵੇਂ ਦੌਰ ਦਾ ਸੰਕੇਤ ਹੈ। ਅਮਰੀਕਾ, ਰੂਸ ਤੇ ਚੀਨ ਇਸ ਕੋਸ਼ਿਸ਼ ਵਿਚ ਹਨ ਕਿ ਉਨ੍ਹਾਂ ਦੇ ਰੱਖਿਆ ਤੇ ਕਾਰੋਬਾਰੀ ਹਿੱਤ ਸੁਰੱਖਿਅਤ ਰਹਿਣ। ਇਸ ਕਾਰਨ ਉਹ ਹੋਰ ਮੁਲਕਾਂ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰ ਰਹੇ ਹਨ।

ਇਨ੍ਹਾਂ ਤਿੰਨਾਂ ਮੁਲਕਾਂ ਵਿਚਾਲੇ ਚੱਲ ਰਹੀ ਖਿੱਚੋਤਾਣ ਨੇ ਦੁਨੀਆ ਦੀਆਂ ਮੁਸੀਬਤਾਂ ਵਿਚ ਚੋਖਾ ਵਾਧਾ ਕਰ ਦਿੱਤਾ ਹੈ। ਫ਼ਿਲਹਾਲ ਅਮਰੀਕੀ ਖੇਮਾ ਪੱਛਮੀ ਗੋਲਾਰਧ ਵਿਚ ਸਰੋਤਾਂ ਦੀ ਪਹੁੰਚ ਅਤੇ ਆਰਕਟਿਕ ਖੇਤਰ ਵਿਚ ਰੱਖਿਆ ਮੋਰਚੇਬੰਦੀ ਨੂੰ ਮਜ਼ਬੂਤ ਕਰਨ ਦੀ ਗੱਲ ਕਹਿ ਰਿਹਾ ਹੈ ਪਰ ਅਖ਼ੀਰ ਇਸ ਦਾ ਟੀਚਾ ਹਿੰਦ-ਪ੍ਰਸ਼ਾਂਤ ਖੇਤਰ ਵਿਚ ਆਪਣੀ ਸ਼ਕਤੀ ਦੇ ਦਮ 'ਤੇ ਚੀਨ ਦੀ ਚੜ੍ਹਤ ਨੂੰ ਰੋਕਣਾ ਹੈ। ਇਹ ਸਿਧਾਂਤ ਨਵੇਂ ਸ਼ਕਤੀ ਸੰਤੁਲਨ 'ਤੇ ਕੇਂਦ੍ਰਿਤ ਦਿਖਾਈ ਦਿੰਦਾ ਹੈ।

ਟਰੰਪ ਪੱਛਮੀ ਦੁਨੀਆ ਦਾ ਆਗੂ ਬਣਨ ਨਾਲੋਂ ਵੱਧ ਪੱਛਮੀ ਗੋਲਾਰਧ ਵਿਚ ਚੜ੍ਹਤ ਕਾਇਮ ਕਰਨ ਦੇ ਇੱਛੁਕ ਦਿਖਾਈ ਦਿੰਦੇ ਹਨ। ਉਨ੍ਹਾਂ ਦਾ ਨਜ਼ਰੀਆ ਸਾਫ਼ ਹੈ ਕਿ ਪੱਛਮੀ ਗੋਲਾਰਧ ਪੂਰੀ ਤਰ੍ਹਾਂ ਅਮਰੀਕੀ ਨਿਯੰਤਰਣ ਵਿਚ ਹੋਵੇ ਅਤੇ ਚੀਨ, ਰੂਸ ਅਤੇ ਈਰਾਨ ਵਰਗੇ ਦੇਸ਼ ਇਸ ਨੂੰ ਚੰਗੀ ਤਰ੍ਹਾਂ ਸਮਝ ਲੈਣ। ਟਰਾਂਸ-ਐਟਲਾਂਟਿਕ ਵਿਵਸਥਾ ਨੂੰ ਵੀ ਨਵੇਂ ਹਾਲਾਤ ਮੁਤਾਬਕ ਨਵੇਂ ਸਿਰੇ ਤੋਂ ਢਾਲਿਆ ਜਾ ਰਿਹਾ ਹੈ। ਗ੍ਰੀਨਲੈਂਡ ਦਾ ਮੁੱਦਾ ਤਣਾਅ ਦੇ ਕੇਂਦਰ ਵਿਚ ਬਣਿਆ ਹੀ ਹੋਇਆ ਹੈ। ਇਸ 'ਤੇ ਟਰੰਪ ਕਿਸੇ ਵੀ ਤਰ੍ਹਾਂ ਦੀ ਢਿੱਲ ਦੇਣ ਨੂੰ ਤਿਆਰ ਨਹੀਂ ਹਨ।

ਭਾਵੇਂ ਹੀ ਇਸ ਨਾਲ ਡੈਨਮਾਰਕ ਵਰਗਾ ਭਰੋਸੇਯੋਗ ਸਹਿਯੋਗੀ ਖੁੱਸ ਜਾਵੇ ਜਾਂ ਨਾਟੋ ਦੀ ਹੋਂਦ 'ਤੇ ਹੀ ਖ਼ਤਰਾ ਖੜ੍ਹਾ ਹੋ ਜਾਵੇ। ਉਹ ਚੀਨ ਅਤੇ ਰੂਸ ਦਾ ਡਰ ਦਿਖਾ ਕੇ ਉਸ 'ਤੇ ਕਬਜ਼ਾ ਕਰਨ ਲਈ ਤਤਪਰ ਹਨ। ਉਹ ਆਪਣੇ ਖ਼ੁਸ਼ਹਾਲ ਯੂਰਪੀ ਸਹਿਯੋਗੀਆਂ ਤੋਂ ਵੀ ਆਰਥਿਕ ਅਤੇ ਰੱਖਿਆ ਦੇ ਮੋਰਚੇ 'ਤੇ ਵੱਧ ਅੰਸ਼ਦਾਨ ਲੈਣ ਲਈ ਅੜੇ ਹੋਏ ਹਨ।

ਪੱਛਮੀ ਏਸ਼ੀਆ ਵਿਚ ਸੰਭਾਵੀ ਅਮਰੀਕੀ ਵਿਰੋਧ ਦੀ ਧੁਰੀ ਨੂੰ ਖੁੰਢੀ ਕਰਨ ਤੋਂ ਬਾਅਦ ਟਰੰਪ ਅਬਰਾਹਮ ਸਮਝੌਤੇ ਦੇ ਅਜਿਹੇ ਸਹਿਯੋਗੀਆਂ ਨੂੰ ਸੋਧਣ ਵਿਚ ਰੁੱਝ ਜਾਣਗੇ ਜੋ ਆਪਣੇ ਤੇਲ ਦਾ ਮੋਹ ਛੱਡਦੇ ਹੋਏ ਖ਼ੁਦ ਨੂੰ ਇਸਲਾਮਿਕ ਕੱਟੜਵਾਦ ਤੋਂ ਦੂਰ ਰੱਖ ਕੇ ਏਆਈ, ਡਾਟਾ ਕੇਂਦਰਾਂ, ਨਵਿਆਉਣਯੋਗ ਊਰਜਾ ਅਤੇ ਰੀਅਲ ਅਸਟੇਟ ਵਰਗੇ ਪਹਿਲੂਆਂ ਨੂੰ ਲੈ ਕੇ ਉਨ੍ਹਾਂ ਦੀ ਮਨਸ਼ਾ ਮੁਤਾਬਕ ਅੱਗੇ ਵਧਣ।

ਦੂਜੇ ਖੇਮੇ ਦੀ ਗੱਲ ਕਰੀਏ ਤਾਂ ਚੀਨ-ਰੂਸ ਦਾ ਮਕਸਦ ਚੀਨੀ ਆਰਥਿਕ ਅਤੇ ਤਕਨੀਕੀ ਸਮਰੱਥਾਵਾਂ ਅਤੇ ਰੂਸੀ ਫ਼ੌਜੀ ਕਾਬਲੀਅਤਾਂ ਦੀ ਜੁਗਲਬੰਦੀ ਨਾਲ ਅਮਰੀਕੀ ਸ਼ਕਤੀ ਨੂੰ ਚੁਣੌਤੀ ਦੇਣਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਰਥਿਕ ਅਤੇ ਤਕਨੀਕੀ ਮੋਰਚੇ 'ਤੇ ਚੀਨ ਦਾ ਜ਼ਬਰਦਸਤ ਉਭਾਰ ਹੋਇਆ ਹੈ।

ਇਸ ਨੇ ਉਸ ਨੂੰ ਫ਼ੈਸਲਾਕੁੰਨ ਚੜ੍ਹਤ ਦਿਵਾਈ ਹੈ। ਪਿਛਲੇ ਦਿਨਾਂ ਵਿਚ ਇਸ ਦੀ ਮਿਸਾਲ ਉਦੋਂ ਵੇਖਣ ਨੂੰ ਮਿਲੀ ਜਦੋਂ ਟਰੰਪ ਟੈਰਿਫ ਦੇ ਜਵਾਬ ਵਿਚ ਚੀਨ ਨੇ ਰੇਅਰ ਅਰਥ ਦੇ ਮੁੱਦੇ 'ਤੇ ਅਮਰੀਕਾ ਨੂੰ ਝੁਕਾਉਂਦਿਆਂ ਉਸ ਨੂੰ ਆਪਣਾ ਰੁਖ਼ ਬਦਲਣ ਲਈ ਮਜਬੂਰ ਕੀਤਾ। ਅਮਰੀਕੀ ਵਿਦਵਾਨ ਅਤੇ ਚੀਨ ਮਾਮਲਿਆਂ ਦੇ ਮਾਹਿਰ ਰਸ਼ ਡੋਸ਼ੀ ਦਾ ਇਕ ਹਾਲੀਆ ਮੁਲਾਂਕਣ ਦੋਵਾਂ ਦੇਸ਼ਾਂ ਵਿਚਕਾਰ ਵਧ ਰਹੇ ਫ਼ਰਕ ਨੂੰ ਬਾਖ਼ੂਬੀ ਜ਼ਾਹਰ ਕਰਦਾ ਹੈ ਜਿਸ ਵਿਚ ਪਲੜਾ ਚੀਨ ਦੇ ਪੱਖ 'ਚ ਝੁਕਿਆ ਹੋਇਆ ਹੈ।

ਇਸ ਨੂੰ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਅਮਰੀਕਾ ਦੀ ਤੁਲਨਾ ਵਿਚ ਚੀਨ ਦੀ ਸਟੀਲ ਉਤਪਾਦਨ ਸਮਰੱਥਾ 13 ਗੁਣਾ, ਸੀਮੈਂਟ ਉਤਪਾਦਨ 20 ਗੁਣਾ ਤੇ ਜਹਾਜ਼ ਨਿਰਮਾਣ ਸਮਰੱਥਾ 200 ਗੁਣਾ ਵੱਧ ਹੈ। ਵੱਡੀ ਗੱਲ ਇਹ ਹੈ ਕਿ ਚੀਨ ਅਮਰੀਕਾ ਦੇ ਮੁਕਾਬਲੇ ਤਿੰਨ ਗੁਣਾ ਵੱਧ ਜੰਗੀ ਬੇੜੇ ਬਣਾਉਣ ਵਿਚ ਸਮਰੱਥ ਹੋ ਗਿਆ ਹੈ। ਉਹ ਹੋਰ ਖੇਤਰਾਂ ਵਿਚ ਵੀ ਤੇਜ਼ੀ ਨਾਲ ਤਰੱਕੀ ਕਰਦਾ ਜਾ ਰਿਹਾ ਹੈ। ਇਹ ਵੱਡ ਆਕਾਰੀ ਮੈਨੂਫੈਕਚਰਰ ਦੇਸ਼-ਦੁਨੀਆ ਦੇ ਲਗਪਗ ਅੱਧੇ ਰਸਾਇਣ, ਕਰੀਬ 70 ਪ੍ਰਤੀਸ਼ਤ ਇਲੈਕਟ੍ਰਿਕ ਵਾਹਨ, ਤਿੰਨ-ਚੌਥਾਈ ਬੈਟਰੀਆਂ, 80 ਪ੍ਰਤੀਸ਼ਤ ਡਰੋਨ, 90 ਫ਼ੀਸਦ ਸੂਰਜੀ ਪੈਨਲ ਅਤੇ ਮਹੱਤਵਪੂਰਨ ਹੋ ਚੁੱਕੇ ਰੇਅਰ ਅਰਥ ਤੱਤਾਂ ਦੇ 90 ਪ੍ਰਤੀਸ਼ਤ ਤੱਕ ਦੀ ਸਪਲਾਈ ਕਰਦਾ ਹੈ। ਇਸ ਦੇ ਬਾਵਜੂਦ ਅਮਰੀਕੀ ਫ਼ੌਜੀ ਸਮਰੱਥਾਵਾਂ ਅਜੇ ਵੀ ਕਿਤੇ ਅੱਗੇ ਹਨ। ਸੀਰੀਆ ਤੋਂ ਲੈ ਕੇ ਈਰਾਨ ਅਤੇ ਹਾਲ ਹੀ ਵਿਚ ਵੈਨੇਜ਼ੁਏਲਾ ਵਰਗੀ ਉਦਾਹਰਨ ਇਸ ਦੇ ਸਬੂਤ ਹਨ। ਜਿਵੇਂ-ਜਿਵੇਂ ਨਵੇਂ ਠੰਢੀ ਜੰਗ ਵਿਚ ਮੁਕਾਬਲੇਬਾਜ਼ੀ ਅੱਗੇ ਵਧੇਗੀ, ਤਿਵੇਂ-ਤਿਵੇਂ ਸੰਘਰਸ਼ ਦੇ ਕਈ ਮੋਰਚੇ ਖੁੱਲ੍ਹਦੇ ਹੋਏ ਦਿਖਾਈ ਦੇਣਗੇ ਪਰ ਫ਼ੈਸਲਾਕੁੰਨ ਅਖਾੜਾ ਹਿੰਦ-ਪ੍ਰਸ਼ਾਂਤ ਖੇਤਰ ਹੀ ਬਣੇਗਾ। ਇਸ ਸਿਲਸਿਲੇ ਵਿਚ ਟਰੰਪ ਨੂੰ ਵੱਖਰੇ ਤਰ੍ਹਾਂ ਦਾ ਆਗੂ ਸਮਝਣਾ ਗ਼ਲਤ ਹੋਵੇਗਾ।

ਉਹ ਤਾਂ ਨਵੀਆਂ ਚੁਣੌਤੀਆਂ ਦੇ ਹਿਸਾਬ ਨਾਲ ਅਮਰੀਕੀ ਸ਼ਾਸਨ ਕਲਾ ਦੇ ਸ਼ਸਤਰਾਂ ਦਾ ਹੀ ਇਸਤੇਮਾਲ ਕਰ ਰਹੇ ਹਨ। ਇਸ ਵਿਚ ਟੈਰਿਫ ਉਨ੍ਹਾਂ ਦਾ ਪਹਿਲਾ ਵਾਰ ਸੀ। ਉਨ੍ਹਾਂ ਦਾ ਦਾਅਵਾ ਹੈ ਕਿ ਅਜਿਹੇ ਹੀ ਹੋਰ ਉਪਾਵਾਂ ਜ਼ਰੀਏ ਉਨ੍ਹਾਂ ਨੇ 18 ਟ੍ਰਿਲੀਅਨ (ਲੱਖ ਕਰੋੜ) ਡਾਲਰ ਦੀ ਰਕਮ ਇਕੱਠੀ ਕੀਤੀ ਹੈ।

ਵੈਨੇਜ਼ੁਏਲਾ 'ਤੇ ਆਪਣੇ ਰੁਖ਼ ਨਾਲ ਨਾ ਸਿਰਫ਼ ਉਨ੍ਹਾਂ ਨੇ ਤੇਲ ਦੇ ਵੱਡੇ ਭੰਡਾਰ 'ਤੇ ਅਮਰੀਕੀ ਝੰਡਾ ਗੱਡ ਦਿੱਤਾ ਬਲਕਿ ਡਾਲਰ ਖ਼ਿਲਾਫ਼ ਹੋ ਰਹੀ ਮੋਰਚਾਬੰਦੀ ਦੀ ਹਵਾ ਵੀ ਕੱਢਣ ਦਾ ਯਤਨ ਕੀਤਾ। ਭਵਿੱਖ ਦੇ ਕਈ ਪਹਿਲੂਆਂ ਨੂੰ ਨਿਰਧਾਰਤ ਕਰਨ ਵਾਲੀ ਏਆਈ ਤਕਨੀਕ ਵਿਚ ਅਮਰੀਕਾ ਮੋਹਰੀ ਬਣਿਆ ਹੋਇਆ ਹੈ। ਇਸ ਲਈ ਭਾਵੇਂ ਹੀ ਨਵੀਂ ਮੁਕਾਬਲੇਬਾਜ਼ੀ ਵਿਚ ਮੁਕਾਬਲਾ ਕੁਝ ਸੰਤੁਲਿਤ ਦਿਖਾਈ ਦੇਵੇ ਪਰ ਡੋਨਰੋ ਸਿਧਾਂਤ ਬਾਜ਼ੀ ਪਲਟ ਕੇ ਅਮਰੀਕਾ ਨੂੰ ਚੜ੍ਹਤ ਦਿਵਾ ਸਕਦਾ ਹੈ। ਇਸ ਮਾਹੌਲ ਵਿਚ ਭਾਰਤ ਦੀ ਪ੍ਰਤੀਕਿਰਿਆ ਕਿਹੋ ਜਿਹੀ ਹੋਣੀ ਚਾਹੀਦੀ ਹੈ? ਉਸ ਨੂੰ ਕਿਹੜੇ ਰਣਨੀਤਕ ਅਤੇ ਰੱਖਿਆ ਤਾਲਮੇਲ ਕਰਨੇ ਹੋਣਗੇ?

ਜੇਕਰ ਡੋਨਰੋ ਸਿਧਾਂਤ ਦਾ ਹਕੀਕੀ ਮਕਸਦ ਏਸ਼ੀਆ ਵਿਚ ਚੀਨ ਦੀ ਚੜ੍ਹਤ 'ਤੇ ਰੋਕ ਲਗਾਉਣਾ ਹੈ ਤਾਂ ਇਹ ਭਾਰਤ-ਅਮਰੀਕਾ ਦੇ ਲੰਬੇ ਸਮੇਂ ਦੇ ਹਿੱਤਾਂ ਦੇ ਅਨੁਕੂਲ ਹੀ ਹੈ। ਚੀਨ ਦੇ ਤੇਵਰ ਸਾਫ਼ ਹਨ ਕਿ ਏਸ਼ਿਆਈ ਜੰਗਲ ਵਿਚ ਸਿਰਫ਼ ਇਕ ਹੀ ਸ਼ੇਰ ਹੋ ਸਕਦਾ ਹੈ।

ਜੇਕਰ ਇਸ ਜੰਗਲ ਵਿਚ ਦੋ ਸ਼ੇਰਾਂ ਲਈ ਜਗ੍ਹਾ ਬਣਾਉਣੀ ਹੈ ਤਾਂ ਭਾਰਤ ਨੂੰ ਅੰਦਰੂਨੀ ਮੋਰਚੇ 'ਤੇ ਆਪਣੇ-ਆਪ ਨੂੰ ਮਜ਼ਬੂਤ ਬਣਾਉਂਦੇ ਹੋਏ ਚੀਨ ਖ਼ਿਲਾਫ਼ ਚਤੁਰਾਈ ਭਰਿਆ ਬਾਹਰਲਾ ਚੱਕਰਵਿਊ ਬਣਾਉਣਾ ਹੋਵੇਗਾ। ਇਹੀ ਇਕਲੌਤਾ ਰਸਤਾ ਹੈ। ਇਸ ਲੜੀ ਵਿਚ ਜੇਕਰ ਅਸੀਂ ਅਮਰੀਕਾ ਨਾਲ ਵਪਾਰ ਸਮਝੌਤੇ ਵਿਚ ਆ ਰਹੀਆਂ ਛੋਟੀਆਂ-ਮੋਟੀਆਂ ਰੁਕਵਟਾਂ ਨੂੰ ਪਾਰ ਕਰ ਲੈਂਦੇ ਹਾਂ, ਤਾਂ ਕੀ ਤਕਨੀਕੀ ਸਾਂਝੇਦਾਰੀਆਂ, ਸਮਰੱਥਾ ਨਿਰਮਾਣ, ਬਾਜ਼ਾਰ ਤੱਕ ਪਹੁੰਚ ਅਤੇ ਪ੍ਰਤੀਰੋਧਕ ਸਮਰੱਥਾ ਦੇ ਨਿਰਮਾਣ ਦੇ ਸਬੰਧ ਵਿਚ ਇਹ ਇਕ ਵੱਡਾ ਉਛਾਲ ਹੋਵੇਗਾ? ਆਲਮੀ ਭੂ-ਰਾਜਨੀਤੀ ਦੀ ਹਾਰਡ ਪਾਵਰ ਅਤੇ ਸਖ਼ਤ ਮੁਕਾਬਲੇਬਾਜ਼ੀ ਵੱਲ ਝੁਕਾਅ ਅਤੇ ਰਾਸ਼ਟਰੀ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਿਚ ਤਕਨੀਕੀ ਸਮਰੱਥਾਵਾਂ ਦੇ ਵਧਦੇ ਪ੍ਰਭਾਵ ਨੂੰ ਦੇਖਦੇ ਹੋਏ ਭਾਰਤ ਨੂੰ ਇਕੱਠੇ ਦੋ ਮੋਰਚਿਆਂ 'ਤੇ ਕੰਮ ਕਰਨਾ ਹੋਵੇਗਾ। ਪਹਿਲਾ, ਚੌਥੀ ਉਦਯੋਗਿਕ ਕ੍ਰਾਂਤੀ ਦੀਆਂ ਤਕਨੀਕੀ ਸਮਰੱਥਾਵਾਂ ਜਿਵੇਂ ਏਆਈ, ਕਵਾਂਟਮ, ਰੋਬੋਟਿਕਸ, ਖ਼ੁਦਮੁਖਤਾਰ ਪ੍ਰਣਾਲੀਆਂ, ਊਰਜਾ, ਡਾਟਾ ਉਪਯੋਗ ਆਦਿ ਵਿਚ ਮੁਹਾਰਤ ਹਾਸਲ ਕਰਨ ਲਈ ਸਰਗਰਮੀ ਨਾਲ ਫ਼ੈਸਲਾਕੁੰਨ ਕਦਮ ਚੁੱਕਣੇ ਹੋਣਗੇ। ਦੂਜਾ, ਸ਼ਕਤੀ ਦੇ ਸਰੋਤਾਂ ਨੂੰ ਕਿਤੇ ਵੱਧ ਦ੍ਰਿੜਤਾ ਨਾਲ ਸੰਯੋਜਿਤ ਕਰਨਾ ਹੋਵੇਗਾ। ਇਸ ਦੇ ਲਈ ਰਾਸ਼ਟਰੀ ਸੁਰੱਖਿਆ ਮੁਹਾਂਦਰੇ ਦੇ ਜਾਰੀ ਕਾਇਆਕਲਪ ਦੀ ਰਫ਼ਤਾਰ ਕਈ ਗੁਣਾ ਤੇਜ਼ ਕਰਨੀ ਹੋਵੇਗੀ। ਇਸੇ ਨਾਲ ਦੇਸ਼ ਦੇ ਹਿੱਤਾਂ ਦੀ ਅਸਰਦਾਰ ਤਰੀਕੇ ਨਾਲ ਰੱਖਿਆ ਕੀਤੀ ਜਾ ਸਕੇਗੀ।

# ਵੱਡੇ ਅਤੇ ਠੋਸ ਸੁਧਾਰਾਂ ਦੀ ਜ਼ਰੂਰਤ



ਸੰਜੇ ਗੁਪਤ

ਸੰਸਦ ਵਿਚ ਪੇਸ਼ ਆਰਥਿਕ ਸਰਵੇਖਣ ਨੇ ਇਹ ਰੇਖਾਂਕਿਤ ਕੀਤਾ ਹੈ ਕਿ ਤਮਾਮ ਚੁਣੌਤੀਆਂ ਤੋਂ ਬਾਅਦ ਵੀ ਭਾਰਤ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਰਥ-ਵਿਵਸਥਾ ਬਣਿਆ ਰਹੇਗਾ ਪਰ ਜੇਕਰ ਵਿਕਸਤ ਭਾਰਤ ਦੇ ਟੀਚੇ ਨੂੰ ਸੱਚਮੁੱਚ ਹਾਸਲ ਕਰਨਾ ਹੈ ਤਾਂ ਇਨ੍ਹਾਂ ਚੁਣੌਤੀਆਂ ਤੋਂ ਪਾਰ ਪਾਉਣਾ ਪਵੇਗਾ ਅਤੇ ਚੁਣੌਤੀਆਂ ਤੋਂ ਪਾਰ ਉਦੋਂ ਹੀ ਪਾਇਆ ਜਾ ਸਕਦਾ ਹੈ ਜਦ ਮਾੜੇ-ਮੋਟੇ ਸੁਧਾਰ ਕੀਤੇ ਜਾਂਦੇ ਰਹਿਣਗੇ ਅਤੇ ਉਨ੍ਹਾਂ 'ਤੇ ਤੇਜ਼ੀ ਨਾਲ ਅਮਲ ਵੀ ਕੀਤਾ ਜਾਵੇਗਾ।

ਇਹ ਠੀਕ ਹੈ ਕਿ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਬਜਟ ਤੋਂ ਰਿਫਾਰਮ ਐਕਸਪ੍ਰੈੱਸ ਨੂੰ ਰਫ਼ਤਾਰ ਮਿਲੇਗੀ ਪਰ ਦੇਖਣਾ ਇਹ ਹੈ ਕਿ ਸਾਰੇ ਜ਼ਰੂਰੀ ਸੁਧਾਰ ਹੋ ਪਾਉਂਦੇ ਹਨ ਜਾਂ ਨਹੀਂ? ਕੀ ਇਹ ਉਮੀਦ ਕੀਤੀ ਜਾਵੇ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਬਜਟ ਵਿਚ ਵਿਆਪਕ ਸੁਧਾਰਾਂ ਦਾ ਐਲਾਨ ਕਰਨਗੇ।

ਅਸਲ ਵਿਚ ਕੇਵਲ ਬਜਟ ਵਿਚ ਹੀ ਕੁਝ ਵੱਡੇ ਅਤੇ ਬੁਨਿਆਦੀ ਸੁਧਾਰਾਂ ਦਾ ਐਲਾਨ ਨਹੀਂ ਕੀਤਾ ਜਾਣਾ ਚਾਹੀਦਾ ਬਲਕਿ ਸੁਧਾਰਾਂ ਦਾ ਸਿਲਸਿਲਾ ਕਾਇਮ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਵੀ ਸਮਝਣਾ ਹੋਵੇਗਾ ਕਿ ਆਰਥਿਕ ਵਿਕਾਸ ਨੂੰ ਸਿਰਫ਼ ਸਰਕਾਰੀ ਯਤਨਾਂ ਨਾਲ ਹੀ ਰਫ਼ਤਾਰ ਨਹੀਂ ਦਿੱਤੀ ਜਾ ਸਕਦੀ। ਆਰਥਿਕ ਸਰਵੇਖਣ ਸਾਫ਼ ਤੌਰ 'ਤੇ ਇਹ ਕਹਿ ਰਿਹਾ ਹੈ ਕਿ ਵਿਕਾਸ ਨੂੰ ਉਮੀਦ ਮੁਤਾਬਕ ਗਤੀ ਦੇਣ ਲਈ ਨਿੱਜੀ ਖੇਤਰ ਨੂੰ ਆਪਣੀ ਸਰਗਰਮੀ ਦਿਖਾਉਣੀ ਹੋਵੇਗੀ। ਵਿਸ਼ਵ ਭਰ ਵਿਚ ਆਰਥਿਕ ਮੁਹਾਜ਼ 'ਤੇ ਜਿਹੋ ਜਿਹੀ ਉਥਲ-ਪੁਥਲ ਹੋ ਰਹੀ ਹੈ ਅਤੇ ਬੇਯਕੀਨੀ ਵਾਲਾ ਵਾਤਾਵਰਨ ਹੈ, ਉਸ ਵਿਚ ਸਰਕਾਰ ਅਤੇ ਨਿੱਜੀ ਖੇਤਰ ਨੂੰ ਮੋਢੇ ਨਾਲ ਮੋਢਾ ਜੋੜ ਕੇ ਚੱਲਣਾ ਹੋਵੇਗਾ।

ਹਾਲੇ ਅਜਿਹੀ ਸਥਿਤੀ ਨਹੀਂ ਹੈ। ਨਿੱਜੀ ਖੇਤਰ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਕਮਰ ਕੱਸਦੇ ਹੋਏ ਨਹੀਂ ਦਿਸ ਰਿਹਾ ਹੈ ਜੋ ਅਰਥਚਾਰੇ ਦੇ ਸਾਹਮਣੇ ਆ ਖੜ੍ਹੀਆਂ ਹੋਈਆਂ ਹਨ। ਜਦ ਆਰਥਿਕ ਸਮੀਖਿਆ ਇਹ ਸਪਸ਼ਟ ਕਰਦੀ ਹੈ ਕਿ ਨਿੱਜੀ ਖੇਤਰ ਹੁਣ ਸਿਰਫ਼ ਇਕ ਭਾਗੀਦਾਰ ਨਹੀਂ ਹੈ ਬਲਕਿ 7% ਤੋਂ ਵੱਧ ਦੀ ਵਿਕਾਸ ਦਰ ਨੂੰ ਬਣਾਈ ਰੱਖਣ ਲਈ ਮੁੱਖ ਇੰਜਣ ਹੈ, ਤਦ ਉਸ ਨੂੰ ਇਸੇ ਭੂਮਿਕਾ 'ਚ ਆਉਣਾ ਹੋਵੇਗਾ ਤੇ ਦੇਸ਼ ਨੂੰ ਮੈਨੂਫੈਕਚਰਿੰਗ ਦਾ ਗੜ੍ਹ ਬਣਾਉਣ ਦੇ ਨਾਲ-ਨਾਲ ਖੋਜ ਤੇ ਵਿਕਾਸ ਵਿਚ ਵੀ ਨਿਵੇਸ਼ ਕਰਨਾ ਹੋਵੇਗਾ।

ਉਸ ਨੂੰ ਤਕਨੀਕ ਸੰਚਾਲਿਤ ਅਰਥਚਾਰੇ ਵੱਲ ਵੀ ਵਧਣਾ ਹੋਵੇਗਾ ਅਤੇ ਉਤਪਾਦਕਤਾ ਦੇ ਮਾਮਲੇ ਵਿਚ ਵੀ ਸੁਧਾਰ ਕਰਨਾ ਹੋਵੇਗਾ। ਇਸ ਨਾਲ ਹੀ ਸਾਡੇ ਉਤਪਾਦ ਵਿਸ਼ਵ ਪੱਧਰੀ ਬਣਨਗੇ ਅਤੇ ਉਨ੍ਹਾਂ ਦੀ ਵਿਸ਼ਵ ਵਿਚ ਮੰਗ ਵਧੇਗੀ। ਅੱਜ ਅਜਿਹਾ ਨਹੀਂ ਹੈ ਅਤੇ ਇਸੇ ਕਾਰਨ ਆਰਥਿਕ ਸਮੀਖਿਆ ਵਿਚ ਇਹ ਕਿਹਾ ਗਿਆ ਹੈ ਕਿ ਕਈ ਦਰਾਮਦਾਂ ਗ਼ੈਰ-ਜ਼ਰੂਰੀ ਹਨ।

ਇਹ ਵੀ ਸਪਸ਼ਟ ਹੈ ਕਿ ਹਾਲੇ ਦੇਸ਼ ਵਿਚ ਉੱਚਤਮ ਗੁਣਵੱਤਾ ਵਾਲੀਆਂ ਵਸਤਾਂ ਦਾ ਉਤਪਾਦਨ ਨਹੀਂ ਹੋ ਪਾ ਰਿਹਾ ਹੈ। ਇਸ 'ਤੇ ਗ਼ੌਰ ਕੀਤਾ ਜਾਵੇ ਕਿ ਆਰਥਿਕ ਸਮੀਖਿਆ ਵਿਚ ਕਿਹਾ ਗਿਆ ਹੈ ਕਿ ਦੋਇਮ ਦਰਜੇ ਦੀ ਗੁਣਵੱਤਾ ਵਾਲੀਆਂ ਵਸਤਾਂ ਬਣਾਉਣ ਵਾਲਿਆਂ ਦੇ ਹਿੱਤਾਂ ਦੀ ਰੱਖਿਆ ਕਰਨ ਦਾ ਕੋਈ ਮਤਲਬ ਨਹੀਂ ਹੈ।

ਜੇ ਉਹ ਮੁਕਾਬਲੇਬਾਜ਼ ਨਹੀਂ ਬਣਦੇ ਤਾਂ ਉਨ੍ਹਾਂ ਦੀ ਪਿੱਠ 'ਤੇ ਖੜ੍ਹਨਾ ਸਮੱਸਿਆ ਨੂੰ ਵਧਾਉਣਾ ਹੀ ਹੈ। ਅੱਜ ਜਦ ਸਵਦੇਸ਼ੀ ਦੀਆਂ ਗੱਲਾਂ ਹੋ ਰਹੀਆਂ ਹਨ ਤਦ ਉਸ ਸਮੱਗਰੀ ਦੀ ਦਰਾਮਦ ਦਾ ਕੋਈ ਮਤਲਬ ਨਹੀਂ ਜਿਸ ਨੂੰ ਦੇਸ਼ ਵਿਚ ਬਣਾਇਆ ਜਾ ਸਕਦਾ ਹੈ। ਦੇਸ਼ ਦੀ ਆਰਥਿਕ ਸੂਰਤ ਬਦਲਣ ਲਈ ਜ਼ਰੂਰੀ ਹੈ ਕਿ ਸੂਬਾ ਸਰਕਾਰਾਂ ਵੀ ਆਰਥਿਕ ਮਾਹੌਲ ਨੂੰ ਬਦਲਣ ਲਈ ਉਹੋ ਜਿਹੀ ਹੀ ਤਤਪਰਤਾ ਦਿਖਾਉਣ, ਜਿਹੋ ਜਿਹੀ ਕੇਂਦਰ ਸਰਕਾਰ ਦਿਖਾ ਰਹੀ ਹੈ। ਉਦਯੋਗ-ਧੰਦਿਆਂ ਦਾ ਸਹੀ ਤਰੀਕੇ ਨਾਲ ਵਿਕਾਸ ਉਦੋਂ ਹੀ ਹੋ ਸਕਦਾ ਹੈ ਜਦ ਰਾਜ ਸਰਕਾਰਾਂ ਅਨੁਕੂਲ ਮਾਹੌਲ ਬਣਾਉਣ ਵਾਸਤੇ ਇਕ-ਦੂਜੀ ਨਾਲ ਮੁਕਾਬਲਾ ਕਰਦੀਆਂ ਦਿਸਣਗੀਆਂ। ਹਾਲੇ ਤਿੰਨ-ਚਾਰ ਸੂਬੇ ਹੀ ਇਸ ਵਿਚ ਸ਼ਾਮਲ ਦਿਸਦੇ ਹਨ। ਕਈ ਤਾਂ ਅਜਿਹਾ ਦਿਖਾਉਂਦੇ ਹਨ ਜਿਵੇਂ ਦੇਸ਼ ਦਾ ਆਰਥਿਕ ਵਿਕਾਸ ਕਰਨਾ ਅਤੇ ਵਿਕਸਤ ਭਾਰਤ ਦਾ ਟੀਚਾ ਹਾਸਲ ਕਰਨਾ ਸਿਰਫ਼ ਕੇਂਦਰ ਸਰਕਾਰ ਦਾ ਕੰਮ ਹੈ। ਉਨ੍ਹਾਂ ਦਾ ਇਹ ਪਿਛਾਂਹ-ਖਿੱਚੂ ਵਤੀਰੇ ਮੁਲਕ ਦੀ ਤੇਜ਼ ਰਫ਼ਤਾਰ ਤਰੱਕੀ ਦੇ ਰਾਹ ਵਿਚ ਰੋੜਾ ਬਣਦਾ ਹੈ। ਇਹ ਵੀ ਠੀਕ ਨਹੀਂ ਕਿ ਸੂਬਾ ਸਰਕਾਰਾਂ ਆਰਥਿਕ ਮਾਮਲਿਆਂ ਵਿਚ ਰਾਜਨੀਤੀ ਕਰਦੀਆਂ ਦਿਖਾਈ ਦੇਣ। ਕੁਝ ਸੂਬਾ ਸਰਕਾਰਾਂ ਜਿਸ ਤਰ੍ਹਾਂ ਮਾਲੀਆ ਅਨੁਸ਼ਾਸਨ ਬਣਾਈ ਰੱਖਣ ਨੂੰ ਲੈ ਕੇ ਲਾਪਰਵਾਹ ਦਿਸ ਰਹੀਆਂ ਹਨ, ਉਹ ਸ਼ੁਭ ਸੰਕੇਤ ਨਹੀਂ ਹੈ। ਜਿਵੇਂ ਕੇਂਦਰ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸ ਦੀ ਨੌਕਰਸ਼ਾਹੀ ਆਰਥਿਕ ਵਿਕਾਸ ਦੇ ਅੜਿੱਕਿਆਂ ਨੂੰ ਦੂਰ ਕਰਨ ਦਾ ਕੰਮ ਤਰਜੀਹੀ ਆਧਾਰ 'ਤੇ ਕਰੇ, ਤਿਵੇਂ ਹੀ ਸੂਬਾ ਸਰਕਾਰਾਂ ਨੂੰ ਵੀ ਆਪਣੀ ਨੌਕਰਸ਼ਾਹੀ ਦੇ ਰੁਖ਼-ਰਵੱਈਏ ਨੂੰ ਬਦਲਣਾ ਹੋਵੇਗਾ। ਅੱਜ ਨੌਕਰਸ਼ਾਹੀ ਅੜਿੱਕੇ ਡਾਹੁਣ ਅਤੇ ਉਦਯੋਗ-ਜਗਤ ਨੂੰ ਨਿਰ-ਉਤਸ਼ਾਹਤ ਕਰਨ ਲਈ ਹੀ ਜ਼ਿਆਦਾ ਜਾਣੀ ਜਾਂਦੀ ਹੈ। ਉਸ ਦੇ ਅਜਿਹੇ ਹੀ ਵਤੀਰੇ ਕਾਰਨ ਕਾਰੋਬਾਰੀ ਸੁਗਮਤਾ ਸਿਰਫ਼ ਕਾਗਜ਼ਾਂ 'ਤੇ ਹੀ ਬਿਹਤਰ ਨਜ਼ਰ ਆਉਂਦੀ ਹੈ। ਸੱਚ ਇਹ ਹੈ ਕਿ ਨਵੇਂ ਉਦਯੋਗ-ਧੰਦੇ ਲਗਾਉਣਾ ਹਾਲੇ ਵੀ ਮੁਸ਼ਕਲ ਅਤੇ ਸਮਾਂ ਖਪਾਊ ਬਣਿਆ ਹੋਇਆ ਹੈ। ਨੌਕਰਸ਼ਾਹੀ ਦੇ ਨਾਂਹ-ਪੱਖੀ ਰਵੱਈਏ ਕਾਰਨ ਆਪਣੇ ਦੇਸ਼ ਵਿਚ ਵਿਕਾਸ ਦੇ ਕਈ ਕੰਮ ਇਸ ਤਰ੍ਹਾਂ ਹੁੰਦੇ ਹਨ ਕਿ ਉਨ੍ਹਾਂ ਨਾਲ ਵਸੀਲਿਆਂ ਦੀ ਬਰਬਾਦੀ ਹੁੰਦੀ ਰਹਿੰਦੀ ਹੈ।

ਇਹ ਵੀ ਇਕ ਤੱਥ ਹੈ ਕਿ ਨੌਕਰਸ਼ਾਹੀ ਦਾ ਭ੍ਰਿਸ਼ਟਾਚਾਰ ਇਕ ਵੱਡੀ ਸਮੱਸਿਆ ਬਣਿਆ ਹੋਇਆ ਹੈ। ਔਸਤ ਨੌਕਰਸ਼ਾਹਾਂ ਦਾ ਰਵੱਈਆ ਖ਼ੁਦ ਨੂੰ ਮਾਈ-ਬਾਪ ਮੰਨਣ ਵਾਲਾ ਹੈ। ਜਵਾਬਦੇਹੀ ਦੀ ਘਾਟ ਕਾਰਨ ਹਾਲਾਤ ਸੁਧਰਨ ਦਾ ਨਾਂ ਨਹੀਂ ਲੈ ਰਹੇ ਹਨ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਵੱਢੀਖੋਰੀ ਅਤੇ ਭ੍ਰਿਸ਼ਟਾਚਾਰ ਗੁਣਵੱਤਾ ਭਰਪੂਰ ਵਿਕਾਸ ਨਹੀਂ ਹੋਣ ਦਿੰਦਾ। ਆਰਥਿਕ ਸਮੀਖਿਆ ਵਿਚ ਉੱਦਮੀ ਰਾਜ ਦੀ ਜਿਸ ਧਾਰਨਾ ਦਾ ਜ਼ਿਕਰ ਕੀਤਾ ਗਿਆ ਹੈ, ਉਸ ਦੀ ਪੂਰਤੀ ਉਦੋਂ ਹੋਵੇਗੀ ਜਦ ਸ਼ਾਸਨ-ਪ੍ਰਸ਼ਾਸਨ ਦੇ ਲੋਕ ਰਵਾਇਤੀ ਤਰੀਕੇ ਨਾਲ ਕੰਮ ਕਰਨ ਦੀ ਬਜਾਏ ਤੇਜ਼ੀ ਨਾਲ ਫ਼ੈਸਲੇ ਲੈਣਗੇ, ਜ਼ਰੂਰਤ ਪੈਣ 'ਤੇ ਉਨ੍ਹਾਂ 'ਚ ਸੁਧਾਰ ਕਰਨਗੇ ਅਤੇ ਇਨੋਵੇਸ਼ਨ ਨੂੰ ਹੁਲਾਰਾ ਦੇਣਗੇ। ਅਨਿਸ਼ਚਤਤਾ ਦੇ ਦੌਰ ਵਿਚ ਅਜਿਹਾ ਕਰਨਾ ਹੋਰ ਵੀ ਜ਼ਰੂਰੀ ਹੋ ਗਿਆ ਹੈ ਪਰ ਬਦਕਿਸਮਤੀ ਨਾਲ ਇਸ ਪ੍ਰਿਵਰਤੀ ਦੀ ਘਾਟ ਹੀ ਦਿਸਦੀ ਹੈ। ਨੌਕਰਸ਼ਾਹੀ ਵਿਚ ਜੋਖ਼ਮ ਲੈਣ ਦੀ ਸਮਰੱਥਾ ਵਿਕਸਤ ਕਰਨ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਜਿੱਥੇ ਉਸ ਨੂੰ ਬੇਵਜ੍ਹਾ ਦੀਆਂ ਕਾਨੂੰਨੀ ਪ੍ਰਕਿਰਿਆਵਾਂ ਤੋਂ ਬਚਾਉਣ ਦੇ ਉਪਾਅ ਕੀਤੇ ਜਾਣ, ਓਥੇ ਹੀ ਭ੍ਰਿਸ਼ਟਾਚਾਰ ਨੂੰ ਸਹਿਣ ਨਾ ਕੀਤਾ ਜਾਵੇ। ਇਕ ਲੰਬੇ ਸਮੇਂ ਤੋਂ ਇਹ ਕਿਹਾ ਜਾ ਰਿਹਾ ਹੈ ਕਿ ਸ਼ਹਿਰ ਆਰਥਿਕ ਵਿਕਾਸ ਦੇ ਇੰਜਣ ਹਨ, ਪਰ ਆਪਣੇ ਦੇਸ਼ ਵਿਚ ਸ਼ਹਿਰੀ ਢਾਂਚੇ ਵਿਚ ਕੋਈ ਕਾਬਿਲੇ-ਗ਼ੌਰ ਸੁਧਾਰ ਆਉਣ ਦੀ ਬਜਾਏ ਇਹ ਢਹਿ-ਢੇਰੀ ਹੋਇਆ ਹੀ ਦਿਖਾਈ ਦਿੰਦਾ ਹੈ।

ਇਹ ਸਮਝਣ ਵਿਚ ਦੇਰੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਸਿਰਫ਼ ਫੁੱਟਪਾਥ ਠੀਕ ਕਰਨ ਜਾਂ ਦੋ-ਚਾਰ ਫਲਾਈਓਵਰ ਬਣਾ ਦੇਣ ਨਾਲ ਸ਼ਹਿਰਾਂ ਦਾ ਢਾਂਚਾ ਸੁਧਰਨ ਵਾਲਾ ਨਹੀਂ ਹੈ। ਫ਼ ?ਲਹਾਲ ਤਾਂ ਸ਼ਹਿਰੀ ਵਿਕਾਸ ਦੇ ਨਾਂ 'ਤੇ ਅਜਿਹੇ ਹੀ ਕੰਮ ਹੋ ਰਹੇ ਹਨ ਅਤੇ ਇਸੇ ਕਾਰਨ ਆਰਥਿਕ ਸਮੀਖਿਆ ਵਿਚ ਸ਼ਹਿਰਾਂ ਦੇ ਅਸੰਤੁਲਿਤ ਵਿਕਾਸ 'ਤੇ ਚਿੰਤਾ ਪ੍ਰਗਟ ਕੀਤੀ ਗਈ ਹੈ।

ਸ਼ਹਿਰਾਂ ਦਾ ਵਿਕਾਸ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਬੁਨਿਆਦੀ ਢਾਂਚੇ ਦਾ ਵਿਕਾਸ ਹੋਣ ਦੇ ਨਾਲ ਹੀ ਸ਼ਹਿਰੀ ਜੀਵਨ ਸੁਵਿਧਾਜਨਕ ਹੋਵੇ। ਅਜਿਹੇ ਮਾਹੌਲ ਵਿਚ ਹੀ ਸ਼ਹਿਰਾਂ ਵਿਚ ਉਦਯੋਗ-ਧੰਦੇ ਸਹੀ ਤਰੀਕੇ ਨਾਲ ਵਿਕਸਤ ਹੋਣਗੇ। ਆਰਥਿਕ ਸਮੀਖਿਆ ਜਿਨ੍ਹਾਂ ਹੋਰ ਅਨੇਕ ਚੁਣੌਤੀਆਂ ਨੂੰ ਉਘਾੜ ਰਹੀ ਹੈ, ਉਨ੍ਹਾਂ ਵਿਚ ਪ੍ਰਮੁੱਖ ਹੈ ਖੇਤੀ ਦੀ ਉਤਪਾਦਕਤਾ ਨਾ ਵਧਣਾ। ਖੇਤੀ ਖੇਤਰ ਵਿਚ ਜਿਨਾਂ ਵਿਆਪਕ ਸੰਰਚਨਾਤਮਕ ਸੁਧਾਰਾਂ ਦੀ ਜ਼ਰੂਰਤ ਹੈ, ਉਨ੍ਹਾਂ ਦੀ ਪੂਰਤੀ ਤਰਜੀਹੀ ਆਧਾਰ 'ਤੇ ਹੋਣੀ ਚਾਹੀਦੀ ਹੈ। ਇਹ ਪੂਰਤੀ ਕੇਂਦਰ ਅਤੇ ਸੂਬਿਆਂ, ਦੋਵਾਂ ਨੂੰ ਮਿਲ ਕੇ ਹੀ ਕਰਨੀ ਹੋਵੇਗੀ। ਇਸ ਨਾਲ ਹੀ ਵਿਕਾਸ ਦਰ ਨੂੰ 7 ਪ੍ਰਤੀਸ਼ਤ ਤੋਂ ਵੱਧ ਰੱਖਿਆ ਜਾ ਸਕਦਾ ਹੈ।

ਜੇਕਰ ਦੇਸ਼ ਨੂੰ ਵਿਕਸਤ ਬਣਾਉਣਾ ਹੈ ਤਾਂ ਵਿਕਾਸ ਦਰ ਨੂੰ 8 ਪ੍ਰਤੀਸ਼ਤ ਦੇ ਨੇੜੇ-ਤੇੜੇ ਲੈ ਕੇ ਜਾਣਾ ਹੋਵੇਗਾ। ਕਿਉਂਕਿ ਸੁਧਾਰ ਇਕ ਨਿਰੰਤਰ ਪ੍ਰਕਿਰਿਆ ਹਨ, ਇਸ ਲਈ ਉਹ ਬਜਟ ਦੇ ਮੁਥਾਜ ਨਹੀਂ ਰਹਿਣੇ ਚਾਹੀਦੇ। ਵੱਡੇ ਅਤੇ ਠੋਸ ਸੁਧਾਰ ਕਰਨ ਵਿਚ ਦੇਰੀ ਦਾ ਕੋਈ ਮਤਲਬ ਨਹੀਂ ਹੈ।

# ਪੰਜਾਬੀ ਮਾਂ-ਬੋਲੀ ਦੀ ਅਜੋਕੀ ਸਥਿਤੀ ਤੇ ਚੁਣੌਤੀਆਂ

ਕਿਸੇ ਵੀ ਕੌਮ ਦੀ ਪਛਾਣ ਉਸ ਦੀ ਮਾਂ-ਬੋਲੀ ਤੇ ਸੱਭਿਆਚਾਰ ਤੋਂ ਹੀ ਪਛਾਣੀ ਜਾਂਦੀ ਹੈ। ਅਸਲ ਵਿਚ ਮਾਂ-ਬੋਲੀ ਕਿਸੇ ਖਿੱਤੇ ਦੇ ਬਾਸ਼ਿੰਦਿਆਂ ਦੇ ਵਜੂਦ, ਸ਼ਖ਼ਸੀਅਤ ਤੇ ਜੀਵਨ ਜਾਚ ਦਾ ਜੀਵਨ ਪ੍ਰਗਟਾਵਾ ਹੁੰਦੀ ਹੈ। ਮਾਂ-ਬੋਲੀ ਵਿਚ ਹੀ ਮਨੁੱਖ ਸੁਪਨੇ ਲੈਂਦਾ ਹੈ, ਸੋਚਦਾ ਹੈ ਅਤੇ ਆਪਣੇ ਸੂਖ਼ਮ ਅਹਿਸਾਸਾਂ ਤੇ ਵਲਵਲਿਆਂ ਦਾ ਪ੍ਰਗਟਾਵਾ ਕਰਦਾ ਹੈ।

ਕਿਸੇ ਵੀ ਕੌਮ ਦੀ ਪਛਾਣ ਉਸ ਦੀ ਮਾਂ-ਬੋਲੀ ਤੇ ਸੱਭਿਆਚਾਰ ਤੋਂ ਹੀ ਪਛਾਣੀ ਜਾਂਦੀ ਹੈ। ਅਸਲ ਵਿਚ ਮਾਂ-ਬੋਲੀ ਕਿਸੇ ਖਿੱਤੇ ਦੇ ਬਾਸ਼ਿੰਦਿਆਂ ਦੇ ਵਜੂਦ, ਸ਼ਖ਼ਸੀਅਤ ਤੇ ਜੀਵਨ ਜਾਚ ਦਾ ਜੀਵਨ ਪ੍ਰਗਟਾਵਾ ਹੁੰਦੀ ਹੈ। ਮਾਂ-ਬੋਲੀ ਵਿਚ ਹੀ ਮਨੁੱਖ ਸੁਪਨੇ ਲੈਂਦਾ ਹੈ, ਸੋਚਦਾ ਹੈ ਅਤੇ ਆਪਣੇ ਸੂਖ਼ਮ ਅਹਿਸਾਸਾਂ ਤੇ ਵਲਵਲਿਆਂ ਦਾ ਪ੍ਰਗਟਾਵਾ ਕਰਦਾ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤਕ ਦੀਆਂ ਉਸ ਦੀਆਂ ਸਾਰੀਆਂ ਰਸਮਾਂ ਦਾ ਸਮੁੱਚਾ ਜੀਵਨ ਪ੍ਰਗਟਾਵਾ ਉਸ ਦੇ ਬੋਲਾਂ ਵਿਚ ਨਿਹਿਤ ਹੁੰਦਾ ਹੈ। ਗੱਲ ਕੀ, ਮਾਂ-ਬੋਲੀ ਮਨੁੱਖ ਦਾ ਆਦਿ-ਜੁਗਾਦਿ ਹੈ।

**ਰਾਜ ਭਾਸ਼ਾ ਐਕਟ-1967** : ਪੰਜਾਬ ਅੰਦਰ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪ੍ਰਫੁੱਲਤਾ ਲਈ ਕਈ ਅਦਾਰੇ ਇਸ ਦੇ ਨਾਂ ਉੱਤੇ ਹੀ ਆਪਣੀਆਂ ਵਿਉਂਤਬੰਦੀਆਂ ਪੱਖੋਂ ਕਾਰਜਸ਼ੀਲ ਹਨ। ਇਨ੍ਹਾਂ ਸਭ ਦਾ ਇੱਕੋ ਇਕ ਕਾਰਜ ਖੇਤਰ ਮਾਂ-ਬੋਲੀ ਪੰਜਾਬੀ ਦੇ ਦੀਵੇ ਅੰਦਰ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦਾ ਤੇਲ ਪਾਉਂਦਿਆਂ ਇਸ ਨੂੰ ਮਘਦਾ ਰੱਖਣਾ ਹੈ। ਦੇਸ਼ ਦੀ ਆਜ਼ਾਦੀ ਉਪਰੰਤ 1966 ਵਿਚ ਭਾਸ਼ਾ ਦੇ ਆਧਾਰ ਉੱਤੇ ਜਦੋਂ ਪੰਜਾਬੀ ਸੂਬੇ ਦੀ ਸਥਾਪਨਾ ਕੀਤੀ ਜਾਂਦੀ ਹੈ ਤਾਂ ਪੰਜਾਬ ਸਰਕਾਰ ਵੱਲੋਂ ਇਸ ਦੇ ਮਾਣ-ਸਤਿਕਾਰ ਅੰਦਰ ਵਾਧਾ ਕਰਦਿਆਂ ਪਹਿਲੀ ਵਾਰ ਰਾਜ ਭਾਸ਼ਾ ਐਕਟ-1967 ਲਾਗੂ ਕੀਤਾ ਗਿਆ। ਇਸ ਸਦਕਾ ਪੰਜਾਬੀ ਦੇ ਪ੍ਰਚਾਰ, ਪ੍ਰਸਾਰ ਤੇ ਸਤਿਕਾਰ ਹਿੱਤ ਨਾ ਸਿਰਫ਼ ਵਿਲੱਖਣ ਯੋਜਨਾਵਾਂ ਤਿਆਰ ਕਰਦਿਆਂ ਇਸ ਦੇ ਵਿਕਾਸ ਲਈ ਨਵੇਂ ਰਾਹਾਂ ਦਾ ਆਰੰਭ ਹੋਇਆ ਸਗੋਂ ਪੰਜਾਬ ਰਾਜ ਭਾਸ਼ਾ ਐਕਟ-1967 ਦੇ ਪਾਸ ਹੋਣ ਉਪਰੰਤ ਸਾਰਾ ਦਫ਼ਤਰੀ ਕੰਮਕਾਜ ਪੰਜਾਬੀ ਭਾਸ਼ਾ ਵਿਚ ਕੀਤਾ ਜਾਣਾ ਜ਼ਰੂਰੀ ਕੀਤਾ ਗਿਆ।

**ਅਮਲ ਦਾ ਨਹੀਂ ਬਣ ਸਕਿਆ ਹਿੱਸਾ** : 'ਰਾਜ ਭਾਸ਼ਾ ਐਕਟ-1967' ਵਿਚ ਲੋੜੀਂਦੀਆਂ ਸੋਧਾਂ ਕਰਨ ਉਪਰੰਤ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008 ਧਾਰਾ 3-ਏ, ਬੀ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤਹਿਤ ਸਾਰੀਆਂ ਦੀਵਾਨੀ ਅਤੇ ਫ਼ੌਜਦਾਰੀ ਅਦਾਲਤਾਂ, ਰਾਜ ਦੇ ਸਾਰੇ ਦਫ਼ਤਰਾਂ ਦਾ ਕੰਮਕਾਜ ਪੰਜਾਬੀ ਭਾਸ਼ਾ ਵਿਚ ਕਰਨ ਬਾਰੇ ਹਦਾਇਤਾਂ ਜਾਰੀ ਹੋਈਆਂ। ਇਸੇ ਐਕਟ ਦੀ ਧਾਰਾ 8-ਬੀ, ਸੀ ਤਹਿਤ ਸਮੀਖਿਆ ਤੇ ਅਮਲ ਨੂੰ ਹੇਠਲੇ ਪੱਧਰ ਉੱਤੇ ਯਕੀਨੀ ਬਣਾਉਣ ਲਈ ਪੰਜਾਬੀ ਦੇ ਵਿਕਾਸ ਤੇ ਪ੍ਰਫੁੱਲਤਾ ਲਈ ਰਾਜ ਅਤੇ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀਆਂ ਦਾ ਗਠਨ ਕੀਤਾ ਗਿਆ। ਐਕਟ ਦੀ ਧਾਰਾ 8-ਡੀ ਤਹਿਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਪੰਜਾਬੀ ਵਿਚ ਕੰਮ ਕਰਨ ਲਈ ਪਾਬੰਦ ਵੀ ਕੀਤਾ ਗਿਆ ਹੈ। 'ਪੰਜਾਬ ਰਾਜ ਭਾਸ਼ਾ (ਸੋਧ) ਐਕਟ -2021' ਅਨੁਸਾਰ ਜੇ ਕੋਈ ਕਰਮਚਾਰੀ/ਅਧਿਕਾਰੀ ਇਸ ਐਕਟ ਦੇ ਉਪਬੰਧਾਂ ਜਾਂ ਇਨ੍ਹਾਂ ਅਧੀਨ ਜਾਰੀ ਕੀਤੀਆਂ ਸੂਚਨਾਵਾਂ ਦੀ ਉਲੰਘਣਾ ਕਰਦਾ ਹੈ ਤਾਂ ਜੁਰਮਾਨਾ ਅਤੇ ਵਿਭਾਗੀ ਕਾਰਵਾਈ ਦੀ ਸਜ਼ਾ ਵੀ ਮੁਕੱਰਰ ਕੀਤੀ ਗਈ। ਇਹ ਸਭ ਕੁਝ ਸਾਡੇ ਯਤਨਾਂ ਦਾ ਹਿੱਸਾ ਤਾਂ ਰਿਹਾ ਹੈ ਲੇਕਿਨ ਇਹ ਵੱਖਰੀ ਗੱਲ ਹੈ ਕਿ ਸਾਡੇ ਅਮਲ ਦਾ ਹਿੱਸਾ ਨਹੀਂ ਬਣ ਸਕਿਆ।

**ਚਿੰਤਾ ਤੇ ਚਿੰਤਨ ਦਾ ਵਿਸ਼ਾ** : ਇੱਥੇ ਇਹ ਗੱਲ ਵਿਸ਼ੇਸ਼ ਤਵੱਜੋ ਦੇਣਯੋਗ ਹੈ ਕਿ ਤੁਰਕਾਂ, ਮੁਗ਼ਲਾਂ, ਅਫ਼ਗ਼ਾਨਾਂ ਤੇ ਅੰਗਰੇਜ਼ਾਂ ਦੇ ਰਾਜਭਾਗ ਸਮੇਂ ਪੰਜਾਬੀ ਭਾਸ਼ਾ ਲਈ ਐਨੇ ਖ਼ਤਰੇ ਨਹੀਂ ਸਨ ਜਿੰਨੇ ਅੱਜ ਤਕਨੀਕ, ਵਿਗਿਆਨ, ਵੈੱਬ ਆਦਿ ਦੇ ਯੁੱਗ ਵਿਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਦਿਖਾਈ ਦਿੰਦੇ ਹਨ। ਤਕਨੀਕ, ਵਿਗਿਆਨ, ਵਿਕਾਸ ਅਤੇ ਯੁੱਗ ਅੰਦਰ ਜਿਸ ਤਰ੍ਹਾਂ ਅੱਜ ਅਸੀਂ ਰਹਿ ਰਹੇ ਹਾਂ, ਇਸ ਅੰਦਰ ਸਮੁੱਚੀ ਦੁਨੀਆ ਦਾ ਗਿਆਨ-ਭੰਡਾਰ 80 ਫ਼ੀਸਦੀ ਅੰਗਰੇਜ਼ੀ ਭਾਸ਼ਾ ਵਿਚ ਹੀ ਆਂਕਿਆ ਜਾਂਦਾ ਹੈ। ਯੂਨੈਸਕੋ ਦੁਆਰਾ ਭਾਸ਼ਾਵਾਂ ਪ੍ਰਤੀ ਜਾਰੀ ਕੀਤੀ ਗਈ ਰਿਪੋਰਟ ਅਤੇ ਦਿੱਤੀ ਗਈ ਚੇਤਾਵਨੀ ਕਿ ਕੁਝ ਭਾਰਤੀ ਭਾਸ਼ਾਵਾਂ ਕੰਗਾਰ ਉੱਤੇ ਹਨ, ਸਾਡੇ ਲਈ ਇਹ ਗੰਭੀਰ ਚਿੰਤਾ ਤੇ ਚਿੰਤਨ ਦਾ ਵਿਸ਼ਾ ਜ਼ਰੂਰ ਹੈ। ਅੱਜ ਸਾਡੀਆਂ ਖ਼ਾਲਸਾਈ ਭਾਸ਼ਾਵਾਂ ਪ੍ਰਤੀ ਇਹ ਫ਼ ?ਕਰ ਵਾਲੀ ਸਥਿਤੀ ਜ਼ਰੂਰ ਬਣਦੀ ਜਾ ਰਹੀ ਹੈ ਕਿ ਭਵਿੱਖ ਵਿਚ ਇਨ੍ਹਾਂ ਦੀ ਹੋਂਦ ਦੀ ਰੋਸ਼ਨੀ ਦਾ ਲਿਸ਼ਕਾਰਾ ਕਿਵੇਂ ਮਘਦਾ ਰੱਖਿਆ ਜਾ ਸਕੇਗਾ। ਵੈੱਬ ਦੀ ਭਾਸ਼ਾ ਤੇ ਅੰਗਰੇਜ਼ੀ ਦਾ ਦਿਨੋ-ਦਿਨ ਵੱਧ ਰਿਹਾ ਪ੍ਰਭਾਵ ਖੇਤਰੀ ਭਾਸ਼ਾਵਾਂ ਨੂੰ ਹਾਸ਼ੀਏ ਵੱਲ ਹੀ ਨਹੀਂ ਧਕੇਲ ਰਿਹਾ ਸਗੋਂ ਲੋਕਾਈ ਨੂੰ ਆਪਣੀ ਭਾਸ਼ਾ, ਸੱਭਿਆਚਾਰ ਅਤੇ ਵਿਰਸੇ ਨਾਲੋਂ ਵੀ ਤੋੜ ਰਿਹਾ ਹੈ। ਪੂੰਜੀਵਾਦੀ ਨੀਤੀਆਂ, ਵਿਸ਼ਵੀਕਰਨ ਦਾ ਮੂੰਹ-ਜ਼ੋਰ ਫੈਲਾਅ ਅਤੇ ਸੰਸਾਰ ਦੇ ਇਕ ਪਿੰਡ ਹੋਣ ਦੀਆਂ ਕੀਤੀਆਂ ਜਾ ਰਹੀਆਂ ਨਿਸ਼ਾਨਦੇਹੀਆਂ ਖੇਤਰੀ ਭਾਸ਼ਾਵਾਂ ਦੇ ਰਕਾਨ ਬਣਨ ਦੀ ਤਾਕਤ ਨੂੰ ਵੀ ਸਾਫ਼ ਖੋਰਾ ਲਾ ਰਹੀਆਂ ਦਿਖਾਈ ਦਿੰਦੀਆਂ ਹਨ।

**ਸਮਿਆਂ ਦਾ ਕੌੜਾ ਸੱਚ** : ਅੱਜ ਸਾਡੀਆਂ ਖ਼ੁਸ਼ੀਆਂ-ਗ਼ਮੀਆਂ ਦੇ ਭੌਤਿਕ ਸੱਭਿਆਚਾਰ ਦੇ ਰੂਪ-ਮੁਹਾਂਦਰੇ ਅੰਦਰ ਵਾਪਰਦੀਆਂ ਵੱਡੀਆਂ ਤਬਦੀਲੀਆਂ ਨੂੰ ਖ਼ੁਦ ਅੱਖੀਂ ਤੱਕਦਿਆਂ ਅਸੀਂ ਜੀਅ ਰਹੇ ਹਾਂ। ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਸਮੇਂ ਦੀ ਤੋਰ ਅੰਦਰ ਭਾਸ਼ਾ ਅਤੇ ਸੱਭਿਆਚਾਰ ਨੇ ਵੀ ਆਪਣਾ ਨਵਾਂ ਰੂਪ ਅਤੇ ਮੁਹਾਂਦਰਾ ਘੜਨਾ ਹੁੰਦਾ ਹੈ, ਜਿਸ ਨੂੰ ਟਾਲਿਆ ਜਾ ਸਕਣਾ ਅਸੰਭਵ ਹੁੰਦਾ ਹੈ ਪਰ ਇਸ ਦਾ ਮਤਲਬ ਇਹ ਕਦਾਚਿੱਤ ਨਹੀਂ ਕਿ ਅਸੀਂ ਅੰਧਾਧੁੰਦ ਬੇਗ਼ਾਨੀ ਭਾਸ਼ਾ, ਸੱਭਿਆਚਾਰ ਨੂੰ ਆਪਣੇ ਖ਼ਾਲਸਾਈ ਲੋਕਧਾਰਾਈ ਵਿਰਸੇ ਦੀਆਂ ਪਾਕ ਹੱਦਾਂ ਅੰਦਰ ਘੁਸਪੈਠ ਹੋਣ ਦੇਈਏ। ਭਾਸ਼ਾ ਦੀ ਸਰਦਾਰੀ ਕਾਇਮ ਰੱਖਣ ਲਈ ਇਹ ਜ਼ਰੂਰੀ ਅਤੇ ਲਾਜ਼ਮੀ ਹੈ ਕਿ ਸਾਡੇ ਪ੍ਰਬੰਧਕੀ ਢਾਂਚੇ ਅਤੇ ਕਾਬਜ਼ ਜਮਾਤੀ ਧਿਰਾਂ ਤੋਂ ਬੇਗ਼ਾਨੀ ਭਾਸ਼ਾ ਦੀ ਗ਼ੁਲਾਮ ਮਾਨਸਿਕਤਾ ਨਾਲੋਂ ਨਾਤਾ-ਸਬੰਧ ਤੋੜਨ ਦੀ ਅਸੀਂ ਕੋਸ਼ਿਸ਼ ਕਰੀਏ। ਜੇ ਅਸੀਂ ਭਾਵੁਕ ਸਾਂਝ ਪਾਲਦਿਆਂ ਇਸ ਨੂੰ ਬਚਾਉਣ ਬਾਰੇ ਹੀ ਹੱਥ ਪੱਲਾ ਮਾਰ ਰਹੇ ਹਾਂ ਤਾਂ ਇਸ ਨੇ ਮੰਡੀ, ਤਕਨੀਕ, ਬਾਜ਼ਾਰ, ਵਿਸ਼ਵੀਕਰਨ ਦੇ ਭਾਸ਼ਾ ਤੇ ਸੱਭਿਆਚਾਰ ਦੇ ਲੋਕ ਮਾਰੂ ਦੌਰ ਵਿਚ ਇਸ ਦੇ ਟਿਕਣ ਦੀਆਂ ਸੰਭਾਵਨਾਵਾਂ ਘਟਣੀਆਂ ਲਾਜ਼ਮੀ ਹਨ।

ਪੰਜਾਬੀ ਭਾਸ਼ਾ ਪ੍ਰਤੀ ਸੱਤਾਧਾਰੀ ਧਿਰਾਂ ਦੀ ਭੂਮਿਕਾ ਕਦੇ ਵੀ ਸਕਾਰਾਤਮਿਕ ਹੁੰਗਾਰੇ ਵਾਲੀ ਨਹੀਂ ਰਹੀ ਹੈ। ਇਨ੍ਹਾਂ ਦੇ ਪ੍ਰਚਾਰ-ਅਮਲ ਵਿੱਚ ਜ਼ਮੀਨ ਆਸਮਾਨ ਜਿੰਨਾ ਅੰਤਰ ਰਿਹਾ ਹੈ। ਪੰਜਾਬੀ ਭਾਸ਼ਾ ਦੇ ਨਾਂ ਉੱਤੇ ਬਣੇ ਅਦਾਰੇ, ਯੂਨੀਵਰਸਿਟੀਆਂ ਅੰਦਰ ਕਿਰਤ-ਸ਼ਕਤੀ ਦੀਆਂ ਖ਼ਾਲੀ ਦਿਖਾਈ ਦਿੰਦੀਆਂ ਕੁਰਸੀਆਂ ਅਤੇ ਪੰਜਾਬੀ ਵਿਕਾਸ ਲਈ ਖ਼ੈਰਾਤ ਮੰਗਦੇ ਗ਼ਰੀਬੜੇ ਹੱਥ ਸਰਕਾਰਾਂ ਨੂੰ ਕਦੇ ਵੀ ਨਜ਼ਰ ਨਹੀਂ ਆਉਂਦੇ। ਅੱਜ ਮਾਂ-ਬੋਲੀ ਖ਼ੁਦ ਆਪਣਿਆਂ ਦੇ ਹੱਥੋਂ ਹੀ ਵਿਚਾਰਗੀ ਦੇ ਪਾਲੇ ਵਿਚ ਖੜ੍ਹੀ ਚੰਗੇ ਦਿਨਾਂ ਦੀ ਉਮੀਦ ਲਾਈ ਖੜ੍ਹੀ ਹੈ। ਸਮਿਆਂ ਦਾ ਅੱਜ ਇਹ ਕਿੰਨਾ ਕੌੜਾ ਸੱਚ ਹੈ ਕਿ ਸਾਡੇ ਕੋਲ ਅਜੇ ਤਾਈਂ ਪੰਜਾਬੀ ਦੀਆਂ ਲੋੜਾਂ, ਸੁਧਾਰਾਂ ਲਈ ਕੋਈ ਸ਼ਬਦਕੋਸ਼ ਨਹੀਂ ਹੈ, ਜੋ ਹੈ ਉਹ ਦਹਾਕਿਆਂ ਪੁਰਾਣਾ ਪਰੇ ਖੜ੍ਹਾ ਆਪਣੇ ਨਵਿਆਉਣ ਦੀ ਤਾਕ ਵਿਚ ਹੰਭ ਚੁੱਕਿਆ ਹੈ। ਇਸ ਦੇ ਮੁਕਾਬਲੇ ਹਰ ਸਾਲ ਅੰਗਰੇਜ਼ੀ, ਹਿੰਦੀ ਕੋਸ਼ਾਂ ਦੇ ਨਵੇਂ ਐਡੀਸ਼ਨਾਂ ਦੀ ਭਰਮਾਰ ਅਸੀਂ ਰੋਜ਼ਾਨਾ ਤੱਕਦੇ ਹਾਂ। ਵਿਗਿਆਨ, ਤਕਨੀਕੀ, ਕਾਨੂੰਨੀ ਕੋਸ਼ਾਂ ਦਾ ਮਸਲਾ ਤਾਂ ਅਜੇ ਤਾਈਂ ਅਸੀਂ ਚਿਮਟੇ ਨਾਲ ਵੀ ਛੂਹਿਆ ਨਹੀਂ ਹੈ। ਪੰਜਾਬੀ ਭਾਸ਼ਾ ਲਈ ਇਹ ਕਿੰਨਾ ਤ੍ਰਾਸਦਿਕ ਪਹਿਲੂ ਹੈ ਕਿ ਮਸ਼ੀਨੀ ਬੁੱਧੀਮਾਨਤਾ (ਆਰਟੀਫੀਅਸ਼ਲ ਇੰਟੈਲੀਜੈਂਸ) ਨੇ 1 ਫਰਵਰੀ 2024 ਨੂੰ ਗੂਗਲ ਉੱਤੇ ਆਪਣਾ ਏਆਈ ਪਲੇਟਫ਼ਾਰਮ ਜੈਮਨਾਈ-ਪ੍ਰੋ ਜਾਰੀ ਕੀਤਾ ਹੈ। ਇਹ ਭਾਰਤ ਦੀਆਂ ਨੌਂ ਭਾਸ਼ਾਵਾਂ (ਹਿੰਦੀ, ਬੰਗਾਲੀ, ਮਰਾਠੀ, ਤਾਮਿਲ, ਤੇਲਗੂ, ਗੁਜਰਾਤੀ, ਮਲਿਆਲਮ, ਕੰਨੜ) ਦੀ ਸਹਾਇਤਾ ਤਾਂ ਕਰਦਾ ਹੈ ਪਰ ਪੰਜਾਬੀ ਦੀ ਗ਼ੈਰ-ਹਾਜ਼ਰੀ ਨਾ ਸਿਰਫ਼ ਸਾਡਾ ਮੂੰਹ ਹੀ ਚਿੜਾਉਂਦੀ ਹੈ ਸਗੋਂ ਸਰਕਾਰ ਦੀ ਲਾਪਰਵਾਹੀ ਦੀ ਵੱਡੀ ਗ਼ਲਤੀ ਹੋਣ ਦੀ ਗਵਾਹ ਵੀ ਬਣਦੀ ਹੈ।



- ਡਾ. ਦਵਿੰਦਰ ਸਿੰਘ ਬੋਹਾ

**ਪੰਜਾਬੀ ਭਾਸ਼ਾ ਦੇ ਵਿਕਾਸ ਤੇ ਕਾਰਜਾਂ ਲਈ ਸੁਹਿਰਦ ਯਤਨ** : ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਕਾਰਜਾਂ ਲਈ ਜੋ ਸੁਹਿਰਦ ਯਤਨ ਸਮੇਂ-ਸਮੇਂ ਉੱਤੇ ਸਰਕਾਰਾਂ ਦੁਆਰਾ ਪੰਜਾਬੀ ਮਾਂ-ਬੋਲੀ ਲਈ ਹੋਣੇ ਚਾਹੀਦੇ ਸਨ, ਉਹ ਇਸ ਪ੍ਰਤੀ ਬੇਰੁਖ਼ੀ ਕਾਰਨ ਪੰਜਾਬੀਆਂ ਦੇ ਦਿਲਾਂ ਅੰਦਰ ਆਪਣਾ ਸਤਿਕਾਰਤ ਸਥਾਨ ਨਹੀਂ ਬਣਾ ਸਕੇ। ਰਾਜ ਭਾਸ਼ਾ ਐਕਟ-1967 (ਤਰਮੀਮ ਐਕਟ-2008, 2021) ਦੀਆਂ ਕਾਨੂੰਨੀ ਮਦਾਂ ਦਾ ਲਚਕੀਲਾਪਣ ਹੋਣ ਕਰਕੇ ਉੱਪਰ ਤੋਂ ਲੈ ਕੇ ਹੇਠਾਂ ਤਕ ਇਸ ਦੇ ਪਾਲਣ ਕਰਤਿਆਂ ਵੱਲੋਂ ਅਣਗੌਲ ? ?ਆ ਅਤੇ ਦਰਕਿਨਾਰ ਕੀਤਾ ਜਾਂਦਾ ਰਿਹਾ ਹੈ। ਵਿੱਦਿਅਕ ਅਦਾਰਿਆਂ ਵਿਚ ਪੰਜਾਬੀ ਬੋਲਣ, ਪੜ੍ਹਨ, ਲਿਖਣ ਦੀ ਮਨਾਹੀ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ, ਇੱਥੇ ਤਾਂ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਵਾਲੇ ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਚਿੱਠੀ-ਪੱਤਰ ਵੀ ਅੰਗਰੇਜ਼ੀ ਭਾਸ਼ਾ ਦੀ ਹੇਜ ਵਾਲੀ ਡੋਰ ਨਾਲ਼ ਬੱਝੇ ਕਰੋੜਾਂ ਪੰਜਾਬੀਆਂ ਦਾ ਮੂੰਹ ਚਿੜਾਉਂਦੇ ਹਨ।

ਰਾਜ ਭਾਸ਼ਾ ਦੀ ਐਕਟ ਦੀ ਲੋਅ ਵਿਚ ਹੀ ਸਰਕਾਰ ਵੱਲੋਂ ਪੰਜਾਬ ਸਰਕਾਰ ਦੇ ਸਮੂਹ ਸਰਕਾਰੀ ਦਫ਼ਤਰਾਂ/ ਵਿਭਾਗਾਂ/ ਅਧਿਕਾਰੀਆਂ/ਸਰਕਾਰੀ ਅਤੇ ਗ਼ੈਰ-ਸਰਕਾਰੀ ਵਿੱਦਿਅਕ ਅਦਾਰਿਆਂ/ ਬੋਰਡਾਂ/ਨਿਗਮਾਂ/ ਸੁਸਾਇਟੀ ਐਕਟ/ਫ਼ੈਕਟਰੀ ਐਕਟ ਤਹਿਤ ਰਜਿਸਟਰ ਵਪਾਰਕ ਅਦਾਰਿਆਂ ਆਦਿ ਦੇ ਨਾਂ ਅਤੇ ਸੜਕਾਂ ਦੇ ਨਾਂ, ਨਾਮ ਪੱਟੀਆਂ/ਮੀਲ ਪੱਥਰ/ ਸਹਾਇਕ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਸਬੰਧੀ 4 ਜੁਲਾਈ 2022 ਨੂੰ ਸਰਕਾਰੀ ਪੱਧਰ ਉੱਤੇ ਪੱਤਰ ਹੇਠਾਂ ਜਾਰੀ ਕਰ ਕੇ ਇਹ ਕੰਮ 21 ਫਰਵਰੀ 2023 ਤਕ ਨੇਪਰੇ ਚਾੜ੍ਹਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਪੱਤਰ ਰਾਹੀਂ ਸਰਕਾਰ ਵੱਲੋਂ ਚੰਗੀ-ਚੋਖੀ ਵਾਹ-ਵਾਹ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਕੋਸ਼ਿਸ਼ ਕੀਤੀ ਗਈ। ਲੋਕਾਂ ਨੇ ਵੀ ਇਸ ਕਦਮ ਦਾ ਭਰਵਾਂ ਸਵਾਗਤ ਕੀਤਾ। ਸੱਚ ਇਹ ਹੈ ਕਿ ਅੱਜ ਤਾਈਂ ਕਿੰਨੀਆਂ 21 ਫਰਵਰੀ ਲੰਘ ਚੁੱਕੀਆਂ ਹਨ। ਸਭ ਕੁੱਝ ਅੱਖਾਂ ਸਾਹਵੇਂ ਤੈਰਦਾ ਨਜ਼ਰ ਆਉਂਦਾ ਹੈ। ਇਸ ਤੋਂ ਵੀ ਅਗਾਂਹ ਪੰਜਾਬੀ ਵਿਚ ਲਿਖੇ ਨਾਂ, ਬੋਰਡਾਂ ਦੀਆਂ ਗ਼ਲਤੀਆਂ ਭਰਪੂਰ ਸ਼ਬਦ-ਜੋੜਾਂ ਦੀ ਭਰਮਾਰ ਹੋਰ ਵੀ ਸਾਡੇ ਲਈ ਘਾਤਕ ਸਿੱਧ ਹੋ ਰਹੀ ਹੈ।

**ਸੋਚਣ-ਵਿਚਾਰਨ ਦਾ ਅਹਿਮ ਬਿੰਦੂ** : ਪੰਜਾਬੀ ਭਾਸ਼ਾ ਅੱਜ ਕਿਹੜੇ ਸਮੀਕਰਨਾਂ ਵਿੱਚੋਂ ਲੰਘ ਰਹੀ ਹੈ? ਸਾਡੇ ਸਾਹਵੇਂ ਅੱਜ ਇਹ ਬਹੁਤ ਵੱਡੇ ਸਵਾਲ ਹਨ। ਗੰਭੀਰਤਾ ਨਾਲ ਸਾਡੇ ਸੋਚਣ ਦਾ ਵਿਸ਼ਾ ਹੈ ਕਿ ਪੰਜਾਬੀ ਨੂੰ ਸਮਕਾਲੀ ਹਾਲਤਾਂ ਅੰਦਰੋਂ ਮਾਰ ਕਿਹੜੇ ਪਾਸਿਓਂ ਹੈ? ਇਹ ਵੀ ਸਾਡੇ ਸੋਚਣ-ਵਿਚਾਰਨ ਦਾ ਅਹਿਮ ਬਿੰਦੂ ਹੈ ਕਿ ਕੀ ਪੰਜਾਬੀ ਗੀਤਾਂ ਦੀਆਂ ਪੱਛਮੀ ਬੀਟ ਧੁਨਾਂ ਉੱਤੇ ਨੱਚਣਾ-ਗਾਉਣਾ ਹੀ ਪੰਜਾਬੀ ਹੋਣ ਦਾ ਸਬੂਤ ਦੇਣਾ ਹੈ? ਕੀ ਇਹ ਤਾਂ ਨਹੀਂ ਕਿ ਪੰਜਾਬੀ ਲਈ ਬੌਧਿਕਤਾ ਦੇ ਦਰਵਾਜ਼ਿਆਂ ਨੂੰ ਬੰਦ ਕਰਦਿਆਂ ਅਸੀਂ ਕਿਤੇ ਸਾਡੀ ਸੋਚ ਦੇ ਦਾਇਰਿਆਂ ਨੂੰ ਤੰਗ ਕਰ ਰਹੇ ਹੋਈਏ? ਇਸ ਨੂੰ ਇੱਕੋ ਫ਼ਿਰਕੇ ਨਾਲ ਜੋੜ ਕੇ ਇਸ ਦੀਆਂ ਸੀਮਾਵਾਂ ਨੂੰ ਤੰਗ ਕੀਤਾ ਜਾਣਾ ਵੀ ਮੰਦਭਾਗਾ ਆਖਿਆ ਜਾ ਸਕਦਾ ਹੈ। ਵਿਆਹ, ਸ਼ਾਦੀਆਂ 'ਤੇ ਗਾਈਆਂ ਜਾਣ ਵਾਲੀਆਂ ਘੋੜੀਆਂ, ਸੁਹਾਗ, ਰੀਤੀ-ਰਿਵਾਜ, ਗੀਤ ਆਦਿ ਸਭ ਅੱਜ ਮੰਡੀ ਦੇ ਪਰਛਾਵੇਂ ਹੇਠ ਬਾਜ਼ਾਰੀਕਰਨ ਦਾ ਰੂਪ ਧਾਰਨ ਕਰ ਚੁੱਕੇ ਹਨ। ਸਮੇਂ ਦੀ ਮਾਰ ਹੇਠ ਆਇਆ ਸਾਡਾ ਲੋਕਧਾਰਾਈ ਵਿਰਸਾ, ਸੱਭਿਆਚਾਰ, ਜੀਵਨ ਦੁੱਖ-ਸੁੱਖ ਆਦਿ ਸਭ ਨਵੀਆਂ ਕਦਰਾਂ-ਕੀਮਤਾਂ ਦੀ ਜ਼ਿੰਦਗੀ ਜਿਊਣ ਦੀਆਂ ਤਰਜੀਹਾਂ ਸਵੀਕਾਰ ਕਰਦਾ ਜਾ ਰਿਹਾ ਹੈ। ਅਜਿਹੇ ਸਭ ਮਾਤਮੀ ਸਫ਼ਰ ਤੋਂ ਕਿਵੇਂ ਬਚਿਆ ਜਾ ਸਕਦਾ ਹੈ, ਇਹ ਵੀ ਸਾਡੇ ਲਈ ਗੰਭੀਰਤਾ ਨਾਲ ਵਿਚਾਰਨ ਦਾ ਅੱਜ ਅਹਿਮ ਸਵਾਲ ਬਣ ਚੁੱਕਿਆ ਹੈ।

**ਬਚਾਅ ਤੇ ਪ੍ਰਸਾਰ ਪੱਖ** : ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਬਚਾਅ ਅਤੇ ਪ੍ਰਸਾਰ ਪੱਖ ਤੋਂ ਸਾਨੂੰ ਚਾਹੀਦਾ ਹੈ ਕਿ ਪੰਜਾਬੀ ਭਾਸ਼ਾ ਐਕਟ-1967 (ਤਰਮੀਮ ਐਕਟ 2008, 2021) ਨੂੰ ਰਾਜ ਸਰਕਾਰ ਵੱਲੋਂ ਸਮੁੱਚੇ ਰਾਜ ਅੰਦਰ ਇਸ ਦੀ ਪਾਲਣਾ ਹਿਤ ਸਖ਼ਤੀ ਨਾਲ ਲਾਗੂ ਕੀਤਾ ਜਾ ਸਕੇ। ਸਰਕਾਰੀ ਤੇ ਗ਼ੈਰ-ਸਰਕਾਰੀ ਜੋ ਵੀ ਵਿੱਦਿਅਕ ਅਦਾਰਾ ਪੰਜਾਬ ਦੀ ਧਰਤੀ ਉੱਤੇ ਵਿੱਦਿਆ ਦਾ ਗਿਆਨ ਵੰਡਦਾ ਹੈ, ਉਸ ਅੰਦਰ ਇਕਸਾਰ ਪਾਠਕ੍ਰਮ ਅਨੁਸਾਰ ਪੰਜਾਬੀ ਬੋਲਣੀ ਤੇ ਪੜ੍ਹਾਉਣੀ ਲਾਜ਼ਮੀ ਕੀਤੀ ਜਾਵੇ। ਸਕੂਲਾਂ, ਕਾਲਜਾਂ ਅੰਦਰ ਤਜਰਬੇਕਾਰ ਅਤੇ ਉੱਚ ਯੋਗਤਾ ਪ੍ਰਾਪਤ ਅਧਿਆਪਕ ਹੋਣ। ਅਦਾਰਿਆਂ ਅੰਦਰ ਪੰਜਾਬੀ ਦੀ ਮੁਹਾਰਤ ਪ੍ਰਾਪਤ ਕਰਮੀ ਹੋਣੇ ਚਾਹੀਦੇ ਹਨ। ਸਰਕਾਰੀ/ਗ਼ੈਰ-ਸਰਕਾਰੀ ਦਫ਼ਤਰਾਂ, ਅਦਾਰਿਆਂ ਦੇ ਨਾਂ/ਨਾਮ ਪੱਟੀਆਂ/ ਸੜਕੀ ਮਾਰਗ, ਵਿਭਾਗਾਂ ਦੀ ਵੈੱਬਸਾਈਟ, ਦਫ਼ਤਰਾਂ ਦੇ ਪ੍ਰੋਫਾਰਮੇ ਆਦਿ ਸਭ ਸਿਰਫ਼ ਪੰਜਾਬੀ ਵਿਚ ਹੀ ਨਹੀਂ ਸਗੋਂ ਸ਼ੁੱਧ ਪੰਜਾਬੀ ਵਿਚ ਹੋਣ। ਸੰਸਥਾਵਾਂ, ਅਦਾਰਿਆਂ, ਦਫ਼ਤਰਾਂ ਵਿਚ ਕੰਮ ਕਰਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੁਆਰਾ ਸਮੁੱਚਾ ਕੰਮਕਾਜ ਪੰਜਾਬੀ ਭਾਸ਼ਾ ਵਿਚ ਕਰਨਾ ਲਾਜ਼ਮੀ ਤੇ ਯਕੀਨੀ ਬਣਾਇਆ ਜਾਵੇ। ਕਿਸੇ ਵੀ ਬਾਹਰੀ ਸੰਸਥਾ, ਅਧਿਕਾਰੀ, ਕਰਮਚਾਰੀ ਦੀ ਕਰਮਭੂਮੀ ਪੰਜਾਬ ਹੋਵੇ ਤਾਂ ਸਭ ਤੋਂ ਪਹਿਲਾਂ ਉਹ ਪੰਜਾਬੀ ਦੀ ਮੁਹਾਰਤ ਹਾਸਿਲ ਕਰੇ ਅਤੇ ਉਹ ਬੋਲੇ, ਪੜ੍ਹੇ ਅਤੇ ਲਿਖੇ ਵੀ ਪੰਜਾਬੀ। ਅੱਜ ਮਸ਼ੀਨੀ ਬੁੱਧੀਮਾਨਤਾ ਨਾਲ ਜ਼ਮਾਨਾ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ, ਪੰਜਾਬੀ ਦੇ ਵਿਕਾਸ ਲਈ ਹਰ ਪੱਖੋਂ ਇਸ ਲਈ ਤੇਜ਼ੀ ਨਾਲ ਯਤਨ ਜੁਟਾਏ ਜਾਣ ਅਤੇ ਅਦਾਰਿਆਂ ਲਈ ਇਹਨਾਂ ਕਾਰਨਾਂ ਵਾਸਤੇ ਵੱਖਰੇ ਫੰਡਾਂ ਅਤੇ ਤਕਨੀਕੀ ਮੁਹਾਰਤ ਕਰਮੀਆਂ ਦਾ ਸਮਾਧਾਨ ਕੀਤਾ ਜਾਵੇ। ਪੁਸਤਕ ਸੱਭਿਆਚਾਰ ਪੈਦਾ ਕਰਨ ਲਈ ਹਰ ਪਿੰਡ/ਸ਼ਹਿਰ ਅੰਦਰ ਲਾਇਬ੍ਰੇਰੀਆਂ ਖੋਲ੍ਹੀਆਂ ਜਾਣ ਅਤੇ ਸਾਹਿਤ ਸਭਾਵਾਂ, ਅਦਾਰਿਆਂ ਦੀ ਮਦਦ ਨਾਲ ਚੰਗੀਆਂ ਉਸਾਰੂ ਕਿਤਾਬਾਂ ਦੀ ਚੋਣ ਕੀਤੀ ਜਾਵੇ। ਭਾਸ਼ਾ ਵਿਭਾਗ ਦੀਆਂ ਜ਼ਿਲ੍ਹਾ ਅਤੇ ਰਾਜ ਪੱਧਰੀ ਕਮੇਟੀਆਂ ਦੇ ਏਜੰਡਿਆਂ ਅਨੁਸਾਰ ਮੀਟਿੰਗ ਹੋਣੀ ਅਤੇ ਪੰਜਾਬੀ ਲਈ ਕੀਤੇ ਗਏ ਕੰਮਾਂ ਦਾ ਲੇਖਾ-ਜੋਖਾ ਜਨਤਕ ਕੀਤਾ ਜਾਵੇ। ਪੰਜਾਬੀ ਭਾਸ਼ਾ ਨੂੰ ਪ੍ਰਮੁੱਖਤਾ ਦੇ ਏਜੰਡੇ ਤੋਂ ਰੁਜ਼ਗਾਰ, ਵਪਾਰ ਅਤੇ ਸਰਕਾਰੀ, ਗ਼ੈਰ-ਸਰਕਾਰੀ ਕੰਮ-ਕਾਜ ਦੀ ਭਾਸ਼ਾ ਬਣਾਇਆ ਜਾਵੇ। ਅਦਾਲਤਾਂ ਦਾ ਸਮੁੱਚਾ ਕੰਮਕਾਜ ਪੰਜਾਬੀ ਭਾਸ਼ਾ ਵਿਚ ਹੋਵੇ। ਗਿਆਨ, ਵਿਗਿਆਨ, ਤਕਨੀਕੀ ਵਿਗਿਆਨ ਦੀਆਂ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਜਾਵੇ। ਭਾਸ਼ਾ ਵਿਭਾਗ, ਪੰਜਾਬ ਅਤੇ ਹੋਰਨਾਂ ਅਦਾਰਿਆਂ ਵੱਲੋਂ ਮਿਲ ਕੇ ਸ਼ਬਦਜੋੜ ਕੋਸ਼ ਤਿਆਰ ਕੀਤੇ ਜਾਣ। ਉੱਚ ਸਿੱਖਿਆ, ਮੁਕਾਬਲੇ ਦੀਆਂ ਪ੍ਰੀਖਿਆਵਾਂ ਦਾ ਮਾਧਿਅਮ ਸਿਰਫ਼ ਅਤੇ ਸਿਰਫ਼ ਪੰਜਾਬੀ ਹੋਵੇ। ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਸਰਕੂਲਰ, ਨੋਟੀਫ਼ਿਕੇਸ਼ਨ, ਪੱਤਰ ਸਿਰਫ਼ ਅਤੇ ਸਿਰਫ਼ ਪੰਜਾਬੀ ਭਾਸ਼ਾ ਵਿਚ ਹੀ ਹੋਣ। ਸਰਕਾਰ ਪੂਰਨ ਖੁੱਲ੍ਹਦਿਲੀ ਨਾਲ ਪੰਜਾਬੀ ਵਿਕਾਸ ਲਈ ਸਮੂਹ ਅਦਾਰਿਆਂ ਨੂੰ ਫੰਡ ਜਾਰੀ ਕਰੇ। ਸਾਹਿਤ ਅਤੇ ਬਾਲ ਸਾਹਿਤ ਦੀਆਂ ਹੋਰਨਾਂ ਭਾਸ਼ਾਵਾਂ ਦੀਆਂ ਚੰਗੀਆਂ ਪੁਸਤਕਾਂ ਅਨੁਵਾਦ ਕੀਤੀਆਂ ਜਾਣ ਅਤੇ ਜਲਦੀ ਤੋਂ ਜਲਦੀ ਇਨ੍ਹਾਂ ਨੂੰ ਮਿਤੀਬੱਧ ਛਾਪਿਆ ਵੀ ਜਾਵੇ। ਤਕਨੀਕ, ਵਿਗਿਆਨ ਦੇ ਅਜੋਕੇ ਵਿਕਾਸ ਯੁੱਗ ਅੰਦਰ ਬੱਚਿਆਂ ਲਈ ਵਿਸ਼ੇਸ਼ ਪੰਜਾਬੀ ਚੈਨਲ, ਕਾਰਟੂਨ ਪ੍ਰੋਗਰਾਮ ਉਨ੍ਹਾਂ ਅੰਦਰਲੀ ਪ੍ਰਤਿਭਾ ਦੇ ਰਚਨਾਤਮਿਕ ਨਿਖਾਰ ਲਈ ਸ਼ੁਰੂ ਕੀਤੇ ਜਾਣ। ਸਕੂਲਾਂ, ਕਾਲਜਾਂ ਅੰਦਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪੰਜਾਬੀ ਭਾਸ਼ਾ ਮੰਚ ਬਣਾਏ ਜਾਣ। ਇਹ ਅਤੇ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਯਤਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਕਾਫ਼ੀ ਹੱਦ ਤਕ ਸਾਡੇ ਲਈ ਮਦਦਗਾਰ ਸਾਬਿਤ ਹੋ ਸਕਦੇ ਹਨ ਪਰ ਇਹ ਸਾਰੇ ਕਾਰਜ ਹਵਾ ਵਿਚ ਨਹੀਂ, ਸਮਾਂਬੱਧ ਹੋਣੇ ਬਹੁਤ ਜ਼ਰੂਰੀ ਹਨ।

ਪੰਜਾਬ ਦਾ ਹਰ ਬਾਸ਼ਿੰਦਾ ਪੰਜਾਬੀ ਹੈ ਅਤੇ ਸਭ ਦੀ ਮਾਂ-ਬੋਲੀ ਵੀ ਪੰਜਾਬੀ ਹੈ। ਇਸ ਦਾ ਰਿਣ ਉਤਾਰਨ ਲਈ ਸਾਨੂੰ ਅੱਜ ਲੋਕ-ਲਹਿਰ ਬਣਾ ਕੇ ਕੰਮ ਕਰਨ ਦੀ ਲੋੜ ਹੈ। ਆਓ! ਸਭ ਮਿਲ ਕੇ ਆਪਣੀ ਅਮੀਰ ਵਿਰਾਸਤ ਅਤੇ ਪੰਜਾਬੀ ਬੋਲੀ ਦੇ ਹਰ ਅਲਫਾਜ਼ ਨੂੰ ਜਿਉਂਦਾ ਰੱਖਣ ਲਈ ਇਸ ਦੇ ਹੱਕਾਂ ਉੱਤੇ ਪਹਿਰਾ ਦਿੰਦਿਆਂ ਸੱਚੇ ਦਿਲੋਂ ਇਸ ਨੂੰ ਸਾਰੇ ਜੱਗ ਦਾ ਹੋਕਾ ਬਣਾਈਏ।

# ਸ਼ਹੀਦੀਆਂ ਦੀ ਗਾਥਾ ਸੁਣਾਉਂਦਾ ਵੱਡਾ ਘੱਲੂਘਾਰਾ

ਸੁਖਵਿੰਦਰ ਸਿੰਘ ਮੁੱਲਾਂਪੁਰ

ਸਿੱਖਾਂ ਦਾ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਹੋਇਆ ਹੈ। 18ਵੀਂ ਸਦੀ ਵਿਚ ਸਿੱਖਾਂ ਉੱਪਰ ਵਾਪਰੇ ਦੋ ਘੱਲੂਘਾਰਿਆਂ ਦਾ ਇਤਿਹਾਸ ਵੱਖਰਾ ਹੀ ਹੈ। ਇਹ ਦੋਵੇਂ ਘੱਲੂਘਾਰੇ ਛੋਟੇ ਤੇ ਵੱਡੇ ਘੱਲੂਘਾਰੇ ਦੇ ਨਾਂਅ ਨਾਲ ਜਾਣੇ ਜਾਂਦੇ ਹਨ। ਛੋਟਾ ਘੱਲੂਘਾਰਾ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ਵਿਚ ਵਾਪਰਿਆ। ਵੱਡਾ ਘੱਲੂਘਾਰਾ ਇਸ ਛੋਟੇ ਘੱਲੂਘਾਰੇ ਤੋਂ 16 ਸਾਲ ਬਾਅਦ 5 ਫਰਵਰੀ 1762 ਨੂੰ ਰੋਹੀੜੇ (ਨੇੜੇ ਕੁੱਪ) ਜ਼ਿਲ੍ਹਾ ਸੰਗਰੂਰ ਦੀ ਧਰਤੀ ’ਤੇ ਵਾਪਰਿਆ। ਮੁਗਲਾਂ ਦਾ ਰਾਜ ਲਗਭਗ ਖ਼ਤਮ ਹੋ ਚੱਲਿਆ ਸੀ ਤੇ ਮਰਹੱਟੇ ਤਾਕਤ ਫੜਦੇ ਜਾ ਰਹੇ ਸਨ। ਉਨ੍ਹਾਂ ਦੀ ਤਾਕਤ ਘੱਟ ਕਰਨ ਲਈ ਅਫ਼ਗਾਨ ਧਾੜਵੀ ਅਹਿਮਦ ਸ਼ਾਹ ਅਬਦਾਲੀ ਨੇ ਮਰਹੱਟਿਆਂ ’ਤੇ ਹੱਲਾ ਬੋਲ ਦਿੱਤਾ। ਏਸ਼ੀਆ ਦੇ ਵੱਡੇ ਸੈਨਾਪਤੀਆਂ ਵਿਚ ਗਿਣੇ ਜਾਣ ਵਾਲੇ ਅਬਦਾਲੀ ਨੇ ਹਿੰਦੁਸਤਾਨ ਉੱਪਰ ਅੱਠ ਹਮਲੇ ਕੀਤੇ। ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਮੈਦਾਨ ਵਿਚ ਯੁੱਧ ਕਰਨ ਸਮੇਂ ਉਸ ਨੇ ਮਰਹੱਟਿਆਂ ਦਾ ਚੰਗੀ ਤਰ੍ਹਾਂ ਲੱਕ ਤੋੜ ਦਿੱਤਾ। ਅਬਦਾਲੀ ਮਰਹੱਟਿਆਂ ਨੂੰ ਲੁੱਟ ਕੇ ਇਕ ਮਹਾਨ ਜੇਤੂ ਦੇ ਰੂਪ ਵਿਚ ਕਾਬਲ ਜਾ ਰਿਹਾ ਸੀ। ਪੰਜਾਬ ਵਿਚ ਦੀ ਲੰਘਦਿਆਂ ਖ਼ਾਲਸੇ ਨੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਫ਼ੈਸਲਾ ਕੀਤਾ। ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਆਪਣੇ ਯੋਧਿਆਂ ਨਾਲ ਅਬਦਾਲੀ ਦੇ ਪਿੱਛੇ ਲੱਗ ਗਿਆ। ਅਬਦਾਲੀ ਜਿਹੜਾ ਮਾਲ ਮਰਹੱਟਿਆਂ ਤੋਂ ਲੁੱਟ ਕੇ ਲਿਜਾ ਰਿਹਾ ਸੀ, ਉਹ ਸਾਰਾ ਮਾਲ ਹੱਲਾ ਬੋਲ ਕੇ ਸਿੱਖਾਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ। ਇਹ ਸਭ ਵੇਖ ਕੇ ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਤਿੰਨ ਚੁਗਲਖੋਰਾਂ ਮਹੰਤ ਆਕਲ ਦਾਸ ਹੰਡਾਲੀਆ ਜੰਡਿਆਲੇ ਵਾਲਾ, ਚੁਗਲਾ ਰਾਮ ਰੰਧਾਵਾ, ਰਾਜਾ ਘੁਮੰਡ ਤੋਂ ਇਲਾਵਾ ਹੋਰ ਨਵਾਬ/ਚੌਧਰੀਆਂ ਨੇ ਅਬਦਾਲੀ ਨੂੰ ਸਿੱਖਾਂ ਖ਼ਿਲਾਫ਼ ਬਹੁਤ ਭੜਕਾ ਦਿੱਤਾ, ਜਿਸ ’ਤੇ ਅਬਦਾਲੀ ਨੇ ਸਿੰਘਾਂ ’ਤੇ ਛੇਵਾਂ ਹਮਲਾ ਕਰਕੇ ਉਨ੍ਹਾਂ ਦਾ ਖ਼ੁਰਾ-ਖੋਜ ਮਿਟਾਉਣ ਦੇ ਹੁਕਮ ਚਾੜ੍ਹ ਦਿੱਤੇ।



ਜਦੋਂ ਸਿੰਘਾਂ ਨੂੰ ਅਬਦਾਲੀ ਦੇ ਛੇਵੇਂ ਹਮਲੇ ਦੀ ਸੂਹ ਮਿਲੀ ਕਿ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵੱਲ ਸਿੰਘਾਂ ’ਤੇ ਹੱਲਾ ਬੋਲ ਕੇ ਉਨ੍ਹਾਂ ਦਾ ਖ਼ੁਰਾ-ਖੋਜ ਮਿਟਾਉਣ ਆ ਰਿਹਾ ਹੈ ਤਾਂ ਖ਼ਾਲਸੇ ਨੇ ਬੜੀ ਦੂਰਅੰਦੇਸ਼ੀ ਵਾਲਾ ਫ਼ੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਟੱਬਰਾਂ ਤੇ ਬੱਚਿਆਂ ਦੀ ਰੱਖਿਆ ਕੀਤੀ ਜਾਵੇ। ਜੇਕਰ ਪਰਿਵਾਰ ਬਚੇ ਰਹੇ ਤਾਂ ਸਿੱਖ ਕੌਮ ਬਚੀ ਰਹੇਗੀ ਅਤੇ ਜੇਕਰ ਸਿੱਖ ਕੌਮ ਬਚੀ ਰਹੀ ਤਾਂ ਸਿੱਖ ਧਰਮ ਬਚਿਆ ਰਹੇਗਾ। ਰੋਹੀੜੇ (ਕੁੱਪ) ਦੀ ਥੇਹ ਨੇੜੇ 50-55 ਹਜ਼ਾਰ ਦੀ ਗਿਣਤੀ ਵਿਚ ਸਿੱਖ ਇਕੱਠੇ ਹੋ ਗਏ। ਇਸ ਗਿਣਤੀ ਵਿਚ ਬੱਚੇ, ਬੁੱਢੇ ਤੇ ਔਰਤਾਂ ਵੀ ਸ਼ਾਮਿਲ ਸਨ। ਇਨ੍ਹਾਂ ਪਰਿਵਾਰਾਂ ਨੂੰ ਬਰਨਾਲੇ ਵਿਖੇ ਜਿੱਥੇ ਬਾਬਾ ਆਲਾ ਸਿੰਘ ਦਾ ਰਾਜ ਸੀ, ਸੁਰੱਖਿਅਤ ਥਾਂ ਵੱਲ ਲਿਜਾਇਆ ਜਾ ਰਿਹਾ ਸੀ। ਸਿੱਖ ਸਰਦਾਰਾਂ ਨੂੰ ਉਮੀਦ ਸੀ ਕਿ ਅਬਦਾਲੀ ਨੂੰ ਸਿੱਖਾਂ ਤੱਕ ਪੁੱਜਣ ਲਈ ਕਈ ਦਿਨ ਲੱਗ ਜਾਣਗੇ। ਅਬਦਾਲੀ 3 ਫਰਵਰੀ 1762 ਨੂੰ ਲਾਹੌਰ ਪਹੁੰਚ ਗਿਆ। ਸਿੱਖਾਂ ਨੂੰ ਉਮੀਦ ਸੀ ਕਿ ਹਾਲੇ ਲਾਹੌਰ ਆਰਾਮ ਕਰਕੇ ਫਿਰ ਇੱਧਰ ਆਵੇਗਾ ਪਰ ਅਬਦਾਲੀ ਮਾਰੋ-ਮਾਰ ਕਰਦਾ 50 ਹਜ਼ਾਰ ਫ਼ੌਜ ਤੇ 20-25 ਹਜ਼ਾਰ ਮੁਸਲਿਮ ਮੁਲਖਈਆਂ ਸਮੇਤ 5 ਫ਼ਰਵਰੀ ਨੂੰ ਰੋਹੀੜੇ ਆ ਕੇ ਸਿੱਖਾਂ ਨੂੰ ਘੇਰ ਲਿਆ। ਇੱਧਰੋਂ ਨਵਾਬ ਜੈਨ ਖ਼ਾਂ ਸਰਹਿੰਦ ਤੇ ਨਵਾਬ ਮਲੇਰਕੋਟਲਾ ਆਪਣੀ ਸੈਨਾ ਲੈ ਕੇ ਆ ਗਏ।

ਪੰਜਾਬ 12 ਮਿਸਲਾਂ ਦੇ ਰੂਪ ਵਿਚ ਸਿੱਖਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ। ਦਲ ਖ਼ਾਲਸਾ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਵਿਚ ਮਜ਼ਬੂਤ ਦਲ ਬਣ ਚੁੱਕਾ ਸੀ। ਇਸ ਜੰਗ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਨੇ ਸੰਭਾਲ ਲਈ ਅਤੇ ਉਨ੍ਹਾਂ ਦਾ ਸਾਥ ਸਰਦਾਰ ਸ਼ਾਮ ਸਿੰਘ ਕਰੋੜ ਸਿੰਘੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਚਕੀਆ ਵਰਗੇ ਜਰਨੈਲ ਦੇ ਰਹੇ ਸਨ। ਘਮਸਾਨ ਦੀ ਜੰਗ ਜਾਰੀ ਹੋ ਚੁੱਕੀ ਸੀ। ਇਸ ਵਿਚ ਲੜਨ ਵਾਲੇ ਸਿੰਘਾਂ ਦੀ ਗਿਣਤੀ ਘੱਟ ਸੀ ਅਤੇ ਛੋਟੇ ਬੱਚਿਆਂ ਤੇ ਬਜ਼ੁਰਗਾਂ ਦੀ ਗਿਣਤੀ ਵੱਧ ਸੀ। ਸਿੰਘਾਂ ਨੂੰ ਆਪਣੀ ਮੌਤ ਨਾਲੋਂ ਜ਼ਿਆਦਾ ਚਿੰਤਾ ਵਹੀਰ ਨੂੰ ਬਚਾਉਣ ਦੀ ਸੀ। ਸਾਰੇ ਸਿੰਘ ਵਹੀਰ ਦੇ ਆਲੇ-ਦੁਆਲੇ ਘੇਰਾ ਬੰਨ੍ਹ ਕੇ ਦੁਸ਼ਮਣ ਫੌਜਾਂ ਨਾਲ ਲੜ ਰਹੇ ਸਨ। ਜੱਸਾ ਸਿੰਘ ਅਹਲੂਵਾਲੀਆ ਵਹੀਰ ਨੂੰ ਕਹਿ ਰਹੇ ਸਨ ਕਿ ਲੜ-ਲੜ ਕੇ ਤੁਰਦੇ ਜਾਓ।


ਅਬਦਾਲੀ ਤੇ ਉਸ ਦੇ ਜਰਨੈਲਾਂ ਨੇ ਇਕਦਮ ਇਕੱਠਾ ਹਮਲਾ ਕਰਨ ਦੀ ਯੋਜਨਾ ਬਣਾ ਲਈ। ਇਸ ਹਮਲੇ ਨਾਲ ਸਿੰਘਾਂ ਦੇ ਪੈਰ ਉੱਖੜ ਗਏ ਅਤੇ ਵਹੀਰ ਦੁਆਲਿਓਂ ਸਿੰਘਾਂ ਦਾ ਘੇਰਾ ਟੁੱਟ ਗਿਆ, ਜਿਸ ਕਾਰਨ ਵਹੀਰ ਦਾ ਬਹੁਤ ਨੁਕਸਾਨ ਹੋਇਆ। ਵੈਰੀਆਂ ਨੇ ਵੱਡੀ ਗਿਣਤੀ ਵਿਚ ਸਿੱਖ ਪਰਿਵਾਰ ਸ਼ਹੀਦ ਕਰ ਦਿੱਤੇ ਪਰ ਸਿੰਘ ਥੋੜ੍ਹੇ ਸਮੇਂ ਬਾਅਦ ਸਿੰਘ ਫਿਰ ਵਹੀਰ ਦੁਆਲੇ ਘੇਰਾ ਬਣਾਉਣ ਵਿਚ ਸਫ਼ਲ ਹੋ ਗਏ। ਸਿੰਘ ਤੁਰਦੇ-ਤੁਰਦੇ ਕੁਤਬੇ ਬਾਮਣੀ ਤੋਂ ਅੱਗੇ ਹਠੂਰ ਦੀ ਢਾਬ ’ਤੇ ਪਹੁੰਚ ਗਏ। ਕੁਤਬੇ ਦੀ ਢਾਬ ’ਤੇ ਪਹੁੰਚ ਕੇ ਢਾਬ ਦੇ ਇਕ ਪਾਸੇ ਮੁਗਲ ਸੈਨਾ ਤੇ ਦੂਸਰੇ ਪਾਸੇ ਸਿੰਘ ਫੌਜਾਂ ਨੇ ਪਾਣੀ ਪੀਤਾ। ਲੜਾਈ ਲੜਦੀ ਹੋਈ ਕੁਝ ਫੌਜ ਬਰਨਾਲੇ ਵੱਲ ਨੂੰ ਤੇ ਕੁਝ ਹਠੂਰ ਨੂੰ ਹੁੰਦੀ ਹੋਈ ਹਨੇਰੇ ਦਾ ਫ਼ਾਇਦਾ ਲੈ ਕੇ ਦੂਰ-ਦੂਰ ਪਿੰਡਾਂ ਵਿਚ ਖਿੱਲਰ ਗਈ। ਇਸ ਜੰਗ ਵਿਚ ਜੱਸਾ ਸਿੰਘ ਅਹਲੂਵਾਲੀਏ ਦੇ ਸਰੀਰ ’ਤੇ 32 ਅਤੇ ਸ਼ਾਮ ਸਿੰਘ ਦੇ ਸਰੀਰ ’ਤੇ 16 ਫੱਟ ਲੱਗੇ ਸਨ। ਕੋਈ ਸਿੰਘ ਅਜਿਹਾ ਨਹੀਂ ਸੀ, ਜਿਸ ਦੇ ਸਰੀਰ ਉੱਪਰ ਜਖ਼ਮਾਂ ਦੇ ਨਿਸ਼ਾਨ ਨਾ ਹੋਣ। ਇਹ ਲੜਾਈ ਰੋਹੀੜੇ ਦੇ ਮੈਦਾਨ ਤੋਂ ਲੈ ਕੇ ਗਹਿਲਾਂ ਤੱਕ ਲਗਭਗ 20 ਮੀਲ ਦੇ ਖੇਤਰ ਵਿਚ ਲੜੀ ਗਈ। ਇਸ ਘੱਲੂਘਾਰੇ ਵਿਚ ਲਗਭਗ 35 ਹਜ਼ਾਰ ਸਿੰਘ ਸ਼ਹੀਦੀਆਂ ਪਾ ਗਏ ਸਨ।

15 ਫਰਵਰੀ 1762 ਨੂੰ ਅਬਦਾਲੀ ਜਦ ਸਰਹਿੰਦ ਤੋਂ ਲਾਹੌਰ ਵੱਲ ਮੁੜਿਆ ਤਾਂ ਰਸਤੇ ਵਿਚ ਉਸ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਘੇਰਾ ਪਾ ਲਿਆ ਅਤੇ ਉੱਥੋਂ ਦੇ ਸਾਰੇ ਗੁਰਧਾਮ ਢਹਿ-ਢੇਰੀ ਕਰ ਦਿੱਤੇ। ਹਰਿਮੰਦਰ ਸਾਹਿਬ ਨੂੰ ਬਰੂਦ ਦੇ ਕੁੱਪੇ ਰੱਖ ਕੇ ਉਡਾ ਦਿੱਤਾ ਗਿਆ, ਦਰਬਾਰ ਸਾਹਿਬ ਦੇ ਸਰੋਵਰ ਨੂੰ ਇੱਟਾਂ-ਰੋੜਿਆਂ ਨਾਲ ਪੂਰ ਦਿੱਤਾ ਗਿਆ ਅਤੇ ਆਲੇ-ਦੁਆਲੇ ਦੇ ਘਰ ਢਿੱਤੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਵੀ ਢਹਿ-ਢੇਰੀ ਕਰ ਦਿੱਤਾ। ਕਿਸੇ ਵਲੋਂ ਦਿੱਤੀ ਗਈ ਇਤਲਾਹ ’ਤੇ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਨੂੰ ਅਬਦਾਲੀ ਨੇ ਗ੍ਰਿਫ਼ਤਾਰ ਕਰਕੇ ਉਨ੍ਹਾਂ ਨੂੰ ਗੁਰੂ ਕਾ ਬਾਗ਼ ਦੀ ਖੁੱਲ੍ਹੀ ਜਗ੍ਹਾ ’ਤੇ ਕਤਲ ਕਰ ਦਿੱਤਾ ਗਿਆ। ਜਿਸ ਸਮੇਂ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾਇਆ ਸੀ ਤਾਂ ਉਸ ਦੇ ਪਰਕਰਮਾ ਵਿਚ ਖੜ੍ਹੇ ਦੇ ਇਕ ਇੱਟ ਨੱਕ ’ਤੇ ਆ ਵੱਜੀ ਸੀ, ਜਿਸ ਨਾਲ ਉਸ ਨੂੰ ਅਜਿਹਾ ਜ਼ਖ਼ਮ ਲੱਗਾ ਕਿ ਨੂੰ ਮੁੜ ਅਰਾਮ ਨਾ ਆਇਆ ਤੇ ਕੈਂਸਰ ਦਾ ਰੋਗ ਬਣ ਗਿਆ ਜਿਸ ਨਾਲ ਉਸ ਦੀ ਮੌਤ ਹੋ ਗਈ।

ਰੋਹੀੜੇ ਸ਼ਹੀਦਾਂ ਦੀ ਯਾਦ ਵਿਚ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ 3, 4 ਤੇ 5 ਫ਼ਰਵਰੀ ਨੂੰ ਜੋੜ ਮੇਲ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

# ਉਦਾਸੀ ਸੰਪਰਦਾਇ ਦਾ ਗੁਰਬਾਣੀ ਵਿਆਖਿਆ ’ਚ ਯੋਗਦਾਨ

ਡਾ. ਸੁਖਦੇਵ ਸਿੰਘ



ਗੁਰਬਾਣੀ ਮੱਧਕਾਲ ਦਾ ਅਜਿਹਾ ਮਹੱਤਵਪੂਰਨ ਪਵਿੱਤਰ ਪਾਠ ਹੈ, ਜੋ ਸੰਗੀਤ ਸੁਮੇਲ ਰਾਹੀਂ ਗਿਆਨਮੂਲਕ ਪ੍ਰਵਚਨ ਉਸਾਰਦਾ ਹੈ। ਗੁਰਬਾਣੀ ਨੂੰ ਸਮਝਣਾ ਸਧਾਰਨ ਪਾਠਕ ਲਈ ਥੋੜ੍ਹਾ ਕਠਿਨ ਹੁੰਦਾ ਹੈ। ਇਸ ਨੂੰ ਧਿਆਨ ’ਚ ਰੱਖਦਿਆਂ ਹੋਇਆਂ ਗੁਰਬਾਣੀ ਦੀ ਵਿਆਖਿਆ ਦੇ ਯਤਨ ਨਿਰੰਤਰ ਹੁੰਦੇ ਰਹੇ ਹਨ। ਇਸੇ ਲੋੜ ਦੇ ਸਿੱਟੇ ਵਜੋਂ ਕਈ ਪ੍ਰਣਾਲੀਆਂ ਵੀ ਸਥਾਪਤ ਹੋਈਆਂ, ਜੋ ਗੁਰਬਾਣੀ ਵਿਆਖਿਆ ਵੱਲ ਰੁਚਿਤ ਹਨ। ਇਸ ਸੰਦਰਭ ਵਿਚ ਸਹਿਜ ਪ੍ਰਣਾਲੀ, ਭਾਈ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪਰਦਾਇ ਪ੍ਰਣਾਲੀ, ਸਿੰਘ ਸਭਾਈ ਪ੍ਰਣਾਲੀ ਤੇ ਹੋਰ ਪ੍ਰਣਾਲੀਆਂ ਵਿਕਸਿਤ ਹੋਈਆਂ। ਇਨ੍ਹਾਂ ਦੁਆਰਾ ਗੁਰਬਾਣੀ ਦੀ ਕੀਤੀ ਵਿਆਖਿਆ ਸਦਕਾ ਨਾ ਕੇਵਲ ਸਧਾਰਨ ਪਾਠਕ ਨੂੰ ਗੁਰਬਾਣੀ ਦੇ ਗਿਆਨਮੂਲਕ ਕਾਵਿਮਈ ਮੁਹਾਵਰੇ ਸਮਝਣ ’ਚ ਆਸਾਨੀ ਹੋਈ, ਸਗੋਂ ਇਨ੍ਹਾਂ ਦੇ ਸਦਕਾ ਹੀ ਗੁਰਮਤਿ ਦੇ ਪ੍ਰਚਾਰ-ਪਸਾਰ ਵਿਚ ਉੱਨਤੀ ਹੋਈ।

ਗੁਰਬਾਣੀ ਵਿਆਖਿਆ ਦੀ ਪਰੰਪਰਾ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਜਿੱਥੇ ਵੱਖ-ਵੱਖ ਵਿਆਖਿਆ ਸੰਪਰਦਾਵਾਂ ਨੇ ਗੁਰਬਾਣੀ ਵਿਆਖਿਆ ਵਿਚ ਵਡਮੁੱਲਾ ਹਿੱਸਾ ਪਾਇਆ, ਉੱਥੇ ਇਸ ਸੰਬੰਧ ’ਚ ਉਦਾਸੀ ਸੰਪਰਦਾਇ ਦਾ ਯੋਗਦਾਨ ਬੇਹੱਦ ਮਹੱਤਵਪੂਰਨ ਹੈ। ਉਦਾਸੀ ਸੰਪਰਦਾਇ ਦੀ ਸਥਾਪਨਾ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀਚੰਦ ਜੀ ਦੁਆਰਾ ਕੀਤੀ ਗਈ। ਬਾਬਾ ਸ੍ਰੀਚੰਦ ਜੀ ਵਿਰਕਤ ਰੁਚੀਆਂ ਦੇ ਧਾਰਨੀ ਸਨ। ਗ੍ਰਹਿਸਥ ਮਾਰਗ ਤੋਂ ਉਪਰਾਮਤਾ ਤੇ ਸੰਸਾਰਕ ਮੋਹ-ਮਾਇਆ ਤੋਂ ਉਦਾਸੀਨਤਾ ਕਾਰਨ ਉਨ੍ਹਾਂ ਨੇ ਇਸ ਨਵੀਂ ਸੰਪਰਦਾਇ ਦੀ ਸਥਾਪਨਾ ਕੀਤੀ, ਜਿਸ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ।

ਬਾਬਾ ਸ੍ਰੀਚੰਦ ਜੀ ਦੇ ਸਮੇਂ ਉਦਾਸੀ ਸੰਪਰਦਾਇ ਦਾ ਬਹੁਤ ਪਸਾਰ ਹੋਇਆ ਤੇ ਇਨ੍ਹਾਂ ਤੋਂ ਬਾਅਦ ਉਦਾਸੀ ਮਤ ਦੇ ਮੁੱਖ ਆਗੂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਹੋਏ, ਜਿਨ੍ਹਾਂ ਨੇ ਇਸ ਦੇ ਵਿਕਾਸ ਹਿੱਤ ਅਨੇਕਾਂ ਮੁੱਲਵਾਨ ਕਾਰਜ ਕੀਤੇ। ਇਸ ਸੰਬੰਧ ਵਿਚ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਚਾਰ ਵੱਡੇ ਪ੍ਰਚਾਰ ਕੇਂਦਰਾਂ ਦੀ ਸਥਾਪਨਾ ਕਰਨਾ ਸੀ। ਉਨ੍ਹਾਂ ਨੇ ਆਪਣੇ ਸੇਵਕਾਂ ਬਾਲੂ, ਹਸਨਾ, ਅਲਮਸਤਾ, ਫੂਲ ਸ਼ਾਹ ਤੇ ਗੋਇੰਦਾ ਜਾਂ ਗੋਂਦਾ ਰਾਹੀਂ ਕ੍ਰਮਵਾਰ ਦੇਹਰਾਦੂਨ, ਨਾਨਕ ਮਤਾ, ਹੈਦਰਾਬਾਦ ਅਤੇ ਬਹਾਦਰਗੜ੍ਹ ਵਿਖੇ ਪ੍ਰਚਾਰ ਕੇਂਦਰ ਸਥਾਪਤ ਕਰਵਾਏ, ਜਿਨ੍ਹਾਂ ਨੂੰ ਚਾਰ ਧੂਣਿਆਂ ਦਾ ਨਾਂਅ ਦਿੱਤਾ ਗਿਆ। ਇਨ੍ਹਾਂ ਤੋਂ ਇਲਾਵਾ ਛੇ ਬਖ਼ਸ਼ਿਸ਼ਾਂ ਜੋ ਛੇ ਉਦਾਸੀ ਸੰਤਾਂ ਨੇ ਵੱਖ-ਵੱਖ ਗੁਰੂ ਸਾਹਿਬਾਨ ਤੋਂ ਪ੍ਰਾਪਤ ਕੀਤੀਆਂ ਅਤੇ ਦਸਨਾਮੀ ਸਾਧੂ ਕਹਾਏ, ਨੇ ਵੀ ਉਦਾਸੀ ਮੱਤ ਦੇ ਪ੍ਰਚਾਰ ਵਿਚ ਭਰਪੂਰ ਯੋਗਦਾਨ ਪਾਇਆ।

ਇਸ ਪ੍ਰਕਾਰ ਉਦਾਸੀ ਮਤ ਦੇ ਅਨੇਕਾਂ ਸੰਤ-ਪ੍ਰਚਾਰਕਾਂ ਨੇ ਆਪਣੇ ਮਤ ਨਾਲ-ਨਾਲ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨੂੰ ਪ੍ਰਚਾਰਨ ਦਾ ਵੀ ਬਹੁਮੁੱਲਾ ਕਾਰਜ ਕੀਤਾ। ਅਸਲ ਵਿਚ ਗੁਰੂ ਨਾਨਕ ਦੇਵ ਜੀ ਸਬੰਧੀ ਜਿੰਨੇ ਵੀ ਗੁਰੂਧਾਮ ਬਣੇ, ਉਹ ਸਭ ਉਦਾਸੀ ਸੰਤਾਂ ਦੀ ਹੀ ਦੇਣ ਹਨ। ਘਰ-ਬਾਰ ਦੀ ਚਿੰਤਾ ਤੋਂ ਮੁਕਤ ਹੋ ਕੇ ਇਨ੍ਹਾਂ ਸੰਤਾਂ ਨੇ ਜਨਮ ਸਾਖੀਆਂ ਵਿਚ ਦੱਸੇ ਸਥਾਨਾਂ ਅਤੇ ਉੱਥੋਂ ਦੇ ਨਿਵਾਸੀਆਂ ਤੋਂ ਪੁੱਛ-ਪੜਤਾਲ ਕਰ ਕੇ ਗੁਰਧਾਮਾਂ ਦੀ ਉਸਾਰੀ ਕੀਤੀ ਤੇ ਉੱਥੇ ਕਥਾਵਾਰਤਾ ਦੀ ਵਿਵਸਥਾ ਕਰ ਕੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਦੂਰ-ਦੂਰ ਤੱਕ ਪਹੁੰਚਾਇਆ ਅਤੇ ਸਿੱਖ ਮਤ ਦਾ ਸਮੁੱਚੇ ਦੇਸ਼ ਵਿਚ ਵਿਸਤਾਰ ਕੀਤਾ। ਮੱਧ ਕਾਲੀਨ ਸਮੇਂ ਧਰਮ ਦੇ ਖੇਤਰ ’ਚ ਪ੍ਰਚੱਲਿਤ ਪਰੰਪਰਾ ਦਾ ਅਨੁਸਰਨ ਕਰਦਿਆਂ ਉਦਾਸੀ ਸੰਪਰਦਾਇ ਦੇ ਸਾਧੂਆਂ ਨੇ ਇਕ ਖ਼ਾਸ ਕਿਸਮ ਦਾ ਪਹਿਰਾਵਾ ਵੀ ਧਾਰਨ ਕੀਤਾ। ਭਾਵੇਂ ਕਿ ਪਹਿਲਾਂ-ਪਹਿਲ ਇਹ ਸਾਧੂ ਜਟਾਧਾਰੀ ਸਨ ਪਰ ਕਾਲੰਤਰ ਵਿਚ ਇਨ੍ਹਾਂ ਨੇ ਸਿਰ ਦੇ ਵਾਲ ਸਾਫ਼ ਕਰਵਾ ਕੇ ਮੁੰਡਿਤ ਰੂਪ ਧਾਰਨ ਕਰ ਲਿਆ ਅਤੇ ਬਾਅਦ ਵਿਚ ਇਹ ਆਪਣੇ ਸਰੀਰ ਤੇ ਸਵਾਹ ਮਲਣ ਦਾ ਕਾਰਜ ਵੀ ਕਰਨ ਲੱਗੇ ਅਤੇ ਭਸਮਾਧਾਰੀ ਬਣ ਗਏ।

ਉਦਾਸੀ ਮਤ ਦੇ ਪ੍ਰਸਿੱਧ ਸੰਤਾਂ ਜਿਨ੍ਹਾਂ ’ਚ ਸੇਵਾਦਾਸ ਉਦਾਸੀ, ਮਹਾਤਮਾ ਸੰਤਰੇਣ, ਬਾਬਾ ਹਰੀਆ, ਬਾਬਾ ਰਾਮਦਾਸ ਆਦਿ ਪ੍ਰਮੁੱਖ ਹਨ, ਨੇ ਸਾਹਿਤ ਸਿਰਜਣਾ ਕਰ ਕੇ ਇਸ ਸੰਪਰਦਾਇ ਦੇ ਪ੍ਰਚਾਰ-ਪਸਾਰ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

ਇਸ ਤੋਂ ਇਲਾਵਾ ਇਸ ਮਤ ਦੇ ਸੁਆਮੀ ਅਨੰਦਘਨ ਵਰਗੇ ਵਿਦਵਾਨ ਵਿਆਖਿਆਕਾਰ ਨੇ ਗੁਰਬਾਣੀ ਦੀ ਵਿਆਖਿਆ ਕਰ ਕੇ ਅਮੋਲਕ ਕਾਰਜ ਵੀ ਕੀਤਾ ਹੈ। ਭਾਵੇਂ ਕਿ ਉਦਾਸੀ ਸੰਪਰਦਾਇ ਦੇ ਸੰਤਾਂ ਨੇ ਆਪਣੇ ਮੱਤ ਦੇ ਪ੍ਰਚਾਰ ਦਾ ਕਾਰਜ ਵੱਡੀ ਪੱਧਰ ’ਤੇ ਕੀਤਾ ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਕਰਨ ਦਾ ਕਾਰਜ ਕਰ ਕੇ ਇਸ ਖੇਤਰ ਵਿਚ ਵੀ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਸੰਪਰਦਾਇ ਨੇ ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਸੁਆਮੀ ਸਦਾਨੰਦ ਵਰਗੇ ਵਿਦਵਾਨ ਵਿਆਖਿਆਕਾਰ ਦਿੱਤੇ ਹਨ। ਇਸ ਦੇ ਨਾਲ ਹੀ ਸੰਤ ਬਿਸ਼ਨ ਦਾਸ ਉਦਾਸੀ ਨੇ ਗੁਰੂ ਗ੍ਰੰਥ ਸਾਹਿਬ ਕੋਸ਼ ਤਿਆਰ ਕਰ ਕੇ ਇਸ ਪਰੰਪਰਾ ਨੂੰ ਅੱਗੇ ਤੋਰਨ ਦਾ ਕਾਰਜ ਕੀਤਾ। ਇਸ ਤੋਂ ਇਲਾਵਾ ਗੁਰਬਾਣੀ ਟੀਕਾਕਾਰੀ ਦੇ ਖੇਤਰ ’ਚ ਉਦਾਸੀ ਸੰਤ ਸੁਆਮੀ ਅਨੰਦਘਨ ਦਾ ਵੀ ਵੱਡਾ ਯੋਗਦਾਨ ਹੈ। ਸੁਆਮੀ ਅਨੰਦਘਨ ਨੇ ਜਪੁਜੀ, ਆਰਤੀ, ਓਅੰਕਾਰ, ਸਿਧਗੋਸਟਿ, ਅਨੰਦ, ਆਸਾ ਦੀ ਵਾਰ ਬਾਣੀਆਂ ਦੇ ਟੀਕੇ ਕਰ ਕੇ ਗੁਰਬਾਣੀ ਵਿਆਖਿਆ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਸੁਆਮੀ ਸਦਾਨੰਦ ਨੇ ਵੀ ਜਪੁਜੀ ਸਟੀਕ ਨਾਮਕ ਟੀਕਾ ਲਿਖ ਕੇ ਗੁਰਬਾਣੀ ਵਿਆਖਿਆ ’ਚ ਉਦਾਸੀ ਸੰਪਰਦਾਇ ਰਾਹੀਂ ਆਪਣਾ ਯੋਗਦਾਨ ਦਿੱਤਾ।

ਇਸ ਪ੍ਰਕਾਰ ਉਦਾਸੀ ਸੰਪਰਦਾਇ ਦੇ ਵੱਖ-ਵੱਖ ਸੰਤਾਂ-ਵਿਦਵਾਨਾਂ ਦੁਆਰਾ ਕੀਤੀ ਟੀਕਾਕਾਰੀ ਕਾਰਨ ਹੀ ਉਦਾਸੀ ਸੰਪਰਦਾਇ ਦੀ ਗੁਰਬਾਣੀ ਵਿਆਖਿਆ ਪ੍ਰਣਾਲੀ ਵਿਕਸਿਤ ਹੋਈ ਅਤੇ ਇਸ ਨੇ ਗੁਰਬਾਣੀ ਵਿਆਖਿਆ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ।

# ਇਮਤਿਹਾਨ ਅਤੇ ਮਾਪੇ

ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਾਪਿਆਂ ਕੋਲ ਬੱਚਿਆਂ ਨੂੰ ਦੇਣ ਲਈ ਪੈਸਾ, ਸੁੱਖ ਸਹੂਲਤਾਂ ਤਾਂ ਹਨ, ਪਰ ਸਮਾਂ ਨਹੀਂ ਹੈ। ਦੂਜੇ ਪਾਸੇ ਬੱਚੇ ਸਾਰੀਆਂ ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਭਾਰੀ ਸਿਲੇਬਸਾਂ ਦੇ ਬੋਝ ਕਾਰਨ ਥੱਕੇ ਜਾਪਦੇ ਹਨ। ਇਮਤਿਹਾਨਾਂ ਦੇ ਨੇੜੇ ਆਉਂਦੇ ਹੀ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਵੱਧ ਅੰਕ ਲੈਣ ਲਈ ਪ੍ਰੇਰਿਤ ਕਰਦੇ ਹੋਏ ਦਬਾਅ ਬਣਾਇਆ ਜਾਣ ਲੱਗਦਾ ਹੈ। ਸਕੂਲ ਪ੍ਰਸ਼ਾਸਨ ਅਤੇ ਅਧਿਆਪਕਾਂ ਵੱਲੋਂ ਮਾਪਿਆਂ ਨੂੰ ਸਮੇਂ ਸਮੇਂ ’ਤੇ ਬੱਚਿਆਂ ਦੀ ਰਿਪੋਰਟ ਤੋਂ ਜਾਣੂ ਕਰਵਾ ਕੇ ਪਹਿਲਾਂ ਹੀ ਬੱਚੇ ਦੀ ਪੜ੍ਹਾਈ ਦੀ ਸਥਿਤੀ ਸਾਫ਼ ਕਰ ਦਿੱਤੀ ਜਾਂਦੀ ਹੈ। ਸਪੱਸ਼ਟ ਜਿਹੇ ਸ਼ਬਦਾਂ ਵਿੱਚ ਸਕੂਲਾਂ ਵਾਲਿਆਂ ਵੱਲੋਂ ਆਪਣਾ ਪੱਲਾ ਝਾੜ ਲਿਆ ਜਾਂਦਾ ਹੈ ਜਾਂ ਫਿਰ ਆਪਣਾ ਅੱਧਾ ਬੋਝ ਵੰਡਾ ਲਿਆ ਜਾਂਦਾ ਹੈ।

ਇਮਤਿਹਾਨਾਂ ਤੋਂ ਪਹਿਲਾਂ ਅਧਿਆਪਕਾਂ ਵੱਲੋਂ ਜ਼ਿਆਦਾ ਤੇਜ਼ੀ ਨਾਲ ਸਮੇਂ ਸਮੇਂ ’ਤੇ ਵਾਰ ਵਾਰ ਮਾਪਿਆਂ ਨੂੰ ਬੱਚੇ ਦੀ ਕਾਰਗੁਜ਼ਾਰੀ ਬਾਰੇ ਜਾਣੂ ਕਰਵਾਇਆ ਜਾਣ ਲੱਗਦਾ ਹੈ। ਸਕੂਲ ਪ੍ਰਸ਼ਾਸਨ ਨੂੰ ਆਪਣੇ ਸਕੂਲ ਦੀ ਕਾਰਗੁਜ਼ਾਰੀ ਦਾ, ਅਧਿਆਪਕਾਂ ਨੇ ਆਪਣੀ ਮਿਹਨਤ ਦਾ ਸਿੱਟਾ ਬੱਚਿਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ’ਤੇ ਹੀ ਪ੍ਰਾਪਤ ਕਰਨਾ ਹੁੰਦਾ ਹੈ। ਅਜਿਹਾ ਕਰਕੇ ਉਹ ਆਪਣੀ ਸਥਿਤੀ ਸਪੱਸ਼ਟ ਕਰਕੇ ਸੁਰਖ਼ਰੂ ਹੋ ਜਾਂਦੇ ਹਨ ਤਾਂ ਜੋ ਮਾਪੇ ਸਕੂਲ ਪ੍ਰਸ਼ਾਸਨ ’ਤੇ ਕੋਈ ਉਂਗਲ ਨਾ ਚੁੱਕ ਸਕਣ। ਇਮਤਿਹਾਨ ਨੇੜੇ ਆਉਣ ਨਾਲ ਇਨ੍ਹਾਂ ਸਾਰੀਆਂ ਗੱਲਾਂ ਦਾ ਬੱਚਿਆਂ ’ਤੇ ਮਾਨਸਿਕ ਤੌਰ ’ਤੇ ਦਬਾਅ ਬਣਦਾ ਹੈ ਜਦੋਂਕਿ ਇਹ ਉਹ ਸਮਾਂ ਹੁੰਦਾ ਹੈ ਜਦੋਂ ਬੱਚਿਆਂ ਨੂੰ ਮਾਨਸਿਕ ਦਬਾਅ ਹੇਠ ਆਉਣ ਤੋਂ ਬਚਾਇਆ ਜਾਵੇ। ਅਜਿਹੇ ਸਮੇਂ ਵਿੱਚ ਮਾਪਿਆਂ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ। ਮਾਪੇ ਚਾਹੇ ਕੰਮਕਾਜੀ ਹੋਣ ਜਾਂ ਘਰੇਲੂ, ਪਰ ਇਸ ਸਮੇਂ ਉਨ੍ਹਾਂ ਦੀ ਬੱਚਿਆਂ ਨੂੰ ਬਹੁਤ ਜ਼ਰੂਰਤ ਹੁੰਦੀ ਹੈ।

ਬੱਚਿਆਂ ਨੂੰ ਮਾਪੇ ਇੱਕ ਗੱਲ ਤਾਂ ਤੁਰੇ ਫਿਰਦੇ ਵੀ ਆਖ ਦਿੰਦੇ ਹਨ, “ਪੜ੍ਹ ਲੈ, ਇਮਤਿਹਾਨ ਸਿਰ ’ਤੇ ਨੇ, ਪੜ੍ਹ ਲਏਂਗਾ ਤਾਂ ਕੁਝ ਬਣ ਜਾਏਂਗਾ।” ਦਿਨ ਵਿੱਚ ਦੋ-ਚਾਰ ਵਾਰ ਮਾਂ ਵੱਲੋਂ ਆਖ ਦੇਣਾ ਤੇ ਹਫ਼ਤੇ ਦਸ ਦਿਨ ਬਾਅਦ ਪਿਤਾ ਵੱਲੋਂ ਕਹਿ ਕੇ ਆਪਣੀ ਜ਼ਿੰਮੇਵਾਰੀ ਨਿਪਟਾ ਲਈ ਜਾਂਦੀ ਹੈ ਜਾਂ ਫਿਰ ਕੋਈ ਡਰਾਵਾ ਦੇ ਕੇ ਬੱਚੇ ਅੰਦਰ ਡਰ ਪੈਦਾ ਕਰ ਦਿੱਤਾ ਜਾਂਦਾ ਹੈ। ਬੱਚਾ ਸਕੂਲ ਤੋਂ ਘਰ, ਘਰ ਤੋਂ ਟਿਊਸ਼ਨ ਤੇ ਟਿਊਸ਼ਨ ਤੋਂ ਘਰ ਵਾਪਸ ਪਰਤਣ ਤੱਕ ਮਾਪਿਆਂ ਦੀ ਜ਼ਿੰਮੇਵਾਰੀ ਨਿੱਬੜ ਜਾਂਦੀ ਹੈ ਜਦੋਂਕਿ ਜਿਹੜੀਆਂ ਗੱਲਾਂ ਵਿੱਚ ਬੱਚੇ ਨੂੰ ਮਾਪਿਆਂ ਦੀ ਲੋੜ ਹੁੰਦੀ ਹੈ ਉਨ੍ਹਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ।

ਇਮਤਿਹਾਨਾਂ ਦੇ ਨੇੜੇ ਆਉਂਦੇ ਹੀ ਮਾਪਿਆਂ ਨੂੰ ਬੱਚਿਆਂ ਪ੍ਰਤੀ ਸੁਹਿਰਦਤਾ ਭਰਪੂਰ ਰਵੱਈਆ ਅਪਣਾਉਂਦੇ ਹੋਏ ਉਸ ਨਾਲ ਹਲਕੇ ਮਾਹੌਲ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ। ਉਸ ਦੀਆਂ ਸਮੱਸਿਆਵਾਂ ਨੂੰ



ਟੋਹਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੱਚਾ ਪੜ੍ਹਾਈ ਪ੍ਰਤੀ ਕਿਸ ਤਰ੍ਹਾਂ ਦੀ ਮਾਨਸਿਕਤਾ ਲੈ ਕੇ ਚੱਲ ਰਿਹਾ ਹੈ, ਉਹ ਆਪਣੇ ਭਵਿੱਖ ਪ੍ਰਤੀ ਸੰਜੀਦਾ ਹੈ ਕਿ ਨਹੀਂ, ਜੇ ਉਸ ਦੇ ਵੱਧ ਅੰਕ ਆਉਂਦੇ ਹਨ ਤਾਂ ਉਹ ਕੀ ਕਰਨ ਬਾਰੇ ਸੋਚਦਾ ਹੈ ਜਾਂ ਘੱਟ ਅੰਕ ਆਉਣ ’ਤੇ ਉਹ

**ਬਰਜਿੰਦਰ ਕੌਰ ਬਿਸਰਾਓ**

ਕਿਤੇ ਨਿਰਾਸ਼ ਹੋ ਕੇ ਕੁਝ ਗ਼ਲਤ ਕਦਮ ਤਾਂ ਨਹੀਂ ਉਠਾਉਣ ਬਾਰੇ ਸੋਚ ਰਿਹਾ। ਬੱਚੇ ਦੇ ਦਿਮਾਗ ਦੀ ਐਨੀ ਪੜ੍ਹਾਈ ਕਰਨੀ ਮਾਪਿਆਂ ਲਈ ਬਹੁਤ ਜ਼ਰੂਰੀ ਹੁੰਦੀ ਹੈ। ਇਮਤਿਹਾਨਾਂ ਸਮੇਂ ਮਾਪਿਆਂ ਵੱਲੋਂ ਆਪਣੇ ਬੱਚਿਆਂ ਪ੍ਰਤੀ ਕਦੇ ਵੀ ਤਾਨਾਸ਼ਾਹੀ ਵਾਲਾ ਰਵੱਈਆ ਨਹੀਂ ਅਪਣਾਇਆ ਜਾਣਾ ਚਾਹੀਦਾ।

ਮਾਪਿਆਂ ਵੱਲੋਂ ਬੱਚੇ ਅੰਦਰ ਕਦੇ ਵੀ ਕਿਸੇ ਹੋਰ ਬੱਚੇ ਨਾਲੋਂ ਜ਼ਿਆਦਾ ਅੰਕ ਲੈਣ ਲਈ ਦਬਾਅ ਨਾ ਪਾਇਆ ਜਾਵੇ। ਰੱਬ ਨਾ ਕਰੇ ਜੇ ਕਿਤੇ ਉਸ ਬੱਚੇ ਨਾਲੋਂ ਅੰਕ ਘੱਟ ਆ ਜਾਣ ਤਾਂ ਇਹੋ ਜਿਹੀਆਂ ਗੱਲਾਂ ਦੇ ਘਾਤਕ ਨਤੀਜੇ ਨਿਕਲ ਸਕਦੇ ਹਨ। ਬਾਹਰਲੇ ਮੁਲਕਾਂ ਵਿੱਚ ਪੜ੍ਹਾਈ ਦੇ ਮੁੱਦੇ ’ਤੇ ਬੱਚੇ, ਅਧਿਆਪਕ ਅਤੇ ਮਾਪੇ ਇਨ੍ਹਾਂ ਚਿੰਤਾਵਾਂ ਤੋਂ ਸੁਰਖਰੂ ਹੁੰਦੇ ਹਨ ਕਿਉਂਕਿ ਬੱਚੇ ਦੀ ਰੁਚੀ ਮੁਤਾਬਕ ਉਨ੍ਹਾਂ ਨੂੰ ਉਸੇ ਖੇਤਰ ਵਿੱਚ ਭੇਜ ਦਿੱਤਾ ਜਾਂਦਾ ਹੈ, ਪਰ ਸਾਡੇ ਬੱਚਿਆਂ ਦੇ ਮਾਪੇ ਆਪਣੀ ਰੁਚੀ ਦੀ ਪੜ੍ਹਾਈ ਆਪਣੇ ਬੱਚੇ ਤੋਂ ਕਰਵਾਉਣ ਦੇ ਇਛੁੱਕ ਹੁੰਦੇ ਹਨ। ਕਈ ਮਾਪਿਆਂ ਦੀ ਆਪਣੀ ਪੜ੍ਹਾਈ ਦੀ ਇੱਛਾ ਪੂਰੀ ਨਾ ਹੋਣ ਕਰਕੇ, ਉਹ ਆਪਣੇ ਬੱਚੇ ਤੋਂ ਆਪਣਾ ਸੁਪਨਾ ਸਾਕਾਰ ਕਰਨਾ ਚਾਹੁੰਦੇ ਹਨ, ਚਾਹੇ ਬੱਚੇ ਦੀ ਉਸ ਵਿੱਚ ਕੋਈ ਰੁਚੀ ਨਾ ਹੋਵੇ।

ਮਾਪੇ ਚਾਹੇ ਦੋਵੇਂ ਮਾਤਾ ਅਤੇ ਪਿਤਾ ਕੰਮਕਾਜੀ ਹੋਣ ਜਾਂ ਘੱਟ ਪੜ੍ਹੇ ਹੋਣ ਜਾਂ ਜ਼ਿਆਦਾ ਪੜ੍ਹੇ ਹੋਣ ਉਨ੍ਹਾਂ ਨੂੰ ਹਰ ਸਮੇਂ ਆਪਣੇ ਬੱਚੇ ਦੇ ਬੌਸ ਦੀ ਭੂਮਿਕਾ ਵਿੱਚ ਨਹੀਂ ਰਹਿਣਾ ਚਾਹੀਦਾ, ਸਗੋਂ ਸਿਰਫ਼ ਚੰਗੇ ਮਾਪੇ ਬਣਨਾ ਚਾਹੀਦਾ ਹੈ। ਜਦ ਬੱਚੇ ਨੂੰ ਕੋਈ ਸਮੱਸਿਆ ਆਵੇ ਤਾਂ ਉਹ ਇੱਕ ਦੋਸਤ ਵਾਂਗ ਆਪਣੇ ਮਾਪਿਆਂ ਨੂੰ ਬਿਨਾਂ ਝਿਜਕੇ ਦੱਸ ਸਕੇ। ਸਿਰਫ਼ ਨਾਮੀ ਸਕੂਲ ਵਿੱਚ ਦਾਖਲਾ ਦਿਵਾਉਣਾ, ਸਕੂਲਾਂ ਦੀਆਂ ਮੋਟੀਆਂ ਫੀਸਾਂ ਭਰਨੀਆਂ, ਵਧੀਆ ਵਰਦੀਆਂ ਖ਼ਰੀਦ ਕੇ ਦੇਣੀਆਂ ਤੇ ਮਹਿੰਗੀਆਂ ਟਿਊਸ਼ਨਾਂ ’ਤੇ ਭੇਜਣਾ ਹੀ ਮਾਪਿਆਂ ਦੀ ਜ਼ਿੰਮੇਵਾਰੀ ਨਹੀਂ ਹੁੰਦੀ। ਜੋ ਅਧਿਆਪਕਾਂ ਵੱਲੋਂ ਸਕੂਲ ਵਿੱਚ ਪੜ੍ਹਾਇਆ ਜਾਂਦਾ ਹੈ ਕੀ ਬੱਚਾ ਉਹ ਨਾਲ ਦੀ ਨਾਲ ਕਰ ਰਿਹਾ ਹੈ, ਉਹ ਜਮਾਤ ਟੈਸਟਾਂ ਵਿੱਚ ਕੁਝ ਕਰ ਰਿਹਾ ਹੈ ਜਾਂ ਨਹੀਂ, ਉਹ ਆਪਣਾ ਬਸਤਾ ਕਿਸ ਤਰੀਕੇ ਨਾਲ ਸੰਭਾਲਦਾ ਹੈ, ਮਾਪਿਆਂ ਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ। ਕਦੇ ਕਦੇ ਬੱਚੇ ਦੀ ਗੈਰ-ਹਾਜ਼ਰੀ ਵਿੱਚ ਉਸ ਦੇ ਸਕੂਲ ਬੈਗ ਦੀ ਤਲਾਸ਼ੀ ਵੀ ਲੈ ਲੈਣੀ ਚਾਹੀਦੀ ਹੈ। ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਉਸ ਦੀਆਂ ਰੁਚੀਆਂ ਦਾ ਪਤਾ ਲੱਗ ਜਾਂਦਾ ਹੈ।

ਖ਼ਾਸ ਕਰਕੇ ਇਮਤਿਹਾਨਾਂ ਸਮੇਂ ਮਾਪਿਆਂ ਵੱਲੋਂ ਬੱਚਿਆਂ ਨੂੰ ਚੰਗਾ ਪੜ੍ਹਨ ਲਈ ਪਿਆਰ ਨਾਲ ਪ੍ਰੇਰਿਤ ਕੀਤਾ ਜਾਵੇ, ਗੱਲਾਂ ਗੱਲਾਂ ਵਿੱਚ ਉੱਘੀਆਂ ਸ਼ਖ਼ਸੀਅਤਾਂ ਦੀਆਂ ਘਾਲਣਾਵਾਂ ਰਾਹੀਂ ਉਨ੍ਹਾਂ ਅੰਦਰ ਜਗਿਆਸੂ ਬਿਰਤੀ ਵੀ ਪੈਦਾ ਕੀਤੀ ਜਾਣੀ ਚਾਹੀਦੀ ਹੈ। ਸਮੇਂ ਸਮੇਂ ’ਤੇ ਬੱਚਿਆਂ ਦਾ ਹੌਸਲਾ ਵਧਾਇਆ ਜਾਵੇ। ਗੱਲ ਗੱਲ ’ਤੇ ‘ਨਲਾਇਕ’ ਜਾਂ ‘ਤੈਨੂੰ ਕੁਝ ਨ੍ਹੀਂ ਆਉਂਦਾ’ ਵਰਗੇ ਸ਼ਬਦ ਵਰਤ ਕੇ ਉਸ ਨੂੰ ਨੀਵਾਂ ਦਿਖਾਉਣ ਦੀ ਬਜਾਏ ਉਸ ਨੂੰ ਛੋਟੀ ਜਿਹੀ ਪ੍ਰਾਪਤੀ ’ਤੇ ਵਡਿਆ ਕੇ ਉਸ ਦਾ ਹੌਸਲਾ ਵਧਾਇਆ ਜਾਵੇ। ਮਾਪਿਆਂ ਨੂੰ ਆਪਣੇ ਬੱਚੇ ਦੀ ਦਿਲਚਸਪੀ ਜਾਂ ਦਿਮਾਗ਼ੀ ਸਮਰੱਥਾ ਮੁਤਾਬਕ ਹੀ ਉਸ ਤੋਂ ਆਸ ਰੱਖਣੀ ਚਾਹੀਦੀ ਹੈ। ਇਸ ਤਰ੍ਹਾਂ ਛੋਟੀਆਂ ਛੋਟੀਆਂ ਗੱਲਾਂ ਦਾ ਧਿਆਨ ਰੱਖਣ ਨਾਲ ਮਾਪੇ ਆਪਣੇ ਬੱਚਿਆਂ ਦਾ ਭਵਿੱਖ ਸੰਵਾਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

# ਸ਼ਲਾਘਾਯੋਗ ਕੰਮ



ਅੱਜ ਪਹਿਲੀ ਡਾਕ ਵਿਚ ਫ਼ੌਜੀ ਰਾਮ ਸਿੰਘ (ਸੇਵਾਮੁਕਤ) ਨੂੰ ਇਕ ਪੱਤਰ ਮਿਲਿਆ। ਜਦੋਂ ਉਸ ਨੇ ਖੋਲ੍ਹ ਕੇ ਪੜ੍ਹਿਆ ਤਾਂ ਹੈਰਾਨ ਵੀ ਹੋਇਆ ਤੇ ਖ਼ੁਸ਼ ਵੀ। ਉਸ ਵਿਚ ਦੋ ਚੈੱਕ ਸਨ। ਇਕ ਹਜ਼ਾਰ ਰੁਪਏ ਦਾ ਉਸ ਦੇ ਆਪਣੇ ਨਾਂਅ ਉਤੇ ਤੇ ਇਕ 500 ਰੁਪਏ ਦਾ ਉਸ ਦੇ ਲੜਕੇ ਦੇ ਨਾਂਅ ਉਤੇ। ਉਸ ਨੂੰ ਯਾਦ ਆਇਆ। ਉਸ ਨੇ ਅਖ਼ਬਾਰ ਦੇ ਨਾਂਅ ’ਤੇ ਇਕ ਚਿੱਠੀ ਲਿਖੀ ਸੀ।

**ਗੁਰਸ਼ਰਨ ਸਿੰਘ ਨਰੂਲਾ**

ਉਸ ਚਿੱਠੀ ਵਿਚ ਲਿਖਿਆ ਸੀ, ’ਸਾਨੂੰ ਪਰਿਵਾਰ ਵਿਚ ਪਿਆਰ ਮੁਹੱਬਤ ਨਾਲ ਰਹਿਣਾ ਚਾਹੀਦਾ ਹੈ। ਸਰਕਾਰ ਦੇ ਚੰਗੇ ਕੰਮਾਂ ਦੀ ਸ਼ਲਾਘਾ ਵੀ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਸਮਾਜ ਵਿਚ ਤੇ ਘਰ ਵਿਚ ਸੰਤੁਲਨ ਬਣਿਆ ਰਹਿੰਦਾ ਹੈ। ਇਨ੍ਹਾਂ ਗੱਲਾਂ ਦਾ ਪਾਲਣ ਉਹ ਆਪਣੇ ਘਰ ਵਿਚ ਇਕ 150 ਗਜ਼ ਦੇ ਪਲਾਟ ਵਿਚ ਕੁਝ ਪਿੰਡਾਂ ਦੇ ਮੁੰਡਿਆਂ ਦਰਮਿਆਨ ਕਰਦਾ ਹੈ। ਪੰਜ ਸੌ ਦਾ ਚੈੱਕ ਸ਼ਾਇਦ ਉਸ ਦੇ ਮੁੰਡੇ ਦੇ ਉਤਸ਼ਾਹ ਲਈ ਭੇਜਿਆ ਗਿਆ ਸੀ।

ਫ਼ੌਜੀ ਰਾਮ ਸਿੰਘ ਇਹ ਚਿੱਠੀ ਲੈ ਕੇ ਪਿੰਡ ਦੇ ਸਰਪੰਚ ਕੋਲ ਪਹੁੰਚ ਗਿਆ ਤੇ ਉਸ ਨੂੰ ਇਹ ਚਿੱਠੀ ਦਿੱਤੀ। ਜਦੋਂ ਸਰਪੰਚ ਨੇ ਇਹ ਚਿੱਠੀ ਪੜ੍ਹੀ ਉਨ੍ਹਾਂ ਨੇ ਉਸ ਦਾ ਪਹਿਲਾਂ ਮੂੰਹ ਮਿੱਠਾ ਕਰਵਾਇਆ ਤੇ ਇਹ ਗੱਲ ਘਰ ਦੇ ਜੀਆਂ ਨਾਲ ਵੀ ਸਾਂਝੀ ਕੀਤੀ। ਫਿਰ ਉਸ ਨੂੰ ਪਤਾ ਨਹੀਂ ਕੀ ਖਿਆਲ ਆਇਆ ਕਿ ਉਸ ਨੇ ਇਕ ਸ਼ਾਮਲਾਟ ਦੀ ਜ਼ਮੀਨ ਉਸ ਨੂੰ ਆਪਣੇ ਪ੍ਰਯੋਗ ਜਾਰੀ ਰੱਖਣ ਲਈ ਦੇ ਦਿੱਤੀ। ਉਹ ਖ਼ੁਸ਼ ਸੀ ਕਿ ਉਸ ਦੇ ਕੰਮ ਦੀ ਸ਼ਲਾਘਾ ਹੋਈ ਹੈ।

ਖਿਆਲਾਂ ਵਿਚੋਂ ਖਿਆਲ ਨਿਕਲਦੇ ਹਨ। ਪਿੰਡ ਦੇ ਲੋਕਾਂ ਨੂੰ ਕਿਹਾ ਕਿ ਤੁਸੀਂ ਆਪਣੀ ਮਨਪਸੰਦ ਚੀਜ਼ ਬਣਾ ਕੇ ਵੇਚ ਸਕਦੇ ਹੋ। ਫਿਰ ਕਿਸੇ ਨੇ ਕੁਲਫ਼ੀ ਤੇ ਕਿਸੇ ਨੇ ਆਈਸਕਰੀਮ ਤੇ ਕਿਸੇ ਨੇ ਪਕੌੜਿਆਂ ਦਾ ਕੰਮ ਸ਼ੁਰੂ ਕਰ ਦਿੱਤਾ। ਵਾਹ-ਵਾਹ ਰੌਣਕ ਲੱਗੀ। ਲੋਕਾਂ ਨੂੰ ਰੁਜ਼ਗਾਰ ਵੀ ਮਿਲ ਗਿਆ। ਵੇਖਾ-ਵੇਖੀ ਇਹ ਰਿਵਾਜ ਲਾਗਲੇ ਪਿੰਡਾਂ ਵਿਚ ਵੀ ਪਹੁੰਚ ਗਿਆ। ਹੁਣ ਪਿੰਡਾਂ ਵਿਚ ਸ਼ਹਿਰਾਂ ਵਾਂਗ ਚਟਪਟੇ ਖਾਣੇ ਜਿਵੇਂ ਆਲੂ-ਟਿੱਕੀ, ਗੋਲ-ਗੱਪੇ, ਦਹੀਂ-ਭੱਲੇ ਆਦਿ ਵੀ ਮਿਲਣ ਲੱਗ ਪਏ।

ਵਾਹ-ਵਾਹ...।






# ਪੰਜਾਬ ਦੀ ਦਸ਼ਾ ਅਤੇ ਦਿਸ਼ਾ



ਮਹੀਨਾ ਕੁ ਪਹਿਲਾਂ, ਆਂਧਰਾ ਪ੍ਰਦੇਸ਼ ਨੇ ਰਾਜ ਦੇ ਦਸ ਲੱਖ ਨਿਵਾਸੀਆਂ ਨੂੰ ਕੁਆਂਟਮ ਤਕਨੀਕ ਵਿਧੀ ਅਤੇ ਕੁਆਂਟਮ ਕੰਪਿਊਟਰ ਨਿਰਮਾਣ ਵਿੱਚ ਨਿਪੁੰਨ ਕਰਨ ਲਈ ਇੱਕ ਨਵੀਂ ਪਹਿਲ ਕੀਤੀ ਹੈ ਤਾਂ ਜੋ ਰਾਜ ਨੂੰ 'ਕੁਆਂਟਮ ਵੈਲੀ' ਵਜੋਂ ਵਿਕਸਤ ਕੀਤਾ ਜਾ ਸਕੇ। ਲਾਂਚ ਵਾਲੇ ਦਿਨ ਹੀ, ਸਮੁੱਚੇ ਸੂਬੇ ਦੇ 50,000 ਵਿਦਿਆਰਥੀਆਂ ਨੇ ਇਸ ਪ੍ਰੋਜੈਕਟ ਲਈ ਰਜਿਸਟਰੇਸ਼ਨ ਕਰਵਾਈ ਜੋ ਕਿ ਸੂਚਨਾ ਤਕਨੀਕ (ਆਈਟੀ) ਦੇ ਸਾਧਨਾਂ ਰਾਹੀਂ ਇਸ ਨਾਲ ਜੁੜੇ ਸਨ। ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਖੇਤਰ 'ਚ ਮੌਲਿਕ ਖੋਜ ਅਤੇ ਰਾਜ ਦੇ ਉਸ ਵਿਅਕਤੀ ਨੂੰ 100 ਕਰੋੜ ਰੁਪਏ ਦਾ ਇਨਾਮ ਦੇਣ ਦੇ ਐਲਾਨ ਕਿ ਜਿਹੜਾ ਆਪਣੇ ਹੁਨਰ ਨਾਲ ਸਭ ਤੋਂ ਪਹਿਲਾਂ ਨੋਬੇਲ ਪੁਰਸਕਾਰ ਜਿੱਤੇਗਾ, ਤੋਂ ਮਗਰੋਂ ਨੌਜਵਾਨ ਤੇ ਉਦਯੋਗ ਜਗਤ ਇਸ ਚੁਣੌਤੀ ਨੂੰ ਸਰ ਕਰਨ ਦੀ ਦੌੜ ਵਿੱਚ ਜੁੱਟ ਗਏ ਹਨ।

ਦੂਜੇ ਪਾਸੇ, ਨੌਂ ਸੂਬੇ, ਜਿਨ੍ਹਾਂ 'ਚ ਅਸਾਮ ਅਤੇ ਝਾਰਖੰਡ ਵਰਗੇ ਅਵੇਸਲੇ ਅਖਵਾਉਂਦੇ ਰਾਜ ਵੀ ਸ਼ਾਮਲ ਸਨ, ਜਨਵਰੀ ਵਿੱਚ ਦਾਵੋਸ ਪੁੱਜੇ, ਜਿੱਥੇ ਉਹ ਆਪਣਾ ਜ਼ੋਰ ਦਿਖਾਉਣ ਅਤੇ ਡਿਜੀਟਲ ਐੱਫ ਡੀ ਆਈ (ਨਿਵੇਸ਼) ਤੇ ਸਪਲਾਈ ਲੜੀਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੇ ਸਨ। ?ਅਸੀਂ ਕਿੱਥੇ ਰੁੱਝੇ ਹੋਏ ਹਾਂ? ਇਹ ਹੈ ਰਾਜਨੀਤਕ ਤੂੰ-ਤੂੰ ਮੈਂ-ਮੈਂ, ਗੈਂਗਸਟਰ ਅਤੇ ਹਿੰਸਾ, 'ਚਿੱਟਾ' ਜਿਸ ਨੇ ਸਾਨੂੰ 'ਉੱਡਦੇ ਪੰਜਾਬ' ਦਾ ਖਿਤਾਬ ਦਿੱਤਾ, ਸਮਾਜਿਕ ਟਕਰਾਅ, ਬੇਅਦਬੀ ਦੀਆਂ ਘਟਨਾਵਾਂ ਜੋ ਨਿਰੰਤਰ ਉਬਾਲ 'ਤੇ ਹਨ, ਕਿਸਾਨ ਅੰਦੋਲਨ, ਲੰਮੇ ਸਮੇਂ ਤੋਂ ਅਣਸੁਲਝੇ ਅੰਤਰ-ਰਾਜੀ ਵਿਵਾਦ, ਪਰਵਾਸ ਦੇ ਤੌਰ-ਤਰੀਕੇ ਜਿਨ੍ਹਾਂ ਵਿਚ 'ਡੰਕੀ ਰੂਟ' ਵੀ ਸ਼ਾਮਲ ਹੈ ਅਤੇ ਮੁਫ਼ਤ ਸੌਗਾਤਾਂ। ਅਸੀਂ ਇੱਕ ਗੈਰ-ਵਿਕਾਸਾਤਮਕ ਚੱਕਰ ਵਿੱਚ ਫਸੇ ਹੋਏ ਹਾਂ-ਇਕ ਅਜਿਹਾ ਸਮਾਜ ਜੋ ਖ਼ੁਦ ਨਾਲ ਹੀ ਟਕਰਾਅ ਵਿਚ ਪਿਆ ਹੋਇਆ ਹੈ। ਪੰਜਾਬ, ਜੋ ਕਦੇ ਪਹਿਲੇ ਨੰਬਰ 'ਤੇ ਹੁੰਦਾ ਸੀ, ਹੁਣ ਪ੍ਰਤੀ ਵਿਅਕਤੀ ਆਮਦਨ ਵਰਗੇ ਆਰਥਿਕ ਪੈਮਾਨਿਆਂ ਵਿੱਚ 19ਵੇਂ ਸਥਾਨ 'ਤੇ ਖਿਸਕ ਗਿਆ ਹੈ, ਨਾ-ਮਾਤਰ ਪੂੰਜੀ ਉਤਪਤੀ ਦੇ ਨਾਲ ਜੀ ਡੀ ਪੀ ਦੀ ਵਿਕਾਸ ਦਰ ਕਾਫੀ ਘੱਟ ਹੈ, ਕਿਸਾਨੀ ਤੇ ਵਾਤਾਵਰਨ ਦਾ ਸੰਕਟ ਹੈ, ਉੱਚੀ ਬੇਰੁਜ਼ਗਾਰੀ ਦਰ ਦੇ ਨਾਲ ਐਮ ਐੱਸ ਐਮ ਈ ਦੀ ਬੁਨਿਆਦ ਨੂੰ ਵੀ ਖੋਰਾ ਲੱਗਾ ਹੈ। ਇਸ ਸਥਿਤੀ ਲਈ ਵੱਡੇ ਪੱਧਰ ਉਤੇ ਸੂਬਾ ਜ਼ਿੰਮੇਵਾਰ ਹੈ, ਮੁੱਖ ਤੌਰ 'ਤੇ ਰਾਜ ਦੀ ਲੀਡਰਸ਼ਿਪ। ਪਰ ਪੰਜਾਬੀ ਖੁਦ ਵੀ ਬਰਾਬਰ ਦੇ ਕਸੂਰਵਾਰ ਹਨ। ਇਹ ਸੰਕਟ ਸਾਡੇ ਅਤੀਤ, ਸਮਾਜਿਕ-ਸੱਭਿਆਚਾਰਕ ਚਰਿੱਤਰ ਅਤੇ ਵਤੀਰੇ ਵਿੱਚ ਗਹਿਰਾ ਜੜਿਆ ਹੋਇਆ ਹੈ। ਸਿਆਸਤ, ਸਮਾਜ ਅਤੇ ਆਰਥਿਕਤਾ ਇੱਕ ਦੂਜੇ ਨਾਲ ਡੂੰਘੇ ਜੁੜੇ ਹੋਏ ਹਨ। ਜਿਸ ਤਰ੍ਹਾਂ 'ਰਾਜਨੀਤਕ ਆਰਥਿਕਤਾ' ਹੁੰਦੀ ਹੈ, ਉਸੇ ਤਰ੍ਹਾਂ ਇੱਕ 'ਵਿਚਾਰਧਾਰਕ ਆਰਥਿਕਤਾ' ਵੀ ਹੁੰਦੀ ਹੈ, ਜੋ ਵਿਕਾਸ ਦੇ ਸਿੱਟਿਆਂ ਨੂੰ ਨਿਰਧਾਰਤ ਕਰਦੀ ਹੈ। ਸਰਕਾਰਾਂ ਉਹੀ ਦੇਣ ਦੀ ਕੋਸ਼ਿਸ਼ ਕਰਦੀਆਂ ਹਨ, ਜਿਸ ਨੂੰ ਲੋਕ ਤਰਜੀਹ ਦਿੰਦੇ ਹਨ। ਜੇਕਰ ਤੁਸੀਂ ਮੁਫ਼ਤ ਬੱਸ ਸਫਰ ਅਤੇ ਮੁਫ਼ਤ ਬਿਜਲੀ ਚਾਹੁੰਦੇ ਹੋ, ਤਾਂ ਤੁਹਾਨੂੰ ਉਹੀ ਮਿਲੇਗਾ, ਭਾਵੇਂ ਇਸ ਨਾਲ ਰਾਜ ਦਾ ਕਰਜ਼-ਜੀਡੀਪੀ ਅਨੁਪਾਤ ਦੇਸ਼ ਵਿੱਚ ਦੂਜਾ ਸਭ ਤੋਂ ਮਾੜਾ ਹੀ ਕਿਉਂ ਨਾ ਹੋ ਜਾਵੇ।

ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਪੱਛੜੇ ਹੋਏ ਹਾਂ, ਗੱਲ ਬਸ ਇਹ ਹੈ ਕਿ ਸਾਡਾ ਰਵੱਈਆ, ਨੀਤੀ ਤੇ ਸੰਸਾਰਕ ਦ੍ਰਿਸ਼ਟੀਕੋਣ

**ਰਮੇਸ਼ ਇੰਦਰ ਸਿੰਘ**

ਆਰਥਿਕ ਕ੍ਰਾਂਤੀ ਦੇ ਅਜੋਕੇ ਖਾਕੇ ਦੀਆਂ ਲੋੜਾਂ ਅਨੁਸਾਰ ਬਦਲਣਾ ਚਾਹੀਦਾ ਹੈ। ਬਰਤਾਨਵੀ ਪ੍ਰਸ਼ਾਸਕ ਸਰ ਮੈਲਕਮ ਡਾਰਲਿੰਗ ਨੇ ਪੰਜਾਬੀਆਂ ਨੂੰ 'ਇਨਸਾਨਾਂ ਦਾ ਸਭ ਤੋਂ ਵਧੀਆ ਨਮੂਨਾ' ਦੱਸਿਆ ਸੀ ਅਤੇ ਇਸ ਦੀ ਪੁਸ਼ਟੀ ਕਿਸੇ ਹੋਰ ਨੇ ਨਹੀਂ ਬਲਕਿ ਭਾਰਤ ਸਰਕਾਰ ਨੇ 'ਗੁੱਡ ਗਵਰਨੈਂਸ ਇੰਡੈਕਸ' ਦੀ ਪਿਛਲੀ ਰਿਪੋਰਟ ਵਿਚ ਖੁਦ ਕੀਤੀ ਹੈ, ਜਿਸ ਵਿਚ ਪੰਜਾਬ ਨੂੰ ਮਨੁੱਖੀ ਸਰੋਤ ਵਿਕਾਸ ਦੇ ਮਾਮਲੇ ਵਿਚ ਸਾਰੇ ਰਾਜਾਂ ਵਿਚੋਂ ਪਹਿਲਾ ਦਰਜਾ ਦਿੱਤਾ ਗਿਆ ਹੈ।

ਫਿਰ ਗ਼ਲਤੀ ਕਿੱਥੇ ਹੋਈ? ਜੇ ਸੌਖੇ ਸ਼ਬਦਾਂ ਵਿੱਚ ਕਹੀਏ, ਤਾਂ ਇਹ ਪੰਜਾਬੀਆਂ ਦੀ ਸਮਾਜਿਕ ਨਾਕਾਮੀ ਹੈ ਜੋ 'ਜਿਸਮਾਨੀ ਬਲ' ਨੂੰ 'ਬੌਧਿਕ ਸ਼ਕਤੀ' ਵਿਚ ਬਦਲਣ ਵਿਚ ਅਸਫ਼ਲ ਹੋ ਗਏ। ਸਰੀਰਕ ਜੋਸ਼, ਬਹਾਦਰੀ ਅਤੇ ਕੁਰਬਾਨੀਆਂ ਜਿਨ੍ਹਾਂ ਪੰਜਾਬੀਆਂ ਨੂੰ ਫੌਜ, ਖੇਤੀਬਾੜੀ, ਟਰਾਂਸਪੋਰਟ ਅਤੇ ਖੇਡਾਂ ਵਰਗੇ 'ਸਰੀਰਕ ਬਲ' ਦੇ ਕਿੱਤਿਆਂ ਵਿੱਚ ਸ਼ਾਨਦਾਰ ਉਚਾਈਆਂ 'ਤੇ ਪਹੁੰਚਾਇਆ ਸੀ, ਨੂੰ ਇੱਕ 'ਚਿੰਤਨ ਅਤੇ ਗਿਆਨ' ਅਧਾਰਿਤ ਸਮਾਜ ਦੀ ਸਿਰਜਣਾ ਲਈ ਵਰਤਣ ਵਿਚ ਪੱਛੜ ਗਏ ਜਿਹੜਾ ਅਜੋਕੇ ਯੁੱਗ ਦੀਆਂ ਵਿਗਿਆਨਕ ਤਬਦੀਲੀਆਂ ਦੀਆਂ ਜ਼ਰੂਰਤਾਂ ਨੂੰ ਸਮਝ ਸਕੇ ਅਤੇ ਨਵੀਆਂ ਕਾਢਾਂ ਕੱਢ ਸਕੇ।

ਦੂਜਾ ਕਾਰਨ ਹੈ ਕਿ ਸਮਾਜ ਦਾ ਬਾਜ਼ਾਰਾਂ, ਵਪਾਰ, ਧਰਮ, ਕਾਨੂੰਨ ਤੇ ਅਪਰਾਧ, ਸਰਕਾਰ, ਔਰਤਾਂ ਅਤੇ ਇਤਿਹਾਸ ਪ੍ਰਤੀ ਨਜ਼ਰੀਆ ਸਿੱਟਿਆਂ 'ਤੇ ਅਸਰ ਪਾਉਂਦਾ ਹੈ। ਅੱਜ ਦੇ ਦੌਰ ਵਿੱਚ ਆਰਥਿਕਤਾ ਅਤੇ ਵਿੱਤ ਹੀ ਵਿਕਾਸ ਦਾ ਪੈਮਾਨਾ ਹਨ, ਪਰ ਪੰਜਾਬੀਆਂ (ਖ਼ਾਸ ਕਰਕੇ ਪੇਂਡੂ ਆਬਾਦੀ) ਵਿੱਚ ਵਪਾਰ ਅਤੇ ਵਿੱਤੀ ਮਾਮਲਿਆਂ ਦੀ ਸਮਝ ਬਹੁਤ ਘੱਟ ਹੈ। ਸਾਡੇ ਅਤੇ ਪਾਰਸੀਆਂ, ਗੁਜਰਾਤੀਆਂ ਜਾਂ ਮਾਰਵਾੜੀਆਂ (ਜੋ ਗਿਣਤੀ ਵਿੱਚ ਬਹੁਤ ਘੱਟ ਹਨ) ਦੇ ਵਿਚਾਲੇ ਫਰਕ ਸਪੱਸ਼ਟ ਦੇਖਿਆ ਜਾ ਸਕਦਾ ਹੈ।

ਅਸੀਂ ਅੱਜ ਵੀ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਦੇ ਪੁਰਾਣੇ ਖੇਤੀਬਾੜੀ ਮਾਹੌਲ ਵਿੱਚ ਫਸੇ ਹੋਏ ਹਾਂ। ਅਸੀਂ ਘੱਟ ਮੁੱਲ ਵਾਲੀਆਂ ਨਰਮ ਫਸਲਾਂ ਪੈਦਾ ਕਰ ਰਹੇ ਹਾਂ ਅਤੇ ਸਾਲਾਨਾ ਐਮ.ਐੱਸ.ਪੀ. ਵਜੋਂ ਆਉਣ ਵਾਲੇ ਲਗਭਗ 75,000 ਕਰੋੜ ਰੁਪਏ ਦੇ ਸਿਰ ਗੁਜ਼ਾਰਾ ਕਰ ਰਹੇ ਹਾਂ। ਜੀ.ਡੀ.ਪੀ. ਵਿੱਚ ਖੇਤੀਬਾੜੀ ਦਾ ਹਿੱਸਾ ਘਟ ਕੇ 25 ਪ੍ਰਤੀਸ਼ਤ ਰਹਿ ਗਿਆ ਹੈ, ਪਰ ਅਜੇ ਵੀ 45 ਪ੍ਰਤੀਸ਼ਤ ਆਬਾਦੀ ਇਸ 'ਤੇ ਨਿਰਭਰ ਹੈ, ਜਦਕਿ ਵਾਤਾਵਰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ। ਸਾਡੀ ਸਭ ਤੋਂ ਵੱਡੀ ਮੰਗ 'ਸਵਾਮੀਨਾਥਨ ਫਾਰਮੂਲਾ' ਹੈ, ਪਰ ਅਸੀਂ ਇਹ ਨਹੀਂ ਸਮਝ ਰਹੇ ਕਿ ਇਸ ਨਾਲ ਔਸਤ ਪੇਂਡੂ ਘਰ ਦੀ ਆਮਦਨ ਮੌਜੂਦਾ 31,500 ਰੁਪਏ ਤੋਂ ਵਧ ਕੇ ਵੱਧ ਤੋਂ ਵੱਧ 45-50 ਹਜ਼ਾਰ ਰੁਪਏ ਹੀ ਹੋਵੇਗੀ।

ਸਾਡਾ ਸੇਵਾ ਖੇਤਰ (ਸਰਵਿਸ ਸੈਕਟਰ), ਜੋ ਅਰਥਚਾਰੇ ਦਾ 46 ਪ੍ਰਤੀਸ਼ਤ ਹੈ, ਟਰਾਂਸਪੋਰਟ, ਰੈਸਟੋਰੈਂਟ, ਰਿਟੇਲ ਵਪਾਰ ਅਤੇ ਰੀਅਲ ਅਸਟੇਟ ਵਰਗੇ ਘੱਟ ਮੁੱਲ ਵਾਲੇ ਕੰਮਾਂ ਤੱਕ ਸੀਮਤ ਹੈ, ਜਿੱਥੇ ਕਾਮਿਆਂ ਨੂੰ ਬਹੁਤ ਘੱਟ ਤਨਖਾਹ ਮਿਲਦੀ ਹੈ। ਡੀ ਪੀ ਆਈ ਆਈ ਟੀ ਵੱਲੋਂ ਸੂਬੇ ਨੂੰ ਲਗਾਤਾਰ ਦੋ ਸਾਲ 'ਉੱਚ ਕਾਰਗੁਜ਼ਾਰੀ' ਵਾਲੇ ਰਾਜ ਦਾ ਦਰਜਾ ਦੇਣ ਦੇ ਬਾਵਜੂਦ ਉਦਯੋਗ ਅਤੇ ਵਿਦੇਸ਼ੀ ਨਿਵੇਸ਼ (ਐੱਫ ਡੀ ਆਈ) ਪੰਜਾਬ ਤੋਂ ਦੂਰ ਭੱਜ ਰਹੇ ਹਨ। ਸੂਬੇ ਜਾਂ ਵਿਅਕਤੀਆਂ ਕੋਲ ਨਵੇਂ ਨਿਰਮਾਣ ਯੂਨਿਟ ਲਗਾਉਣ ਲਈ ਵਾਧੂ ਪੂੰਜੀ ਜਾਂ ਭਵਿੱਖਮੁਖੀ ਤਕਨੀਕੀ ਮੁਹਾਰਤ ਦੀ ਘਾਟ ਹੈ।

ਇਸ ਦਾ ਹੱਲ ਕੀ ਹੈ? ਮਨੁੱਖੀ ਸਰੋਤਾਂ ਨੂੰ ਆਧੁਨਿਕ ਵਿਕਾਸ ਦੇ ਖ਼ਾਕੇ ਅਨੁਸਾਰ ਗਿਆਨ ਅਤੇ ਹੁਨਰ ਨਾਲ ਲੈਸ ਕਰਨ ਲਈ ਇੱਕ ਵੱਡੀ ਮੁਹਿੰਮ ਚਲਾਉਣੀ ਪਵੇਗੀ, ਬਿਲਕੁਲ ਉਸ ਤਰ੍ਹਾਂ ਦੀ ਜਿਵੇਂ ਅਸੀਂ ਅਨਪੜ੍ਹਤਾ ਨੂੰ ਖਤਮ ਕਰਨ ਲਈ ਚਲਾਈ ਸੀ ਤੇ ਸੌ ਪ੍ਰਤੀਸ਼ਤ ਦਾਖਲੇ ਤੇ ਬਾਲਗ ਵਿੱਦਿਆ ਯਕੀਨੀ ਬਣਾਈ ਸੀ। ਉਸੇ ਤਰ੍ਹਾਂ ਦਾ ਉੱਦਮ ਆਰਥਿਕਤਾ ਤੇ ਸਮਾਜ ਦੇ ਹਰ ਖੇਤਰ ਵਿਚ ਕਰਨ ਦੀ ਲੋੜ ਹੈ।

ਖੇਤੀਬਾੜੀ ਵਿੱਚ ਉਦਾਹਰਨ ਵਜੋਂ ਸਾਨੂੰ 'ਪ੍ਰੀਸਿਜ਼ਨ ਫਾਰਮਿੰਗ' (ਡੇਟਾ-ਅਧਾਰਿਤ ਖੇਤੀ) ਤੇ ਭੂਮੀ ਪ੍ਰਬੰਧਨ, ਸੂਖ਼ਮ ਤਕਨੀਕਾਂ, ਬਾਇਓਟੈਕਨਾਲੋਜੀ ਅਤੇ ਤਕਨੀਕ ਆਧਾਰਿਤ ਖੇਤੀ ਵੱਲ ਵਧਣਾ ਪਵੇਗਾ। ਇਸ ਨਾਲ ਆਮਦਨ ਵਧੇਗੀ ਅਤੇ ਵਾਤਾਵਰਨ ਬਚੇਗਾ। ਖੇਤੀਬਾੜੀ ਤੋਂ ਵਿਹਲੇ ਹੋਏ ਲੋਕਾਂ ਨੂੰ ਦੂਜੇ ਪੇਸ਼ਿਆਂ ਵਿੱਚ ਮਾਹਿਰ ਬਣਾਉਣਾ ਹੋਵੇਗਾ ਤਾਂ ਕਿ ਸਮਾਨਤਾ ਤੇ ਸਮਾਜਿਕ ਨਿਆਂ ਯਕੀਨੀ ਬਣੇ। ਮਿਸਾਲ ਵਜੋਂ ਹਰਿਆਣਾ ਵਰਗੇ ਸੂਬੇ, ਜਿੱਥੇ ਤਾਜ਼ੇ ਪਾਣੀ ਦੇ ਸਰੋਤ ਘੱਟ ਹਨ, ਵਿੱਚ ਮੱਛੀ ਪਾਲਣ ਵਿੱਚ ਦਰਿਆਵਾਂ ਦੀ ਧਰਤੀ ਪੰਜਾਬ ਨਾਲੋਂ ਵੱਧ ਉਤਪਾਦਨ ਹੋ ਰਿਹਾ ਹੈ। ਸਾਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਇਸ ਤਬਦੀਲੀ ਲਈ ਖੋਜ ਅਤੇ ਵਿਕਾਸ ਦੇ ਯਤਨਾਂ (ਆਰ ਐਂਡ ਡੀ), ਆਈ.ਟੀ. (ਸੂਚਨਾ ਤਕਨੀਕ) ਅਤੇ ਏ.ਆਈ. ਦੇ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਾਨੂੰ ਕੇਂਦਰ ਸਰਕਾਰ, ਪ੍ਰਾਈਵੇਟ ਨਿਵੇਸ਼ਕਾਂ, ਕਾਰਪੋਰੇਟ ਜਗਤ ਦੀ ਮਦਦ ਦੀ ਲੋੜ ਪਏਗੀ ਅਤੇ ਇਸ ਤੋਂ ਇਲਾਵਾ ਆਪਣੀਆਂ ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਤੇ ਪ੍ਰਸ਼ਾਸਕੀ ਢਾਂਚਿਆਂ ਨੂੰ ਸਰਗਰਮ ਕਰਨਾ ਪਵੇਗਾ। ਇਸ ਦੇ ਨਾਲ ਹੀ ਸਮਾਜਿਕ ਪ੍ਰਤੀਨਿਧੀਆਂ ਜਿਵੇਂ ਕਿ ਡੇਰਿਆਂ, ਗੁਰਦੁਆਰਿਆਂ, ਐੱਨ.ਜੀ.ਓ. ਅਤੇ ਸਵੈ-ਸਹਾਇਤਾ ਗਰੁੱਪਾਂ ਦੀ ਮਦਦ ਲੈਣੀ ਚਾਹੀਦੀ ਹੈ ਤਾਂ ਕਿ ਮੁਕਾਮੀ ਪੱਧਰ 'ਤੇ ਸਿੱਖਣ ਦੇ ਮੰਚ ਬਣ ਸਕਣ। ਹੜ੍ਹ ਰਾਹਤ ਵਿੱਚ ਇਨ੍ਹਾਂ ਦੀ ਵੱਡੀ ਭੂਮਿਕਾ ਨੇ ਇਨ੍ਹਾਂ ਦੀ ਪਹੁੰਚ, ਸਰੋਤਾਂ ਤੇ ਯੋਗਤਾ ਦੀ ਪੁਸ਼ਟੀ ਕੀਤੀ ਸੀ, ਚੁਣੌਤੀ ਇਨ੍ਹਾਂ ਨੂੰ ਤਰਤੀਬ ਵਿਚ ਕਰਨ ਦੀ ਹੈ।

ਜੇ ਅਸੀਂ ਅੱਜ ਕੁਝ ਨਾ ਕੀਤਾ ਤਾਂ ਨਤੀਜੇ ਘਾਤਕ ਹੋਣਗੇ। ਪੰਜਾਬ ਇੱਕ ਨਾਜ਼ੁਕ ਮੋੜ 'ਤੇ ਖੜ੍ਹਾ ਹੈ ਤੇ ਮੈਂ ਉਹੀ ਚਿਤਾਵਨੀ ਦਿੰਦਿਆਂ ਗੱਲ ਖ਼ਤਮ ਕਰਨਾ ਚਾਹਾਂਗਾ ਜਿਹੜੀ ਕਦੇ ਇਤਿਹਾਸਕਾਰ ਆਰਨਲਡ ਟੋਇਨਬੀ ਨੇ ਦਿੱਤੀ ਸੀ- "ਸੱਭਿਅਤਾਵਾਂ ਦਾ ਕਤਲ ਨਹੀਂ ਹੁੰਦਾ, ਉਹ ਖੁਦਕੁਸ਼ੀ ਕਰਦੀਆਂ ਹਨ।" ਹੁਣ ਚੋਣ ਪੰਜਾਬੀਆਂ ਨੇ ਕਰਨੀ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us







Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247






## ਰੁੱਖਾਂ ਵਰਗੀ ਛਾਂ ਹੈ ਮਾਂ

ਰੁੱਖਾਂ ਵਰਗੀ ਛਾਂ ਹੈ ਮਾਂ।
ਧਰਤੀ ਵਰਗੀ ਮਾਂ ਹੈ ਮਾਂ !
ਬੁੱਲਾਂ ਤੇ ਪਹਿਲਾ ਸ਼ਬਦ ਹੈ ਮਾਂ !
ਦਿਲ ਦਾ ਪਹਿਲਾ ਅਦਬ ਹੈ ਮਾਂ!
ਰੱਬੀ ਨੂਰ ਲਿਸਕਾਰੇ ਮਾਰੇ,
ਸਾਰੇ ਜੱਗ ਤੋਂ ਪਿਆਰੀ ਮਾਂ।
ਦੁੱਖ-ਸੁੱਖ ਸਾਰੇ ਹਰ ਲੈਂਦੀ ਹੈ ,
ਦਿਲ ਦੇ ਅੰਦਰ ਜਰ ਲੈਂਦੀ ਹੈ।
ਖੁਸ਼ੀਆਂ-ਗਮੀਆਂ ਸਹਿ ਜਾਂਦੀ ਹੈ!
ਨਿੱਘ ਤੋਂ ਵਿਰਵੀ ਰਹਿ ਜਾਂਦੀ ਹੈ।
ਦੇ ਕੇ ਪਿਆਰਾ ਦਾ ਨੂਰੀ ਨਿੱਘ ਮਾਂ,
ਤੱਤੀਆਂ ਠੰਢੀਆਂ ਰੁੱਤਾ ਤੋਂ ਬਚਾ ਲੈਂਦੀ ਹੈ।
ਆਪ ਗਿੱਲੇ ਵਿੱਚ ਸੌਂ,
ਬੱਚੇ ਸੁੱਕੇ ਵਿੱਚ ਪਾ ਲੈਂਦੀ ਹੈ।
ਮਾਂ ਵਰਗਾ ਕਿਰਦਾਰ ਨਾ ਕੋਈ।
ਮਾਂ ਵਰਗਾ ਸਿਰਦਾਰ ਨਾ ਕੋਈ।
ਬੀਮਾਰ ਹੋਏ ਤੇ ਵੀ ਰੱਖਦੀ ਖਿਆਲ।
ਬੁਰੇ ਭਲੇ ਵਿੱਚ ਨਾਲੋ-ਨਾਲ਼ ।
ਲੱਭ ਲੈਂਦੀ ਖੁਸੀਆਂ ਦੇ ਪਲ।
ਮਾਂ ਦੇ ਕੋਲ਼ੇ ਸਾਰੇ ਹੱਲ।
ਵਕਤ ਆਉਣ ਤੇ ਖੋਅ ਗਏ ਸਭ ,
ਫਿਰ ਵੀ ਫਿਕਰ ਕਰਦੀ ਹੈ ਮਾਂ।
ਹਰ ਪਲ ਜ਼ਿਕਰ ਕਰਦੀ ਹੈ ਮਾਂ।
ਕਦੀ ਨਾ ਵੱਟੇ ਪਾਸਾ ਸਾਥੋਂ,
ਜਿੰਨਾ ਮਰਜੀ ਲੜ ਪਵਾਂ,
ਮਨਾਉਣ ਦਾ ਲੱਭ ਲੈਂਦੀ ਢੰਗ ਨਵਾਂ।
ਮਾਂ ਵਰਗਾ ਦੋਸਤ ਨਹੀਂ ਕੋਈ।
ਮਾਂ ਵਰਗੀ ਕਿਧਰੇ ਨਾ ਢੋਈ।
ਸਾਰਾ ਕੁਝ ਸਿਖਾਉਂਦੀ ਰਹਿੰਦੀ।
ਅਧਿਆਪਕ ਬਣ ਪੜਾਉਂਦੀ ਰਹਿੰਦੀ।
ਸਾਰੇ ਚਾਅ ਲਾਡ ਪੂਰੇ ਕਰਦੀ ਹੈ ਮਾਂ।
ਜ਼ਿੰਦਗੀ ਦੇ ਸਬਕ ਸਿਖਾਉਂਦੀ ਹੈ ਮਾਂ,
ਰੁੱਖਾਂ ਵਰਗੀ ਸੰਘਣੀ ਛਾਂ ਹੈ ਮਾਂ।

- ਗਗਨਪ੍ਰੀਤ ਸੱਪਲ ਸੰਗਰੂਰ ਪਿੰਡ ਘਾਬਦਾਂ

## ਕਨਕਵੰਨੀ

ਤੇਰੀ ਕਨਕਵੰਨੀ ਨੁਹਾਰ,
ਤੇ ਤੇਰੇ ਮੁਖਾਰਬਿੰਦ 'ਚੋਂ;
ਉਪਜਦੇ ਸਲੀਕੇ ਦਾ
ਮੈਂ ਇਕੱਲਾ ਹੀ ਮੁਦੱਈ ਨਹੀਂ।
ਜ਼ਮਾਨਾ ਵੀ ਲੋਹਾ ਮੰਨਦਾ ਹੈ,
ਤੇਰੀ ਇਸ ਵਿਲੱਖਣਤਾ ਦਾ।

ਸਧਾਰਨਤਾ ਦੀ ਪੁੱਠ ਚੜ੍ਹੀ,
ਤੇਰੀ ਸਰੀਰਿਕ ਭਾਸ਼ਾ,
ਮਹਿਜ਼;
ਆਕਰਸ਼ਣ ਹੋ ਸਕਦੀ ਹੈ,
ਆਵਾਰਾ ਭੌਰਾਂ ਲਈ।

ਪਰ ਮੇਰੇ ਲਈ,
ਸਧਾਰਨ ਕਿਣਕਿਆਂ ਨੂੰ,
ਵਜੂਦ 'ਚ ਜਜ਼ਬ ਕਰਨ ਦੀ,
ਲਗਾਤਾਰ ਪ੍ਰਕਿਰਿਆ ਹੈ ਇਹ।

ਜਿਸ 'ਚੋਂ ਗੁਜ਼ਰਦਾ ਹਾਂ,
ਮੈਂ ਸਹਿਜੇ-ਸਹਿਜੇ,
ਬਹੁਤ ਕੁਝ ਮਹਿਸੂਸਦਾ ਹੋਇਆ।

ਪੱਛਮੀ ਉਲਾਰ ਵੱਲ,
ਤੇਰਾ ਸਵੀਕਾਰਤ ਝੁਕਾਅ,
ਸਮੇਂ ਦੀ ਲੋੜ ਹੀ ਰਹੇ;
ਕਦੇ ਹੋੜ ਨਾ ਬਣੇ,
ਦੁਆ ਕਰਦਾ ਹਾਂ।

ਤੂੰ ਆਪਣੀ ਮਿੱਟੀ ਦੀ,
ਖੁਸ਼ਬੋ ਬਣ,
ਬਹੁਤ ਖਿੱਲਰੀ ਏਂ,
ਗਲੋਬਲ ਖੁੰਜਿਆਂ ਤਾਂਈ।

ਯਾਦ ਰੱਖੀਂ;
ਵਿਰਸੇ ਦੀ ਪੋਟਲੀ ਹੋਵੇ,
ਜਾਂ ਪੰਜਾਬੀਅਤ ਦੀ ਗੁੜ੍ਹਤੀ;
ਬੜੇ ਨਿੱਗਰ ਸਰੋਕਾਰ ਸਾਂਝੇ ਨੇ,
ਤੇਰੇ ਮੇਰੇ ਦਰਮਿਆਨ।

ਬਲਦੇਵ ਕ੍ਰਿਸ਼ਨ ਸ਼ਰਮਾ

## ਕਵਿਤਾ

ਇੱਕ ਖਤ ਹੁੰਦਾ ਸੀ ਕਹਿੰਦੇ,
ਅੱਧੀ ਮਿਲਣੀ ਦੇ ਬਰਾਬਰ,
ਜੇ ਕਦੇ ਅੱਧੀ ਮਿਲਣੀ ਨੂੰ ,
ਦਿੱਲ ਚਾਹੇ ਤਾਂ ਖਤ ਲਿਖਣਾ।

ਸਾਰਾ ਦਿਨ ਕੁਮਲਾਏ ਚੇਹਰੇ,
ਸਾਰਾ ਦਿਨ ਦਿਸਦੇ ਨੇ ਮੇਰੇ ਸ਼ਹਿਰ ਵਿੱਚ,
ਜੇ ਕਦੇ ਕੋਈ ਤੇਰੇ ਸ਼ਹਿਰ ਵਿੱਚ,
ਮੁਸਕੁਰਾਏ ਤਾਂ ਖਤ ਲਿਖਣਾ।

ਸੁਣਦੇ ਨੇ ਹਰ ਗਲੀ ਮੁਹੱਲੇ,
ਮੌਤ ਜਹੇ ਵੈਣ ਮੇਰੇ ਸ਼ਹਿਰ ਵਿੱਚ,
ਜੇ ਤੇਰੇ ਸ਼ਹਿਰ ਕੋਈ ਘੋੜੀਆਂ ਸੁਹਾਗ ਗਾਏ,
ਤਾ ਹਲਦੀ ਵਾਲਾ ਖਤ ਲਿਖਣਾ।

ਹਰ ਗਲੀ ਮੁਹੱਲੇ ਝਗੜੇ ਹੁੰਦੇ ਨੇ,
ਆਂਡ ਗਵਾਂਡ ਮੇਰੇ ਸ਼ਹਿਰ ਵਿੱਚ,
ਜੇਕਰ ਕੋਈ ਤੇਰੇ ਸ਼ਹਿਰ ਪਿੱਪਲੀ ਪੀਂਘਾਂ,
ਪਾ ਤੀਆਂ ਲਾਏ ਤਾਂ ਖਤ ਲਿਖਣਾ।

ਲੋਕੀ ਧਰਨਿਆਂ ਤੇ ਜਾਂਦੇ ਨੇ,
ਟਰਾਲੀਆਂ ਤੇ ਨਿੱਤ ਮੇਰੇ ਸ਼ਹਿਰ ਵਿੱਚ,
ਜੈ ਤੇਰੇ ਸ਼ਹਿਰ ਕੋਈ ਟਰਾਲੀ ਹੋਲੇ ਤੇ,
ਅਨੰਦਪੁਰ ਨੂੰ ਜਾਏ ਤਾਂ ਖਤ ਲਿਖਣਾ।

ਰੋਜ ਸੜਦੀਆਂ ਨੇ ਚਿਖਾਵਾ ਮੇਰੇ ਸ਼ਹਿਰ,
ਬਾਲੜੀਆਂ, ਕਿਸਾਨਾਂ, ਜਵਾਨਾਂ ਦੀਆਂ,
ਤੇਰੇ ਸ਼ਹਿਰ ਜੈ ਜਵਾਨ ਜੈ ਕਿਸਾਨ,
ਦਾ ਨਾਅਰਾ ਕੋਈ ਲਾਏ ਤਾਂ ਖਤ ਲਿਖਣਾ।

ਰੋਜ ਸੌਂਦੇ ਨੇ ਕਈ ਲੋਕ ਭੁੱਖੇ ਢਿੱਡ,
ਰਾਤਾਂ ਨੂੰ "ਪ੍ਰੀਤ" ਮੇਰੇ ਸ਼ਹਿਰ ਵਿੱਚ,
ਜਦ ਕੋਈ ਗਵਾਂਢੀ ਕੋਲੀ ਲੈ ਸਬਜੀ ਲਈ,
ਤੇਰਾ ਦਰ ਖੜਕਾਏ ਤਾਂ ਖਤ ਲਿਖਣਾ।

ਜਦ ਤੂੰ ਆਪਣੀਆਂ ਸੋਚਾਂ 'ਚ ਗੁੰਮ ਉਦਾਸ,
ਤੁਰਿਆ ਜਾਂਦਾ ਹੋਵੇ ਗਲੀ ਮੁਹੱਲੇ,
ਫੇਰ ਕੋਈ ਗੱਭਰੂ ਚਾਚਾ ਕੀ ਹਾਲ ਏ,
ਕਹਿ ਤੇਰਾ ਹਾਲ ਪੁੱਛ ਜਾਏ ਤਾਂ ਖਤ ਲਿਖਣਾ।

ਹਰ ਕੋਈ ਇੱਕ ਦੂਜੇ ਦਾ ਬੁਰਾ ਕਰ ਰਿਹਾ,
ਅੱਜ ਮੇਰੇ ਸ਼ਹਿਰ, ਮੇਰੇ ਦੇਸ ਵਿੱਚ,
ਜਦ ਕੋਈ ਅਰਦਾਸ
ਨਾਨਕ ਨਾਮੁ ਚੜ੍ਹਦੀ ਕਲਾ,
ਤੇਰੇ ਭਾਣੇ "ਸਰਬੱਤ ਦਾ ਭਲਾ"
ਦੀ ਕਰਾਏ ਤਾਂ ਖਤ ਲਿਖਣਾ।

ਡਾ. ਲਵਪ੍ਰੀਤ ਕੌਰ ਜਵੰਦਾ

## ਰਿਸ਼ਤੇ

ਧੀ ਜੰਮੇ ਚਾਹੇ ਪੁੱਤ ਹੋਵੇ
ਹਰ ਮਾਂ ਦੀ ਹਰੀ ਕੁੱਖ ਹੋਵੇ
ਕੁੱਖਾਂ ਵਿਚ ਨਾ ਧੀਆਂ ਜਾਣ ਮਾਰੀਆਂ
ਹਰ ਧੀ ਦੇ ਕਰਮਾਂ ਵਿਚ ਸੁੱਖ ਹੋਵੇ

ਪੁੱਤਾਂ ਵਰਗੇ ਹੋਣ ਜਵਾਈ ਸਭ ਦੇ
ਨੂੰਹ ਨੂੰ ਸੱਸ ਵੀ ਮਾਂ ਲੱਗੇ
ਜੇ ਸੱਸਾਂ ਵੀ ਨੂੰਹਾਂ ਨੂੰ ਸਮਝਣ ਧੀਆਂ
ਵਿਹੜੇ ਮੁਹੱਬਤ ਦਾ ਬੂਟਾ ਤਾਂ ਲੱਗੇ

ਪਰਾਂਦੇ ਨਾਲ ਹੁੰਦਾ ਜਿੱਦਾਂ ਗੁੱਤ ਦਾ ਰਿਸਤਾ
ਬਣਿਆਂ ਰਹੇ ਪਿਓ ਪੁੱਤ ਦਾ ਰਿਸਤਾ
ਜਿਨ੍ਹਾਂ ਨੇ ਸਾਨੂੰ ਕੀਤਾ ਵੱਡੇ
ਮਾਪਿਆਂ ਨੂੰ ਕੋਈ ਘਰੋਂ ਨਾ ਕੱਢੇ

ਜਿਨ੍ਹਾਂ ਨੇ ਜੰਮੇ ਜਿਨ੍ਹਾਂ ਨੇ ਪਾਲੇ
ਹੱਥ ਪੱਗ ਨੂੰ ਪਾਉਣ ਜਾਂ ਗੁੱਤਾਂ ਨੂੰ
ਮਾਪਿਆਂ ਨੂੰ ਜੋ ਰੋਜ ਰਵਾਉਂਦੇ
ਕੀ ਕਰਨਾ ਐਹੋ ਜਿਹੇ ਪੁੱਤਾਂ ਨੂੰ

ਭਾਈ ਭਾਈ ਦਾ ਬਣੇ ਨਾ ਵੈਰੀ
ਭੈਣ ਨਾ ਨਿਕਲੇ ਕਿਸੇ ਦੀ ਭੈੜੀ
ਭੂਆ ਨਾ ਖੋਵੇ ਹੱਕ ਭਤੀਜੇ ਦਾ
ਕਰੋ ਨਿੱਘਾ ਸਵਾਗਤ ਸਦਾ ਜੀਜੇ ਦਾ

ਕੱਠੀਆਂ ਰਹਿਣ ਦਰਾਣੀ -ਜਠਾਣੀ
ਨਨਾਣ ਭਾਬੀ ਬਿਨ ਪੀਵੇ ਨਾ ਪਾਣੀ
ਜੇ ਲੱਗੀ ਹੋਵੇ ਜਾ ਕੇ ਬੁਝਾਈਏ
ਰਿਸਤਿਆਂ ਵਿੱਚ ਕਦੇ ਅੱਗ ਨਾ ਲਾਈਏ

-ਮਨਦੀਪ ਖਾਨਪੁਰੀ

## ਇੱਕੋ ਥੈਲੀ ਦੇ ਚੱਟੇ ਵੱਟੇ !

ਵੱਖ ਵੱਖ ਹੀ 'ਨਾਮ' ਹਨ ਆਗੂਆਂ ਦੇ
ਚੱਟੇ ਵੱਟੇ ਹਨ ਇੱਕੋ ਜਿਹੇ ਥੈਲੀਆਂ ਦੇ।
'ਬੈਕ ਗਿਅਰ' ਲਾ ਲੈਂਦੇ ਨੇ ਪਲਾਂ ਅੰਦਰ
'ਯੂ-ਟਰਨ' ਨਾਂ ਰੱਖੇ ਅਣਗਹਿਲੀਆਂ ਦੇ।
ਵਧ ਗਈ ਤੇਜ ਰਫਤਾਰ ਨਿਘਾਰ ਦੀ ਏ
ਨਹੀਂ ਲੱਭਦੇ ਗੁਣ ਹੁਣ 'ਪਹਿਲੀਆਂ' ਦੇ।
ਕਈ ਕਈ ਵਾਰ ਨਕਾਰੇ ਦੁਰਕਾਰਿਉ ਵੀ
'ਹੀਰੋ' ਬਣ ਬਣ ਕੇ ਦੱਸਦੇ 'ਰੈਲੀਆਂ' ਦੇ।
ਸ਼ਰਧਾਵਾਨ ਬਣ ਜਾਣ ਸਭ 'ਡੇਰਿਆਂ' ਦੇ
ਵਾਅਦੇ 'ਕਿੱਕਰ' ਦੇ ਵੋਟਾਂ ਦੀ 'ਦਾਖ' ਲੈਂਦੇ।
ਮੱਥਾ ਟੇਕਣਾ ਹਰ 'ਜਗ੍ਹਾ' 'ਤੇ ਗੱਲ ਕੀ ਏ
ਇਹ ਤਾਂ 'ਗਧੇ ਨੂੰ ਬਾਪ' ਵੀ ਆਖ ਲੈਂਦੇ!



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਟਰੰਪ ਦੀਆਂ ਲੂੰਬੜ ਚਾਲਾਂ

ਘੇਰੇ ਇਰਾਨ, ਟਰੰਪ ਹੁਕਮ ਕੀਤਾ,
ਦਿੱਤੇ ਜੰਗੀ ਬੇੜੇ ਚਾੜ੍ਹ ਪੱਤੋ।

ਪਹਿਲਾਂ ਛੋਟੇ ਸੀ ਦੇਸ਼ ਜਿਹੜੇ,
ਨਾਲ ਬੰਬਾਂ ਦਿੱਤੇ ਰਾੜ੍ਹ ਪੱਤੋ।

ਨਿੱਤ ਨਵੀਂ ਧੌਸ ਜਮਾਈ ਜਾਵੇ,
ਲੈ ਕੇ ਟਰੈਫ ਦੀ ਆੜ ਪੱਤੋ।

ਵਿੱਚ ਦੁਨੀਆਂ ਦਹਿਸ਼ਤ ਪਾਈ,
ਜਿਓਂ ਵਾੜੇ ਫਿਰੇ ਬਘਿਆੜ ਪੱਤੋ।

ਅਪਣਾਓ ਮੇਰੀਆਂ ਨੀਤੀਆਂ ਨੂੰ,
ਨਹੀਂ ਸਿੱਟੂ ਸਭ ਉਖਾੜ ਪੱਤੋ।

ਹੋਰ ਕੰਮ ਨਾ ਇਹਨੂੰ ਦਿੱਸੇ ਕੋਈ,
ਨਿੱਤ ਲਾਵੇ ਨਵੇਂ ਜੁਗਾੜ ਪੱਤੋ।

ਨਿਗ੍ਹਾ ਤੇਲ 'ਤੇ ਇਹ ਟਿਕਾਈ ਬੈਠਾ,
ਨਾਲ ਕਚੀਚੀ ਨੱਪੇ ਜਾੜ੍ਹ ਪੱਤੋ।

ਮਹਿੰਗਾਈ, ਬੇਰੁਜ਼ਗਾਰੀ ਵਧੀ,
ਫ਼ਿਕਰੀਂ ਗਾਹਕ ਅਤੇ ਕਰਾੜ ਪੱਤੋ।

ਹੁਣ ਕੀ ਬਣੂ ,ਸੋਚਦਾ ਹਰ ਬੰਦਾ,
ਨਿੱਤ ਵੱਧਦਾ ਜਾਵੇ ਪਾੜ ਪੱਤੋ।

ਲੱਗਦਾ ਧੱਕੂ ਦੁਨੀਆਂ ਜੰਗ ਵੱਲੇ,
ਨਹੀਂ ਹਟਦਾ ਦੇਊ ਉਜਾੜ ਪੱਤੋ।

ਹਰਪ੍ਰੀਤ ਪੱਤੋ
94658-2141

## ਭਾਰਤ ਮਾਂ ਦੀ ਫੁੱਲਵਾੜੀ

ਭਾਰਤ ਮਾਂ ਦੀ ਫੁੱਲਵਾੜੀ ਹੈ ਇਹ,
ਰੰਗ ਬਰੰਗੇ ਫੁੱਲਾਂ ਨਾਲ ਮੁਸਕਰਾਉਂਦੀ ਹੈ।
ਤਿਉਹਾਰਾਂ ਦੇ ਮੌਸਮ ਵਿੱਚ ਇਹ,
ਹੋਰ ਵੀ ਮਹਿਕਾਉਂਦੀ ਹੈ।
ਭਾਦੋਂ ਆਉਂਦੇ ਆਉਂਦੇ,
ਤਿਉਹਾਰਾਂ ਦੀ ਵਾੜ ਜਿਹੀ ਆ ਜਾਂਦੀ ਹੈ।
ਜਨਮ ਅਸ਼ਟਮੀ, ਰੱਖੜੀ ਦੇ ਨਾਲ ਨਾਲ,
ਰਮਜਾਨ ਵੀ ਨਾਲ ਅਪਣੇ ਲਿਆਉਂਦੀ ਹੈ।
ਤਿਉਹਾਰਾਂ ਦਾ ਨਾਲ ਨਾਲ ਆਉਣਾ,
ਇਹ ਸਭ ਰੱਬ ਦਾ ਵਰਦਾਨ ਹੈ।
ਮੈਂ ਰੋਜੇ ਰੱਖਾਂ, ਤੂੰ ਨਰਾਤੇ ਰੱਖੀਂ,
ਮੈਂ ਮਸਜਿਦ ਸਜਾਵਾਂਗਾ, ਤੂੰ ਮੰਦਰ ਸਜਾਈਂ।
ਪ੍ਰੇਮ ਦਾ ਪ੍ਰਸਾਦ ਫੇਰ ਸਭ ਮਿਲ ਕੇ ਹੈ ਚੱਖਣਾ,
ਮਿਲੋ ਇੱਕ ਦੂਜੇ ਨੂੰ ਜਿਵੇਂ ਗਲਬਕੜੀ ਪਾਈਂ।
ਰਾਮ ਨੂੰ ਪੂਜੋ, ਚਾਹੇ ਅੱਲ੍ਹਾ ਨੂੰ ਮੰਨੋ,
ਪਰ ਭਾਰਤ ਮਾਂ ਦੇ ਲਾਲਾਂ ਨੂੰ
ਇੱਟਾਂ ਪੱਥਰਾਂ ਨਾਲ ਨਾ ਭੰਨੋ।
ਤਿਉਹਾਰਾਂ ਤੇ ਵੀ ਜੇ ਹਿੰਸਾ ਫੈਲਾਉਗੇ,
ਨਾ ਰਾਮ ਮਿਲੂਗਾ, ਨਾ ਅੱਲ੍ਹਾ ਨੂੰ ਹੀ ਪਾਉਗੇ।
ਈਦ ਮੁਬਾਰਕ ਸਭ ਨੂੰ ਆਖੋ,
ਇੱਕ ਦੂਜੇ ਨੂੰ ਗਲੇ ਲਗਾਓ,
ਭੁਲਾ ਕੇ ਭੇਦ ਭਾਵ ਅਪਣੇ,
ਹਿੰਦੂ ਮੁਸਲਮ ਦਾ ਚੋਲਾ ਛੱਡ ਕੇ,
ਭਾਰਤ ਮਾਂ ਦੀ ਫੁੱਲਵਾੜੀ ਵਿੱਚ,
ਸਿਰਫ ਤੇ ਸਿਰਫ ਇਨਸਾਨ ਬਣ ਜਾਓ।

-ਸੁਰੀਆ ਕਾਂਤ ਵਰਮਾ

## ਐਵੇਂ ਝੂਠ ਤੂੰ ਬੋਲੀਂ ਨਾ

ਸੱਚ ਬੋਲ ਤੂੰ ਡੋਲੀਂ ਨਾ,
ਐਵੇਂ ਝੂਠ ਤੂੰ ਬੋਲੀਂ ਨਾ।

ਰੱਖ ਛੁਪਾ ਕੇ ਜੱਗ ਕੋਲ਼ੋਂ,
ਗੁੱਝੇ ਭੇਦ ਤੂੰ ਖੋਲ੍ਹੀਂ ਨਾ।

ਸੇਵਾ ਕਰ ਤੂੰ ਜੀਂਦੇ ਦੀ,
ਮਰਿਆਂ ਨੂੰ ਤੂੰ ਟੋਲ੍ਹੀਂ ਨਾ।

ਸੱਚ ਹੱਕ ਤੇ ਦੇ ਪਹਿਰਾ,
ਕੁਫ਼ਰ ਕਦੇ ਤੂੰ ਤੋਲੀਂ ਨਾ।

ਕਹਿਣਾ ਜੋ ਮੂੰਹ 'ਤੇ ਕਹਿ,
ਪਿੱਛੋਂ ਜ਼ਹਿਰ ਘੋਲੀਂ ਨਾ।

ਨੇਤਾ ਅੰਨ੍ਹੇ ਗੂੰਗੇ ਬੋਲ਼ੇ ਨੇ,
ਕਦੇ ਦੁੱਖ ਤੂੰ ਫਰੋਲੀਂ ਨਾ।

ਮੰਜ਼ਿਲ ਪਾਣੀ ਹਿੰਮਤ ਕਰ,
ਦੂਜੇ ਤੋਂ ਆਸਰਾ ਟੋਲ੍ਹੀਂ ਨਾ।

ਬਚੇ ਜੇ ਜਾਨ ਬਚਾ ਦੇਵੀਂ,
ਐਵੇਂ ਝੂਠ ਤੂੰ ਬੋਲੀਂ ਨਾ।

ਸੇਵਾ ਸਿੰਘ "ਨੂਰਪੁਰੀ"

## ਪਾਣੀ ਹੈ ਅਨਮੋਲ....



ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ ,
ਐਵੇਂ ਨਾ ਤੂੰ ਡੋਲ ਪਿਆਰੇ
ਐਵੇਂ ਨਾ ਤੂੰ ਡੋਲ ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।

ਕੁਦਰਤ ਦੀ ਇਹ ਦਾਤ ਨਿਆਰੀ
ਰੱਬ ਦੀ ਖਲਕਤ ਬੜੀ ਪਿਆਰੀ ,
ਬੁਰਾ ਨਾ ਕਿਸੇ ਨੂੰ ਬੋਲ ਪਿਆਰੇ
ਬੁਰਾ ਨਾ ਕਿਸੇ ਨੂੰ ਬੋਲ ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।

ਲੋੜ ਪੈਣ 'ਤੇ ਹੀ ਇਸਨੂੰ ਵਰਤੋ
ਚੰਗੀ ਸ਼ੁਰੂਆਤ ਕਰੋ ਆਪਣੇ ਘਰ ਤੋਂ ,
ਪੂਰਾ - ਪੂਰਾ ਤੋਲ ਪਿਆਰੇ
ਪਾਣੀ ਹੈ ਅਨਮੋਲ ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।
ਗੰਧਲਾ ਹੋਣ ਤੋਂ ਇਸ ਨੂੰ ਬਚਾਓ
ਵਿਅਰਥ ਚੀਜ਼ਾਂ ਇਸ ਵਿੱਚ ਨਾ ਪਾਓ ,
ਸੰਤਾਂ - ਫਕੀਰਾਂ ਦੇ ਸੱਚੇ ਬੋਲ ਪਿਆਰੇ
ਪਾਣੀ ਹੈ ਅਨਮੋਲ ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।
ਪਿਆਸਿਆਂ ਨੂੰ ਤੁਸੀਂ ਪਾਣੀ ਪਿਲਾਓ
ਦੁਖੀਆਂ ਦੇ ਤੁਸੀਂ ਦੁੱਖ - ਦਰਦ ਵੰਡਾਓ ,
ਮਨੁੱਖਾ - ਜੀਵਨ ਐਵੇਂ ਨਾ ਰੋਲ ਪਿਆਰੇ
ਪਾਣੀ ਹੈ ਅਨਮੋਲ
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।

ਪਾਣੀ ਹੈ ਸਭ ਦੀ ਜੀਵਨ - ਜਯੋਤੀ
ਇਹੋ ਹੈ ਕੁਦਰਤ ਦਾ ਸੱਚਾ ਮੋਤੀ ,
ਵਿਅਰਥ ਨਾ ਇਸ ਨੂੰ ਡੋਲ ਪਿਆਰੇ
ਪਾਣੀ ਹੈ ਅਨਮੋਲ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ
ਸ੍ਰੀ ਅਨੰਦਪੁਰ ਸਾਹਿਬ
9478561356

# ਪ੍ਰੀਖਿਆ ਤੋਂ ਅੱਗੇ ਸੋਚਣਾ ਪਵੇਗਾ: ਸਿੱਖਿਆ ਦਾ ਅਸਲ ਉਦੇਸ਼



ਅੱਜ ਦੇ ਸਮੇਂ ਵਿੱਚ 'ਸਿੱਖਿਆ' ਅਤੇ 'ਪ੍ਰੀਖਿਆ' ਇੱਕ ਦੂਜੇ ਦੇ ਸਮਾਨਾਰਥੀ ਬਣ ਗਏ ਹਨ। ਜਿਵੇਂ ਹੀ ਇੱਕ ਬੱਚਾ ਸਕੂਲ ਜਾਂਦਾ ਹੈ, ਉਸਦੀ ਸਿੱਖਣ ਦੀ ਯਾਤਰਾ ਅੰਕਾਂ ਅਤੇ ਗ੍ਰੇਡਾਂ ਦੀ ਦੌੜ ਵਿੱਚ ਬਦਲ ਜਾਂਦੀ ਹੈ। ਪਰ ਕੀ ਜ਼ਿੰਦਗੀ ਦੀ ਸਫਲਤਾ ਸਿਰਫ਼ ਉੱਤਰ ਪੁਸਤਕਾਂ ਵਿੱਚ ਲਿਖੇ ਸ਼ਬਦਾਂ ਤੱਕ ਸੀਮਤ ਹੈ? ਇਹ ਸਮਾਂ ਆ ਗਿਆ ਹੈ ਕਿ ਅਸੀਂ ਪ੍ਰੀਖਿਆ ਤੋਂ ਪਰੇ ਸੋਚਣਾ ਸ਼ੁਰੂ ਕਰ ਦੇਈਏ।

ਅੰਕਾਂ ਦੇ ਜਾਲ ਤੋਂ ਬਾਹਰ ਨਿਕਲਣਾ ਅਕਸਰ ਇਹ ਮੰਨਿਆ ਜਾਂਦਾ ਹੈ ਕਿ 95% ਅੰਕ ਵਾਲਾ ਵਿਅਕਤੀ ਸਭ ਤੋਂ ਬੁੱਧੀਮਾਨ ਹੁੰਦਾ ਹੈ। ਪਰ ਅਸਲੀਅਤ ਇਹ ਹੈ ਕਿ ਇੱਕ ਪ੍ਰੀਖਿਆ ਸਿਰਫ਼ ਤੁਹਾਡੀ ਯਾਦਦਾਸ਼ਤ ਦੀ ਜਾਂਚ ਕਰਦੀ ਹੈ, ਨਾ ਕਿ ਤੁਹਾਡੀ ਯੋਗਤਾ ਦੀ। ਅੰਕ: ਸਿਰਫ਼ ਇੱਕ ਖਾਸ ਦਿਨ ਦੇ ਪ੍ਰਦਰਸ਼ਨ ਨੂੰ ਦਰਸਾਉਂਦੇ ਹਨ। ਹੁਨਰ: ਇਹ ਨਿਰਧਾਰਤ ਕਰਦੇ ਹਨ ਕਿ ਤੁਸੀਂ ਅਸਲ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਦੇ ਹੋ।

ਯਾਦ ਕਰਨ ਦੀ ਸੱਭਿਆਚਾਰ ਬਨਾਮ ਡੂੰਘੀ ਸਮਝ ਸਾਡੀ ਮੌਜੂਦਾ ਵਿਵਸਥਾ 'ਰੱਟੇ ਮਾਰ' ਵਿਧੀ 'ਤੇ ਟਿਕੀ ਹੋਈ ਹੈ। ਵਿਦਿਆਰਥੀ ਸਾਲ ਭਰ ਸਿਰਫ਼ ਇਸ ਲਈ ਪੜ੍ਹਦੇ ਹਨ ਤਾਂ ਜੋ ਉਹ ਪ੍ਰੀਖਿਆ ਦੇ ਤਿੰਨ ਘੰਟਿਆਂ ਵਿੱਚ ਸਭ ਕੁਝ ਉਡਾ ਸਕਣ। ਪ੍ਰੀਖਿਆ ਤੋਂ ਅੱਗੇ: ਸਾਨੂੰ 'ਕੀ' ਦੀ ਬਜਾਏ 'ਕਿਉਂ' ਅਤੇ 'ਕਿਵੇਂ' 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਜਦੋਂ ਤੱਕ ਵਿਦਿਆਰਥੀ ਵਿਸ਼ੇ ਦੀ ਡੂੰਘਾਈ ਨੂੰ ਨਹੀਂ ਸਮਝਦੇ, ਉਹ ਗਿਆਨ ਉਨ੍ਹਾਂ ਦੇ ਜੀਵਨ ਵਿੱਚ ਕੰਮ ਨਹੀਂ ਕਰੇਗਾ।

ਭਵਿੱਖ ਦੇ ਹੁਨਰ ਆਉਣ ਵਾਲਾ ਸਮਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਤਕਨੀਕੀ ਤਬਦੀਲੀਆਂ ਦਾ ਹੈ। ਇੱਥੇ ਸਿਰਫ਼ ਡਿਗਰੀ ਹੀ ਕੰਮ ਨਹੀਂ ਕਰੇਗੀ। ਵਿਦਿਆਰਥੀਆਂ ਨੂੰ ਹੇਠ ਲਿਖੇ ਹੁਨਰਾਂ ਦਾ ਵਿਕਾਸ ਕਰਨ ਦੀ ਲੋੜ ਹੈ: ਤਰਕਪੂਰਨ ਸੋਚ: ਸਹੀ ਅਤੇ ਗਲਤ ਵਿਚਕਾਰ ਫ਼ਰਕ ਕਰਨਾ। ਭਾਵਨਾਤਮਕ ਬੁੱਧੀ: ਤਣਾਅ ਅਤੇ ਰਿਸ਼ਤਿਆਂ ਦਾ ਪ੍ਰਬੰਧਨ ਕਰਨਾ। ਅਨੁਕੂਲਨ ਸਮਰੱਥਾ: ਬਦਲਦੀਆਂ ਸਥਿਤੀਆਂ ਦੇ ਅਨੁਸਾਰ ਆਪਣੇ ਆਪ ਨੂੰ ਢਾਲਣਾ।

ਅਸਫਲਤਾ ਦਾ ਡਰ ਅਤੇ ਮਾਨਸਿਕ ਸਿਹਤ ਪ੍ਰੀਖਿਆ ਦੇ ਭਾਰੀ ਦਬਾਅ ਕਾਰਨ ਨੌਜਵਾਨਾਂ ਵਿੱਚ ਤਣਾਅ ਅਤੇ ਉਦਾਸੀ ਵਧ ਰਹੀ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਇੱਕ ਪ੍ਰੀਖਿਆ ਪੱਤਰ ਦਾ ਟੁਕੜਾ ਕਿਸੇ ਦੇ ਭਵਿੱਖ ਨੂੰ ਨਿਰਧਾਰਤ ਨਹੀਂ ਕਰ ਸਕਦਾ। ਸਾਡੇ ਕੋਲ ਮਹਾਨ ਵਿਗਿਆਨੀ ਥਾਮਸ ਐਡੀਸਨ ਅਤੇ ਅਲਬਰਟ ਆਈਨਸਟਾਈਨ ਵਰਗੀਆਂ ਉਦਾਹਰਣਾਂ ਹਨ, ਜਿਨ੍ਹਾਂ ਨੇ ਸਕੂਲ ਦੀਆਂ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਨਹੀਂ ਕੀਤਾ ਪਰ ਦੁਨੀਆ ਨੂੰ ਬਦਲ ਦਿੱਤਾ।



**ਡਾ. ਵਿਜੈ ਗਰਗ**
ਸਾਬਕਾ ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

ਪ੍ਰੀਖਿਆਵਾਂ ਗਿਆਨ ਦੀ ਜਾਂਚ ਕਰਨ ਦਾ ਇੱਕ ਤਰੀਕਾ ਹੋ ਸਕਦੀਆਂ ਹਨ, ਪਰ ਇਹ ਗਿਆਨ ਦਾ ਪੂਰਾ ਮੁਲਾਂਕਣ ਨਹੀਂ ਹੈ। ਰਟਕਰ ਜਵਾਬ ਲਿਖਣ ਵਾਲਾ ਵਿਦਿਆਰਥੀ ਚੰਗੇ ਅੰਕ ਲਿਆ ਸਕਦਾ ਹੈ, ਪਰ ਕੀ ਉਹ ਜ਼ਿੰਦਗੀ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰ ਸਕੇਗਾ? ਅੱਜ ਦਾ ਸਮਾਜ ਅਜਿਹੇ ਨੌਜਵਾਨਾਂ ਦੀ ਮੰਗ ਕਰਦਾ ਹੈ ਜੋ ਸੋਚ ਸਕਣ, ਸਵਾਲ ਕਰ ਸਕਣ, ਨਵੇਂ ਰਸਤੇ ਲੱਭ ਸਕਣ ਅਤੇ ਬਦਲਾਅ ਨਾਲ ਆਪਣੇ ਆਪ ਨੂੰ ਢਾਲ ਸਕਣ।

ਪ੍ਰੀਖਿਆ-ਕੇਂਦ੍ਰਿਤ ਸੋਚ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਸ ਨਾਲ ਸਿੱਖਣ ਦੀ ਉਤਸੁਕਤਾ ਖਤਮ ਹੋ ਜਾਂਦੀ ਹੈ। ਵਿਦਿਆਰਥੀ ਇਹ ਨਹੀਂ ਪੁੱਛਦਾ ਕਿ 'ਇਹ ਕਿਉਂ ਹੈ?', ਸਗੋਂ ਇਹ ਸੋਚਦਾ ਹੈ ਕਿ 'ਤੇ ਪ੍ਰੀਖਿਆ ਵਿੱਚ ਆਵੇਗਾ ਜਾਂ ਨਹੀਂ?' ਤੇ ਨਤੀਜਾ ਇਹ ਹੁੰਦਾ ਹੈ ਕਿ ਵਿਸ਼ਾ ਬੋਝ ਬਣ ਜਾਂਦਾ ਹੈ ਅਤੇ ਸਿੱਖਣ ਦਾ ਦਬਾਅ।

ਸਾਨੂੰ ਇਹ ਸਮਝਣਾ ਪਵੇਗਾ ਕਿ ਸਿੱਖਿਆ ਦਾ ਅਸਲ ਉਦੇਸ਼ ਸ਼ਖਸੀਅਤ ਨਿਰਮਾਣ ਹੈ—ਸਿਰਫ਼ ਨੌਕਰੀ ਪ੍ਰਾਪਤ ਕਰਨਾ ਨਹੀਂ, ਸਗੋਂ ਜ਼ਿੰਮੇਵਾਰ ਨਾਗਰਿਕ ਬਣਨਾ। ਜ਼ਿੰਦਗੀ ਵਿੱਚ ਸਫਲ ਉਹ ਵਿਅਕਤੀ ਹੁੰਦਾ ਹੈ ਜਿਸ ਕੋਲ ਗੱਲਬਾਤ ਕਰਨ ਦੇ ਹੁਨਰ, ਨੈਤਿਕ ਕਦਰਾਂ-ਕੀਮਤਾਂ, ਭਾਵਨਾਤਮਕ ਸਮਝ ਅਤੇ ਅਸਫਲਤਾਵਾਂ ਤੋਂ ਬਚਣ ਦੀ ਤਾਕਤ ਹੋਵੇ। ਇਹਨਾਂ ਗੁਣਾਂ ਨੂੰ ਕਿਸੇ ਪ੍ਰਸ਼ਨ ਪੱਤਰ ਵਿੱਚ ਨਹੀਂ ਮਾਪਿਆ ਜਾ ਸਕਦਾ।

ਇਸ ਤਬਦੀਲੀ ਵਿੱਚ ਅਧਿਆਪਕਾਂ ਅਤੇ ਮਾਪਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਬੱਚਿਆਂ ਦੀ ਤੁਲਨਾ ਅੰਕਾਂ ਨਾਲ ਨਹੀਂ, ਸਗੋਂ ਦਿਲਚਸਪੀ, ਮਿਹਨਤ ਅਤੇ ਤਰੱਕੀ ਨਾਲ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਭਰੋਸਾ ਦਿਵਾਇਆ ਜਾਣਾ ਚਾਹੀਦਾ ਹੈ ਕਿ ਪ੍ਰੀਖਿਆ ਵਿੱਚ ਅਸਫਲ ਹੋਣਾ ਜ਼ਿੰਦਗੀ ਵਿੱਚ ਅਸਫਲ ਨਹੀਂ ਹੁੰਦਾ। ਖੇਡ, ਕਲਾ, ਲਿਖਤ, ਨਵੀਨਤਾ ਅਤੇ ਸਮਾਜਿਕ ਕੰਮ ਨੂੰ ਵੀ ਗਣਿਤ ਜਾਂ ਵਿਗਿਆਨ ਵਾਂਗ ਹੀ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ।

ਨਵੀਂ ਸਿੱਖਿਆ ਨੀਤੀ ਇਸ ਦਿਸ਼ਾ ਵੱਲ ਇਸ਼ਾਰਾ ਕਰਦੀ ਹੈ, ਜਿੱਥੇ ਹੁਨਰਾਂ, ਅਨੁਭਵੀ ਸਿਖਲਾਈ ਅਤੇ ਬਹੁ-ਅਨੁਸ਼ਾਸਨੀ ਸਿੱਖਿਆ 'ਤੇ ਜ਼ੋਰ ਦਿੱਤਾ ਗਿਆ ਹੈ। ਪਰ ਨੀਤੀਆਂ ਤੋਂ ਵੱਧ ਜ਼ਰੂਰੀ ਹੈ ਸਾਡੀ ਸੋਚ ਨੂੰ ਬਦਲਣਾ।

ਅੰਤ ਵਿੱਚ ਪ੍ਰੀਖਿਆ ਇੱਕ ਸਟਾਪ ਹੈ, ਮੰਜ਼ਿਲ ਨਹੀਂ। ਜੇਕਰ ਅਸੀਂ ਬੱਚਿਆਂ ਨੂੰ ਸਿਰਫ਼ ਪ੍ਰੀਖਿਆਵਾਂ ਲਈ ਤਿਆਰ ਕਰੀਏ, ਤਾਂ ਉਹ ਸਵਾਲਾਂ ਤੋਂ ਡਰ ਜਾਣਗੇ। ਪਰ ਜੇ ਅਸੀਂ ਉਨ੍ਹਾਂ ਨੂੰ ਜ਼ਿੰਦਗੀ ਲਈ ਤਿਆਰ ਕਰੀਏ, ਤਾਂ ਉਹ ਹਰ ਚੁਣੌਤੀ ਨੂੰ ਮੌਕੇ ਵਿੱਚ ਬਦਲ ਦੇਣਗੇ। ਇਸ ਲਈ ਲੋੜ ਹੈ—ਪਰੀਖਿਆ ਤੋਂ ਅੱਗੇ ਸੋਚਣ ਦੀ।

ਸਿੱਖਿਆ ਦਾ ਅੰਤਮ ਉਦੇਸ਼ ਸਿਰਫ਼ ਇੱਕ ਵਧੀਆ ਨੌਕਰੀ ਪ੍ਰਾਪਤ ਕਰਨਾ ਹੀ ਨਹੀਂ ਹੈ, ਸਗੋਂ ਇੱਕ ਸੋਚਣ ਵਾਲਾ ਅਤੇ ਵਿਚਾਰਸ਼ੀਲ ਇਨਸਾਨ ਬਣਨਾ ਹੈ। ਜਦੋਂ ਅਸੀਂ ਪ੍ਰੀਖਿਆਵਾਂ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਉਤਸੁਕਤਾ, ਰਚਨਾਤਮਕਤਾ ਅਤੇ ਮਨੁੱਖਤਾ ਨੂੰ ਮਹੱਤਵ ਦਿੰਦੇ ਹਾਂ ਤਾਂ ਹੀ ਦੇਸ਼ ਦਾ ਅਸਲ ਵਿਕਾਸ ਸੰਭਵ ਹੋਵੇਗਾ।

# ਬੱਚਿਆਂ ਦੀ ਸਿਖਲਾਈ ਅਤੇ ਸਿੱਖਿਆ ਪ੍ਰਣਾਲੀ ਦੀ ਭੂਮਿਕਾ !

ਹਰੇਕ ਵਿਕਸਤ ਦੇਸ਼ ਦੇ ਪਿੱਛੇ ਇੱਕ ਸ਼ਾਨਦਾਰ ਸਿੱਖਿਆ ਪ੍ਰਣਾਲੀ ਹੁੰਦੀ ਹੈ, ਜੋ ਸਿਖਲਾਈ ਰਾਹੀਂ ਆਪਣੀ ਰਾਸ਼ਟਰੀ ਭਾਸ਼ਾ ਦੇ ਵਿਕਾਸ ਵਿੱਚ ਇੱਕ ਵਿਲੱਖਣ ਸਥਾਨ ਪ੍ਰਾਪਤ ਕਰਦੀ ਹੈ। ਜੇ ਅਸੀਂ ਜਾਪਾਨ ਦੀ ਸਿੱਖਿਆ ਪ੍ਰਣਾਲੀ 'ਤੇ ਵਿਚਾਰ ਕਰੀਏ, ਜੋ ਕਿ ਸੱਚਾਈ ਅਤੇ ਇਮਾਨਦਾਰੀ ਵਿੱਚ ਦੁਨੀਆ ਵਿੱਚ ਪਹਿਲੇ ਸਥਾਨ 'ਤੇ ਹੈ, ਤਾਂ ਸਾਨੂੰ ਪਤਾ ਲੱਗੇਗਾ ਕਿ ਜਾਪਾਨੀ ਵਿਦਿਅਕ ਸਮਾਂ-ਸਾਰਣੀ ਪੰਜ ਤੋਂ ਛੇ ਘੰਟੇ ਕੰਮ ਤੱਕ ਸੀਮਤ ਹੈ। ਵਿਦਿਆਰਥੀਆਂ ਨੂੰ ਘਰ ਦਾ ਕੰਮ ਘਰ ਲਿਜਾਣ ਦੀ ਮਨਾਹੀ ਹੈ, ਭਾਵ ਸਕੂਲ ਦਾ ਕੰਮ ਸਕੂਲ ਵਿੱਚ ਪੂਰਾ ਕੀਤਾ ਜਾਂਦਾ ਹੈ। ਯਾਨੀ, ਉਹ ਵਿਦਿਅਕ ਚੋਰ ਜੋ ਘਰ ਦਾ ਕੰਮ ਦੇ ਕੇ ਆਪਣੀਆਂ ਅਯੋਗ ਕਮਜ਼ੋਰੀਆਂ ਦਾ ਦੋਸ਼ ਆਪਣੇ ਮਾਪਿਆਂ 'ਤੇ ਲਗਾਉਂਦੇ ਹਨ, ਉਨ੍ਹਾਂ ਦਾ ਰਸਤਾ ਬੰਦ ਹੋ ਜਾਂਦਾ ਹੈ। ਇੱਕ ਅਧਿਆਪਕ ਦੀ ਯੋਗਤਾ ਦੀ ਪਹਿਲੀ ਪਰੀਖਿਆ ਇਹ ਹੈ ਕਿ ਪੜ੍ਹਾਉਣ ਤੋਂ ਪਹਿਲਾਂ, ਉਹ ਵਿਦਿਆਰਥੀਆਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਸਿੱਖਿਆ ਪ੍ਰਤੀ ਪਿਆਰ ਅਤੇ ਦਿਲਚਸਪੀ ਪੈਦਾ ਕਰਦਾ ਹੈ। ਜੇਕਰ ਕੋਈ ਵਿਦਿਆਰਥੀ ਸਿੱਖਿਆ ਤੋਂ ਭੱਜ ਰਿਹਾ ਹੈ, ਤਾਂ ਉਸਨੂੰ ਇੱਕ ਅਸਲੀ ਅਧਿਆਪਕ ਨਹੀਂ ਮਿਲਿਆ। ਜਾਪਾਨੀ ਸਿੱਖਿਆ ਪ੍ਰਣਾਲੀ ਵਿੱਚ, ਸਾਲ ਦੇ ਜ਼ਿਆਦਾਤਰ ਸਮੇਂ ਲਈ ਕੋਈ ਪਾਠਕ੍ਰਮ ਨਹੀਂ ਹੁੰਦਾ। ਸਵਾਲਾਂ ਅਤੇ ਜਵਾਬਾਂ ਰਾਹੀਂ ਬੱਚਿਆਂ ਵਿੱਚ ਰਚਨਾਤਮਕ ਸਿਧਾਂਤ ਵਿਕਸਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ, ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਜਨਤਕ ਆਵਾਜਾਈ ਦੁਆਰਾ ਸਕੂਲ ਲਿਆਉਣ ਦੀ ਲੋੜ ਹੁੰਦੀ ਹੈ। ਇਸ ਸਿਧਾਂਤ ਦੇ ਕਾਰਨ, ਸਾਰੇ ਵਿਦਿਆਰਥੀ ਆਪਣੇ ਆਪ ਨੂੰ ਬਰਾਬਰ ਸਮਝਦੇ ਹਨ ਤਾਂ ਜੋ ਕੋਈ ਅਮੀਰ ਵਿਅਕਤੀ ਹੰਕਾਰੀ ਨਾ ਬਣੇ ਅਤੇ ਕੋਈ ਗਰੀਬ ਵਿਅਕਤੀ ਘਟੀਆ ਮਹਿਸੂਸ ਨਾ ਕਰੇ। ਹਰ ਕਿਸੇ ਨੂੰ ਇੱਕ ਚੰਗਾ ਵਿਅਕਤੀ ਹੋਣ ਨੂੰ ਮਾਣ ਵਾਲੀ ਗੱਲ ਸਮਝਣਾ ਚਾਹੀਦਾ ਹੈ। ਜੇਕਰ ਕੋਈ ਬੱਚਾ ਨਿੱਜੀ ਕਾਰ ਵਿੱਚ ਸਕੂਲ ਆਉਂਦਾ ਹੈ, ਤਾਂ ਪ੍ਰਿੰਸੀਪਲ ਉਸਨੂੰ ਗੇਟ ਤੋਂ ਵਾਪਸ ਭੇਜ ਦਿੰਦੇ ਹਨ। ਦੇਸ਼ ਅਤੇ ਰਾਸ਼ਟਰੀ ਅਨੁਸ਼ਾਸਨ ਨੂੰ ਕਾਇਮ ਰੱਖਣਾ ਹਰ ਕਿਸੇ ਦਾ ਫਰਜ਼ ਹੈ। ਇਹ ਨਿਯਮ ਅਤੇ ਨਿਯਮ ਛੋਟੀ ਉਮਰ ਵਿੱਚ ਹੀ ਵਿਦਿਅਕ ਪ੍ਰਣਾਲੀ ਰਾਹੀਂ ਬੱਚੇ ਦੀ ਸ਼ਖਸੀਅਤ ਨੂੰ ਢਾਲਣ ਵਿੱਚ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਇਲਾਵਾ, ਬੱਚੇ ਲਈ ਸਾਹਿਤ, ਪੇਂਟਿੰਗ, ਕਲਾ, ਦ੍ਰਿਸ਼ਟਾਂਤ, ਸੰਗੀਤ ਅਤੇ ਹੋਰ ਸ਼ੌਕਾਂ ਦੀ ਆਪਣੀ ਪਸੰਦ ਨੂੰ ਪੂਰਾ ਕਰਕੇ ਜ਼ਰੂਰੀ ਹੁਨਰ ਪ੍ਰਾਪਤ ਕਰਨਾ ਜ਼ਰੂਰੀ ਹੈ, ਜੋ ਕਿ ਸ਼ਖਸੀਅਤ ਨਿਰਮਾਣ ਦਾ ਕਾਰਨ ਹਨ। ਜਾਪਾਨੀ ਵਿਦਿਅਕ ਸੰਸਥਾਵਾਂ ਵਿੱਚ, ਹਰ ਚਾਲੀ ਮਿੰਟਾਂ ਬਾਅਦ ਬ੍ਰੇਕ ਲਿਆ ਜਾਂਦਾ ਹੈ, ਜਿਵੇਂ ਕਿ ਖੋਜ ਨਾਲ ਜੁੜਿਆ ਹੋਇਆ ਹੈ। ਤਾਂ ਜੋ ਵਿਦਿਆਰਥੀ ਕਾਢਾਂ ਨੂੰ ਦੇਖ ਸਕਣ ਅਤੇ ਆਪਣੀਆਂ ਯੋਗਤਾਵਾਂ ਨਾਲ ਨਵੀਆਂ ਕਾਢਾਂ 'ਤੇ ਕੰਮ ਕਰ ਸਕਣ, ਜੋ ਨਵੀਨਤਾ ਦੀ ਪ੍ਰਕਿਰਿਆ ਨੂੰ ਜਾਰੀ ਰੱਖਦਾ ਹੈ। ਗਿਆਨ ਸਿਰਫ਼ ਜਾਣਨ ਤੱਕ ਸੀਮਤ ਨਹੀਂ ਹੈ, ਇਹ ਵਿਹਾਰਕ ਰੂਪ ਵਿੱਚ ਕਰਨ ਦੇ ਉਦੇਸ਼ ਨੂੰ ਪੇਸ਼ ਕਰਨ ਬਾਰੇ ਹੈ। ਵਿਕਸਤ ਦੇਸ਼ਾਂ ਦੇ ਪਿੱਛੇ ਸਿੱਖਿਆ ਹੀ ਇੱਕੋ ਇੱਕ ਰੱਥ ਹੈ, ਅਤੇ ਸਿੱਖਿਆ ਖੁਦ ਵਿਕਾਸ ਦੀਆਂ ਜ਼ਰੂਰਤਾਂ ਨਾਲ ਜੁੜੀ ਹੋਈ ਹੈ, ਤਾਂ ਹੀ ਦੂਜੇ ਖੇਤਰਾਂ ਵਿੱਚ ਇਨਕਲਾਬੀ ਤਬਦੀਲੀਆਂ ਆਉਂਦੀਆਂ ਹਨ। ਇਹ ਲੋਕ ਦੁਨੀਆ ਨੂੰ ਵਿਲੱਖਣ ਗੁਣਵੱਤਾ ਵਾਲੀਆਂ ਸਹੂਲਤਾਂ ਪ੍ਰਦਾਨ ਕਰਦੇ ਹੋਏ ਆਰਥਿਕ ਤਾਕਤ ਵਿੱਚ ਰਹਿਣ ਦਾ ਆਨੰਦ ਮਾਣਦੇ ਹਨ।



**ਜ਼ਫ਼ਰ ਇਕਬਾਲ ਜ਼ਫ਼ਰ**

ਵਿਕਸਤ ਦੇਸ਼ਾਂ ਵਿੱਚ, ਸਿੱਖਿਆ ਮੁਫ਼ਤ ਜਾਂ ਬਹੁਤ ਸਸਤੀ ਅਤੇ ਆਸਾਨ ਰੱਖੀ ਜਾਂਦੀ ਹੈ। ਅਧਿਆਪਕਾਂ ਅਤੇ ਵਿਦਿਅਕ ਸੰਸਥਾਵਾਂ ਦੇ ਖਰਚੇ ਸਰਕਾਰਾਂ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ, ਫਿਰ ਇੱਥੋਂ ਸਫਲ ਹੋਣ ਵਾਲੇ ਬੱਚੇ ਆਪਣੇ ਦੇਸ਼ ਨੂੰ ਵਿਕਾਸ ਦਾ ਨਤੀਜਾ ਦਿੰਦੇ ਹਨ। ਬਦਕਿਸਮਤੀ ਨਾਲ, ਸਾਡੇ ਦੇਸ਼ ਵਿੱਚ, ਪ੍ਰਸ਼ਾਸਕੀ ਮਾਮਲਿਆਂ ਵਿੱਚ ਲੋਕਾਂ ਨੂੰ ਉਨ੍ਹਾਂ ਦੀ ਯੋਗਤਾ ਦੀ ਬਜਾਏ ਉਨ੍ਹਾਂ ਦੀਆਂ ਰਾਜਨੀਤਿਕ ਸੇਵਾਵਾਂ ਦੇ ਅਧਾਰ ਤੇ ਅਹੁਦਿਆਂ 'ਤੇ ਨਿਯੁਕਤ ਕੀਤਾ ਜਾਂਦਾ ਹੈ। ਜਦੋਂ ਕਿ ਸਿੱਖਿਆ ਖੇਤਰ ਵਿੱਚ, ਸਿੱਖਿਆ ਮਾਹਿਰਾਂ ਨੂੰ ਮੰਤਰਾਲੇ ਤੋਂ ਹੀ ਸਾਰੀਆਂ ਸੁਧਾਰ ਜ਼ਿੰਮੇਵਾਰੀਆਂ 'ਤੇ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। ਇਸ ਕਾਰਨ, ਦੇਸ਼ ਭਰ ਵਿੱਚ ਨਿੱਜੀ ਵਿਦਿਅਕ ਸੰਸਥਾਵਾਂ ਨੇ ਕਾਰੋਬਾਰ ਦਾ ਰੂਪ ਧਾਰਨ ਕਰ ਲਿਆ ਹੈ। ਚੰਗੀ ਸਿੱਖਿਆ ਮਹਿੰਗੀ ਸਿੱਖਿਆ ਬਣ ਗਈ ਹੈ, ਜਿਸਦੀ ਮੰਜ਼ਿਲ ਇੱਕ ਨੌਕਰੀ ਨਾਲ ਜੁੜੀ ਹੋਈ ਹੈ ਜੋ ਇੱਕ ਨੌਕਰ ਬਣ ਜਾਂਦੀ ਹੈ। ਸਿੱਖਿਆ ਪ੍ਰਾਪਤ ਕਰਨ ਲਈ ਹਰ ਮਾਪੇ ਨੂੰ ਸਭ ਤੋਂ ਮੁਸ਼ਕਲ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੱਚਿਆਂ ਦੀ ਦਾਖਲਾ ਫੀਸ, ਮਹੀਨਾਵਾਰ ਫੀਸ, ਕਾਗਜ਼ ਦੇ ਪੈਸੇ, ਕਿਤਾਬਾਂ, ਕਾਪੀਆਂ, ਪੈਨਸਿਲਾਂ, ਵਰਦੀਆਂ, ਆਵਾਜਾਈ, ਜੇਬ ਖਰਚ, ਦੁਪਹਿਰ ਦਾ ਖਾਣਾ, ਘਰ ਦਾ ਕੰਮ, ਟਿਊਸ਼ਨ ਫੀਸ, ਸਕੂਲ ਟੂਰ ਗਤੀਵਿਧੀਆਂ, ਮਾਪਿਆਂ ਦੁਆਰਾ ਰੋਜ਼ਾਨਾ ਸਕੂਲ ਛੱਡਣ ਅਤੇ ਚੁੱਕਣ ਵਰਗੇ ਖਰਚਿਆਂ ਦੇ ਭਾਰੀ ਬੋਝ ਦੇ ਨਾਲ। ਜੇਕਰ ਸਾਰੇ ਖਰਚੇ ਇਕੱਠੇ ਕੀਤੇ ਜਾਣ ਤਾਂ ਮਾਪਿਆਂ ਦੀ ਜ਼ਿੰਦਗੀ ਅਤੇ ਜੀਵਨ ਪੂੰਜੀ ਦਾਅ 'ਤੇ ਲੱਗ ਜਾਂਦੀ ਹੈ। ਇਸ ਦੇ ਬਾਵਜੂਦ, ਜਦੋਂ ਕੋਈ ਬੱਚਾ ਡਿਗਰੀ ਪ੍ਰਾਪਤ ਕਰਦਾ ਹੈ, ਤਾਂ ਉਸਦੀ ਨੌਕਰੀ ਲਈ ਭਾਰੀ ਰਿਸ਼ਵਤ ਅਤੇ ਸਿਫਾਰਸ਼ ਦੀ ਲੋੜ ਪੈਂਦੀ ਹੈ।

ਪ੍ਰਾਈਵੇਟ ਵਿਦਿਅਕ ਸੰਸਥਾਵਾਂ ਵਿੱਚ ਇੰਨੀਆਂ ਵੱਡੀਆਂ ਕੁਰਬਾਨੀਆਂ ਕਰਨ ਦੇ ਬਾਵਜੂਦ, ਜਦੋਂ ਕੋਈ ਬੱਚਾ ਪੂਰੇ ਸੂਬੇ ਵਿੱਚ ਪਹਿਲੇ ਸਥਾਨ 'ਤੇ ਆਉਂਦਾ ਹੈ, ਤਾਂ ਉਹ ਸਰਕਾਰੀ ਸਕੂਲ ਵਿੱਚ ਪੜ੍ਹਦੇ ਇੱਕ ਗਰੀਬ ਮਜ਼ਦੂਰ ਦਾ ਬੱਚਾ ਹੁੰਦਾ ਹੈ ਕਿਉਂਕਿ ਉਸਨੂੰ ਇਹ ਮਹਿਸੂਸ ਕਰਵਾ ਕੇ ਸਖ਼ਤ ਮਿਹਨਤ ਕਰਵਾਈ ਜਾਂਦੀ ਹੈ ਕਿ ਅਸਫਲ ਹੋਣਾ ਸਕੂਲ ਵਿੱਚ ਅਸਫਲਤਾ ਨਹੀਂ ਹੈ, ਸਗੋਂ ਜ਼ਿੰਦਗੀ ਵਿੱਚ ਅਸਫਲਤਾ ਹੈ, ਜਦੋਂ ਕਿ ਪ੍ਰਾਈਵੇਟ ਸਕੂਲਾਂ ਵਿੱਚ, ਬੱਚੇ ਅਸਫਲ ਨਹੀਂ ਹੁੰਦੇ ਅਤੇ ਪੂਰੀ ਜਮਾਤ ਨੂੰ ਅਗਲੀ ਜਮਾਤ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ ਤਾਂ ਜੋ ਉਹ ਸਥਾਨ ਪ੍ਰਾਪਤ ਕਰ ਸਕੇ। ਇਸ ਦੇ ਬਾਵਜੂਦ, ਸਾਡਾ ਦੇਸ਼ ਅਤੇ ਸਮਾਜ, ਭਾਵੇਂ ਛੋਟਾ ਹੋਵੇ, ਚੰਗੇ ਅਧਿਆਪਕਾਂ ਦੇ ਕਾਰਨ ਸਹੀ ਅਤੇ ਚੰਗੀ ਦਿਸ਼ਾ ਵੱਲ ਵਧ ਰਿਹਾ ਹੈ, ਜੋ ਆਪਣੇ ਉੱਚੇ ਨੈਤਿਕ ਗੁਣਾਂ ਨਾਲ, ਵਿਦਿਆਰਥੀ ਨੂੰ ਆਪਣੇ ਮੋਢਿਆਂ 'ਤੇ ਬਿਠਾ ਕੇ ਕਹਿੰਦੇ ਹਨ, ÷ਦੇਖੋ, ਤੁਹਾਡਾ ਕੱਦ ਮੇਰੇ ਨਾਲੋਂ ਵੀ ਉੱਚਾ ਹੋ ਗਿਆ ਹੈ।÷ ਅੱਜ ਵੀ, ਅਜਿਹੇ ਅਧਿਆਪਕ ਹਨ ਜੋ ਕਮਜ਼ੋਰ ਬੱਚਿਆਂ ਦੇ ਖਾਲੀ ਦਿਮਾਗਾਂ ਨੂੰ ਆਪਣੀ ਤਨਖਾਹ ਨਾਲ ਦੀਵੇ ਸਮਝਦੇ ਹੋਏ, ਆਪਣੀ ਕੁਰਬਾਨੀ ਦਾ ਤੇਲ ਭਰਦੇ ਹਨ ਅਤੇ ਸਮਾਜ ਦੇ ਹਨੇਰੇ ਵਿੱਚ ਮਨੁੱਖਤਾ ਦੀ ਰੌਸ਼ਨੀ ਫੈਲਾਉਂਦੇ ਹਨ। ਉਨ੍ਹਾਂ ਦੀ ਸਿਖਲਾਈ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਮਨੁੱਖਤਾ ਦਾ ਸਬਕ ਸਿਖਾਉਂਦੀ ਹੈ। ਜੋ ਅਧਿਆਪਕ ਆਪਣੀਆਂ ਜੇਬਾਂ ਭਾਵਨਾਵਾਂ ਦੇ ਭੰਡਾਰ ਨਾਲ ਭਰਦੇ ਹਨ, ਉਹ ਉਨ੍ਹਾਂ ਨੂੰ ਇਸ ਤਰ੍ਹਾਂ ਬਣਾਉਂਦੇ ਹਨ ਕਿ ਜੇਕਰ ਕਿਸੇ ਦੇ ਟਿਫਨ ਵਿੱਚੋਂ ਬ੍ਰੇਕ ਦੌਰਾਨ ਸੁੱਕੀ ਰੋਟੀ ਨਿਕਲੇ, ਤਾਂ ਉਸਨੂੰ ਘਟੀਆ ਸਮਝਣ ਦੀ ਬਜਾਏ, ਉਹ ਆਪਣੀ ਘਿਓ ਨਾਲ ਭਰੀ ਰੋਟੀ ਲਈ ਸ਼ੁਕਰਗੁਜ਼ਾਰ ਹੋਣ। ਕਿ ਇਸਨੂੰ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਇੱਕ ਗਰੀਬ ਦੋਸਤ ਦੇ ਫਟੇ ਹੋਏ ਕੱਪੜੇ ਦੇਖ ਕੇ, ਰੱਬ ਉਸ ਨੂੰ ਕੱਪੜੇ ਪਾਉਂਦਾ ਹੈ ਜੋ ਧੋਖੇ ਵਿੱਚ ਆਏ ਨੂੰ ਆਪਣੇ ਕੱਪੜੇ ਦਿੰਦਾ ਹੈ। ਉਦਾਸ ਚਿਹਰੇ 'ਤੇ ਮੁਸਕਰਾਹਟ ਦੇਣ ਲਈ, ਕਹਿਣਾ ਪੈਂਦਾ ਹੈ, 'ਜੇ ਤੁਸੀਂ ਨਹੀਂ ਹੱਸਦੇ, ਤਾਂ ਮੈਂ ਰੋਵਾਂਗਾ।' ਸਿੱਖਿਆ ਸਿਖਾਉਂਦੀ ਹੈ ਕਿ ਮੈਂ ਆਪਣੀ ਜੇਬ ਦੇ ਪੈਸੇ ਵਿੱਚੋਂ ਆਪਣੇ ਦੋਸਤ ਦੀ ਛੋਟੀ ਜਿਹੀ ਲੋੜ ਪੂਰੀ ਕਰਕੇ ਬਹੁਤ ਭਲਾਈ ਕਮਾਈ ਹੈ। ਸਿੱਖਿਆ ਸਿਖਾਉਂਦੀ ਹੈ ਕਿ ਦੂਜਿਆਂ ਦੇ ਦਿਲਾਂ ਨੂੰ ਠੇਸ ਨਾ ਪਹੁੰਚਾਉਣ ਲਈ ਮਜ਼ਾਕ ਅਤੇ ਮਜ਼ਾਕ ਵਿੱਚ ਫਰਕ ਕਿਵੇਂ ਕਰਨਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਤੁਹਾਡੇ ਲਈ ਪ੍ਰਾਰਥਨਾ ਕਰਨ ਵਾਲੇ ਹੱਥਾਂ ਨੂੰ ਚੁੰਮਣ ਨਾਲ ਜਲਦੀ ਪ੍ਰਵਾਨਗੀ ਮਿਲਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਭੁੱਖੇ ਵਿਅਕਤੀ ਦੇ ਮੂੰਹ ਵਿੱਚ ਆਪਣੀ ਲੋੜ ਦਾ ਭੋਜਨ ਪਾ ਕੇ, ਰੋਜ਼ੀ-ਰੋਟੀ ਖੁਦ ਤੁਹਾਡੇ ਹੱਕ ਵਿੱਚ ਅਸੀਸਾਂ ਦੀ ਪ੍ਰਾਰਥਨਾ ਕਰਨ ਲੱਗ ਪੈਂਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕਿਸੇ ਦੇ ਨੰਗੇ ਪੈਰਾਂ ਵਿੱਚ ਆਪਣੀ ਜੁੱਤੀ ਪਾ ਕੇ, ਤੁਹਾਡੀਆਂ ਜ਼ਰੂਰਤਾਂ ਤੁਹਾਡੇ ਵੱਲ ਵਧਣ ਲੱਗਦੀਆਂ ਹਨ। ਸਿੱਖਿਆ ਸਿਖਾਉਂਦੀ ਹੈ ਕਿ ਚੰਗੇ ਕੰਮ ਲਿਖਣ ਵਾਲੀ ਕਲਮ ਨਾਲੋਂ ਵੱਧ ਕੀਮਤੀ ਉਹ ਕਲਮ ਹੈ ਜੋ ਕਿਸੇ ਨੂੰ ਗਿਆਨ ਸਿੱਖਣ ਵਿੱਚ ਮਦਦ ਕਰਦੀ ਹੈ ਤੁਸੀਂ ਉਨ੍ਹਾਂ ਨੂੰ ਤੋਹਫ਼ੇ ਵਜੋਂ ਦਿੰਦੇ ਹੋ। ਸਿੱਖਿਆ ਸਿਖਾਉਂਦੀ ਹੈ ਕਿ ਆਪਣੇ ਖਿਡੌਣੇ ਕਿਸੇ ਵਾਂਝੇ ਬੱਚੇ ਨੂੰ ਦੇਣ ਨਾਲ ਉਸਨੂੰ ਖੁਸ਼ੀ ਅਤੇ ਸ਼ਾਂਤੀ ਮਿਲਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕਿਸੇ ਲੋੜਵੰਦ ਵਿਅਕਤੀ ਦੀ ਮਦਦ ਕਰਨਾ ਅਤੇ ਉਸਨੂੰ ਚੋਰੀ ਤੋਂ ਬਚਾਉਣਾ ਵੀ ਚਰਿੱਤਰ ਨਿਰਮਾਣ ਦਾ ਇੱਕ ਤਰੀਕਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕੀੜੇ-ਮਕੌੜਿਆਂ ਅਤੇ ਪੰਛੀਆਂ ਨੂੰ ਖੁਆਉਣਾ ਉਸ ਭੋਜਨ ਲਈ ਸ਼ੁਕਰਗੁਜ਼ਾਰੀ ਹੈ ਜੋ ਪਰਮਾਤਮਾ ਨੇ ਤੁਹਾਨੂੰ ਦਿੱਤਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਚੰਗੇ ਇਰਾਦੇ ਅਤੇ ਸੋਚ-ਸਮਝ ਕੇ ਬੋਲਣ ਵਾਲੇ ਵਿਅਕਤੀ ਦੁਆਰਾ ਕਹੇ ਗਏ ਸ਼ਬਦ ਜ਼ਖਮੀ ਦਿਲਾਂ 'ਤੇ ਮਲ੍ਹਮ ਦਾ ਕੰਮ ਕਰਦੇ ਹਨ। ਸਿੱਖਿਆ ਸਿਖਾਉਂਦੀ ਹੈ ਕਿ ਮਨੁੱਖ ਉਹ ਹਨ ਜੋ ਦੂਜਿਆਂ ਦੇ ਦਰਦ ਨੂੰ ਆਪਣੀਆਂ ਛਾਤੀਆਂ ਵਿੱਚ ਮਹਿਸੂਸ ਕਰਦੇ ਹਨ। ਸਿੱਖਿਆ ਸਿਖਾਉਂਦੀ ਹੈ ਕਿ ਜਿਸ ਤਰ੍ਹਾਂ ਪਰਮਾਤਮਾ, ਜਿਸਨੂੰ ਕਦੇ ਨਹੀਂ ਦੇਖਿਆ ਗਿਆ, ਉਸਦੀ ਦਇਆ ਅਤੇ ਸ਼ਕਤੀ ਦੁਆਰਾ ਪਛਾਣਿਆ ਜਾਂਦਾ ਹੈ, ਉਸੇ ਤਰ੍ਹਾਂ, ਮਨੁੱਖ ਵੀ ਆਪਣੀ ਭਾਸ਼ਾ ਅਤੇ ਚਰਿੱਤਰ ਦੁਆਰਾ ਪਛਾਣਿਆ ਜਾਂਦਾ ਹੈ। ਸਿੱਖਿਆ ਇਕੱਲੇ ਅੱਗੇ ਵਧਣ ਦੀ ਬਜਾਏ ਦੂਜਿਆਂ ਨੂੰ ਨਾਲ ਲੈ ਕੇ ਜਾਣ ਬਾਰੇ ਹੈ।

# Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD